PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

16th - 23rd April 2026 • Issue No. 3126

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!




Immigration Advice Bureau

Tel: 020 8571 6680

www.iabl.co.uk

# ਰਾਮ ਰਹੀਮ ਦੀ ਮੁਆਫੀ ਦੇ ਫੈਸਲੇ ਤੇ ਸ਼੍ਰੋਮਣੀ ਕਮੇਟੀ ਆਪਣੀ ਗਲਤੀ ਸੁਧਾਰੇ

## ਪੰਜਾਂ ਸਿੰਘਾਂ ਦੀਆਂ ਸੇਵਾਵਾਂ ਮੁੜ ਬਹਾਲ ਕਰਕੇ ਗਲਤ ਫੈਸਲੇ ਲਈ ਪਸ਼ਚਾਤਾਪ ਕਰੇ





## ਸ਼੍ਰੋ: ਕਮੇਟੀ ਵੱਲੋਂ 2015 ਨੂੰ ਮੁਅੱਤਲ ਕੀਤੇ ਹੋਏ ਪੰਜ ਸਿੰਘਾਂ ਨੇ ਜੈਪੁਰ ਵਿਖੇ ਕੀਤਾ ਅੰਮ੍ਰਿਤ ਸੰਚਾਰ



ਡਰਬੀ (ਪੰਜਾਬ ਟਾਈਮਜ਼) – ਬੀਤੇ ਮੰਗਲਵਾਰ 14 ਅਪ੍ਰੈਲ ਨੂੰ ਦੇਸ਼ ਵਿਦੇਸ਼ ਵਿੱਚ ਖਾਲਸੇ ਦਾ ਪ੍ਰਗਟ ਦਿਹਾੜਾ ਤੇ ਵਿਸਾਖੀ ਤਿਓਹਾਰ ਦੁਨੀਆ ਭਰ 'ਚ ਵਸਦੇ ਸਿੱਖਾਂ ਨੇ ਬੜੇ ਜੋਸ਼ ਖਰੋਸ਼ ਤੇ ਸ਼ਰਧਾ ਨਾਲ ਮਨਾਇਆ। ਇਸ ਦਿਨ ਗੁਰਦੁਆਰਾ ਸਾਹਿਬਾਨ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ ਅਤੇ ਬਹੁਤੇ ਥਾਂਈਂ ਹੋਰ ਸੰਗਤਾਂ ਨੂੰ ਵੀ ਗੁਰੂ ਘਰ ਨਾਲ ਜੋੜਿਆ ਗਿਆ। ਸਿੱਖਾਂ ਵੱਲੋਂ ਵਿਸਾਖੀ ਦਾ ਜੋੜ ਮੇਲਾ ਵਿਸਾਖ ਦਾ ਸਾਰਾ ਮਹੀਨਾ ਹੀ ਮਨਾਇਆ ਜਾਂਦਾ ਹੈ। ਨਗਰ ਕੀਰਤਨ ਕੀਤੇ ਜਾਂਦੇ ਹਨ ਤੇ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਬੀਤੇ ਦਿਨੀਂ ਜੈਪੁਰ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਸਿੰਘ ਸਾਹਿਬਾਨ ਵੱਲੋਂ ਅੰਮ੍ਰਿਤ ਸੰਚਾਰ ਕੀਤਾ ਗਿਆ ਜਿੱਥੇ ਸਥਾਨਕ ਭਾਈਚਾਰੇ ਦੇ ਲੋਕ ਅੰਮ੍ਰਿਤ ਛਕ ਕੇ ਸਿੰਘ ਸਿੰਘਣੀਆਂ ਸਜ ਗਏ। ਯਾਦ ਰਹੇ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰੇ ਜਿਹਨਾਂ ਨੇ ਅਕਤੂਬਰ 2015 ਨੂੰ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ਼ੀ ਦੇਣ ਦੇ ਮਾਮਲੇ ਸਬੰਧੀ ਅਕਾਲੀ ਆਗੂਆਂ ਨੂੰ ਤੇ ਸਿੰਘ ਸਾਹਿਬਾਨ ਨੂੰ ਤਲਬ ਕੀਤਾ ਸੀ, ਉਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਹਨਾਂ ਪੰਜ ਪਿਆਰਿਆਂ ਵਿੱਚ ਭਾਈ ਮੰਗਲ ਸਿੰਘ, ਭਾਈ ਹਰਪਾਲ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਭਗਵੰਤ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਜੀ ਸ਼ਾਮਿਲ ਸਨ। ਇਹਨਾਂ ਸਿੰਘਾਂ ਨੇ ਆਪਣੀ ਬਰਖਾਸਤਗੀ ਪਿੱਛੋਂ ਵੀ ਨਿਸ਼ਕਾਮ ਸੇਵਾ ਜਾਰੀ ਰੱਖੀ ਹੋਈ ਹੈ ਤੇ ਉਹ ਦੇਸ਼ ਵਿਦੇਸ਼ ਜਾ ਕੇ ਸੰਗਤਾਂ ਨੂੰ ਗੁਰੂ ਦੇ ਲੜ ਲਾ ਰਹੇ ਹਨ।

ਇਸ ਮਾਮਲੇ ਬਾਰੇ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਦੇ ਮਾਮਲੇ ਵਿੱਚ ਅਕਾਲੀ ਆਗੂ ਅਤੇ ਮਾਫ਼ ਕਰਨ ਵਾਲੇ ਜਥੇਦਾਰਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਹੋਈ, ਉਹਨਾਂ ਨੇ ਮੁਆਫ਼ੀ ਮੰਗ ਲਈ, ਉਹਨਾਂ ਨੂੰ ਮਾਫ਼ ਵੀ ਕਰ ਦਿੱਤਾ ਗਿਆ। ਪਰ ਜਿਹੜੇ ਪੰਜ ਪਿਆਰਿਆਂ ਨੇ ਗੁਰਮਤਿ ਤੇ ਪਹਿਰਾ ਦਿੰਦਿਆਂ ਇਹ ਮਾਮਲਾ ਉਠਾਇਆ ਸੀ, ਉਹਨਾਂ ਪੰਜ ਸਿੰਘਾਂ ਨੂੰ ਅਜੇ ਤੱਕ ਵੀ ਬਹਾਲ ਨਹੀਂ ਕੀਤਾ ਗਿਆ। ਜੇ ਉਹ ਚਾਹੁੰਦੇ ਤਾਂ ਅਦਾਲਤ ਵਿੱਚ ਜਾ ਕੇ ਆਪਣੀਆਂ 10–11 ਸਾਲਾਂ ਦੀਆਂ ਤਨਖਾਹਾਂ ਵਸੂਲ ਸਕਦੇ ਸਨ। ਪਰ ਉਹਨਾਂ ਨੇ ਪੰਥ ਦੇ ਮਾਮਲੇ ਨੂੰ ਅਦਾਲਤ ਵਿੱਚ ਲਿਜਾਣਾ ਠੀਕ ਨਾ ਸਮਝਦੇ ਹੋਏ ਪੰਥ ਦੀ ਸੇਵਾ ਜਾਰੀ ਰੱਖੀ, ਉਹ ਖੁਦ ਅੰਮ੍ਰਿਤ ਸੰਚਾਰ ਦੀਆਂ ਸੇਵਾਵਾਂ ਜਾਰੀ ਰੱਖ ਰਹੇ ਹਨ।

ਸ: ਪੁਰੇਵਾਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੇਸ਼ੱਕ ਬਹੁਤ ਸਾਰੀਆਂ ਸੇਵਾਵਾਂ ਕਰ ਰਹੀ ਹੈ, ਪਰ ਪੰਥ ਦੀ ਵਡਮੁੱਲੀ ਸੇਵਾ ਕਰਨ ਵਾਲੇ ਪੰਜ ਸਿੰਘਾਂ ਨੂੰ ਬਹਾਲ ਕਰਕੇ ਆਪਣੀ ਇਸ ਇਤਿਹਾਸਕ ਗਲਤੀ ਨੂੰ ਸੁਧਾਰਨਾ ਚਾਹੀਦਾ ਹੈ। ਉਹਨਾਂ ਸਿੰਘਾਂ ਨੂੰ ਬਹਾਲ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੜ ਸੇਵਾ ਜਾਰੀ ਰੱਖਣ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਨਾਲ ਸ਼੍ਰੋਮਣੀ ਕਮੇਟੀ ਦਾ ਵੀ ਵੱਕਾਰ ਵਧੇਗਾ।

# ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਵਿਖੇ ਸਿੱਖ ਭਾਈਚਾਰੇ ਨਾਲ ਵਿਸਾਖੀ ਮਨਾਈ – ਅਹਿਮ ਸ਼ਖਸੀਅਤਾਂ ਹੋਈਆਂ ਸ਼ਾਮਿਲ





ਖ਼ਬਰ ਤੇ ਹੋਰ ਤਸਵੀਰਾਂ ਅੰਦਰ ਦੇਖੋ:

# ਵਿਵਾਦਾਂ ਤੋਂ ਬਾਅਦ ਨਵੇਂ ਅੰਦਾਜ਼ 'ਚ Badshah ਦਾ ਨਵਾਂ ਗੀਤ ਰਿਲੀਜ਼



ਭਾਰਤੀ ਰੈਪਰ ਬਾਦਸ਼ਾਹ ਨੇ ਆਪਣਾ ਨਵਾਂ ਗੀਤ 'ਟਟੀਰੀ ਫਿਰ ਸੇ' (Tateeree Phir Se) ਰਿਲੀਜ਼ ਕਰ ਦਿੱਤਾ ਹੈ ਅਤੇ ਇਹ ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਾ ਬਟੋਰ ਰਿਹਾ ਹੈ। ਦੋ ਮਿੰਟ 40 ਸੈਕਿੰਡ ਦਾ ਇਹ ਗੀਤ ਹਰਿਆਣਾ ਦੀ ਸੱਭਿਆਚਾਰਕ ਊਰਜਾ ਅਤੇ ਆਧੁਨਿਕ ਹਿੱਪ-ਹੌਪ ਦਾ ਸੁਮੇਲ ਹੈ, ਜਿਸ ਵਿੱਚ ਹਰਿਆਣਾ ਦੀ ਮੁੱਕੇਬਾਜ਼ੀ ਚੈਂਪੀਅਨ ਸਿਮਰਨ ਜਗਲਾਨ ਵੀ ਨਜ਼ਰ ਆ ਰਹੀ ਹੈ।

ਪ੍ਰਸ਼ੰਸਕਾਂ ਵੱਲੋਂ ਇਸ ਨੂੰ ਸਕਾਰਾਤਮਕ ਹੁੰਗਾਰਾ ਮਿਲ ਰਿਹਾ ਹੈ, ਜਿੱਥੇ ਕੁਝ ਯੂਜ਼ਰਸ ਨੇ ਲਿਖਿਆ, "ਮੁਸ਼ਕਿਲ ਵਕਤ ਹਮ ਫੈਨ ਕੇ ਲੀਏ ਭੀ ਥਾ" ਅਤੇ ਕਈਆਂ ਨੇ ਇਸ ਨੂੰ ਸਾਲ ਦਾ ਸਭ ਤੋਂ ਵੱਡਾ ਪਾਰਟੀ ਟਰੈਕ ਦੱਸਿਆ ਹੈ। ਰਿਲੀਜ਼ ਦੇ ਮਹਿਜ਼ ਤਿੰਨ ਘੰਟਿਆਂ ਵਿੱਚ ਹੀ ਇਸ ਨੇ ਯੂਟਿਊਬ 'ਤੇ 50,000 ਤੋਂ ਵੱਧ ਵਿਊਜ਼ ਪਾਰ ਕਰ ਲਏ ਹਨ।

ਜ਼ਿਕਰਯੋਗ ਹੈ ਕਿ ਬਾਦਸ਼ਾਹ ਨੂੰ ਇਹ ਗੀਤ ਦੁਬਾਰਾ ਬਣਾਉਣਾ ਪਿਆ ਕਿਉਂਕਿ ਉਸ ਦਾ ਪਿਛਲਾ ਗੀਤ "ਟਟੀਰੀ" ਵਿਵਾਦਾਂ ਵਿੱਚ ਘਿਰ ਗਿਆ ਸੀ। ਉਸ ਗੀਤ 'ਤੇ ਔਰਤਾਂ ਵਿਰੁੱਧ ਇਤਰਾਜ਼ਯੋਗ ਸ਼ਬਦਾਵਲੀ ਅਤੇ ਨਾਬਾਲਗਾਂ ਦੇ ਜਿਨਸੀਕਰਨ ਦੇ ਦੋਸ਼ ਲੱਗੇ ਸਨ, ਜਿਸ ਕਾਰਨ ਪੁਲੀਸ ਕੇਸ ਅਤੇ ਹਰਿਆਣਾ ਰਾਜ ਮਹਿਲਾ ਕਮਿਸ਼ਨ ਵੱਲੋਂ ਸੰਮਨ ਵੀ ਜਾਰੀ ਕੀਤੇ ਗਏ ਸਨ। ਸਕੂਲੀ ਕੁੜੀਆਂ ਦੇ ਬੱਸ ਵਿੱਚ ਨੱਚਣ ਵਾਲੇ ਦ੍ਰਿਸ਼ਾਂ ਦੀ ਸਖ਼ਤ ਨਿਖੇਧੀ ਹੋਈ ਸੀ, ਜਿਸ ਤੋਂ ਬਾਅਦ ਬਾਦਸ਼ਾਹ ਨੇ ਮੁਆਫੀ ਮੰਗੀ ਅਤੇ ਗੀਤ ਨੂੰ ਅਧਿਕਾਰਤ ਚੈਨਲਾਂ ਤੋਂ ਹਟਾ ਦਿੱਤਾ ਸੀ। ਹੁਣ ਨਵੇਂ ਸੰਸਕਰਣ ਦੇ ਨਾਲ ਬਾਦਸ਼ਾਹ ਨੇ ਮੁੜ ਵਾਪਸੀ ਕੀਤੀ ਹੈ।

## ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ

ਪੁਲਿਸ ਨੇ ਕੀਤਾ ਪ੍ਰੀ-ਵੈਡਿੰਗ ਵੀਡੀਓ ਵਿੱਚ ਕੰਮ - ( ਇੱਕ ਖ਼ਬਰ )




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Can you construct more two letter Mukta words with the following letters? Write at least 10 words.

ਪ, ਫ, ਬ, ਭ, ਮ

Page 55 Level I

# ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ ਲਈ 'ਉਮਰ ਕੈਦ' ਦਾ ਬਿੱਲ ਪਾਸ

## ✪ ਕੀ ਸਖ਼ਤ ਕਾਨੂੰਨ ਨਾਲ ਰੁਕਣਗੀਆਂ ਘਟਨਾਵਾਂ ਜਾਂ ਸਿਰਫ਼ ਸਿਆਸਤ ? ✪ ਬੇਅਦਬੀ ਮਾਮਲਿਆਂ ਵਿਚ ਨਿਆਂ ਲਈ ਸਰਕਾਰ ਦੀ ਰਫ਼ਤਾਰ ਸੁਸਤ ✪ 11 ਸਾਲਾਂ 'ਚ ਸਿਰਫ਼ 7% ਦੋਸ਼ੀਆਂ ਨੂੰ ਮਿਲੀ ਸਜ਼ਾ ✪ ਗੁਰੂ ਗ੍ਰੰਥ ਸਾਹਿਬ ਉੱਪਰ ਕੋਈ ਕਾਨੂੰਨ ਨਹੀਂ ਬਣ ਸਕਦਾ, ਬੇਅਦਬੀਆਂ ਦਾ ਹੱਲ ਸਿਰਫ਼ 'ਪੰਥਕ ਪਹਿਰੇਦਾਰੀ ਵਿਚੋਂ': ਜਥੇਦਾਰ ਗੜਗੱਜ ਦਾ ਸਿਧਾਂਤਕ ਵਿਚਾਰ





**ਕਵਰ ਸਟੋਰੀ**

ਚੰਡੀਗੜ੍ਹ-ਪੰਜਾਬ ਦੀ ਰਾਜਨੀਤੀ ਵਿੱਚ ਸਭ ਤੋਂ ਸੰਵੇਦਨਸ਼ੀਲ ਮੁੱਦਾ ਰਹੀ 'ਬੇਅਦਬੀ' ਨੂੰ ਲੈ ਕੇ ਮਾਨ ਸਰਕਾਰ ਨੇ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਨਵੇਂ ਕਾਨੂੰਨ ਤਹਿਤ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ (ਮੌਤ ਤੱਕ ਜੇਲ੍ਹ) ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਤਜਵੀਜ਼ ਰੱਖੀ ਗਈ ਹੈ। ਇਜਲਾਸ ਦੀ ਸ਼ੁਰੂਆਤ ਬਹੁਤ ਹੀ ਗੰਭੀਰ ਅਤੇ ਰੂਹਾਨੀ ਮਾਹੌਲ ਵਿੱਚ ਹੋਈ। ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਸਦਨ ਵਿੱਚ ਸ਼ਬਦ ਗਾਇਨ ਕੀਤਾ ਗਿਆ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੂਲ ਮੰਤਰ ਦੇ ਪਾਠ ਨਾਲ ਬਹਿਸ ਦਾ ਆਗਾਜ਼ ਕੀਤਾ। ਜਿਵੇਂ ਹੀ ਬਿੱਲ ਪਾਸ ਹੋਣ ਦਾ ਐਲਾਨ ਹੋਇਆ, ਪੂਰਾ ਸਦਨ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਮੌਕੇ ਵੱਖ-ਵੱਖ ਸਿੱਖ ਸੰਪਰਦਾਵਾਂ ਦੇ ਮੁਖੀ ਅਤੇ ਮੁੱਖ ਮੰਤਰੀ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਵੀ ਵਿਸ਼ੇਸ਼ ਗੈਲਰੀ ਵਿੱਚ ਮੌਜੂਦ ਸਨ।

ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਰੋਸਾ ਦਿੱਤਾ ਕਿ ਇਹ ਕਾਨੂੰਨ ਇੰਨਾ ਸਖ਼ਤ ਹੈ ਕਿ ਹੁਣ ਕੋਈ ਵੀ ਦੋਸ਼ੀ ਕਾਨੂੰਨੀ 'ਚੋਰ ਮੋਰੀ' ਰਾਹੀਂ ਬਚ ਨਹੀਂ ਸਕੇਗਾ। ਉਨ੍ਹਾਂ ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ "ਹੁਣ ਤੱਕ ਸਿਆਸੀ ਪਾਰਟੀਆਂ ਨੇ ਸਿਰਫ਼ ਧਰਮ ਦੇ ਨਾਂ 'ਤੇ ਸਿਆਸੀ ਰੋਟੀਆਂ ਸੇਕੀਆਂ ਹਨ। ਲੋਕਾਂ ਨੂੰ ਚੇਤੇ ਹੈ ਕਿ ਕਿਵੇਂ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਵਾਅਦੇ ਕੀਤੇ ਗਏ ਅਤੇ ਫਿਰ ਸਰਕਾਰ ਬਣਦਿਆਂ ਹੀ ਉਨ੍ਹਾਂ ਵਾਅਦਿਆਂ ਤੋਂ ਮੁੱਕਰ ਗਏ।"

ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿੱਚ ਬਿੱਲ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਇਸ ਵਾਰ ਕਾਨੂੰਨ ਨੂੰ ਵਧੇਰੇ ਸਪੱਸ਼ਟ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ:

* ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰੱਖਣ ਵਾਲੀ ਸੰਸਥਾ ਜਾਂ ਵਿਅਕਤੀ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ।

* ਅਕਸਰ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਮਾਨਸਿਕ ਰੋਗੀ ਦੱਸ ਕੇ ਬਚਾ ਲਿਆ ਜਾਂਦਾ ਸੀ। ਹੁਣ ਅਜਿਹੇ ਮਾਮਲਿਆਂ ਵਿੱਚ ਮਾਪਿਆਂ ਵਿਰੁੱਧ ਵੀ ਕਾਰਵਾਈ ਦੀ ਤਜਵੀਜ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦਾ ਪੂਰਾ ਰਿਕਾਰਡ ਹੁਣ ਸ਼੍ਰੋਮਣੀ ਕਮੇਟੀ ਕੋਲ ਰਹੇਗਾ।

ਸਦਨ ਵਿੱਚ ਇੱਕ ਹੋਰ ਅਹਿਮ ਮਤਾ ਪਾਸ ਕਰਦਿਆਂ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਸਬੰਧੀ ਬਿੱਲ, 2025' ਦੀ ਪੜਚੋਲ ਕਰ ਰਹੀ ਡਾ. ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ ਵਾਲੀ ਸਿਲੈਕਟ ਕਮੇਟੀ ਨੂੰ ਆਪਣੀ ਰਿਪੋਰਟ ਸੌਂਪਣ ਲਈ 6 ਮਹੀਨੇ ਦੀ ਹੋਰ ਮੋਹਲਤ ਦਿੱਤੀ ਗਈ ਹੈ।

### ਕੀ ਰਾਜਪਾਲ ਅਤੇ ਕੇਂਦਰ ਤੋਂ ਮਿਲੇਗੀ ਹਰੀ ਝੰਡੀ ?

ਇਹ ਸਵਾਲ ਇਸ ਲਈ ਅਹਿਮ ਹੈ, ਕਿਉਂਕਿ 2016 (ਅਕਾਲੀ-ਭਾਜਪਾ ਸਰਕਾਰ) ਅਤੇ 2018 (ਕਾਂਗਰਸ ਸਰਕਾਰ) ਵਿੱਚ ਵੀ ਅਜਿਹੇ ਬਿੱਲ ਪਾਸ ਕੀਤੇ ਗਏ ਸਨ, ਪਰ ਉਹ ਰਾਸ਼ਟਰਪਤੀ ਦੀ ਮਨਜ਼ੂਰੀ ਨਾ ਮਿਲਣ ਕਾਰਨ ਲਟਕ ਗਏ। ਕੇਂਦਰ ਦਾ ਤਰਕ ਸੀ ਕਿ ਸੰਵਿਧਾਨ ਧਰਮ ਨਿਰਪੱਖ ਹੈ, ਇਸ ਲਈ ਸਜ਼ਾ ਸਾਰੇ ਧਰਮਾਂ ਦੇ ਗ੍ਰੰਥਾਂ ਲਈ ਇੱਕ ਸਮਾਨ ਹੋਣੀ ਚਾਹੀਦੀ ਹੈ। ਹਾਲਾਂਕਿ, ਮੁੱਖ ਮੰਤਰੀ ਮਾਨ ਦਾ ਦਾਅਵਾ ਹੈ ਕਿ ਇਹ 'ਸਟੇਟ ਸਬਜੈਕਟ' (ਸੂਬੇ ਦਾ ਵਿਸ਼ਾ) ਹੈ, ਇਸ ਲਈ ਰਾਜਪਾਲ ਨੂੰ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਕਾਨੂੰਨੀ ਮਾਹਰ ਅਤੁਲ ਨੰਦਾ ਅਨੁਸਾਰ, ਰਾਜਪਾਲ ਕੋਲ ਦੋ ਰਸਤੇ ਹਨ: ਜਾਂ ਤਾਂ ਉਹ ਖੁਦ ਹਸਤਾਖ਼ਰ ਕਰਨ ਜਾਂ ਫਿਰ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜ ਦੇਣ।

### ਕੀ ਹੈ ਮਾਹਿਰਾਂ ਦੀ ਰਾਇ

ਇਸ ਮੁੱਦੇ 'ਤੇ ਮਾਹਿਰਾਂ ਦੀ ਰਾਏ ਵੰਡੀ ਹੋਈ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਉਂਕਿ ਭਾਰਤੀ ਨਿਆਂ ਸੰਹਿਤਾ ਦੀ ਧਾਰਾ 299 ਤਹਿਤ ਅਜਿਹੇ ਅਪਰਾਧਾਂ ਲਈ 3 ਸਾਲ ਦੀ ਸਜ਼ਾ ਹੈ, ਜਦਕਿ ਪੰਜਾਬ ਸਰਕਾਰ ਉਮਰ ਕੈਦ ਦੀ ਮੰਗ ਕਰ ਰਹੀ ਹੈ। ਇਹ ਟਕਰਾਅ ਬਿੱਲ ਨੂੰ ਰਾਸ਼ਟਰਪਤੀ ਦੇ ਅਧਿਕਾਰ ਖੇਤਰ ਵਿੱਚ ਲੈ ਜਾ ਸਕਦਾ ਹੈ। 2016 ਵਿੱਚ ਰਾਸ਼ਟਰਪਤੀ ਨੇ ਸਲਾਹ ਦਿੱਤੀ ਸੀ ਕਿ ਬੇਅਦਬੀ ਵਿਰੁੱਧ ਕਾਨੂੰਨ ਵਿੱਚ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥ ਸ਼ਾਮਲ ਕੀਤੇ ਜਾਣ, ਪਰ ਮੌਜੂਦਾ ਬਿੱਲ ਵਿੱਚ ਹੋਰ ਧਰਮਾਂ ਦਾ ਜ਼ਿਕਰ ਨਹੀਂ ਹੈ।

**ਬਾਕੀ ਹਿਸਾ ਸਫਾ 45 ਤੇ ਪੜ੍ਹੋ**

## ਸਰਕਾਰ ਬੇਅਦਬੀ ਬਾਰੇ ਨਿਆਂ ਦੇਣ ਵਿਚ ਅਸਫਲ ਕਿਉਂ ?

ਚੰਡੀਗੜ੍ਹ-ਪੰਜਾਬ ਵਿੱਚ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦੀ ਸਥਿਤੀ ਬੇਹੱਦ ਨਿਰਾਸ਼ਾਜਨਕ ਸਾਹਮਣੇ ਆਈ ਹੈ। ਪੰਜਾਬ ਪੁਲੀਸ ਅਤੇ ਜਾਂਚ ਬਿਊਰੋ ਦੇ ਤਾਜ਼ਾ ਅੰਕੜਿਆਂ ਅਨੁਸਾਰ, ਸਾਲ 2015 ਤੋਂ 2026 ਤੱਕ ਦਰਜ ਹੋਏ ਕੁੱਲ 597 ਮਾਮਲਿਆਂ ਵਿੱਚੋਂ ਸਿਰਫ਼ 44 ਕੇਸਾਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਹੋ ਸਕੀ ਹੈ।

ਪੰਜਾਬ ਵਿੱਚ ਬੇਅਦਬੀ ਦੇ ਮਾਮਲਿਆਂ ਦਾ ਨਿਆਂਇਕ ਰਿਕਾਰਡ ਸਿਸਟਮ ਦੀਆਂ ਕਮੀਆਂ ਨੂੰ ਉਜਾਗਰ ਕਰਦਾ ਹੈ:

ਕੁੱਲ ਦਰਜ ਮਾਮਲੇ: 597

ਕਨਵਿਕਸ਼ਨ (ਸਜ਼ਾ): 44 (ਸਿਰਫ਼ 7 ਫ਼ੀਸਦੀ)

ਬਰੀ ਹੋਏ ਕੇਸ: 99

ਰੱਦ ਕੀਤੇ ਗਏ (Cancelled): 83

ਅਣਪਛਾਤੇ (Untraced): 102

ਮੁਲਜ਼ਮਾਂ ਦੀ ਸਥਿਤੀ: ਪਛਾਣੇ ਗਏ 791 ਮੁਲਜ਼ਮਾਂ ਵਿੱਚੋਂ 192 ਦੀ ਪਛਾਣ ਅਜੇ ਵੀ ਧੁੰਦਲੀ ਹੈ।

ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਅਧਿਐਨ ਮੁਤਾਬਕ 70 ਫ਼ੀਸਦੀ ਮਾਮਲੇ ਸਬੂਤਾਂ ਦੀ ਘਾਟ ਕਾਰਨ ਅਦਾਲਤਾਂ ਵਿੱਚ ਟਿਕ ਨਹੀਂ ਸਕੇ। ਇਸ ਦੇ ਮੁੱਖ ਕਾਰਨ ਹੇਠ ਲਿਖੇ ਹਨ।

* ਕਈ ਮਾਮਲਿਆਂ ਵਿੱਚ ਗਵਾਹ ਅਦਾਲਤ ਵਿੱਚ ਆਪਣੇ ਬਿਆਨਾਂ ਤੋਂ ਮੁੱਕਰ ਗਏ ਜਾਂ ਸੁਣਵਾਈ ਦੌਰਾਨ ਗੈਰ-ਹਾਜ਼ਰ ਰਹੇ।

* ਸੀਸੀਟੀਵੀ ਫੁਟੇਜ ਅਤੇ ਫੋਰੈਂਸਿਕ ਸਬੂਤ ਇਕੱਠੇ ਕਰਨ ਵਿੱਚ ਦੇਰੀ ਅਤੇ ਘਟਨਾ ਸਥਾਨ ਨੂੰ ਸਹੀ ਢੰਗ ਨਾਲ ਸੁਰੱਖਿਅਤ ਨਾ ਰੱਖਣਾ।

* ਲਗਭਗ 15 ਤੋਂ 30 ਫ਼ੀਸਦੀ ਮੁਲਜ਼ਮ ਮਾਨਸਿਕ ਤੌਰ 'ਤੇ ਅਸਥਿਰ ਪਾਏ ਗਏ, ਜਿਸ ਕਾਰਨ ਅਦਾਲਤਾਂ ਨੇ ਸਜ਼ਾ ਦੀ ਬਜਾਏ ਇਲਾਜ ਦੇ ਨਿਰਦੇਸ਼ ਦਿੱਤੇ।

* ਜਨਤਕ ਗੁੱਸੇ ਨੂੰ ਸ਼ਾਂਤ ਕਰਨ ਲਈ ਬਿਨਾਂ ਠੋਸ ਸਬੂਤਾਂ ਦੇ ਦਰਜ ਕੀਤੀਆਂ ਐਫਆਈਆਰਜ਼ ਕਾਨੂੰਨੀ ਪੜਤਾਲ ਵਿੱਚ ਫੇਲ੍ਹ ਹੋ ਗਈਆਂ।

ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਜਿਨ੍ਹਾਂ 44 ਮਾਮਲਿਆਂ ਵਿੱਚ ਸਜ਼ਾ ਹੋਈ ਹੈ, ਉਨ੍ਹਾਂ ਵਿੱਚੋਂ ਵੀ ਜ਼ਿਆਦਾਤਰ ਵਿੱਚ ਸਜ਼ਾ ਦੀ ਮਿਆਦ ਬਹੁਤ ਘੱਟ (60 ਦਿਨਾਂ ਤੋਂ 6 ਮਹੀਨੇ) ਰਹੀ ਹੈ। 5 ਤੋਂ 7 ਸਾਲ ਦੀ ਸਖ਼ਤ ਸਜ਼ਾ ਬਹੁਤ ਹੀ ਘੱਟ ਮਾਮਲਿਆਂ ਵਿੱਚ ਦਿੱਤੀ ਗਈ।

ਜਾਂਚ ਬਿਊਰੋ ਨੇ ਸਿਫ਼ਾਰਸ਼ ਕੀਤੀ ਹੈ ਕਿ ਇਨ੍ਹਾਂ ਸੰਵੇਦਨਸ਼ੀਲ ਮਾਮਲਿਆਂ ਵਿੱਚ ਇਨਸਾਫ਼ ਯਕੀਨੀ ਬਣਾਉਣ ਲਈ ਘਟਨਾ ਸਥਾਨ ਦੀ ਲਾਜ਼ਮੀ ਵੀਡੀਓਗ੍ਰਾਫੀ ਕੀਤੀ ਜਾਵੇ। ਫਾਸਟ ਟ੍ਰੈਕ ਅਦਾਲਤਾਂ ਦਾ ਗਠਨ ਹੋਵੇ। ਗਵਾਹਾਂ ਦੀ ਸੁਰੱਖਿਆ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣ।

# ਬੇਅਦਬੀ ਬਿੱਲ: ਅਕਾਲੀ ਸਿਆਸਤ ਨੂੰ 'ਮਾਤ' ਦੇਣ ਲਈ 'ਆਪ' ਦਾ ਵੱਡਾ ਦਾਅ ?

**✪ ਸਮਾਣਾ ਮੋਰਚੇ ਦੀ ਸਮਾਪਤੀ: ਧਾਰਮਿਕ ਭਾਵਨਾਵਾਂ ਜਾਂ ਸਿਆਸੀ ਨਿਸ਼ਾਨਾ? ✪ ਪੰਥਕ ਵੋਟ ਬੈਂਕ ਦੀ ਜੰਗ: ਕੀ ਕਾਨੂੰਨ ਦੀ ਸਖ਼ਤੀ ਬਾਦਲ ਦਲ ਲਈ ਬਣੇਗੀ ਮੁਸੀਬਤ? ✪ ਬੇਅਦਬੀ ਰੋਕੂ ਕਾਨੂੰਨ: ਸਤਿਕਾਰ ਦੀ ਬਹਾਲੀ ਜਾਂ ਮਰਿਆਦਾ ਵਿੱਚ ਸਰਕਾਰੀ ਦਖਲ?**



ਨਿਊਜ਼ ਸਟੋਰੀ

ਪੰਜਾਬ ਦੀ ਸਿਆਸਤ ਵਿੱਚ 'ਬੇਅਦਬੀ' ਦਾ ਮੁੱਦਾ ਹਮੇਸ਼ਾ ਹੀ ਕੇਂਦਰ ਬਿੰਦੂ ਰਿਹਾ ਹੈ। ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪਾਸ ਕੀਤਾ ਗਿਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਜਿੱਥੇ ਇੱਕ ਪਾਸੇ ਸੰਗਤ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਇਸ ਦੇ ਸਿਆਸੀ ਨਿਸ਼ਾਨਿਆਂ ਅਤੇ ਧਾਰਮਿਕ ਵਿਆਖਿਆਵਾਂ ਉੱਪਰ ਸਵਾਲ ਵੀ ਖੜ੍ਹੇ ਹੋ ਰਹੇ ਹਨ।

ਇਸ ਬਿੱਲ ਦੇ ਪਿੱਛੇ ਮੌਜੂਦਾ 'ਆਪ' ਸਰਕਾਰ ਦੀ ਇੱਕ ਵੱਡੀ ਸਿਆਸੀ ਰਣਨੀਤੀ ਸਾਫ਼ ਨਜ਼ਰ ਆਉਂਦੀ ਹੈ। ਸਮਾਣਾ ਵਿਖੇ 18 ਮਹੀਨਿਆਂ ਤੋਂ ਚੱਲ ਰਹੇ ਟਾਵਰ ਮੋਰਚੇ ਨੂੰ ਇਸ ਬਿੱਲ ਰਾਹੀਂ ਖਤਮ ਕਰਵਾਉਣਾ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਖੁਦ ਜਾ ਕੇ ਬਿੱਲ ਦੀ ਕਾਪੀ ਸੌਂਪਣਾ, ਸਰਕਾਰ ਦੀ ਸਰਗਰਮੀ ਨੂੰ ਦਰਸਾਉਂਦਾ ਹੈ। ਸਿਆਸੀ ਮਾਹਿਰਾਂ ਅਨੁਸਾਰ, ਇਹ ਕਦਮ ਸਿੱਧੇ ਤੌਰ 'ਤੇ ਬਾਦਲ ਦਲ ਨੂੰ ਸਿਆਸੀ ਮੈਦਾਨ ਵਿੱਚ ਪਛਾੜਨ ਦੀ ਕੋਸ਼ਿਸ਼ ਹੈ। 2015 ਦੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਅਕਾਲੀ ਦਲ ਜਿਸ ਰੱਖਿਆਤਮਕ ਮੁਦਰਾ ਵਿੱਚ ਆਇਆ ਸੀ, ਮੌਜੂਦਾ ਸਰਕਾਰ ਸਖ਼ਤ ਕਾਨੂੰਨ ਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਉਸ "ਪੰਥਕ ਖਲਾਅ" ਨੂੰ ਭਰਨਾ ਚਾਹੁੰਦੀ ਹੈ। ਸੰਤ ਸਮਾਜ ਅਤੇ ਭਾਈ ਬਲਦੇਵ ਸਿੰਘ ਵਡਾਲਾ ਵਰਗੀਆਂ ਸ਼ਖ਼ਸੀਅਤਾਂ ਦੀ ਹਮਾਇਤ ਹਾਸਲ ਕਰਨਾ ਇਸੇ ਰਣਨੀਤੀ ਦਾ ਹਿੱਸਾ ਜਾਪਦਾ ਹੈ।

### ਸ਼ਬਦ-ਗੁਰੂ ਅਤੇ ਕਾਨੂੰਨੀ ਸੁਰੱਖਿਆ: ਇੱਕ ਦਾਰਸ਼ਨਿਕ ਸਵਾਲ

ਸਭ ਤੋਂ ਅਹਿਮ ਸਵਾਲ ਇਹ ਉੱਭਰਦਾ ਹੈ ਕਿ "ਕੀ ਸ਼ਬਦ-ਗੁਰੂ ਦੀ ਬੇਅਦਬੀ ਹੋ ਸਕਦੀ ਹੈ?" ਸਿੱਖ ਸਿਧਾਂਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਬ੍ਰਹਮ-ਗਿਆਨ' ਦਾ ਸਰੂਪ ਹਨ, ਜੋ ਅਗਨ, ਜਲ ਜਾਂ ਕਿਸੇ ਦੁਨਿਆਵੀ ਹਥਿਆਰ ਨਾਲ ਨਸ਼ਟ ਨਹੀਂ ਹੋ ਸਕਦਾ। ਜਿਵੇਂ ਗੁਰਬਾਣੀ ਦਾ ਫੁਰਮਾਨ ਹੈ:

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਾਹਿ ਨ ਸਾਕੈ ਜਾਲੇ ॥

ਬੇਅਦਬੀ ਅਸਲ ਵਿੱਚ ਗੁਰੂ ਸਾਹਿਬ ਦੇ ਭੌਤਿਕ ਸਰੂਪ (ਬੀੜ) ਦਾ ਨਿਰਾਦਰ ਹੈ, ਜੋ ਸਿੱਖ ਹਿਰਦਿਆਂ ਨੂੰ ਵਲੂੰਧਰਦਾ ਹੈ। ਪਰ ਜਦੋਂ ਸਰਕਾਰਾਂ ਇਸ ਨੂੰ ਕਾਨੂੰਨ ਦੇ ਦਾਇਰੇ ਵਿੱਚ ਬੰਨ੍ਹਣ ਦੀ ਕੋਸ਼ਿਸ਼ ਕਰਦੀਆਂ ਹਨ, ਤਾਂ ਇਹ ਖਦਸ਼ਾ ਪੈਦਾ ਹੁੰਦਾ ਹੈ ਕਿ ਕਿਤੇ ਅਸੀਂ "ਜਾਗਤ ਜੋਤ" ਦੀ ਰੂਹਾਨੀ ਸਰਵਉੱਚਤਾ ਨੂੰ ਕੇਵਲ ਇੱਕ "ਕਾਨੂੰਨੀ ਦਸਤਾਵੇਜ਼" ਤੱਕ ਸੀਮਤ ਤਾਂ ਨਹੀਂ ਕਰ ਰਹੇ? ਕੀ ਸ਼ਬਦ-ਗੁਰੂ ਦੀ ਰਾਖੀ ਲਈ ਦੁਨਿਆਵੀ ਕਾਨੂੰਨ ਦੀ ਲੋੜ ਹੈ, ਜਾਂ ਸਿੱਖਾਂ ਨੂੰ ਆਪਣੇ ਕਿਰਦਾਰ ਰਾਹੀਂ ਗੁਰੂ ਦੇ ਉਪਦੇਸ਼ਾਂ ਦਾ ਪਹਿਰੇਦਾਰ ਬਣਨ ਦੀ ਲੋੜ ਹੈ?

### ਅਕਾਲ ਤਖ਼ਤ ਦਾ ਸਟੈਂਡ ਅਤੇ ਕੌਮੀ ਲੋੜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬਾਨ ਨੇ ਹਮੇਸ਼ਾ ਸਪੱਸ਼ਟ ਕੀਤਾ ਹੈ ਕਿ ਸਰਕਾਰਾਂ ਨੂੰ ਸਿੱਖ ਮਰਿਆਦਾ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ। ਕਾਨੂੰਨ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਤਾਂ ਹੋ ਸਕਦਾ ਹੈ, ਪਰ ਗੁਰੂ ਸਾਹਿਬ ਦੀ ਮਰਿਆਦਾ ਤੈਅ ਕਰਨ ਲਈ ਨਹੀਂ। ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਇਹ ਬਿੱਲ ਭਾਵੇਂ ਉਮਰ ਕੈਦ ਅਤੇ 25 ਲੱਖ ਰੁਪਏ ਜੁਰਮਾਨੇ ਵਰਗੀਆਂ ਸਖ਼ਤ ਸਜ਼ਾਵਾਂ ਦੀ ਗੱਲ ਕਰਦਾ ਹੈ, ਪਰ ਇਹ ਉਦੋਂ ਤੱਕ ਸਾਰਥਕ ਨਹੀਂ ਹੋਵੇਗਾ ਜਦੋਂ ਤੱਕ ਪੁਰਾਣੇ 600 ਦੇ ਕਰੀਬ ਕੇਸਾਂ ਵਿੱਚ ਇਨਸਾਫ਼ ਨਹੀਂ ਮਿਲਦਾ। ਮੌਜੂਦਾ ਹਾਲਾਤ ਦੀ ਮੰਗ ਹੈ ਕਿ ਜਥੇਦਾਰ ਅਕਾਲ ਤਖਥ ਸਿੱਖਾਂ ਦਾ ਇੱਕ ਨੁਮਾਇੰਦਾ ਇਕੱਠ (ਸਰਬੱਤ ਖਾਲਸਾ ਦੀ ਰੂਹ ਮੁਤਾਬਕ) ਸੱਦਿਆ ਜਾਵੇ। ਇਸ ਇਕੱਠ ਵਿੱਚ ਧਾਰਮਿਕ ਵਿਦਵਾਨ, ਕਾਨੂੰਨੀ ਮਾਹਿਰ ਅਤੇ ਪੰਥਕ ਜਥੇਬੰਦੀਆਂ ਮਿਲ ਕੇ ਤੈਅ ਕਰਨ ਕਿ ਸ਼ਬਦ-ਗੁਰੂ ਦੇ ਅਦਬ-ਸਤਿਕਾਰ ਅਤੇ ਕਾਨੂੰਨੀ ਪ੍ਰਕਿਰਿਆ ਦੇ ਵਿਚਕਾਰਲੀ ਲਕੀਰ ਕਿੱਥੇ ਖਿੱਚਣੀ ਹੈ। ਬੇਅਦਬੀਆਂ ਕੇਵਲ ਕਾਨੂੰਨਾਂ ਨਾਲ ਨਹੀਂ, ਬਲਕਿ ਪੰਥਕ ਚੇਤਨਾ ਅਤੇ ਗੁਰੂ ਦੇ ਲੜ ਲੱਗਣ ਨਾਲ ਹੀ ਰੁਕਣਗੀਆਂ।

### ਜਥੇਦਾਰ ਕੀ ਰਣਨੀਤੀ ਅਪਨਾਉਣ

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਮੌਜੂਦਾ ਸਿਆਸੀ ਅਤੇ ਧਾਰਮਿਕ ਹਾਲਾਤ ਵਿੱਚ ਇੱਕ ਬਹੁਤ ਹੀ ਸੰਤੁਲਿਤ ਪਰ ਦੂਰਅੰਦੇਸ਼ੀ ਵਾਲੀ ਰਣਨੀਤੀ ਅਪਣਾਉਣ ਦੀ ਲੋੜ ਹੈ। ਸਰਕਾਰਾਂ ਅਕਸਰ ਕਾਨੂੰਨਾਂ ਦੀ ਵਰਤੋਂ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਲਈ ਕਰਦੀਆਂ ਹਨ, ਪਰ ਪੰਥਕ ਰਵਾਇਤਾਂ ਦੀ ਰਾਖੀ ਕਰਨਾ ਜਥੇਦਾਰ ਦਾ ਮੁੱਖ ਫਰਜ਼ ਹੈ। ਇਸ ਸੰਦਰਭ ਵਿੱਚ ਜਥੇਦਾਰ ਲਈ ਪੰਜ-ਨੁਕਾਤੀ ਰਣਨੀਤੀ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ:

1. ਸਿੱਖ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਦਾ 'ਵਿਸ਼ੇਸ਼ ਪੈਨਲ'-ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਸਿੱਖ ਬੁੱਧੀਜੀਵੀਆਂ, ਸੰਵਿਧਾਨਕ ਮਾਹਿਰਾਂ ਅਤੇ ਪੰਥਕ ਜਥੇਬੰਦੀਆਂ ਦੀ ਇੱਕ ਉੱਚ-ਪੱਧਰੀ ਕਮੇਟੀ ਬਣਾਉਣ। ਇਹ ਕਮੇਟੀ ਇਸ ਗੱਲ ਦੀ ਸਮੀਖਿਆ ਕਰੇ ਕਿ ਸਰਕਾਰ ਵੱਲੋਂ ਬਣਾਇਆ ਕਾਨੂੰਨ ਕਿਤੇ ਭਵਿੱਖ ਵਿੱਚ ਗੁਰੂ ਸਾਹਿਬ ਦੀ 'ਜਾਗਤ ਜੋਤ' ਵਾਲੀ ਮਾਨਤਾ ਨੂੰ ਸਿਰਫ਼ ਇੱਕ 'ਵਸਤੂ' ਵਜੋਂ ਤਾਂ ਨਹੀਂ ਪੇਸ਼ ਕਰੇਗਾ। ਕਾਨੂੰਨੀ ਭਾਸ਼ਾ ਵਿੱਚ 'ਸ਼ਬਦ-ਗੁਰੂ' ਦੀ ਸਰਵਉੱਚਤਾ ਨੂੰ ਸੁਰੱਖਿਅਤ ਰੱਖਣਾ ਲਾਜ਼ਮੀ ਹੈ।

2. ਪੁਰਾਣੇ ਕੇਸਾਂ ਲਈ 'ਸਮਾਂ-ਬੱਧ ਇਨਸਾਫ਼' ਦੀ ਸ਼ਰਤ-ਜਥੇਦਾਰ ਨੂੰ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ 2015 ਤੋਂ ਹੁਣ ਤੱਕ ਹੋਈਆਂ 600 ਦੇ ਕਰੀਬ ਬੇਅਦਬੀਆਂ ਦੇ ਦੋਸ਼ੀਆਂ ਨੂੰ ਇਸੇ ਸਖ਼ਤ ਕਾਨੂੰਨ ਦੇ ਦਾਇਰੇ ਵਿੱਚ ਲਿਆ ਕੇ ਤੁਰੰਤ ਸਜ਼ਾਵਾਂ ਦਿੱਤੀਆਂ ਜਾਣ। ਜੇਕਰ ਪੁਰਾਣੇ ਦੋਸ਼ੀ ਆਜ਼ਾਦ ਘੁੰਮਦੇ ਰਹੇ, ਤਾਂ ਨਵੇਂ ਕਾਨੂੰਨ ਦਾ ਕੋਈ ਨੈਤਿਕ ਆਧਾਰ ਨਹੀਂ ਰਹਿ ਜਾਵੇਗਾ।

3. ਸਿਆਸੀ ਵਰਤੋਂ ਵਿਰੁੱਧ 'ਸਖ਼ਤ ਸਟੈਂਡ'-ਜਦੋਂ ਸਰਕਾਰਾਂ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦੇ ਨੂੰ ਵਿਰੋਧੀ ਧਿਰਾਂ (ਜਿਵੇਂ ਬਾਦਲ ਦਲ ਜਾਂ ਹੋਰ) ਨੂੰ ਖਤਮ ਕਰਨ ਲਈ ਹਥਿਆਰ ਵਜੋਂ ਵਰਤਦੀਆਂ ਹਨ, ਤਾਂ ਜਥੇਦਾਰ ਨੂੰ ਨਿਰਪੱਖ ਹੋ ਕੇ ਬੋਲਣਾ ਚਾਹੀਦਾ ਹੈ। ਜਥੇਦਾਰ ਦੀ ਰਣਨੀਤੀ ਇਹ ਹੋਣੀ ਚਾਹੀਦੀ ਹੈ ਕਿ ਬੇਅਦਬੀ ਦਾ ਮੁੱਦਾ ਕਿਸੇ ਇੱਕ ਪਾਰਟੀ ਦੀ 'ਸਿਆਸੀ ਫ਼ਸਲ' ਨਾ ਬਣੇ, ਬਲਕਿ ਇਹ ਸਿੱਖ ਕੌਮ ਦੇ ਜ਼ਖ਼ਮਾਂ ਦਾ ਇਲਾਜ ਬਣੇ।

4. 'ਪੰਥਕ ਪਹਿਰੇਦਾਰੀ' ਦਾ ਮਾਡਲ ਲਾਗੂ ਕਰਨਾ-ਜਥੇਦਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਬੇਅਦਬੀਆਂ ਕਾਨੂੰਨਾਂ ਨਾਲੋਂ ਵੱਧ 'ਪਹਿਰੇਦਾਰੀ' ਨਾਲ ਰੁਕਣਗੀਆਂ। ਸ਼੍ਰੋਮਣੀ ਕਮੇਟੀ ਅਤੇ ਸਥਾਨਕ ਗੁਰਦੁਆਰਾ ਕਮੇਟੀਆਂ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਸੀਸੀਟੀਵੀ ਕੈਮਰਿਆਂ ਤੋਂ ਇਲਾਵਾ 'ਸੇਵਾਦਾਰੀ ਪਹਿਰੇ' ਨੂੰ ਮਜ਼ਬੂਤ ਕਰਨ। ਸਰਕਾਰੀ ਕਾਨੂੰਨ ਕੇਵਲ ਸਜ਼ਾ ਦੇ ਸਕਦਾ ਹੈ, ਪਰ ਬੇਅਦਬੀ ਨੂੰ ਰੋਕਣ ਦੀ ਜ਼ਿੰਮੇਵਾਰੀ ਕੌਮ ਦੀ ਆਪਣੀ ਹੈ।

5. 'ਸਰਬੱਤ ਖਾਲਸਾ' ਦੀ ਰੂਹ ਮੁਤਾਬਕ ਇਕੱਠ-ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਕਿਸੇ ਇੱਕ ਧੜੇ ਜਾਂ ਸੰਤ ਸਮਾਜ ਦੀ ਹਮਾਇਤ ਲੈਣ ਦੀ ਬਜਾਏ, ਸਮੁੱਚੇ ਪੰਥ ਦਾ ਇੱਕ ਵੱਡਾ ਨੁਮਾਇੰਦਾ ਇਕੱਠ ਸੱਦਣ। ਇਸ ਇਕੱਠ ਵਿੱਚ ਇਹ ਐਲਾਨ ਕੀਤਾ ਜਾਵੇ ਕਿ ਸਿੱਖ ਕੌਮ ਆਪਣੇ ਗੁਰੂ ਦੇ ਸਤਿਕਾਰ ਲਈ ਕਿਸੇ ਵੀ ਸਰਕਾਰੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰੇਗੀ ਜੋ ਸਿੱਖ ਰਹਿਤ ਮਰਿਆਦਾ ਨੂੰ ਕਮਜ਼ੋਰ ਕਰਦੀ ਹੋਵੇ।

ਨਿਚੋੜ : ਜਥੇਦਾਰ ਦੀ ਰਣਨੀਤੀ "ਸਰਕਾਰ ਨੂੰ ਸਹਿਯੋਗ ਪਰ ਮਰਿਆਦਾ 'ਤੇ ਕੋਈ ਸਮਝੌਤਾ ਨਹੀਂ" ਵਾਲੀ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਸਰਕਾਰ ਦੇ ਇਸ ਕਦਮ ਨੂੰ ਸਿਆਸੀ ਜਿੱਤ ਦੀ ਬਜਾਏ ਇੱਕ 'ਪਛਤਾਵੇ' ਵਜੋਂ ਪੇਸ਼ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ।

## ਜਿਹੜੇ ਜਥੇ ਕੀਰਤਨੀ ਭੇਟਾ ਲੰਮੇ ਚਿਰ ਤੋਂ ਲੈ ਰਹੇ ਹਨ, ਉਹ ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿੱਚ ਕੀਰਤਨ ਨਹੀਂ ਕਰ ਸਕਣਗੇ

ਡਰਬੀ (ਪੰਜਾਬ ਟਾਈਮਜ਼) – ਅਖੰਡ ਕੀਰਤਨੀ ਜਥੇ ਨੇ ਬੀਤੇ ਦਿਨੀਂ ਇਕ ਅਹਿਮ ਫ਼ੈਸਲਾ ਕੀਤਾ ਹੈ ਕਿ ਅਖੰਡ ਕੀਰਤਨੀ ਜਥੇ ਦੇ ਜਿਹੜੇ ਸਿੰਘ ਸਿੰਘਣੀਆਂ ਕੀਰਤਨੀ ਭੇਟਾ ਲੈਂਦੇ ਹਨ ਉਹ ਜਥੇ ਦੇ ਸਮਾਗਮਾਂ ਵਿੱਚ ਕੀਰਤਨ ਨਹੀਂ ਕਰ ਸਕਦੇ। ਜਿਹੜੇ ਅਜਿਹਾ ਕਰਦੇ ਹਨ ਉਹਨਾਂ ਨੂੰ ਜਥੇ ਦੇ ਸਮਾਗਮਾਂ ਵਿੱਚ ਕੀਰਤਨ ਕਰਨ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਜਥੇ ਦਾ ਕਹਿਣਾ ਹੈ ਕਿ ਜਥੇ ਦੇ ਸਿੰਘ ਸਿੰਘਣੀਆਂ ਆਮ ਤੌਰ ਤੇ ਜੀਵਨ ਨਿਰਬਾਹ ਲਈ ਹੱਥੀਂ ਕਿਰਤ ਕਰਦੇ ਹਨ ਤੇ ਕੀਰਤਨ ਕੇਵਲ ਆਤਮਾ ਦੀ ਖੁਰਾਕ ਲਈ ਕਰਦੇ ਹਨ, ਬਹੁਤੇ ਸਿੰਘ ਸਿੰਘਣੀਆਂ, ਸਮਾਗਮਾਂ ਵਿੱਚ ਕੀਰਤਨ ਕਰਨ ਬਦਲੇ ਭੇਟਾ ਨਹੀਂ ਲੈਂਦੇ, ਦੇਸ਼ ਵਿਦੇਸ਼ ਜਾਣ ਸਮੇਂ ਯਾਤਰਾ ਲਈ ਟਿਕਟ ਵੀ ਨਹੀਂ ਲੈਂਦੇ। ਜਥੇ ਨੂੰ ਜਿਹੜੇ ਸਿੰਘਾਂ ਪ੍ਰਤੀ ਕੀਰਤਨੀ ਭੇਟਾ ਲੈਣ ਸਬੰਧੀ ਇਤਰਾਜ਼ ਹੈ, ਉਹਨਾਂ ਦੀ ਸੂਚੀ ਜਾਰੀ ਕਰ ਦੇਣੀ ਚਾਹੀਦੀ ਹੈ। ਜਿਸ ਨਾਲ ਦੇਸ਼ ਵਿਦੇਸ਼ ਵਿੱਚ ਜਥੇ ਦੀਆਂ ਹੋਰ ਸ਼ਾਖਾਵਾਂ ਅਤੇ ਸੰਸਥਾਵਾਂ ਲਈ ਸਪੱਸ਼ਟ ਹੋ ਜਾਵੇਗਾ ਕਿ ਕਿਹਨਾਂ ਬਾਰੇ ਇਤਰਾਜ਼ ਕੀਤਾ ਗਿਆ ਹੈ।

# ਪੰਜਾਬ ਦੇ ਹੱਕਾਂ ’ਤੇ ਸਰਜੀਕਲ ਸਟ੍ਰਾਈਕ: ਭਾਖੜਾ ਬੋਰਡ ਵਿਚੋਂ ਸਥਾਈ ਨੁਮਾਇੰਦਗੀ ਖ਼ਤਮ

**✪ ਪਹਿਲਾਂ ਪੁਲਿਸ ਖੋਹੀ, ਫਿਰ ਚੇਅਰਮੈਨੀ... ਹੁਣ ਮੈਂਬਰੀ ਵੀ ਗਈ; ਪੰਜਾਬ ਦੀ ਪਿੱਠ ’ਚ ਛੁਰਾ! ✪ ਪਾਣੀਆਂ ’ਤੇ ਡਾਕਾ ਮਾਰਨ ਦੀ ਤਿਆਰੀ ਬੀਬੀਐਮਬੀ ਦੇ ਨਵੇਂ ਨਿਯਮਾਂ ਨੇ ਛੇੜੀ ਸਿਆਸੀ ਜੰਗ ✪ ਮਾਨ ਸਰਕਾਰ ’ਤੇ ਮਜੀਠੀਆ ਦਾ ਵਾਰ: “ਕੇਂਦਰ ਨਾਲ ਮਿਲੀਭੁਗਤ ਕਰਕੇ ਪੰਜਾਬ ਦੇ ਹੱਕ ਵੇਚੇ।” ✪ ਰਾਜਾ ਵੜਿੰਗ ਦਾ ਵੱਡਾ ਦਾਅਵਾ: “ਚੋਣਾਂ ਮਗਰੋਂ ਹਰਿਆਣਾ ਨੂੰ ਪਾਣੀ ਦੇਣ ਦਾ ਰਾਹ ਪੱਧਰਾ ਕਰ ਰਹੀ ਭਾਜਪਾ” ✪ ਕੀ ਹੁਣ ‘ਗੈਰ-ਪੰਜਾਬੀ’ ਚਲਾਉਣਗੇ ਪੰਜਾਬ ਦੇ ਡੈਮ? ਕੇਂਦਰ ਦੇ ਨੋਟੀਫਿਕੇਸ਼ਨ ਨੇ ਵਧਾਈ ਚਿੰਤਾ**



## ਨਿਊਜ਼ ਵਿਸ਼ਲੇਸ਼ਣ

ਕੇਂਦਰ ਸਰਕਾਰ ਨੇ ਵਿਸਾਖੀ ਦੇ ਮੌਕੇ ਇੱਕ ਵੱਡਾ ਫੈਸਲਾ ਲੈਂਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਅਤੇ ਹਰਿਆਣਾ ਦੀ ਪੱਕੀ ਨੁਮਾਇੰਦਗੀ ਨੂੰ ਖ਼ਤਮ ਕਰ ਦਿੱਤਾ ਹੈ। ਕੇਂਦਰੀ ਬਿਜਲੀ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਨੋਟੀਫਿਕੇਸ਼ਨ ‘ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਸੋਧ) ਰੂਲਜ਼-2026’ ਮੁਤਾਬਕ, ਹੁਣ ਬੋਰਡ ਦੇ ਅਹਿਮ ਅਹੁਦਿਆਂ ’ਤੇ ਸਿਰਫ਼ ਪੰਜਾਬ ਜਾਂ ਹਰਿਆਣਾ ਦੇ ਅਧਿਕਾਰੀਆਂ ਦਾ ਹੱਕ ਨਹੀਂ ਰਹੇਗਾ।

ਕੀ ਬਦਲਿਆ ਹੈ ਨਿਯਮਾਂ ਵਿੱਚ?- ਪੁਰਾਣੀ ਰਵਾਇਤ ਅਨੁਸਾਰ, ਬੀਬੀਐਮਬੀ ਵਿੱਚ ਮੈਂਬਰ (ਪਾਵਰ) ਹਮੇਸ਼ਾ ਪੰਜਾਬ ਤੋਂ ਅਤੇ ਮੈਂਬਰ (ਸਿੰਜਾਈ) ਹਰਿਆਣਾ ਤੋਂ ਲਗਾਇਆ ਜਾਂਦਾ ਸੀ। ਹੁਣ ਇਹ ਦੋਵੇਂ ਅਹੁਦੇ ਕਿਸੇ ਵੀ ਰਾਜ ਦੇ ਅਧਿਕਾਰੀਆਂ ਲਈ ਖੁੱਲ੍ਹੇ ਹੋਣਗੇ ਨੋਟੀਫਿਕੇਸ਼ਨ ਮੁਤਾਬਕ ਪੰਜਾਬ ਅਤੇ ਹਰਿਆਣਾ ਨੂੰ ਸਿਰਫ਼ ਚੋਣ ਵੇਲੇ ‘ਤਰਜੀਹ’ ਦਿੱਤੀ ਜਾਵੇਗੀ, ਪਰ ਕੋਈ ਸਥਾਈ ਗਾਰੰਟੀ ਨਹੀਂ ਹੋਵੇਗੀਕੇਂਦਰ ਹੁਣ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਨੂੰ ਵੀ ਬੋਰਡ ਵਿੱਚ ਨੁਮਾਇੰਦਗੀ ਦੇਣ ਦੀ ਤਿਆਰੀ ਵਿੱਚ ਹੈ।

ਸਿਆਸੀ ਘਮਾਸਾਨ: ਪੰਜਾਬ ਦੀਆਂ ਧਿਰਾਂ ਵਲੋਂ ਤਿੱਖਾ ਵਿਰੋਧ-ਇਸ ਫੈਸਲੇ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ ਅਤੇ ਵੱਖ-ਵੱਖ ਪਾਰਟੀਆਂ ਨੇ ਕੇਂਦਰ ’ਤੇ ਪੰਜਾਬ ਦੇ ਹੱਕਾਂ ’ਤੇ ਡਾਕਾ ਮਾਰਨ ਦੇ ਦੋਸ਼ ਲਾਏ ਹਨ।ਸਾਂਸਦ ਗੁਰਮੀਤ ਸਿੰਘ ਮੀਤ ਹੇਅਰ ਅਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਇਸ ਨੂੰ ਪੰਜਾਬ ਦੇ ਪਾਣੀਆਂ ਨੂੰ ਖੋਹਣ ਦੀ ਸਾਜ਼ਿਸ਼ ਦੱਸਿਆ ਹੈ। ਬੈਂਸ ਨੇ ਕਿਹਾ ਕਿ ਬਾਹਰਲੇ ਅਧਿਕਾਰੀਆਂ ਨੂੰ ਪੰਜਾਬ ਦੇ ਪਿੰਡਾਂ ਅਤੇ ਨਹਿਰਾਂ ਦੀ ਸਮਝ ਨਹੀਂ ਹੁੰਦੀ, ਜੋ ਕਿ ਸੂਬੇ ਲਈ ਘਾਤਕ ਸਿੱਧ ਹੋ ਸਕਦਾ ਹੈ।

ਕਾਂਗਰਸ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪਹਿਲਾਂ ਪੰਜਾਬ ਪੁਲੀਸ ਹਟਾਈ ਗਈ, ਫਿਰ ਚੇਅਰਮੈਨੀ ਖੋਹੀ ਗਈ ਅਤੇ ਹੁਣ ਮੈਂਬਰੀ ਵੀ ਖ਼ਤਮ ਕਰ ਦਿੱਤੀ ਗਈ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਪੰਜਾਬ ਦਾ ਪਾਣੀ ਹਰਿਆਣਾ ਲਿਜਾਣ ਦੀ ਵੱਡੀ ਤਿਆਰੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕੇਂਦਰ ਦੇ ਨਾਲ-ਨਾਲ ਮਾਨ ਸਰਕਾਰ ਨੂੰ ਵੀ ਘੇਰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਕੇਂਦਰ ਨਾਲ ਮਿਲੀਭੁਗਤ ਕਰਕੇ ਪੰਜਾਬ ਦੇ ਹੱਕਾਂ ਦਾ ਸੌਦਾ ਕੀਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਇਸ ਸੋਧ ਦੀ ਪ੍ਰਕਿਰਿਆ 23 ਫਰਵਰੀ 2022 ਨੂੰ ਸ਼ੁਰੂ ਹੋਈ ਸੀ ਜਦੋਂ ਪਹਿਲੀ ਵਾਰ ਡਰਾਫਟ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਸਖ਼ਤ ਵਿਰੋਧ ਦੇ ਬਾਵਜੂਦ, ਸਤੰਬਰ 2025 ਵਿੱਚ ਸੋਧਿਆ ਹੋਇਆ ਡਰਾਫਟ ਲਿਆਂਦਾ ਗਿਆ ਅਤੇ ਹੁਣ 2026 ਵਿੱਚ ਇਸ ਨੂੰ ਅੰਤਿਮ ਰੂਪ ਦੇ ਕੇ ਲਾਗੂ ਕਰ ਦਿੱਤਾ ਗਿਆ ਹੈ।

ਇਹ ਫੈਸਲਾ ਇੱਕ ਅਜਿਹੇ ਸਮੇਂ ਆਇਆ ਹੈ ਜਦੋਂ ਪੰਜਾਬ ਪਹਿਲਾਂ ਹੀ ਪਾਣੀਆਂ ਦੇ ਮੁੱਦੇ ’ਤੇ ਸੰਘਰਸ਼ ਕਰ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਇਸ ਮੁੱਦੇ ’ਤੇ ਕੇਂਦਰ ਅਤੇ ਪੰਜਾਬ ਵਿਚਾਲੇ ਟਕਰਾਅ ਵਧਣ ਦੇ ਪੂਰੇ ਆਸਾਰ ਹਨ।

ਪੰਜਾਬ ਕੋਲ ਕੀ ਰਾਹ ਹੈ-ਪੰਜਾਬ ਕੋਲ ਇਸ ਫੈਸਲੇ ਵਿਰੁੱਧ ਲੜਨ ਲਈ ਕਈ ਸੰਵਿਧਾਨਕ, ਕਾਨੂੰਨੀ ਅਤੇ ਸਿਆਸੀ ਰਸਤੇ ਮੌਜੂਦ ਹਨ। ਭਾਵੇਂ ਕੇਂਦਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਪਰ ਪੰਜਾਬ ਸਰਕਾਰ ਅਤੇ ਸਿਆਸੀ ਧਿਰਾਂ ਹੇਠ ਲਿਖੇ ਕਦਮ ਚੁੱਕ ਸਕਦੀਆਂ ਹਨ:

* ਪੰਜਾਬ ਸਰਕਾਰ ਇਸ ਨੋਟੀਫਿਕੇਸ਼ਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਸਕਦੀ ਹੈ। ਪੰਜਾਬ ਇਹ ਦਲੀਲ ਦੇ ਸਕਦਾ ਹੈ ਕਿ ਬੀਬੀਐਮਬੀ ’ਪੰਜਾਬ ਪੁਨਰਗਠਨ ਐਕਟ, 1966’ ਦੇ ਤਹਿਤ ਬਣਿਆ ਸੀ। ਨਿਯਮਾਂ ਵਿੱਚ ਇੱਕਪਾਸੜ ਸੋਧ ਕਰਨਾ ਰਾਜਾਂ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਦੀ ਉਲੰਘਣਾ ਹੈ। ਅਦਾਲਤ ਤੋਂ ਇਸ ਨੋਟੀਫਿਕੇਸ਼ਨ ’ਤੇ ਸਟੇਅ ਦੀ ਮੰਗ ਕੀਤੀ ਜਾ ਸਕਦੀ ਹੈ।

* ਪੰਜਾਬ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਇਸ ਫੈਸਲੇ ਵਿਰੁੱਧ ਇੱਕ ਸਰਬਸੰਮਤੀ ਨਾਲ ਮਤਾ ਪਾਸ ਕਰ ਸਕਦੀ ਹੈ।

* ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ (ਆਪ, ਕਾਂਗਰਸ, ਅਕਾਲੀ ਦਲ, ਭਾਜਪਾ ਪੰਜਾਬ ਇਕਾਈ) ਨੂੰ ਇੱਕ ਮੰਚ ’ਤੇ ਇਕੱਠੇ ਹੋ ਕੇ ਕੇਂਦਰ ਕੋਲ ਪਹੁੰਚ ਕਰਨੀ ਚਾਹੀਦੀ ਹੈ।

* ਮੁੱਖ ਮੰਤਰੀ ਇਸ ਮੁੱਦੇ ਨੂੰ Inter-State Council ਜਾਂ ਨੋਰਥਨ ਜ਼ੋਨਲ ਕੌਂਸਲ ਦੀ ਮੀਟਿੰਗ ਵਿੱਚ ਉਠਾ ਸਕਦੇ ਹਨ। ਇੱਥੇ ਪੰਜਾਬ ਇਹ ਦਲੀਲ ਦੇ ਸਕਦਾ ਹੈ ਕਿ ਬੀਬੀਐਮਬੀ ਦੇ ਪ੍ਰਬੰਧਨ ਵਿੱਚ ਸਥਾਨਕ ਅਧਿਕਾਰੀਆਂ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਨੂੰ ਇੱਥੋਂ ਦੇ ਭੂਗੋਲਿਕ ਹਾਲਾਤ (ਹੜ੍ਹ, ਸਿੰਜਾਈ, ਆਦਿ) ਦੀ ਬਿਹਤਰ ਸਮਝ ਹੁੰਦੀ ਹੈ।

* ਪੰਜਾਬ ਨੇ ਪਹਿਲਾਂ ‘ਖੇਤੀ ਕਾਨੂੰਨਾਂ’ ਦੇ ਮਾਮਲੇ ਵਿੱਚ ਸੰਘਰਸ਼ ਕੀਤਾ ਸੀ, ਹੁਣ ਇਸ ਮਾਮਲੇ ਵਿਚ ਕਿਸਾਨ ਜਥੇਬੰਦੀਆਂ ਅਤੇ ਸਿਵਲ ਸੁਸਾਇਟੀ ਰਾਹੀਂ ਜਨਤਕ ਰੋਸ ਪੈਦਾ ਕੀਤਾ ਜਾ ਸਕਦਾ ਹੈ। ਪਾਣੀ ਅਤੇ ਬਿਜਲੀ ਪੰਜਾਬ ਦੇ ਬਹੁਤ ਹੀ ਸੰਵੇਦਨਸ਼ੀਲ ਮੁੱਦੇ ਹਨ, ਜਿਨ੍ਹਾਂ ’ਤੇ ਲੋਕਾਂ ਨੂੰ ਲਾਮਬੰਦ ਕਰਨਾ ਸੌਖਾ ਹੈ।

* ਪੰਜਾਬ ਇਹ ਸਵਾਲ ਉਠਾ ਸਕਦਾ ਹੈ ਕਿ ਜਿਹੜੇ ਅਹੁਦਿਆਂ ਲਈ ਕੇਂਦਰ ਨੇ ‘ਓਪਨ ਮਾਰਕੀਟ’ ਤੋਂ ਅਧਿਕਾਰੀ ਲੈਣ ਦੀ ਗੱਲ ਕੀਤੀ ਹੈ, ਉਨ੍ਹਾਂ ਕੋਲ ਡੈਮਾਂ ਅਤੇ ਨਹਿਰੀ ਨੈੱਟਵਰਕ ਦਾ ਉਹ ਤਜਰਬਾ ਨਹੀਂ ਹੋਵੇਗਾ ਜੋ ਪੰਜਾਬ/ਹਰਿਆਣਾ ਦੇ ਇੰਜੀਨੀਅਰਾਂ ਕੋਲ ਹੈ।

ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਲਈ ਸਭ ਤੋਂ ਮਜ਼ਬੂਤ ਰਸਤਾ ਕਾਨੂੰਨੀ ਲੜਾਈ ਅਤੇ ਸਿਆਸੀ ਏਕਤਾ ਦਾ ਹੈ। ਜੇਕਰ ਪੰਜਾਬ ਸਰਕਾਰ ਇਸ ਨੂੰ ਸਿਰਫ ਬਿਆਨਬਾਜ਼ੀ ਤੱਕ ਸੀਮਤ ਰੱਖਦੀ ਹੈ, ਤਾਂ ਇਹ ਹੱਕ ਹਮੇਸ਼ਾ ਲਈ ਹੱਥੋਂ ਨਿਕਲ ਸਕਦਾ ਹੈ।

## ਕੇਂਦਰ ਦੀ ਨੀਤੀ ਪੰਜਾਬ ਵਿਰੋਧੀ ਕਿਉ?

ਇਹ ਇੱਕ ਬਹੁਤ ਹੀ ਗੰਭੀਰ ਅਤੇ ਸੰਵੇਦਨਸ਼ੀਲ ਸਵਾਲ ਹੈ, ਜੋ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਇਤਿਹਾਸਕ ਪਿਛੋਕੜ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚ ਇਹ ਭਾਵਨਾ ਕਿ “ਕੇਂਦਰ ਪੰਜਾਬ ਨਾਲ ਵਿਤਕਰਾ ਕਰ ਰਿਹਾ ਹੈ” ਕੋਈ ਨਵੀਂ ਨਹੀਂ ਹੈ, ਪਰ ਹਾਲੀਆ ਫੈਸਲਿਆਂ (ਜਿਵੇਂ ਬੀਬੀਐਮਬੀ) ਵਿੱਚੋਂ ਸਥਾਈ ਮੈਂਬਰੀ ਖ਼ਤਮ ਕਰਨਾ) ਨੇ ਇਸ ਬਹਿਸ ਨੂੰ ਮੁੜ ਤੇਜ਼ ਕਰ ਦਿੱਤਾ ਹੈ। ਇਸ ਨੂੰ ਸਮਝਣ ਲਈ ਸਾਨੂੰ ਕੁਝ ਮੁੱਖ ਪਹਿਲੂਆਂ ’ਤੇ ਨਜ਼ਰ ਮਾਰਨੀ ਪਵੇਗੀ:

* ਭਾਰਤ ਦਾ ਸੰਵਿਧਾਨ ਰਾਜਾਂ ਨੂੰ ਖ਼ੁਦਮੁਖਤਿਆਰੀ ਦਿੰਦਾ ਹੈ, ਪਰ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਨੇ ਕਈ ਅਜਿਹੇ ਫੈਸਲੇ ਲਏ ਹਨ ਜੋ ਰਾਜਾਂ ਦੇ ਅਧਿਕਾਰ ਖੇਤਰ ਵਿੱਚ ਦਖ਼ਲਅੰਦਾਜ਼ੀ ਮੰਨੇ ਜਾਂਦੇ ਹਨ। ਜਦੋਂ ਕੇਂਦਰ ਪੰਜਾਬ ਦੇ ਕੁਦਰਤੀ ਸਰੋਤਾਂ (ਪਾਣੀ ਅਤੇ ਬਿਜਲੀ) ’ਤੇ ਕੰਟਰੋਲ ਵਧਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨਾਲ ਇੱਕ ‘ਬਸਤੀ ਵਾਂਗ ਵਿਵਹਾਰ ਹੋ ਰਿਹਾ ਹੈ-ਜਿੱਥੇ ਫੈਸਲੇ ਸਥਾਨਕ ਲੋਕਾਂ ਦੀ ਬਜਾਏ ਦਿੱਲੀ ਬੈਠੇ ਅਧਿਕਾਰੀ ਲੈਂਦੇ ਹਨ।

* ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਆਰਥਿਕਤਾ ਕੇਂਦਰ ਦੀਆਂ ਨੀਤੀਆਂ (ਜਿਵੇਂ ਐਮਐਸਪੀ ਅਤੇ ਖ਼ਰੀਦ ਪ੍ਰਣਾਲੀ) ’ਤੇ ਟਿਕੀ ਹੋਈ ਹੈ। 2020-21 ਦੇ ਕਿਸਾਨ ਅੰਦੋਲਨ ਦੌਰਾਨ ਇਹ ਭਾਵਨਾ ਪ੍ਰਬਲ ਹੋਈ ਕਿ ਕੇਂਦਰ ਪੰਜਾਬ ਦੇ ਕਿਸਾਨੀ ਮਾਡਲ ਨੂੰ ਤੋੜ ਕੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣਾ ਚਾਹੁੰਦਾ ਹੈ। ਕੇਂਦਰ ਵੱਲੋਂ ਪੰਜਾਬ ਦੇ ‘ਰੂਰਲ ਡਿਵੈਲਪਮੈਂਟ ਫੰਡ’ ਨੂੰ ਰੋਕਣਾ ਵੀ ਆਰਥਿਕ ਨਾਕਾਬੰਦੀ ਵਜੋਂ ਦੇਖਿਆ ਜਾਂਦਾ ਹੈ।

* ਕੇਂਦਰ ਨੇ ਪੰਜਾਬ ਵਿੱਚ ਬੀਸੀਐਫ ਦਾ ਅਧਿਕਾਰ ਖੇਤਰ ਸਰਹੱਦ ਤੋਂ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਸੀ। ਪੰਜਾਬ ਸਰਕਾਰ ਅਤੇ ਸਿਆਸੀ ਧਿਰਾਂ ਨੇ ਇਸ ਨੂੰ ਸੂਬੇ ਦੀ ਪੁਲਿਸ ਦੇ ਅਧਿਕਾਰਾਂ ਵਿੱਚ ਦਖ਼ਲ ਅਤੇ ਪੰਜਾਬ ’ਤੇ ਸਿੱਧਾ ਕੰਟਰੋਲ ਕਰਨ ਦੀ ਕੋਸ਼ਿਸ਼ ਮੰਨਿਆ।

* ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਪੱਕੀ ਨੁਮਾਇੰਦਗੀ ਖ਼ਤਮ ਕਰਨਾ ਸਭ ਤੋਂ ਤਾਜ਼ਾ ਉਦਾਹਰਣ ਹੈ। ਪੰਜਾਬੀਆਂ ਦਾ ਮੰਨਣਾ ਹੈ ਕਿ ਇਹ ਡੈਮ ਪੰਜਾਬ ਦੀ ਧਰਤੀ ’ਤੇ ਬਣੇ ਹਨ ਅਤੇ ਪੰਜਾਬ ਦਾ ਇਸ ’ਤੇ ਪਹਿਲਾ ਹੱਕ ਹੈ। ਜਦੋਂ ਕੇਂਦਰ ਇਨ੍ਹਾਂ ਸੰਸਥਾਵਾਂ ’ਤੇ ਆਪਣਾ ਕੰਟਰੋਲ ਵਧਾਉਂਦਾ ਹੈ, ਤਾਂ ਇਸ ਨੂੰ ਪੰਜਾਬ ਦੇ ਹੱਕਾਂ ’ਤੇ ਡਾਕਾ ਮੰਨਿਆ ਜਾਂਦਾ ਹੈ। ਤਕਨੀਕੀ ਤੌਰ ’ਤੇ ਪੰਜਾਬ ਭਾਰਤ ਦਾ ਇੱਕ ਅਹਿਮ ਸੰਵਿਧਾਨਕ ਰਾਜ ਹੈ, ਪਰ ’ਬਸਤੀ’ ਸ਼ਬਦ ਦੀ ਵਰਤੋਂ ਇੱਥੇ ਇੱਕ ਸਿਆਸੀ ਰੋਸ ਵਜੋਂ ਕੀਤੀ ਜਾਂਦੀ ਹੈ। ਇਸ ਦੇ ਪਿੱਛੇ ਮੁੱਖ ਕਾਰਨ ਹਨ। ਜਦੋਂ ਸਥਾਨਕ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਕੇਂਦਰੀ ਹਿੱਤਾਂ ਨੂੰ ਥੋਪਿਆ ਜਾਂਦਾ ਹੈ। ਜਦੋਂ ਪੰਜਾਬ ਦਾ ਪਾਣੀ ਅਤੇ ਬਿਜਲੀ ਦੂਜੇ ਰਾਜਾਂ ਨੂੰ ਦਿੱਤੀ ਜਾਂਦੀ ਹੈ, ਪਰ ਬਦਲੇ ਵਿੱਚ ਪੰਜਾਬ ਨੂੰ ਉਸ ਦੇ ਹੱਕ ਨਹੀਂ ਮਿਲਦੇ। ਹਿੰਦੀ ਨੂੰ ਥੋਪਣ ਜਾਂ ਪੰਜਾਬੀ ਭਾਸ਼ਾ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚੋਂ ਹੌਲੀ-ਹੌਲੀ ਬਾਹਰ ਕਰਨਾ ਵੀ ਇਸੇ ਸੋਚ ਨੂੰ ਜਨਮ ਦਿੰਦਾ ਹੈ।

ਪੰਜਾਬ ਟਾਈਮਜ਼ ਅਨੁਸਾਰ ਕੇਂਦਰ ਦੀਆਂ ਨੀਤੀਆਂ ਨੂੰ “ਪੰਜਾਬ ਵਿਰੋਧੀ” ਕਹਿਣਾ ਪੰਜਾਬ ਦੇ ਲੋਕਾਂ ਦੇ ਉਸ ਡਰ, ਗੁਸੇ ਅਤੇ ਤਜਰਬੇ ਵਿੱਚੋਂ ਨਿਕਲਦਾ ਹੈ, ਜਿੱਥੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਕੁਰਬਾਨੀ (ਅੰਨ ਭੰਡਾਰ ਅਤੇ ਸਰਹੱਦਾਂ ਦੀ ਰਾਖੀ) ਦੇ ਬਾਵਜੂਦ ਉਨ੍ਹਾਂ ਨੂੰ ਬਰਾਬਰ ਦਾ ਹਿੱਸੇਦਾਰ ਨਹੀਂ ਸਮਝਿਆ ਜਾ ਰਿਹਾ।

# ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਿੱਖ ਭਾਈਚਾਰੇ ਨਾਲ ਮਨਾਈ ਵਿਸਾਖੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬੀਤੇ ਦਿਨੀਂ ਆਪਣੀ ਸਰਕਾਰੀ ਰਿਹਾਇਸ਼ 10 ਡਾਊਨਿੰਗ ਸਟ੍ਰੀਟ ਵਿਖੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਅੱਜ 10 ਡਾਊਨਿੰਗ ਸਟ੍ਰੀਟ ਦੀ ਜਿਸ ਤਰ੍ਹਾਂ ਸਜਾਵਟ ਹੋਈ ਹੈ ਆਮ ਤੌਰ ਤੇ ਇਸ ਤਰ੍ਹਾਂ ਨਹੀਂ ਹੁੰਦੀ।*




**ਪ੍ਰਧਾਨ ਮੰਤਰੀ ਨਿਵਾਸ 'ਤੇ ਪੰਜਾਬ ਟਾਈਮਜ਼ ਪ੍ਰਤੀਨਿਧ ਮਨਪ੍ਰੀਤ ਸਿੰਘ ਬੱਧਨੀ ਕਲਾਂ, ਐਮ ਪੀ ਬਾਗੀ ਸ਼ੰਕਰ, ਕੌਂਸਲਰ ਗੁਰਕਿਰਨ ਕੌਰ ਅਤੇ ਬੀਬੀ ਕਸ਼ਮੀਰ ਕੌਰ ਚੀਮਾ ਅਤੇ ਬੀਬੀ ਨਵਜੋਤ ਕੌਰ ਵਿਰਕ**

ਉਹਨਾਂ ਸਿੱਖ ਭਾਈਚਾਰੇ ਵੱਲੋਂ ਬਰਤਾਨੀਆ ਲਈ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਵਿਸ਼ਵ ਯੁੱਧ ਦੌਰਾਨ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਉਹਨਾਂ ਕਿਹਾ ਕਿ ਸਿੱਖਾਂ ਅਤੇ ਬਰਤਾਨਵੀਆਂ ਦੀਆਂ ਕਦਰਾਂ ਕੀਮਤਾਂ ਸਾਂਝੀਆਂ ਹਨ। ਸਭ ਨੂੰ ਬਰਾਬਰ ਦਾ ਦਰਜਾ ਦਿੱਤਾ ਜਾਂਦਾ ਹੈ। ਉਹਨਾਂ ਜਿੱਥੇ ਗੁਰਦੁਆਰਾ ਖ਼ਾਲਸਾ ਜੱਥਾ ਦਾ ਵਿਸ਼ੇਸ਼ ਜ਼ਿਕਰ ਕੀਤਾ ਉੱਥੇ ਹੀ ਉਹਨਾਂ ਸੋਫੀਆ ਦਲੀਪ ਸਿੰਘ ਵੱਲੋਂ ਔਰਤਾਂ ਨੂੰ ਵੋਟ ਪਾਉਣ ਦੇ ਅਧਿਕਾਰ ਲਈ ਲੜਾਈ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਉਹਨਾਂ ਨਾਲ ਹੀ ਕਸਿੰਗਟਨ ਪੈਲਿਸ ਵਿੱਚ ਲੱਗੀ ਪ੍ਰਦਰਸ਼ਨੀ ਵੱਲ ਵੀ ਧਿਆਨ ਦਿਵਾਇਆ। ਉਹਨਾਂ ਦੇਸ਼ ਦੀ ਸਿਆਸਤ ਵਿੱਚ ਸਿੱਖਾਂ ਦੀ ਭੂਮਿਕਾ ਅਤੇ ਮੌਜੂਦਾ ਸਿੱਖ ਸੰਸਦ ਮੈਂਬਰਾਂ ਦੀ ਗਿਣਤੀ ਅਤੇ ਸਰਕਾਰ ਵਿੱਚ ਸ਼ਮੂਲੀਅਤ ਬਾਰੇ ਖਾਸ ਤੌਰ ਤੇ ਜ਼ਿਕਰ ਕੀਤਾ।

ਇਸ ਮੌਕੇ ਐਮ ਪੀ ਸਤਵੀਰ ਕੌਰ, ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਡ੍ਰੀਅੜ੍ਹੇ ਕੌਸਟਿਗਨ, ਐਮ ਪੀ ਬਾਗ਼ੀ ਸ਼ੰਕਰ, ਐਮ ਪੀ ਸੋਨੀਆ ਕੁਮਾਰ, ਕੌਂਸਲਰ ਕਮਲਪ੍ਰੀਤ ਕੌਰ, ਨਰਪਿੰਦਰ ਕੌਰ, ਗੁਰਪ੍ਰੀਤ ਸਿੰਘ ਅਨੰਦ, ਭਾਈ ਜੋਗਾ ਸਿੰਘ, ਪੰਜਾਬ ਟਾਈਮਜ਼ ਪ੍ਰਤੀਨਿਧ ਮਨਪ੍ਰੀਤ ਸਿੰਘ ਬੱਧਨੀ ਕਲਾਂ, ਇੰਦਰਪਾਲ ਸਿੰਘ ਸੱਲ, ਜਗਦੇਵ ਸਿੰਘ ਵਿਰਦੀ, ਪ੍ਰਿਤਪਾਲ ਸਿੰਘ ਹਾਈਸ਼ੈਰਿਫ, ਨਰਿੰਦਰ ਕੌਰ, ਬ੍ਰਿਟਿਸ਼ ਫੌਜ ਦੇ ਸਿੱਖ ਅਧਿਕਾਰੀ, ਡਰਬੀ ਤੋਂ ਬੀਬੀ ਨਵਜੋਤ ਕੌਰ ਵਿਰਕ, ਐਮ ਪੀ ਬਾਗੀ ਸ਼ੰਕਰ, ਕੌਂਸਲਰ ਗੁਰਕਿਰਨ ਕੌਰ ਅਤੇ ਬੀਬੀ ਕਸ਼ਮੀਰ ਕੌਰ ਚੀਮਾ ਆਦਿ ਸਮੇਤ ਯੂ ਕੇ ਭਰ ਤੋਂ ਵੱਖ-ਵੱਖ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਆਗੂ ਹਾਜ਼ਰ ਸਨ।

# ਬਰਤਾਨੀਆ ਵਿੱਚ 'ਮੁਸਲਿਮ ਵਿਰੋਧੀ ਨ.ਫਰਤ' ਦੀ ਪਰਿਭਾਸ਼ਾ ਨੂੰ ਸਿੱਖ ਜਥੇਬੰਦੀ ਨੇ ਅਦਾਲਤ ਵਿੱਚ ਦੇਵੇਗੀ ਚੁਣੌਤੀ

ਲੰਡਨ-ਯੂਕੇ ਦੀਆਂ ਸਿੱਖ ਜਥੇਬੰਦੀਆਂ ਦੀ ਇੱਕ ਪ੍ਰਮੁੱਖ ਸੰਸਥਾ ਨੇ ਸਰਕਾਰ ਵੱਲੋਂ 'ਮੁਸਲਿਮ ਵਿਰੋਧੀ ਨਫ਼ਰਤ' ਦੀ ਨਵੀਂ ਪਰਿਭਾਸ਼ਾ ਲਾਗੂ ਕਰਨ ਦੇ ਫੈਸਲੇ ਵਿਰੁੱਧ ਕਾਨੂੰਨੀ ਲੜਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਨੇ ਫੰਡ ਇਕੱਠਾ ਕਰਨ ਲਈ ਇੱਕ 'ਕਰਾਊਡਫੰਡਿੰਗ' ਮੁਹਿੰਮ ਵੀ ਚਲਾਈ ਹੈ। ਪਿਛਲੇ ਮਹੀਨੇ ਬਰਤਾਨੀਆ ਦੇ ਹਾਊਸਿੰਗ ਅਤੇ ਕਮਿਊਨਿਟੀਜ਼ ਮੰਤਰੀ ਸਟੀਵ ਰੀਡ ਨੇ ਸੰਸਦ ਵਿੱਚ ਮੁਸਲਮਾਨਾਂ ਵਿਰੁੱਧ ਹੁੰਦੇ ਵਿਤਕਰੇ ਅਤੇ ਨਫ਼ਰਤ ਨੂੰ ਰੋਕਣ ਲਈ ਇਹ ਨਵੀਂ ਪਰਿਭਾਸ਼ਾ ਪੇਸ਼ ਕੀਤੀ ਸੀ।

ਸਿੱਖ ਜਥੇਬੰਦੀਆਂ ਦਾ ਇਤਰਾਜ਼: ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਦਾ ਕਹਿਣਾ ਹੈ ਕਿ ਇਸ ਪਰਿਭਾਸ਼ਾ ਨਾਲ ਸਿੱਖਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੀ ਧਾਰਮਿਕ ਆਜ਼ਾਦੀ ਅਤੇ ਬੋਲਣ ਦੀ ਆਜ਼ਾਦੀ ਖਤਰੇ ਵਿੱਚ ਪੈ ਸਕਦੀ ਹੈ। ਉਹਨਾਂ ਅਨੁਸਾਰ, ਇਸ ਨਾਲ ਲੋਕ ਆਪਣੇ ਇਤਿਹਾਸ ਅਤੇ ਵਿਸ਼ਵਾਸਾਂ ਬਾਰੇ ਖੁੱਲ੍ਹ ਕੇ ਚਰਚਾ ਕਰਨ ਤੋਂ ਡਰਨਗੇ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਿੱਖ ਇਤਿਹਾਸ ਵਿੱਚ ਮੁ.ਗਲ ਕਾਲ ਦੌਰਾਨ ਹੋਏ ਸੰਘਰਸ਼ਾਂ ਅਤੇ ਸ਼ਹਾਦਤਾਂ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਕੋਈ ਸਿੱਖ ਆਪਣੇ ਇਤਿਹਾਸ ਬਾਰੇ ਖੁੱਲ੍ਹ ਕੇ ਗੱਲ ਕਰਦਾ ਹੈ ਜਾਂ ਇਤਿਹਾਸਕ ਤੱਥ ਪੇਸ਼ ਕਰਦਾ ਹੈ, ਤਾਂ ਉਸ ਨੂੰ ਇਸ ਨਵੀਂ ਪਰਿਭਾਸ਼ਾ ਦੇ ਤਹਿਤ "ਮੁਸਲਿਮ ਵਿਰੋਧੀ ਨਫ਼ਰਤ" ਵਜੋਂ ਦੇਖਿਆ ਜਾ ਸਕਦਾ ਹੈ। ਇਸ ਨਾਲ ਸਿੱਖਾਂ ਲਈ ਆਪਣੇ ਇਤਿਹਾਸ ਨੂੰ ਬਿਆਨ ਕਰਨਾ ਮੁਸ਼ਕਲ ਹੋ ਜਾਵੇਗਾ।

ਐਨਜੀਓ ਅਨੁਸਾਰ, ਇਹ ਪਰਿਭਾਸ਼ਾ ਇੰਨੀ ਵਿਆਪਕ ਹੈ ਕਿ ਇਸ ਨਾਲ "ਗੈਰ-ਅਪਰਾਧਿਕ ਨਫ਼ਰਤ ਦੀਆਂ ਘਟਨਾਵਾਂ" ਦੀ ਗਿਣਤੀ ਵਧ ਸਕਦੀ ਹੈ। ਇਸ ਦਾ ਮਤਲਬ ਹੈ ਕਿ ਭਾਵੇਂ ਕੋਈ ਗੱਲ ਕਾਨੂੰਨੀ ਤੌਰ 'ਤੇ ਅਪਰਾਧ ਨਾ ਹੋਵੇ, ਫਿਰ ਵੀ ਪੁਲਿਸ ਉਸ ਦੀ ਜਾਂਚ ਕਰ ਸਕਦੀ ਹੈ। ਇਸ ਨਾਲ ਸਿੱਖਾਂ ਵਿੱਚ ਇੱਕ ਡਰ ਦਾ ਮਾਹੌਲ ਬਣ ਸਕਦਾ ਹੈ ਕਿ ਉਨ੍ਹਾਂ ਦੀਆਂ ਧਾਰਮਿਕ ਜਾਂ ਅਕਾਦਮਿਕ ਵਿਚਾਰ-ਚਰਚਾਵਾਂ ਨੂੰ ਨਫ਼ਰਤ ਫੈਲਾਉਣ ਵਾਲੀਆਂ ਮੰਨ ਲਿਆ ਜਾਵੇਗਾ। ਇਹ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਪਰਿਭਾਸ਼ਾ ਸਕੂਲਾਂ, ਯੂਨੀਵਰਸਿਟੀਆਂ ਅਤੇ ਦਫ਼ਤਰਾਂ ਵਿੱਚ ਲਾਗੂ ਹੋਵੇਗੀ। ਜੇਕਰ ਕੋਈ ਸਿੱਖ ਵਿਦਿਆਰਥੀ ਜਾਂ ਕਰਮਚਾਰੀ ਕਿਸੇ ਧਾਰਮਿਕ ਜਾਂ ਇਤਿਹਾਸਕ ਮੁੱਦੇ 'ਤੇ ਆਪਣੀ ਰਾਏ ਰੱਖਦਾ ਹੈ, ਤਾਂ ਉਸ ਵਿਰੁੱਧ ਇਸ ਪਰਿਭਾਸ਼ਾ ਦੀ ਵਰਤੋਂ ਕਰਕੇ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਸਿੱਖ ਜਥੇਬੰਦੀਆਂ ਦਾ ਸਵਾਲ ਹੈ ਕਿ ਜੇਕਰ ਸਰਕਾਰ ਕਿਸੇ ਇੱਕ ਖਾਸ ਧਰਮ (ਮੁਸਲਿਮ) ਲਈ ਵਿਸ਼ੇਸ਼ ਪਰਿਭਾਸ਼ਾ ਬਣਾ ਰਹੀ ਹੈ, ਤਾਂ ਸਿੱਖਾਂ ਜਾਂ ਹੋਰ ਧਰਮਾਂ ਲਈ ਅਜਿਹੀ ਸੁਰੱਖਿਆ ਕਿਉਂ ਨਹੀਂ? ਉਨ੍ਹਾਂ ਦਾ ਕਹਿਣਾ ਹੈ ਕਿ "ਸਭ ਲਈ ਇੱਕ ਕਾਨੂੰਨ" ਹੋਣਾ ਚਾਹੀਦਾ ਹੈ। ਇੱਕ ਖਾਸ ਗਰੁੱਪ ਨੂੰ ਵਿਸ਼ੇਸ਼ ਦਰਜਾ ਦੇਣ ਨਾਲ ਦੂਜੇ ਧਰਮਾਂ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਸਕਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਦੇਸ਼ ਵਿੱਚ ਸਭ ਲਈ ਇੱਕੋ ਜਿਹਾ ਕਾਨੂੰਨ ਹੋਣਾ ਚਾਹੀਦਾ ਹੈ।

ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਹੁਣ ਇਸ ਮਾਮਲੇ ਨੂੰ ਅਦਾਲਤ ਵਿੱਚ ਲੈ ਕੇ ਜਾ ਰਹੀ ਹੈ। ਉਹਨਾਂ ਦਾ ਦਾਅਵਾ ਹੈ ਕਿ ਇਹ ਕਦਮ ਯੂਰਪੀਅਨ ਕਨਵੈਨਸ਼ਨ ਆਨ ਹਿਊਮਨ ਰਾਈਟਸ ਦੇ ਤਹਿਤ ਮਿਲੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਇਸ ਕਾਨੂੰਨੀ ਲੜਾਈ ਲਈ 25,000 ਪੌਂਡ ਦਾ ਟੀਚਾ ਰੱਖਿਆ ਗਿਆ ਹੈ, ਜਿਸ ਵਿੱਚੋਂ ਕੁਝ ਹੀ ਦਿਨਾਂ ਵਿੱਚ 2,000 ਪੌਂਡ ਤੋਂ ਵੱਧ ਦੀ ਰਾਸ਼ੀ ਇਕੱਠੀ ਹੋ ਚੁੱਕੀ ਹੈ। ਦੂਜੇ ਪਾਸੇ, ਮੰਤਰੀ ਸਟੀਵ ਰੀਡ ਦਾ ਕਹਿਣਾ ਹੈ ਕਿ ਇਹ ਪਰਿਭਾਸ਼ਾ ਕਿਸੇ ਦੀ ਬੋਲਣ ਦੀ ਆਜ਼ਾਦੀ ਨਹੀਂ ਖੋਹੇਗੀ, ਸਗੋਂ ਇਹ ਜਨਤਕ ਹਿੱਤ ਵਿੱਚ ਉਠਾਏ ਗਏ ਮੁੱਦਿਆਂ ਦੀ ਸੁਰੱਖਿਆ ਯਕੀਨੀ ਬਣਾਏਗੀ।

**ਪੰਜਾਬ ਟਾਈਮਜ਼ ਅਨੁਸਾਰ ਸਿੱਖਾਂ ਨੂੰ ਡਰ ਹੈ ਕਿ ਇਹ ਕਾਨੂੰਨੀ ਪਰਿਭਾਸ਼ਾ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਅਤੇ ਇਤਿਹਾਸਕ ਸੱਚ ਨੂੰ ਬਿਆਨ ਕਰਨ ਦੇ ਹੱਕ ਨੂੰ ਸੀਮਤ ਕਰ ਦੇਵੇਗੀ।**

# ਮੱਥਾ ਟੇਕਣ ਜਾ ਰਹੀ ਸੰਗਤ 'ਤੇ ਹੋਇਆ ਜਾਨਲੇਵਾ ਹਮਲਾ, ਹਮਲਾਵਰ ਫਰਾਰ

ਕੀਰਤਪੁਰ ਸਾਹਿਬ-ਬੀਤੀ ਰਾਤ ਸ੍ਰੀ ਕੀਰਤਪੁਰ ਸਾਹਿਬ ਮਾਰਗ 'ਤੇ ਵਿਸਾਖੀ ਦੇ ਦਿਹਾੜੇ ਮੌਕੇ ਮੱਥਾ ਟੇਕਣ ਜਾ ਰਹੀ ਸੰਗਤ 'ਤੇ ਹੋਏ ਹਮਲੇ ਦੀ ਖ਼ਬਰ ਬੇਹੱਦ ਚਿੰਤਾਜਨਕ ਹੈ। ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਹ ਘਟਨਾ ਅੱਧੀ ਰਾਤ ਦੌਰਾਨ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਦੇ ਨੇੜੇ ਵਾਪਰੀ। ਜਲੰਧਰ ਦੇ ਪਿੰਡ ਸਿਕੰਦਰਪੁਰ (ਆਦਮਪੁਰ) ਤੋਂ ਆ ਰਹੀ ਸੰਗਤ, ਜਿਸ ਵਿੱਚ ਬਜ਼ੁਰਗ, ਬੀਬੀਆਂ ਅਤੇ ਬੱਚੇ ਸ਼ਾਮਲ ਸਨ। ਫਾਰਚੂਨਰ ਅਤੇ ਸਕਾਰਪੀਓ ਗੱਡੀਆਂ ਵਿੱਚ ਸਵਾਰ ਅਣਪਛਾਤੇ ਅਨਸਰਾਂ ਨੇ ਟਰੈਕਟਰ-ਟਰਾਲੀ 'ਤੇ ਕਈ ਰਾਊਂਡ ਫਾਇਰ ਕੀਤੇ। ਪੀੜਤ ਤਲਵਿੰਦਰ ਸਿੰਘ ਅਨੁਸਾਰ, ਹਮਲਾਵਰਾਂ ਨੇ ਉਨ੍ਹਾਂ ਦਾ ਪਿੱਛਾ ਪਿੰਡ ਤੋਂ ਹੀ ਸ਼ੁਰੂ ਕਰ ਦਿੱਤਾ ਸੀ ਅਤੇ ਰਸਤੇ ਵਿੱਚ ਘੇਰਨ ਦੀ ਕੋਸ਼ਿਸ਼ ਕੀਤੀ। ਜਾਨ ਬਚਾਉਣ ਲਈ ਸ਼ਰਧਾਲੂਆਂ ਨੇ ਟਰੈਕਟਰ ਭਜਾ ਕੇ ਸਿੱਧਾ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ਼ਰਨ ਲਈ। ਟਰੈਕਟਰ ਅਤੇ ਟਰਾਲੀ 'ਤੇ ਗੋਲੀਆਂ ਦੇ ਨਿਸ਼ਾਨ ਮਿਲੇ ਹਨ, ਪਰ ਸਾਰੀ ਸੰਗਤ ਸੁਰੱਖਿਅਤ ਹੈ।

ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਮੁਖੀ ਰਾਹੁਲ ਸ਼ਰਮਾ ਨੇ ਮੌਕੇ ਦਾ ਜਾਇਜ਼ਾ ਲਿਆ ਹੈ। ਪੁਲਿਸ ਹੁਣ ਮਾਰਗ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਘਾਲ ਰਹੀ ਹੈ ਤਾਂ ਜੋ ਗੱਡੀਆਂ ਦੇ ਨੰਬਰਾਂ ਰਾਹੀਂ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ।

# ਈਰਾਨ ਜੰਗ: ਟਰੰਪ ਦਾ 'ਗੇਮ ਓਵਰ' ਦਾ ਦਾਅਵਾ, ਪਰ ਹੋਰਮੁਜ਼ ਦੀ ਨਾਕਾਬੰਦੀ ਨੇ ਵਧਾਈ ਦੁਨੀਆ ਦੀ ਧੜਕਣ !

## ✪ ਕੀ ਖ਼ਤਮ ਹੋਣ ਵਾਲੀ ਹੈ ਜੰਗ ? ਟਰੰਪ ਬੋਲੇ-'ਈਰਾਨ ਗੋਡਿਆਂ 'ਤੇ', ਦੁਨੀਆ ਬੋਲੀ-'ਅਮਰੀਕਾ ਇਕੱਲਾ ਪਿਆ' ✪ ਹੋਰਮੁਜ਼ ਜਲਡਮਰੂਮੱਧ 'ਚ ਮੌਤ ਦਾ ਪਹਿਰਾ: 10,000 ਅਮਰੀਕੀ ਕਮਾਂਡੋ ਤਾਇਨਾਤ, ਈਰਾਨ ਦੀਆਂ 'ਲਾਲ ਮਧੂ-ਮੱਖੀਆਂ' ਤਿਆਰ



ਅਪ੍ਰੈਲ 2026 ਦੇ ਅੱਧ ਤੱਕ ਆਉਂਦੇ-ਆਉਂਦੇ ਮੱਧ ਪੂਰਬ ਵਿੱਚ ਤਣਾਅ ਇੱਕ ਅਹਿਮ ਮੋੜ 'ਤੇ ਪਹੁੰਚ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਤਾਜ਼ਾ ਬਿਆਨਾਂ ਨੇ ਜਿੱਥੇ ਜੰਗ ਦੇ ਜਲਦ ਖ਼ਤਮ ਹੋਣ ਦੀ ਉਮੀਦ ਜਗਾਈ ਹੈ, ਉੱਥੇ ਹੀ ਹੋਰਮੁਜ਼ ਜਲਡਮਰੂਮੱਧ ਦੀ ਨਾਕਾਬੰਦੀ ਨੇ ਦੁਨੀਆ ਨੂੰ ਨਵੀਂ ਚਿੰਤਾ ਵਿੱਚ ਪਾ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਮੰਨਣਾ ਹੈ ਕਿ ਅਮਰੀਕਾ ਨੇ ਆਪਣੇ ਮੁੱਖ ਉਦੇਸ਼ ਹਾਸਲ ਕਰ ਲਏ ਹਨ। ਟਰੰਪ ਅਨੁਸਾਰ, ਜੇਕਰ ਉਹ ਸਖ਼ਤ ਫੌਜੀ ਕਦਮ ਨਾ ਚੁੱਕਦੇ ਤਾਂ ਈਰਾਨ ਪ੍ਰਮਾਣੂ ਸ਼ਕਤੀ ਬਣ ਚੁੱਕਾ ਹੁੰਦਾ। ਉਹ ਹੁਣ ਜੰਗਬੰਦੀ ਨੂੰ ਆਪਣੀ ਜਿੱਤ ਵਜੋਂ ਪੇਸ਼ ਕਰ ਰਹੇ ਹਨ।

ਦੂਜੇ ਪਾਸੇ, ਈਰਾਨ ਅਮਰੀਕੀ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਰਿਹਾ ਹੈ। ਈਰਾਨ ਦਾ ਸਟੈਂਡ ਸਪੱਸ਼ਟ ਹੈ ਕਿ ਉਹ ਕਿਸੇ ਵੀ ਅਮਰੀਕੀ ਦਬਾਅ ਅੱਗੇ ਨਹੀਂ ਝੁਕਣਗੇ। ਉਨ੍ਹਾਂ ਨੇ ਅਮਰੀਕੀ ਨਾਕਾਬੰਦੀ ਨੂੰ 'ਸਮੁੰਦਰੀ ਡਾਕੂ' ਕਰਾਰ ਦਿੱਤਾ ਹੈ ਅਤੇ ਆਪਣੀਆਂ 'ਰੈੱਡ ਬੀਜ਼' (ਮਿਜ਼ਾਈਲ ਕਿਸ਼ਤੀਆਂ) ਰਾਹੀਂ ਜਵਾਬੀ ਕਾਰਵਾਈ ਦੀ ਧਮਕੀ ਦਿੱਤੀ ਹੈ।

ਹੋਰਮੁਜ਼ ਦੀ ਨਾਕਾਬੰਦੀ ਨੇ ਵਿਸ਼ਵ ਸ਼ਕਤੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ ਚੀਨ ਨੇ ਅਮਰੀਕੀ ਕਦਮ ਨੂੰ "ਖ਼ਤਰਨਾਕ ਅਤੇ ਗੈਰ-ਜ਼ਿੰਮੇਵਾਰਾਨਾ" ਕਿਹਾ ਹੈ। ਚੀਨ ਲਈ ਇਹ ਰਸਤਾ ਉਸਦੀ ਊਰਜਾ ਸੁਰੱਖਿਆ ਲਈ ਜੀਵਨ-ਰੇਖਾ ਹੈ। ਚੀਨ ਨੇ ਸਿੱਧਾ ਈਰਾਨ ਨਾਲ ਤਾਲਮੇਲ ਕਰਕੇ ਆਪਣੇ ਜਹਾਜ਼ਾਂ ਲਈ 'ਸੁਰੱਖਿਅਤ ਰਸਤਾ' ਬਣਾ ਲਿਆ ਹੈ ਅਤੇ ਭੁਗਤਾਨ ਵੀ ਅਮਰੀਕੀ ਡਾਲਰ ਦੀ ਬਜਾਏ 'ਯੁਆਨ' ਵਿੱਚ ਕਰ ਰਿਹਾ ਹੈ। ਰੂਸ ਵੀ ਈਰਾਨ ਦੇ ਹੱਕ ਵਿੱਚ ਖੜ੍ਹਾ ਨਜ਼ਰ ਆ ਰਿਹਾ ਹੈ, ਕਿਉਂਕਿ ਮੱਧ ਪੂਰਬ ਵਿੱਚ ਅਮਰੀਕੀ ਦਬਦਬਾ ਘੱਟ ਹੋਣਾ ਰੂਸ ਦੇ ਰਣਨੀਤਕ ਹਿੱਤ ਵਿੱਚ ਹੈ।

ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਚਿਤਾਵਨੀ ਦਿੱਤੀ ਹੈ ਕਿ "ਸਮਝੌਤਾ ਰਾਤੋ-ਰਾਤ ਨਹੀਂ ਹੋ ਸਕਦਾ।" ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਮੌਜੂਦਾ ਸੰਕਟ ਦਾ ਕੋਈ ਫੌਜੀ ਹੱਲ ਨਹੀਂ ਹੈ। ਲਗਭਗ 20,000 ਮਲਾਹ ਸਮੁੰਦਰ ਵਿੱਚ ਫਸੇ ਹੋਏ ਹਨ। ?ਵਿਸ਼ਵ ਆਰਥਿਕਤਾ ਅਤੇ ਭੋਜਨ ਸੁਰੱਖਿਆ ਖ਼ਤਰੇ ਵਿੱਚ ਹੈ।

ਇਹ ਇਸ ਵੇਲੇ ਦੀ ਸਭ ਤੋਂ ਵੱਡੀ ਚਰਚਾ ਹੈ। ਟਰੰਪ ਦੀਆਂ ਨੀਤੀਆਂ ਕਾਰਨ ਅਮਰੀਕਾ ਦੇ ਪੁਰਾਣੇ ਸਹਿਯੋਗੀ ਵੀ ਪਾਸਾ ਵੱਟ ਰਹੇ ਹਨ। ਬ੍ਰਿਟੇਨ ਅਤੇ ਫਰਾਂਸ ਦੋਵਾਂ ਦੇਸ਼ਾਂ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਈਰਾਨ ਨਾਲ ਜੰਗ ਵਿੱਚ ਸ਼ਾਮਲ ਨਹੀਂ ਹੋਣਗੇ। ਉਹ ਇੱਕ ਵੱਖਰਾ "ਮਲਟੀ-ਨੈਸ਼ਨਲ ਮਿਸ਼ਨ" ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਅਮਰੀਕਾ ਤੋਂ ਸੁਤੰਤਰ ਹੋਵੇ ਭਾਰਤ ਨੇ ਵੀ ਆਪਣੇ ਊਰਜਾ ਹਿੱਤਾਂ ਲਈ ਈਰਾਨ ਨਾਲ ਸਿੱਧੀ ਗੱਲਬਾਤ ਦਾ ਰਾਹ ਚੁਣਿਆ ਹੈ।

ਆਉਣ ਵਾਲੇ ਸਮੇਂ ਵਿੱਚ ਵਿਸ਼ਵ ਰਾਜਨੀਤੀ "ਬਹੁ-ਧਰੁਵੀ" ਹੋਣ ਵੱਲ ਵਧ ਰਹੀ ਹੈ। ਅਮਰੀਕਾ ਦਾ ਪ੍ਰਭਾਵ ਜੇਕਰ 21 ਅਪ੍ਰੈਲ ਦੀ ਜੰਗਬੰਦੀ ਸਫਲ ਨਹੀਂ ਹੁੰਦੀ, ਤਾਂ ਅਮਰੀਕਾ ਆਪਣੇ ਸਹਿਯੋਗੀਆਂ ਤੋਂ ਹੋਰ ਦੂਰ ਹੋ ਸਕਦਾ ਹੈ।

ਚੀਨ-ਈਰਾਨ ਗੱਠਜੋੜ ਡਾਲਰ ਦੀ ਬਜਾਏ ਹੋਰ ਮੁਦਰਾਵਾਂ (ਜਿਵੇਂ ਯੁਆਨ) ਵਿੱਚ ਵਪਾਰ ਵਧੇਗਾ, ਜੋ ਅਮਰੀਕੀ ਆਰਥਿਕ ਦਬਦਬੇ ਨੂੰ ਚੁਣੌਤੀ ਦੇਵੇਗਾ। ਤੇਲ ਦੀਆਂ ਕੀਮਤਾਂ ਜਦੋਂ ਤੱਕ ਹੋਰਮੁਜ਼ ਵਿੱਚ ਤਣਾਅ ਹੈ, ਵਿਸ਼ਵ ਭਰ ਵਿੱਚ ਮਹਿੰਗਾਈ ਵਧਣ ਦਾ ਖ਼ਤਰਾ ਬਣਿਆ ਰਹੇਗਾ।

ਰਾਸ਼ਟਰਪਤੀ ਟਰੰਪ ਭਾਵੇਂ ਜੰਗ ਖ਼ਤਮ ਹੋਣ ਦੇ ਦਾਅਵੇ ਕਰ ਰਹੇ ਹਨ, ਪਰ ਅਮਰੀਕਾ ਦੀ ਇੱਕਤਰਫਾ ਨਾਕਾਬੰਦੀ ਨੇ ਉਸਨੂੰ ਆਪਣੇ ਹੀ ਦੋਸਤਾਂ ਤੋਂ ਅਲੱਗ-ਥਲੱਗ ਕਰ ਦਿੱਤਾ ਹੈ। ਅਗਲੇ 48 ਘੰਟੇ (ਪਾਕਿਸਤਾਨ ਵਿੱਚ ਹੋਣ ਵਾਲੀ ਵਾਰਤਾ) ਇਹ ਤੈਅ ਕਰਨਗੇ ਕਿ ਦੁਨੀਆ ਸ਼ਾਂਤੀ ਵੱਲ ਵਧੇਗੀ ਜਾਂ ਇੱਕ ਵੱਡੀ ਆਰਥਿਕ ਸੁਨਾਮੀ ਵੱਲ।

# ਵਿਸਾਖੀ ਮੌਕੇ 'ਵਾਰਿਸ ਪੰਜਾਬ ਦੇ' ਦੀ ਰੈਲੀ ਵਿੱਚ ਉਮੜਿਆ ਜਨ ਸੈਲਾਬ

## ✪ 2027 ਲਈ ਅੰਮ੍ਰਿਤਪਾਲ ਸਿੰਘ ਹੋਣਗੇ ਮੁੱਖ ਮੰਤਰੀ ਦਾ ਚਿਹਰਾ



ਤਲਵੰਡੀ ਸਾਬੋ-ਵਿਸਾਖੀ ਦੇ ਪਵਿੱਤਰ ਦਿਹਾੜੇ ਅਤੇ ਜੋੜ ਮੇਲੇ ਦੇ ਮੌਕੇ 'ਤੇ ਤਲਵੰਡੀ ਸਾਬੋ ਦੀ ਧਰਤੀ 'ਤੇ ਸਿਆਸੀ ਸਰਗਰਮੀਆਂ ਸਿਖਰਾਂ 'ਤੇ ਰਹੀਆਂ। ਸ਼੍ਰੋਮਣੀ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਕਰਵਾਈ ਗਈ ਰਾਜਸੀ ਕਾਨਫਰੰਸ ਵਿੱਚ ਲੋਕਾਂ ਦਾ ਬੇਮਿਸਾਲ ਇਕੱਠ ਦੇਖਣ ਨੂੰ ਮਿਲਿਆ। ਇਸ ਰੈਲੀ ਨੇ ਨਾ ਸਿਰਫ਼ ਪੰਥਕ ਏਕਤਾ ਦਾ ਹੋਕਾ ਦਿੱਤਾ, ਸਗੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਬਿਗਲ ਵਜਾ ਦਿੱਤਾ ਹੈ। ਕਾਨਫਰੰਸ ਦੌਰਾਨ ਸਭ ਤੋਂ ਵੱਡਾ ਐਲਾਨ ਫਰੀਦਕੋਟ ਤੋਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਵੱਲੋਂ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਲੜੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸਰਕਾਰੀ ਏਜੰਸੀਆਂ ਪੰਥਕ ਧਿਰਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਮੌਜੂਦਾ ਅਤੇ ਪੁਰਾਣੀ ਲੀਡਰਸ਼ਿਪ ਨੂੰ ਲੰਮੇ ਹੱਥੀਂ ਲਿਆ। ਮਨਪ੍ਰੀਤ ਸਿੰਘ ਇਆਲੀ (ਵਿਧਾਇਕ, ਮੁੱਲਾਂਪੁਰ ਦਾਖਾ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮੌਜੂਦਾ ਲੀਡਰਸ਼ਿਪ 'ਤੇ ਪੰਥਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ ਅਤੇ ਸਾਰੀਆਂ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ?ਲੱਖਾ ਸਿਧਾਣਾ ਨੇ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਪੰਜਾਬ ਵਿੱਚ ਬਾਹਰਲੇ ਲੋਕਾਂ ਦੇ ਜ਼ਮੀਨ ਖਰੀਦਣ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇਗੀ ਅਤੇ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਇਨਸਾਫ਼ ਯਕੀਨੀ ਬਣਾਇਆ ਜਾਵੇਗਾ। ਮਨਦੀਪ ਸਿੰਘ ਸਿੱਧੂ ਮਰਹੂਮ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਨੇ ਮੌਜੂਦਾ ਸਰਕਾਰ ਨੂੰ ਹਰ ਮੋਰਚੇ 'ਤੇ ਫੇਲ੍ਹ ਕਰਾਰ ਦਿੱਤਾ। ਪੰਜਾਬ ਤੇ ਪੰਥ ਵਿਰੋਧੀ ਕਰਾਰ ਦਿਤਾ।


### ਪੰਥਕ ਏਕਤਾ ਅਤੇ ਕਿਸਾਨੀ ਮੁੱਦੇ

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਸੂਬੇ ਵਿੱਚ ਇੱਕ 'ਅੰਮ੍ਰਿਤਧਾਰੀ ਮੁੱਖ ਮੰਤਰੀ' ਹੋਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਨੇ ਜਿੱਥੇ ਪੰਥਕ ਏਕਤਾ 'ਤੇ ਜ਼ੋਰ ਦਿੱਤਾ, ਉੱਥੇ ਹੀ ਖਰਾਬ ਹੋਈਆਂ ਫਸਲਾਂ ਲਈ ਕਿਸਾਨਾਂ ਵਾਸਤੇ ਮੁਆਵਜ਼ੇ ਦੀ ਮੰਗ ਵੀ ਉਠਾਈ।

### ਅੰਮ੍ਰਿਤਸਰ 'ਚ ਸਿਹਤ ਵਿਭਾਗ ਨੂੰ ਭਾਜੜਾਂ

## 20,000 ਨਵੇਂ ਏਡਜ਼ ਬਿਮਾਰੀ ਦੇ ਸ਼ਿਕਾਰ ਮਰੀਜ਼ਾਂ ਦੀ ਪੁਸ਼ਟੀ, 2,703 ਲਾਪਤਾ

ਅੰਮ੍ਰਿਤਸਰ-ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੀ ਤਾਜ਼ਾ ਰਿਪੋਰਟ ਨੇ ਜ਼ਿਲ੍ਹੇ ਵਿੱਚ ਤੜਥਲੀ ਮਚਾ ਦਿੱਤੀ ਹੈ। ਸਾਲ 2025-26 ਦੌਰਾਨ ਚਲਾਈ ਗਈ ਵਿਸ਼ੇਸ਼ ਟੈਸਟਿੰਗ ਮੁਹਿੰਮ ਵਿੱਚ 20,000 ਨਵੇਂ ਐਚ ਆਈਵੀ ਪਾਜ਼ੇਟਿਵ ਮਰੀਜ਼ਾਂ ਦੀ ਪਛਾਣ ਹੋਈ ਹੈ। ਪਰ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਨ੍ਹਾਂ ਵਿੱਚੋਂ 2,703 ਮਰੀਜ਼ ਇਲਾਜ ਲਈ ਸਿਹਤ ਕੇਂਦਰਾਂ ਤੱਕ ਨਹੀਂ ਪਹੁੰਚੇ ਅਤੇ ਫਿਲਹਾਲ 'ਲਾਪਤਾ' ਹਨ। 27,903 ਔਰਤਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 107 ਸੰਕਰਮਿਤ ਪਾਈਆਂ ਗਈਆਂ। ਸਿਹਤ ਵਿਭਾਗ ਅਨੁਸਾਰ ਇਹ 2,703 ਮਰੀਜ਼ ਜੋ ਇਲਾਜ ਤੋਂ ਕੰਨੀ ਕਤਰਾ ਰਹੇ ਹਨ, ਸਮਾਜ ਲਈ ਇੱਕ ਗੰਭੀਰ ਖ਼ਤਰਾ ਬਣ ਸਕਦੇ ਹਨ। ਵਿਭਾਗ ਦਾ ਮੰਨਣਾ ਹੈ ਕਿ ਇਹ ਲੋਕ ਜਾਂ ਤਾਂ ਆਪਣੀ ਰਿਪੋਰਟ 'ਤੇ ਭਰੋਸਾ ਨਹੀਂ ਕਰ ਰਹੇ ਜਾਂ ਫਿਰ ਇਲਾਜ ਕਰਵਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ। ਸਿਵਲ ਸਰਜਨ ਡਾ. ਸਤਿੰਦਰ ਬੀਰ ਸਿੰਘ ਬਜਾਜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਵਾਇਰਸ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਖ਼ਤਮ ਕਰ ਦਿੰਦਾ ਹੈ, ਜੋ ਅੱਗੇ ਚੱਲ ਕੇ ਏਡਜ਼ ਦਾ ਰੂਪ ਧਾਰਨ ਕਰ ਲੈਂਦਾ ਹੈ। ਜ਼ਿਲ੍ਹੇ ਵਿੱਚ 11 ਆਈਸੀਟੀਸੀ ਸੈਂਟਰ ਅਤੇ 2 ਆਰਟ ਸੈਂਟਰ ਮੁਫ਼ਤ ਸੇਵਾਵਾਂ ਦੇ ਰਹੇ ਹਨ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਭੁੱਖ ਵਿਚ ਸਬਰ ਨਹੀਂ ਮਿਲਦਾ ਤੇ ਦਿਲ ਦੀ ਸ਼ਾਂਤੀ ਗਰੀਬੀ ਵਿਚ ਅਸੰਭਵ ਹੈ ।

# ਵਿਸ਼ਵ ਅਮਨ ਅਤੇ ਰਣਨੀਤਕ ਸੁਰੱਖਿਆ ਦੀ ਲੋੜ

ਪੱਛਮੀ ਏਸ਼ੀਆ ਵਿੱਚ ਵਧ ਰਹੇ ਜੰਗੀ ਤਕਰਾਰ ਦੇ ਦਰਮਿਆਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਹੋਈ ਤਾਜ਼ਾ ਫ਼ੋਨ ਵਾਰਤਾ ਕੌਮਾਂਤਰੀ ਕੂਟਨੀਤੀ ਦੇ ਨਜ਼ਰੀਏ ਤੋਂ ਬੇਹੱਦ ਅਹਿਮ ਹੈ। ਲਗਭਗ 40 ਮਿੰਟ ਚੱਲੀ ਇਸ ਗੱਲਬਾਤ ਵਿੱਚ ਸਭ ਤੋਂ ਵੱਧ ਜ਼ੋਰ ਹਰਮੁਜ਼ ਜਲ ਮਾਰਗ ਨੂੰ 'ਮੋਕਲਾ ਅਤੇ ਸੁਰੱਖਿਅਤ' ਰੱਖਣ 'ਤੇ ਦਿੱਤਾ ਗਿਆ। ਇਹ ਜਲ ਮਾਰਗ ਨਾ ਸਿਰਫ਼ ਭਾਰਤ ਸਗੋਂ ਪੂਰੀ ਦੁਨੀਆ ਦੀ ਊਰਜਾ ਸੁਰੱਖਿਆ ਲਈ ਇੱਕ ਜੀਵਨ-ਰੇਖਾ ਹੈ। ਅਜਿਹੇ ਸਮੇਂ ਜਦੋਂ ਇਰਾਨ ਅਤੇ ਅਮਰੀਕਾ ਦਰਮਿਆਨ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ, ਦੋਵਾਂ ਵੱਡੀਆਂ ਜਮਹੂਰੀਅਤਾਂ ਦਾ ਇੱਕ ਸੁਰ ਵਿੱਚ ਵਪਾਰਕ ਮਾਰਗਾਂ ਦੀ ਸੁਰੱਖਿਆ ਦੀ ਵਕਾਲਤ ਕਰਨਾ ਵਿਸ਼ਵ ਆਰਥਿਕਤਾ ਨੂੰ ਸਥਿਰ ਰੱਖਣ ਦੀ ਦਿਸ਼ਾ ਵਿੱਚ ਇੱਕ ਸਾਰਥਕ ਕਦਮ ਹੈ।

ਹਰਮੁਜ਼ ਜਲ ਮਾਰਗ ਦੀ ਅਹਿਮੀਅਤ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਵਿਸ਼ਵ ਦੇ ਕੱਚੇ ਤੇਲ ਦਾ ਇੱਕ ਵੱਡਾ ਹਿੱਸਾ ਇਸੇ ਰਸਤੇ ਰਾਹੀਂ ਗੁਜ਼ਰਦਾ ਹੈ। ਇਸ ਮਾਰਗ ਵਿੱਚ ਕੋਈ ਵੀ ਰੁਕਾਵਟ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਲਿਆ ਸਕਦੀ ਹੈ, ਜਿਸ ਦਾ ਸਿੱਧਾ ਅਸਰ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਦੀ ਆਰਥਿਕਤਾ 'ਤੇ ਪਵੇਗਾ। ਅਮਰੀਕੀ ਰਾਜਦੂਤ ਸਰਗੀਓ ਗੋਰ ਵੱਲੋਂ ਦਿੱਤੇ ਗਏ ਸੰਕੇਤ ਕਿ ਭਾਰਤ ਅਤੇ ਅਮਰੀਕਾ ਜਲਦੀ ਹੀ ਊਰਜਾ ਖੇਤਰ ਵਿੱਚ ਵੱਡੇ ਸੌਦੇ ਕਰ ਸਕਦੇ ਹਨ, ਇਹ ਦਰਸਾਉਂਦਾ ਹੈ ਕਿ ਭਾਰਤ ਆਪਣੀ ਊਰਜਾ ਲੋੜਾਂ ਲਈ ਭਰੋਸੇਯੋਗ ਭਾਈਵਾਲਾਂ ਦੀ ਭਾਲ ਵਿੱਚ ਤੇਜ਼ੀ ਲਿਆ ਰਿਹਾ ਹੈ।

ਦੂਜੇ ਪਾਸੇ, ਪਾਕਿਸਤਾਨ ਵੱਲੋਂ ਇਰਾਨ ਅਤੇ ਅਮਰੀਕਾ ਨੂੰ ਮੁੜ ਗੱਲਬਾਤ ਦੀ ਮੇਜ਼ 'ਤੇ ਲਿਆਉਣ ਦੇ ਯਤਨ ਵੀ ਚਰਚਾ ਦਾ ਵਿਸ਼ਾ ਹਨ। ਇਸਲਾਮਾਬਾਦ ਵਿੱਚ ਹੋਣ ਵਾਲੀ ਸੰਭਾਵਿਤ ਦੂਜੇ ਗੇੜ ਦੀ ਗੱਲਬਾਤ ਇਹ ਤੈਅ ਕਰੇਗੀ ਕਿ ਕੀ ਖੇਤਰ ਵਿੱਚ 21 ਅਪਰੈਲ ਤੋਂ ਬਾਅਦ ਵੀ ਜੰਗਬੰਦੀ ਜਾਰੀ ਰਹੇਗੀ ਜਾਂ ਨਹੀਂ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦਾ ਇਹ ਬਿਆਨ ਕਿ 'ਗੇਂਦ ਹੁਣ ਇਰਾਨ ਦੇ ਪਾਲੇ ਵਿੱਚ ਹੈ', ਸਪੱਸ਼ਟ ਕਰਦਾ ਹੈ ਕਿ ਅਮਰੀਕਾ ਸਮਝੌਤੇ ਲਈ ਤਿਆਰ ਹੈ ਪਰ ਸ਼ਰਤ ਇਹ ਹੈ ਕਿ ਇਰਾਨ ਆਪਣੀਆਂ ਪ੍ਰਮਾਣੂ ਇੱਛਾਵਾਂ 'ਤੇ ਲਗਾਮ ਲਗਾਏ।

ਇਸ ਪੂਰੇ ਘਟਨਾਕ੍ਰਮ ਵਿੱਚ ਭਾਰਤ ਦੀ ਭੂਮਿਕਾ ਇੱਕ 'ਸੰਤੁਲਨ ਬਣਾਉਣ ਵਾਲੇ' ਦੇਸ਼ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਭਾਰਤ ਦੇ ਇਰਾਨ ਨਾਲ ਪੁਰਾਣੇ ਇਤਿਹਾਸਕ ਅਤੇ ਰਣਨੀਤਕ ਸਬੰਧ ਹਨ ਅਤੇ ਅਮਰੀਕਾ ਨਾਲ ਉਹ ਇੱਕ 'ਵਿਆਪਕ ਰਣਨੀਤਕ ਭਾਈਵਾਲ' ਵਜੋਂ ਜੁੜਿਆ ਹੋਇਆ ਹੈ। ਮੋਦੀ-ਟਰੰਪ ਵਾਰਤਾ ਅਤੇ ਆਉਣ ਵਾਲੇ ਦਿਨਾਂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਭਾਰਤ ਫੇਰੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਦੱਖਣੀ ਏਸ਼ੀਆ ਅਤੇ ਪੱਛਮੀ ਏਸ਼ੀਆ ਦੀ ਸਥਿਰਤਾ ਲਈ ਭਾਰਤ ਅਤੇ ਅਮਰੀਕਾ ਦਾ ਤਾਲਮੇਲ ਬਹੁਤ ਜ਼ਰੂਰੀ ਹੈ। ਅੰਤ ਵਿੱਚ, ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਦੀ ਸਲਾਹ ਕਿ 'ਸੰਵਾਦ ਜਾਰੀ ਰਹਿਣਾ ਚਾਹੀਦਾ ਹੈ', ਸਭ ਤੋਂ ਉੱਤਮ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀ। ਵਿਸ਼ਵ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਆਪਸੀ ਮਤਭੇਦਾਂ ਨੂੰ ਗੱਲਬਾਤ ਰਾਹੀਂ ਸੁਲਝਾਉਣ ਅਤੇ ਅੰਤਰਰਾਸ਼ਟਰੀ ਜਲ ਮਾਰਗਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਤਾਂ ਜੋ ਆਮ ਲੋਕਾਂ 'ਤੇ ਮਹਿੰਗਾਈ ਅਤੇ ਅਸੁਰੱਖਿਆ ਦਾ ਬੋਝ ਨਾ ਪਵੇ।

-ਰਜਿੰਦਰ ਸਿੰਘ ਪੁਰੇਵਾਲ

# ਯੂ ਕੇ ਦੇ ਕਈ ਸ਼ਹਿਰਾਂ ਵਿੱਚ ਦਸਤਾਰ ਧਾਰੀ ਬੰਦੇ ਸਿੱਖਾਂ ਦੇ ਘਰੋਂ ਪੈਸੇ ਮੰਗਦੇ ਨੇ

## ਉਹਨਾਂ ਨੂੰ ਪੈਸੇ ਨਾ ਦਿਓ, ਪੁਲਿਸ ਨੂੰ ਸ਼ਿਕਾਇਤ ਕਰੋ

ਡਰਬੀ (ਪੰਜਾਬ ਟਾਈਮਜ਼) – ਪਿਛਲੇ ਹਫ਼ਤੇ ਕੁੱਝ ਸਿੱਖ ਸਰੂਪ 'ਚ ਦਿਸਦੇ ਵਿਅਕਤੀ ਲੋਕਾਂ ਦੇ ਘਰਾਂ ਵਿੱਚੋਂ ਪੈਸੇ ਮੰਗਦੇ ਦੇਖੇ ਗਏ। ਉਹਨਾਂ ਦੀ ਵੀਡੀਓ ਵੀ ਪੰਜਾਬ ਟਾਈਮਜ਼ ਨੂੰ ਮਿਲੀ ਹੈ। ਲੰਮੇ ਸਮੇਂ ਤੋਂ ਲੱਗਭੱਗ 30–40 ਸਾਲਾਂ ਤੋਂ ਕੁੱਝ ਸਿੱਖ ਚਿਹਰਿਆਂ ਵਾਲਿਆਂ ਦਾ ਧੰਦਾ ਚਲਦਾ ਆ ਰਿਹਾ ਹੈ।

ਕਈ ਸਾਲ ਪਹਿਲਾਂ ਡਰਬੀ ਵਿੱਚ ਵੀ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਸਨ। ਕਈ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਵੀ ਪੈਸੇ ਲੈਣਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ ਹਨ। ਕਈ ਦੁਕਾਨਾਂ ਤੋਂ ਵੀ ਕਈ–ਕਈ ਸੋ ਪੌਂਡ ਵੀ ਮੰਗਦੇ ਹਨ। ਇਹ ਇਹਨਾਂ ਦਾ ਕਿੱਤਾ ਹੈ, ਪਰ ਤੁਸੀਂ ਇਹਨਾਂ ਨੂੰ ਕੋਈ ਸਹਿਯੋਗ ਜਾਂ ਪੈਸੇ ਨਾ ਦਿਓ। ਇਹ ਸਿੱਖ ਜਾਂ ਸਿੱਖ ਧਰਮ ਦਾ ਕਾਰਜ ਨਹੀਂ ਕਰਦੇ। ਸਿੱਖ ਕਿਸੇ ਨੂੰ ਵਹਿਮ 'ਚ ਨਹੀਂ ਪਾਉਂਦਾ ਤੇ ਨਾ ਹੀ ਕਿਸੇ ਕੋਲੋਂ ਕਦੇ ਮੰਗਦਾ ਹੈ। ਇਹਨਾਂ ਲੋਕਾਂ ਨੂੰ ਅਸੀਂ ਇੰਡੀਆ ਵਿੱਚ ਅਤੇ ਯੂ ਕੇ ਵਿੱਚ ਪਿਛਲੇ 60 ਸਾਲਾਂ ਤੋਂ ਦੇਖਦੇ ਆ ਰਹੇ ਹਾਂ। ਯੂ ਕੇ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਜੇ ਕੋਈ ਤੁਹਾਡੇ ਘਰ ਆਵੇ ਤਾਂ ਪੁਲਿਸ ਨੂੰ ਦੱਸੋ, ਤਾਂ ਇਹ ਆਪੇ ਹੀ ਭੱਜ ਜਾਣਗੇ। ਇਹਨਾਂ ਦੇ ਕੋਲ ਕੋਈ ਕਰਾਮਾਤ ਨਹੀਂ ਹੁੰਦੀ। ਜਿਹੜੇ ਆਪ ਮੰਗਦੇ ਫਿਰਦੇ ਨੇ ਉਹ ਕਿਸੇ ਦਾ ਕੀ ਵਿਗਾੜ ਸਕਦੇ ਹਨ।

**NEWS & VIEWS**

# KHALSA 1699: FINAL PHASE OF SOCIO-POLITICAL REVOLUTION STARTED BY GURU NANAK SAHIB



Gurmukh Singh OBE

**ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥**

**Khalsa Emerged by the Will of The Supreme Being**

(Sarabloh Granth)

==========================

**Part 3: (1) Khalsa Revealed In Ten Guru-Steps**

**(2) *SIKH* Defined by Guru Gobind Singh**

Shabd Guru (Sri Guru Granth Sahib) and Sikhi, lived by the Ten Guru-Persons, cannot be separated. Through their Own lives, the Ten Guru-persons showed how the Shabd Guru should be interpreted in life. Sikhs of the Guru are seekers of One Reality, within self and without in creation. The Gurus did not look for blind-faith followers like the derawadi sants of today. They said *Sikhi Sikhia Gur Vichaar* (Sikhi is reflective learning of the Shabd Guru).

From the outset, Guru Nanak Jote (Light) in Ten Guru-persons looked for those who were prepared to make the ultimate sacrifice for Truthful conduct. They also showed by two *shaheedis*, how and for what cause.

Two observations are relevant: J D Cunningham noted that Guru Nanak, by making universal truth as his sole instrument *rendered his mission applicable to all times and places.* M A Macauliffe, *found it difficult to point to a religion of greater originality than Sikhism* of Guru Nanak.

Through selection of worthy successors, the non-discriminatory institutions of the Sikh Panth, founded by Guru Nanak, were developed and consolidated over a period of over two hundred years. Institutions like Langar were meant to remove social discrimination under any pretext. Gurmukhi script developed at the time of Guru Nanak and Guru Angad, *democratized education and knowledge in Punjab.*

So, let us summarise the Ten Steps in which Vaisakhi 1699, the High Point of Sikhi was reached. These were 10 rungs of One Sikhi ladder, Guru Nanak to Guru Gobind Singh. There was only One Guru Nanak Jote (*Parkash*) in Ten Nanaks from 1469 to 1708, which now resides in Sri Guru Granth Sahib and in Guru Khalsa Panth (*Khalsay may hao karon nivaas*).

Guru Nanak founded the basics of Sikhi; Guru Angad further promoted transcaste institutions, education and stressed physical fitness; Guru Amardas continued building Sikh organisation stressing non-discrimination under any pretext; Guru Ram Das founded Amritsar as Sikh Centre of community life, giving visibility to the great Sikh institutions of the future; Guru Arjan instituted the (Guru) Granth at Darbar Sahib and led the Sikhi martyrdom tradition setting the scene for direct confrontation with oppressive regimes; Guru Hargobind strengthened combination of worldly and spiritual twin track aspects of Sikhi life and gave the Khalsa a fearless disposition through armed defence as a last resort; Guru Har Rai stood for compassion and human welfare while maintaining a position of strength; Guru Har Krishan was an image of sewa and purity; Guru Tegh Bahadur showed inner detachment, sacrifice for others in a spirit of fear not, frighten not; and, Guru Gobind Singh, the Living Martyr, stood for rising spirit (*Chardhi Kalaa*), and unyielding courage in the face of impossible odds.

Guru Gobind Rai, who after Vaisakhi 1699, became Guru Gobind Singh (1675-1708), made final preparations for the formal introduction of the Sikh assertive identity and brotherhood for organisational strength, common direction and purpose.

Guru Gobind Singh defined not just Khalsa but also a *Sikh* through the *Nash Doctrine* (link below). Because, *Sikh* and *Khalsa* are on the same path (Panth) leading to <u>One Shabd Guru and none other.</u>

Sikhs need no temporal court or law to define a SIKH.

Further reading: https://panjabtimes.uk/detail/news_37650.aspx

Vaisakhi 1699 - The High Point of Sikhism

**Gurmukh Singh OBE**, Ret'd Principal Civil Servant (UK) sewauk2005@yahoo.co.uk

# ਕਦੇ ਜੰਗ ਦੀ ਧਮਕੀ, ਕਦੇ ਸ਼ਾਂਤੀ ਦਾ ਰਾਗ: ਟਰੰਪ ਦੇ 'ਯੂ-ਟਰਨ' ਪਿੱਛੇ ਛੁਪਿਆ ਵੱਡਾ ਰਾਜ਼

## ✪ ਟਰੰਪ ਦੀ 'ਮੂਡ ਸਵਿੰਗ ਡਿਪਲੋਮੇਸੀ': ਕੀ ਈਰਾਨ ਖ਼ਿਲਾਫ਼ ਕੰਮ ਕਰੇਗਾ ਇਹ ਖ਼ਤਰਨਾਕ ਜੂਆ? ✪ ਡਰਾਓ ਤੇ ਰਾਜ ਕਰੋ: ਟਰੰਪ ਦੀ ਨਵੀਂ ਵਿਦੇਸ਼ ਨੀਤੀ ✪ ਕਿਮ ਜੋਂਗ ਤੋਂ ਪੁਤਿਨ ਤੱਕ: 'ਮੈਡਮੈਨ' ਲੀਡਰਾਂ ਦੀ ਕਤਾਰ 'ਚ ਟਰੰਪ ਦੀ ਐਂਟਰੀ!





ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਕਸਰ ਆਪਣੇ ਹੈਰਾਨੀਜਨਕ ਫੈਸਲਿਆਂ ਲਈ ਜਾਣੇ ਜਾਂਦੇ ਹਨ। ਹਾਲ ਹੀ ਵਿੱਚ ਈਰਾਨ ਦੇ ਮੁੱਦੇ 'ਤੇ ਉਨ੍ਹਾਂ ਦਾ 'ਯੂ-ਟਰਨ'-ਜਿੱਥੇ ਪਹਿਲਾਂ ਉਹ ਸਭਿਅਤਾ ਖ਼ਤਮ ਕਰਨ ਦੀ ਧਮਕੀ ਦੇ ਰਹੇ ਸਨ ਅਤੇ ਫਿਰ ਅਚਾਨਕ ਜੰਗਬੰਦੀ ਦੀ ਗੱਲ ਕਰਨ ਲੱਗੇ-ਨੇ ਸਾਰਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਮਾਹਿਰ ਇਸ ਨੂੰ ਮਹਿਜ਼ ਸਿਆਸੀ ਡਰਾਮਾ ਨਹੀਂ, ਸਗੋਂ ਇਕ ਡੂੰਘੀ ਰਣਨੀਤੀ ਮੰਨ ਰਹੇ ਹਨ, ਜਿਸ ਨੂੰ 'ਮੈਡਮੈਨ ਥਿਊਰੀ' ਕਿਹਾ ਜਾਂਦਾ ਹੈ।

ਮੈਡਮੈਨ ਥਿਊਰੀ'ਸੰਕਲਪ ਸੀਤ ਯੁੱਧ ਦੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਇਸ ਦਾ ਸਿੱਧਾ ਮਤਲਬ ਹੈ: ਇੱਕ ਨੇਤਾ ਜਾਣਬੁੱਝ ਕੇ ਆਪਣੇ ਆਪ ਨੂੰ ਇੰਨਾ ਕੱਟੜ ਅਤੇ ਜ਼ਾਲਮ ਦਿਖਾਉਂਦਾ ਹੈ ਕਿ ਦੁਸ਼ਮਣ ਡਰ ਜਾਵੇ। ਜਦੋਂ ਸਾਹਮਣੇ ਵਾਲੀ ਧਿਰ ਨੂੰ ਲੱਗਦਾ ਹੈ ਕਿ ਇਹ ਨੇਤਾ "ਕੁਝ ਵੀ ਕਰ ਸਕਦਾ ਹੈ", ਤਾਂ ਉਹ ਦਬਾਅ ਹੇਠ ਆ ਕੇ ਜਲਦੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੀ ਹੈ। ਮਨੋਵਿਗਿਆਨਕ ਨਜ਼ਰੀਏ ਤੋਂ 'ਮੈਡਮੈਨ ਥਿਊਰੀ' ਸਿਰਫ਼ ਗੁੱਸਾ ਦਿਖਾਉਣ ਦਾ ਨਾਮ ਨਹੀਂ ਹੈ, ਸਗੋਂ ਇਹ ਵਿਰੋਧੀ ਦੇ ਦਿਮਾਗ ਨਾਲ ਖੇਡੀ ਜਾਣ ਵਾਲੀ ਇੱਕ ਬਹੁਤ ਹੀ ਗੁੰਝਲਦਾਰ ਚਾਲ ਹੈ। ਮਨੋਵਿਗਿਆਨੀਆਂ ਅਨੁਸਾਰ ਇਸ ਦੇ ਦੋਵੇਂ ਥੰਮ੍ਹ-ਅਨਪ੍ਰੈਡਿਕਟੇਬਿਲਟੀ ਅਤੇ ਅਤਿਵਾਦ-ਹੇਠ ਲਿਖੇ ਅਨੁਸਾਰ ਕੰਮ ਕਰਦੇ ਹਨ। ਅਨਪ੍ਰੈਡਿਕਟੇਬਿਲਟੀ ਰਣਨੀਤੀ ਵਿਰੋਧੀ ਦੀ 'ਤਰਕਸ਼ੀਲਤਾ' 'ਤੇ ਹਮਲਾ ਕਰਦੀ ਹੈ। ਆਮ ਤੌਰ 'ਤੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਦੇਸ਼ ਇੱਕ-ਦੂਜੇ ਦੇ ਕਦਮਾਂ ਦਾ ਅੰਦਾਜ਼ਾ ਉਨ੍ਹਾਂ ਦੇ ਇਤਿਹਾਸ ਅਤੇ ਨਫ਼ੇ-ਨੁਕਸਾਨ ਦੇ ਆਧਾਰ 'ਤੇ ਲਗਾਉਂਦੇ ਹਨ। ਜਦੋਂ ਕੋਈ ਨੇਤਾ ਅਨਪ੍ਰੈਡਿਕਟੇਬਲ ਹੁੰਦਾ ਹੈ, ਤਾਂ ਵਿਰੋਧੀ ਦੇਸ਼ ਦੇ ਰਣਨੀਤੀਕਾਰ ਕੋਈ ਇੱਕ ਪੱਕਾ ਪਲਾਨ ਨਹੀਂ ਬਣਾ ਪਾਉਂਦੇ। ਉਹ ਹਮੇਸ਼ਾ ਇਸ ਡਰ ਵਿੱਚ ਰਹਿੰਦੇ ਹਨ ਕਿ "ਜੇ ਅਸੀਂ 'ਇਹ ਕਦਮ ਪੁਟਿਆ', ਤਾਂ ਸ਼ਾਇਦ ਉਹ ਪਾਗਲਪਨ ਵਿੱਚ ਸਾਨੂੰ ਤਬਾਹ' ਨਾ ਕਰ ਦੇਵੇ।"

ਜਦੋਂ ਤੁਹਾਡੇ ਅਗਲੇ ਕਦਮ ਦਾ ਕਿਸੇ ਨੂੰ ਪਤਾ ਨਾ ਹੋਵੇ, ਤਾਂ ਗੱਲਬਾਤ ਦੀ ਮੇਜ਼ 'ਤੇ ਕੰਟਰੋਲ ਤੁਹਾਡੇ ਹੱਥ ਵਿੱਚ ਆ ਜਾਂਦਾ ਹੈ। ਵਿਰੋਧੀ ਡਰ ਦੇ ਮਾਰੇ ਰੱਖਿਆਤਮਕ ਹੋ ਜਾਂਦਾ ਹੈ ਅਤੇ ਜਲਦੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦਾ ਹੈ। ਇਹ ਸਭ ਤੋਂ ਖ਼ਤਰਨਾਕ ਹਿੱਸਾ ਹੈ। ਇਸ ਵਿੱਚ ਨੇਤਾ ਇਹ ਜਤਾਉਂਦਾ ਹੈ ਕਿ ਉਹ ਆਪਣੀ ਗੱਲ ਮਨਵਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ, ਭਾਵੇਂ ਉਸ ਵਿੱਚ ਉਸ ਦਾ ਆਪਣਾ ਵੀ ਨੁਕਸਾਨ ਕਿਉਂ ਨਾ ਹੋਵੇ।

ਮਨੋਵਿਗਿਆਨ ਅਨੁਸਾਰ, ਜੇਕਰ ਕੋਈ ਵਿਅਕਤੀ ਇਹ ਸਾਬਤ ਕਰ ਦੇਵੇ ਕਿ ਉਹ "ਤਰਕਹੀਣ" ਹੈ ਅਤੇ ਉਸ ਨੂੰ ਆਪਣੀ ਤਬਾਹੀ ਦਾ ਵੀ ਡਰ ਨਹੀਂ, ਤਾਂ ਦੂਜੀ ਧਿਰ ਪਿੱਛੇ ਹਟਣ ਲਈ ਮਜਬੂਰ ਹੋ ਜਾਂਦੀ ਹੈ। ਜੇਕਰ ਇੱਕ ਸਧਾਰਨ ਨੇਤਾ ਪ੍ਰਮਾਣੂ ਜੰਗ ਦੀ ਧਮਕੀ ਦਿੰਦਾ ਹੈ, ਤਾਂ ਦੁਨੀਆ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ ਕਿਉਂਕਿ ਨਤੀਜੇ ਸਭ ਨੂੰ ਪਤਾ ਹਨ। ਪਰ ਜਦੋਂ ਇੱਕ 'ਅਤਿਵਾਦੀ' ਸੋਚ ਵਾਲਾ ਨੇਤਾ ਅਜਿਹੀ ਧਮਕੀ ਦਿੰਦਾ ਹੈ, ਤਾਂ ਦੁਨੀਆ ਨੂੰ ਲੱਗਦਾ ਹੈ ਕਿ "ਇਹ ਸੱਚਮੁੱਚ ਬਟਨ ਦਬਾ ਸਕਦਾ ਹੈ।" ਮਨੋਵਿਗਿਆਨੀਆਂ ਮੁਤਾਬਕ, ਇਹ 'ਕਮਜ਼ੋਰ ਦੀ ਤਾਕਤ' ਹੈ। ਜਦੋਂ ਕਿਸੇ ਕੋਲ ਗੱਲਬਾਤ ਲਈ ਠੋਸ ਤਰਕ ਜਾਂ ਸਾਧਨ ਘੱਟ ਹੁੰਦੇ ਹਨ, ਤਾਂ ਉਹ 'ਪਾਗਲ' ਬਣ ਕੇ ਸਾਹਮਣੇ ਵਾਲੇ ਨੂੰ ਡਰਾਉਂਦਾ ਹੈ। ਇਹੀ ਸਿਧਾਂਤ ਟਰੰਪ ਵਰਗੇ ਨੇਤਾ ਅੰਤਰਰਾਸ਼ਟਰੀ ਪੱਧਰ 'ਤੇ ਵਰਤ ਰਹੇ ਹਨ। ਇਹ ਰਣਨੀਤੀ ਇੱਕ "ਡਬਲ-ਐਜਡ ਸਵੋਰਡ" (ਦੋਧਾਰੀ ਤਲਵਾਰ) ਹੈ। ਜੇਕਰ ਵਿਰੋਧੀ ਨੂੰ ਇਹ ਸਮਝ ਆ ਜਾਵੇ ਕਿ ਇਹ ਸਭ ਸਿਰਫ਼ "ਐਕਟਿੰਗ" ਹੈ, ਤਾਂ ਇਹ ਥਿਊਰੀ ਪੂਰੀ ਤਰ੍ਹਾਂ ਫੇਲ੍ਹ ਹੋ ਜਾਂਦੀ ਹੈ ਅਤੇ ਨੇਤਾ ਦਾ ਪ੍ਰਭਾਵ ਹਮੇਸ਼ਾ ਲਈ ਖ਼ਤਮ ਹੋ ਜਾਂਦਾ ਹੈ।

ਇਤਿਹਾਸ ਅਤੇ ਮੌਜੂਦਾ ਸਮੇਂ ਵਿੱਚ ਕਈ ਹੋਰ ਨੇਤਾਵਾਂ ਨੇ ਵੀ ਇਸ ਰਾਹ 'ਤੇ ਚੱਲਣ ਦੀ ਕੋਸ਼ਿਸ਼ ਕੀਤੀ:

* ਰਿਚਰਡ ਨਿਕਸਨ ਅਮਰੀਕਾ ਦੇ ਉਹ ਪਹਿਲੇ ਰਾਸ਼ਟਰਪਤੀ ਸਨ ਜਿਨ੍ਹਾਂ ਨੇ ਅਧਿਕਾਰਤ ਤੌਰ 'ਤੇ 'ਮੈਡਮੈਨ ਥਿਊਰੀ' ਨੂੰ ਆਪਣੀ ਵਿਦੇਸ਼ ਨੀਤੀ ਦਾ ਹਿੱਸਾ ਬਣਾਇਆ ਸੀ। ਉਨ੍ਹਾਂ ਦੀ ਅਸਫਲਤਾ ਦੀ ਵਿਆਖਿਆ ਇਸਤਰ੍ਹਾਂ ਕੀਤੀ ਜਾ ਸਕਦੀ ਹੈ। 1969 ਵਿੱਚ, ਨਿਕਸਨ ਵੀਅਤਨਾਮ ਜੰਗ ਨੂੰ ਜਲਦੀ ਖ਼ਤਮ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਚੀਫ ਆਫ ਸਟਾਫ, ਐਚ.ਆਰ. ਹੈਲਡਮੈਨ ਨੂੰ ਕਿਹਾ ਸੀ ਕਿ "ਮੈਂ ਚਾਹੁੰਦਾ ਹਾਂ ਕਿ ਉੱਤਰੀ ਵੀਅਤਨਾਮ ਵਾਲੇ ਇਹ ਵਿਸ਼ਵਾਸ ਕਰ ਲੈਣ ਕਿ ਮੈਂ ਉਸ ਹੱਦ ਤੱਕ ਪਹੁੰਚ ਗਿਆ ਹਾਂ ਜਿੱਥੇ ਮੈਂ ਜੰਗ ਨੂੰ ਰੋਕਣ ਲਈ ਕੁਝ ਵੀ (ਭਾਵੇਂ ਪ੍ਰਮਾਣੂ ਹਮਲਾ) ਕਰ ਸਕਦਾ ਹਾਂ।" ਉਨ੍ਹਾਂ ਦਾ ਵਿਚਾਰ ਸੀ ਕਿ ਜੇਕਰ ਉਹ ਖ਼ੁਦ ਨੂੰ ਇੱਕ "ਗੁੱਸੇਖ਼ੋਰ ਅਤੇ ਪਾਗਲ" ਨੇਤਾ ਵਜੋਂ ਪੇਸ਼ ਕਰਨਗੇ, ਤਾਂ ਸੋਵੀਅਤ ਯੂਨੀਅਨ (ਜੋ ਉੱਤਰੀ ਵੀਅਤਨਾਮ ਦੀ ਮਦਦ ਕਰ ਰਿਹਾ ਸੀ) ਡਰ ਜਾਵੇਗਾ ਅਤੇ ਵੀਅਤਨਾਮ ਨੂੰ ਸਮਝੌਤੇ ਲਈ ਮਜਬੂਰ ਕਰੇ। ਨਿਕਸਨ ਨੇ ਦਬਾਅ ਬਣਾਉਣ ਲਈ ਕਈ ਕਦਮ ਚੁੱਕੇ, ਜਿਵੇਂ ਕਿ ਪ੍ਰਮਾਣੂ ਬੰਬਾਂ ਨਾਲ ਲੈਸ ਜਹਾਜ਼ਾਂ ਨੂੰ ਸੋਵੀਅਤ ਸਰਹੱਦ ਦੇ ਨੇੜੇ ਉਡਾਉਣਾ। ਪਰ ਸੋਵੀਅਤ ਯੂਨੀਅਨ ਦੇ ਨੇਤਾਵਾਂ (ਜਿਵੇਂ ਲਿਓਨਿਡ ਬ੍ਰੇਜ਼ਨੇਵ) ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸੋਵੀਅਤ ਜਾਸੂਸਾਂ ਅਤੇ ਡਿਪਲੋਮੈਟਾਂ ਨੇ ਇਹ ਭਾਂਪ ਲਿਆ ਸੀ ਕਿ ਨਿਕਸਨ ਇੱਕ ਬਹੁਤ ਹੀ ਚਲਾਕ ਅਤੇ ਗਣਿਤਕ ਸੋਚ ਵਾਲੇ ਨੇਤਾ ਹਨ। ਉਨ੍ਹਾਂ ਨੂੰ ਲੱਗਦਾ ਸੀ ਕਿ ਨਿਕਸਨ ਸਿਰਫ਼ 'ਬਲੱਫ' (ਧੋਖਾ) ਦੇ ਰਹੇ ਹਨ। ਸੋਵੀਅਤ ਯੂਨੀਅਨ ਜਾਣਦਾ ਸੀ ਕਿ ਅਮਰੀਕਾ ਦੇ ਅੰਦਰ ਵੀਅਤਨਾਮ ਜੰਗ ਦਾ ਬਹੁਤ ਵਿਰੋਧ ਹੋ ਰਿਹਾ ਹੈ। ਉਨ੍ਹਾਂ ਨੂੰ ਪਤਾ ਸੀ ਕਿ ਨਿਕਸਨ ਲਈ ਅਮਰੀਕੀ ਜਨਤਾ ਅਤੇ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵੱਡਾ 'ਪਾਗਲਪਨ' ਵਾਲਾ ਕਦਮ ਚੁੱਕਣਾ ਅਸੰਭਵ ਹੈ। ਨਿਕਸਨ ਇੱਕ ਪਾਸੇ ਧਮਕੀਆਂ ਦੇ ਰਹੇ ਸਨ ਅਤੇ ਦੂਜੇ ਪਾਸੇ ਸੋਵੀਅਤ ਯੂਨੀਅਨ ਨਾਲ ਰਿਸ਼ਤੇ ਸੁਧਾਰਨ ਦੀਆਂ ਗੱਲਾਂ ਵੀ ਕਰ ਰਹੇ ਸਨ। ਇਸ ਵਿਰੋਧਾਭਾਸ ਕਾਰਨ ਉਨ੍ਹਾਂ ਦੀ 'ਮੈਡਮੈਨ' ਵਾਲੀ ਤਸਵੀਰ ਧੁੰਦਲੀ ਪੈ ਗਈ।

ਨਿਕਸਨ ਦੀ ਮਿਸਾਲ ਇਹ ਸਾਬਤ ਕਰਦੀ ਹੈ ਕਿ 'ਮੈਡਮੈਨ ਥਿਊਰੀ' ਉਦੋਂ ਹੀ ਕੰਮ ਕਰਦੀ ਹੈ ਜਦੋਂ ਸਾਹਮਣੇ ਵਾਲਾ ਸੱਚਮੁੱਚ ਇਹ ਮੰਨ ਲਵੇ ਕਿ ਤੁਸੀਂ ਤਰਕਹੀਣ ਹੋ। ਜੇਕਰ ਤੁਹਾਡਾ ਅਤੀਤ ਇਹ ਦੱਸਦਾ ਹੈ ਕਿ ਤੁਸੀਂ ਬਹੁਤ ਸੋਚ-ਸਮਝ ਕੇ ਫੈਸਲੇ ਲੈਂਦੇ ਹੋ, ਤਾਂ ਤੁਹਾਡਾ 'ਪਾਗਲਪਨ' ਇੱਕ ਨਾਟਕ ਜਾਪਦਾ ਹੈ। ਇਹੀ ਕਾਰਨ ਹੈ ਕਿ ਡੋਨਾਲਡ ਟਰੰਪ ਇਸ ਮਾਮਲੇ ਵਿੱਚ ਨਿਕਸਨ ਨਾਲੋਂ ਵੱਖਰੇ ਹਨ, ਕਿਉਂਕਿ ਉਨ੍ਹਾਂ ਦੇ ਕਈ ਫੈਸਲੇ (ਜਿਵੇਂ ਟਵਿੱਟਰ 'ਤੇ ਅਚਾਨਕ ਕੀਤੇ ਐਲਾਨ) ਦੁਨੀਆ ਨੂੰ ਸੱਚਮੁੱਚ 'ਅਨਪ੍ਰੈਡਿਕਟੇਬਲ' ਲੱਗਦੇ ਹਨ।

* ਵਲਾਦੀਮੀਰ ਪੁਤਿਨ: ਯੂਕਰੇਨ ਜੰਗ ਦੌਰਾਨ ਪ੍ਰਮਾਣੂ ਹਮਲੇ ਦੀਆਂ ਧਮਕੀਆਂ ਦੇ ਕੇ ਉਨ੍ਹਾਂ ਨੇ ਇਸ ਦੀ ਝਲਕ ਦਿਖਾਈ, ਪਰ ਲੰਬੀ ਜੰਗ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਕੁਝ ਹੱਦ ਤੱਕ ਘਟਾਇਆ ਹੈ।

* ਕਿਮ ਜੋਂਗ ਉਨ: ਇਨ੍ਹਾਂ ਨੂੰ ਮੌਜੂਦਾ ਦੌਰ ਦਾ 'ਸੁਪਰ ਮੈਡਮੈਨ' ਮੰਨਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਫੈਸਲੇ ਪੂਰੀ ਤਰ੍ਹਾਂ ਅਨਪ੍ਰੈਡਿਕਟੇਬਲ ਹੁੰਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਇਹ ਰਣਨੀਤੀ ਥੋੜ੍ਹੇ ਸਮੇਂ ਲਈ ਲਾਭ ਦੇ ਸਕਦੀ ਹੈ, ਪਰ ਅੰਤਰਰਾਸ਼ਟਰੀ ਸਬੰਧਾਂ ਵਿੱਚ 'ਭਰੋਸਾ' ਹੀ ਸਭ ਤੋਂ ਵੱਡੀ ਨੀਤੀ ਹੁੰਦੀ ਹੈ। ਜੇਕਰ ਟਰੰਪ ਇਸ ਦੀ ਵਾਰ-ਵਾਰ ਵਰਤੋਂ ਕਰਦੇ ਹਨ, ਤਾਂ ਇਸ ਦਾ ਅਸਰ ਘੱਟ ਸਕਦਾ ਹੈ ਅਤੇ ਇਹ ਅਮਰੀਕਾ ਲਈ ਇੱਕ ਖ਼ਤਰਨਾਕ ਜੂਆ ਸਾਬਤ ਹੋ ਸਕਦਾ ਹੈ।

# ਇੰਗਲੈਂਡ ਵਿਚ 7 ਮਈ ਨੂੰ ਲੰਡਨ ਦੀਆਂ 32 ਕੌਂਸਲਾਂ ਸਮੇਤ 136 ਸਥਾਨਕ ਅਥਾਰਟੀਆਂ ਦੀਆਂ ਚੋਣਾਂ ਬਰਤਾਨੀਆਂ ਦਾ ਸਿਆਸੀ ਭਵਿੱਖ ਤੈਅ ਕਰਨਗੀਆਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਵਿਚ 7 ਮਈ ਨੂੰ ਸਥਾਨਿਕ ਚੋਣਾਂ ਹੋਣ ਜਾ ਰਹੀਆਂ ਹਨ, ਇਹ ਚੋਣਾਂ ਲੇਬਰ ਪਾਰਟੀ ਦੇ ਮੌਜੂਦਾ ਪ੍ਰਧਾਨ ਮੰਤਰੀ ਕੀਰ ਸਟਾਰਮਰ ਲਈ ਅਤਿ ਮਹੱਤਵਪੂਰਨ ਹਨ। ਬੀਤੇ ਸਮਿਆਂ ਵਿਚ ਆਈਆਂ ਸਿਆਸੀ ਤਬਦੀਲੀਆਂ ਵਿਚ ਅਕਸਰ ਹੀ ਪ੍ਰਧਾਨ ਮੰਤਰੀ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ ਅਤੇ ਹਰ ਵਾਰ ਸਟਾਰਮਰ ਨੇ ਕਿਹਾ ਹੈ ਕਿ ਉਹ ਬਰਤਾਨੀਆਂ ਨੂੰ ਜੋੜ ਰਹੇ ਹਨ, ਬਹੁਤ ਕੁੱਝ ਖਰਾਬ ਹੋਇਆ ਪਿਆ ਸੀ, ਉਸ ਨੂੰ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ ।**

7 ਮਈ ਦਿਨ ਵੀਰਵਾਰ ਨੂੰ ਲੰਡਨ ਸਮੇਤ 136 ਸਥਾਨਿਕ ਅਥਾਰਟੀਆਂ ਲਈ ਚੋਣਾਂ ਹੋ ਰਹੀਆਂ ਹਨ, ਇੰਗਲੈਂਡ ਦੇ ਵੋਟਰ 5,013 ਕੌਂਸਲ ਸੀਟਾਂ ਲਈ ਵੋਟਾਂ ਪਾਉਣਗੇ। ਸ਼ਹਿਰੀ ਅਥਾਰਟੀਆਂ ਅਤੇ ਪੇਂਡੂ ਜ਼ਿਲ੍ਹਿਆਂ ਦਾ ਮਿਸ਼ਰਣ ਵੀ ਕਈ ਜ਼ਿਲ੍ਹਾ ਕੌਂਸਲਾਂ ਦੀ ਚੋਣ ਹੋ ਰਹੀ ਹੈ।

ਇਹ ਇੰਗਲੈਂਡ ਵਿਚ ਤਿੰਨ ਸਾਲਾਂ ਲਈ ਸਥਾਨਕ ਚੋਣਾਂ ਦਾ ਸਭ ਤੋਂ ਵੱਡਾ ਮੁਕਾਬਲਾ ਹੈ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਲਈ ਪ੍ਰੀਖਿਆ ਹੈ। ਇਹਨਾਂ ਚੋਣਾਂ ਵਿਚ ਜਿੱਥੇ ਲੇਬਰ ਪਾਰਟੀ ਆਪਣੀਆਂ ਸੀਟਾਂ ਬਚਾਉਣ ਲਈ ਜਦੋ ਜਹਿਦ ਕਰਦੀ ਨਜ਼ਰ ਆ ਰਹੀ ਹੈ, ਉੱਥੇ ਹੀ ਕੰਜ਼ਰਵੇਟਿਵ ਪਾਰਟੀ ਦੀ ਸਥਿਤੀ ਬਹੁਤੀ ਚੰਗੀ ਨਹੀਂ ਦਿਖਾਈ ਦੇ ਰਹੀ। 2022 ਵਿੱਚ ਸਿਰਫ 2 ਸੀਟਾਂ ਜਿੱਤਣ ਵਾਲੀ ਰੀਫੌਰਮ ਯੂ ਕੇ ਇਹਨਾਂ ਚੋਣਾਂ ਵਿਚ ਸਾਰੀਆਂ ਰਵਾਇਤੀ ਪਾਰਟੀਆਂ ਲਈ ਵੱਡੀ ਚਣੌਤੀ ਬਣੀ ਹੋਈ ਹੈ। ਜਦ ਕਿ ਕਈ ਥਾਵਾਂ ਤੇ ਗਰੀਨ ਪਾਰਟੀ ਦੀ ਸਥਿਤੀ ਵੀ ਪਹਿਲਾਂ ਨਾਲੋਂ ਮਜ਼ਬੂਤ ਵੇਖਣ ਨੂੰ ਮਿਲ ਰਹੀ ਹੈ।

ਇਸ ਸਾਲ ਲੜੀਆਂ ਜਾ ਰਹੀਆਂ 5,013 ਸੀਟਾਂ ਵਿੱਚੋਂ ਇਸ ਸਮੇਂ ਲੇਬਰ 2,557, ਕੰਜ਼ਰਵੇਟਿਵ 1,362, ਲਿਬਰਲ ਡੈਮੋਕਰੇਟਸ 684 ਅਤੇ ਹੋਰ ਪਾਰਟੀਆਂ 410 (ਆਜ਼ਾਦਾਂ ਸਮੇਤ) ਕਾਬਜ਼ ਹਨ। ਚੋਣ ਮਾਹਿਰ ਪ੍ਰੋਫੈਸਰ ਕੋਲਿਨ ਰੈਲਿੰਗਸ ਅਤੇ ਐਕਸੀਟਰ ਯੂਨੀਵਰਸਿਟੀ ਦੇ ਮਾਈਕਲ ਦੇ ਵਿਸ਼ਲੇਸ਼ਣ ਦੇ ਅਨੁਸਾਰ ਲੇਬਰ ਨੂੰ 1,000 ਤੋਂ ਵੱਧ ਸੀਟਾਂ ਤੇ ਖ਼ਤਰਾ ਹੋ ਸਕਦਾ ਹੈ। ਜ਼ਿਲ੍ਹਾ ਕੌਂਸਲਾਂ ਲਈ ਕੰਜ਼ਰਵੇਟਿਵ ਖਾਸ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ। ਜਿਕਰਯੋਗ ਹੈ ਕਿ ਇਹਨਾਂ ਚੋਣਾਂ ਲਈ 20 ਅਪ੍ਰੈਲ ਤੱਕ ਵੋਟਰ ਬਣਨ ਦਾ ਸਮਾਂ ਹੈ, 21 ਅਪ੍ਰੈਲ ਤੱਕ ਡਾਕ ਵੋਟ ਲਈ ਅਤੇ 28 ਅਪ੍ਰੈਲ ਤੱਕ ਪ੍ਰੌਕਸੀ ਵੋਟ ਲਈ ਆਗਿਆ ਲੈਣ ਦਾ ਸਮਾਂ ਹੈ। ਜਦ ਕਿ ਉਸੇ ਦਿਨ ਸਕਾਟਲੈਂਡ ਵਿੱਚ ਸਕਾਟਿਸ਼ ਸੰਸਦ ਦੇ ਮੈਂਬਰਾਂ ਲਈ ਅਤੇ ਵੇਲਜ਼ ਵਿੱਚ ਸੈਨੇਡ ਦੇ ਮੈਂਬਰਾਂ ਲਈ ਵੀ ਚੋਣਾਂ ਹੋ ਰਹੀਆਂ ਹਨ।

# ਬੇਅਦਬੀ ਕਰਨ ਅਤੇ ਕਰਵਾਉਣ ਵਾਲੇ ਬਰਾਬਰ ਦੇ ਦੋਸ਼ੀ ਅਤੇ ਸਜ਼ਾ ਦੇ ਹੱਕਦਾਰ ਹੋਣ - ਮੱਲੀ, ਸਰਪੰਚ


ਸ: ਗੁਰਮੇਲ ਸਿੰਘ ਮੱਲੀ ਅਤੇ ਹਰਜੀਤ ਸਿੰਘ ਸਰਪੰਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕਈ ਸਾਲਾਂ ਤੋਂ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਸਿੱਖ ਹਿਰਦਿਆਂ ਨੂੰ ਬਲੂੰਧਰ ਰਹੀਆਂ ਹਨ। ਸਿੱਖਾਂ ਵੱਲੋਂ ਵਾਰ ਵਾਰ ਕੀਤੇ ਜਾ ਰਹੀ ਮੰਗ ਦੇ ਬਾਵਜੂਦ ਅਜੇ ਤੱਕ ਕੋਈ ਠੋਸ ਹੱਲ ਨਹੀਂ ਨਿਕਲ ਰਿਹਾ। ਜਦ ਕਿ ਇਸ ਸੰਵੇਦਨਸ਼ੀਲ ਮਾਮਲੇ ਵਿਚ ਕਰੜੇ ਫੈਸਲੇ ਲੈਣ ਦੀ ਲੋੜ ਹੈ ਇਹ ਵਿਚਾਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਅਤੇ ਮੀਤ ਪ੍ਰਧਾਨ ਸ: ਹਰਜੀਤ ਸਿੰਘ ਸਰਪੰਚ ਨੇ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ ਜਾਂ ਪੋਥੀਆਂ ਦੇ ਰੂਪ ਗੁਰੂ ਸਾਹਿਬਾਨ ਦੇ ਸਮੇਂ ਤੋਂ ਗੁਰਬਾਣੀ ਗੁਰਦੁਆਰਾ ਸਾਹਿਬ ਜਾਂ ਸਿੱਖਾਂ ਦੇ ਘਰਾਂ ਵਿਚ ਸੁਸ਼ੋਭਿਤ ਹੈ। ਲੇਕਨ ਅਫਸੋਸ ਕਿ ਬੀਤੇ ਕੁਝ ਸਾਲਾਂ ਤੋਂ ਲਗਾਤਾਰ ਬੇਅਦਬੀ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਕਾਨੂੰਨੀ ਤੌਰ ਤੇ ਕਿਸੇ ਵੀ ਦੋਸ਼ੀ ਨੂੰ ਸਖ਼ਤ ਸਜ਼ਾ ਨਹੀਂ ਦਿੱਤੀ ਗਈ। ਸ: ਮੱਲੀ ਅਤੇ ਸ: ਸਰਪੰਚ ਨੇ ਕਿਹਾ ਕਿ ਅਗਲੇ ਦਿਨਾਂ ਵਿੱਚ ਜਿਹੜਾ ਕਾਨੂੰਨ ਬਣਾਇਆ ਜਾ ਰਿਹਾ ਹੈ ਉਹ ਇਹਨਾਂ ਸਖ਼ਤ ਅਤੇ ਸੁਪਸ਼ਟ ਹੋਣਾ ਚਾਹੀਦਾ ਹੈ ਕਿ ਬੇਅਦਬੀ ਕਰਨ ਅਤੇ ਕਰਵਾਉਣ ਵਾਲੇ ਨਾ ਤਾਂ ਬਚ ਸਕਣ ਅਤੇ ਦੋਵੇਂ ਹੀ ਬਰਾਬਰ ਦੇ ਦੋਸ਼ੀ ਅਤੇ ਬਰਾਬਰ ਦੀ ਸਜ਼ਾ ਦੇ ਹੱਕਦਾਰ ਹੋਣ।

# ਬ੍ਰਮਿੰਘਮ ਸਿਟੀ ਕੌਂਸਲ ਵਿੱਚ 1984 ਸਿੱਖ ਨਸਲਕੁਸ਼ੀ ਦਾ ਮਾਮਲਾ ਕੌਂਸਲਰ ਅਟਵਾਲ ਨੇ ਕਰਵਾਇਆ ਦਰਜ਼


ਕੌਂਸਲਰ ਗੁਰਦਿਆਲ ਸਿੰਘ ਅਟਵਾਲ


ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਕੌਮ ਲਈ 84 ਨਾ ਭੁੱਲਣਯੋਗ ਵਰ੍ਹਾ ਹੈ, ਜਿਸ ਦੇ ਜਖ਼ਮਾਂ ਦਾ ਦਰਦ ਸਿੱਖ ਕੌਮ ਅੱਜ ਵੀ ਮਹਿਸੂਸ ਕਰ ਰਹੀ ਹੈ। ਪਰ ਨਾਲ ਹੀ ਇਨਸਾਫ਼ ਦੀ ਲੜਾਈ ਲੜ ਰਹੀ ਹੈ। ਬੀਤੇ ਦਿਨੀ ਕੌਂਸਲਰ ਗੁਰਦਿਆਲ ਸਿੰਘ ਅਟਵਾਲ ਨੇ ਸਿੱਖ ਨਸਲਕੁਸ਼ੀ ਦਾ ਮਾਮਲਾ ਬ੍ਰਮਿੰਘਮ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਉਠਾਇਆ ਉਹਨਾਂ ਲਾਰਡ ਮੇਅਰ ਸੰਬੋਧਨ ਕਰਦਿਆਂ ਕੌਂਸਲ ਲੀਡਰ ਨੂੰ ਕਿਹਾ ਕਿ ਕੀ ਤੁਸੀਂ ਇਹ ਪੁਸ਼ਟੀ ਕਰੋਗੇ ਕਿ ਬ੍ਰਮਿੰਘਮ ਸਿਟੀ ਕੌਂਸਲ ਭਾਰਤ ਵਿੱਚ ਸਿੱਖ ਕੌਮ ਦੇ ਖ਼ਿਲਾਫ ਕੀਤੇ ਗਏ ਜ਼ੁਲਮਾਂ ਨੂੰ, ਖ਼ਾਸ ਕਰਕੇ ਨਵੰਬਰ 1984 ਵਿੱਚ ਦਿੱਲੀ ਵਿੱਚ ਹੋਈ ਨਸਲਕੁਸ਼ੀ ਨੂੰ, ਜਿਨ੍ਹਾਂ ਨੂੰ ਬਹੁਤ ਸਾਰੇ ਲੋਕ ਸਿੱਖ ਕਤਲੇਆਮ ਵਜੋਂ ਵਰਣਨ ਕਰਦੇ ਹਨ, ਅਧਿਕਾਰਕ ਤੌਰ 'ਤੇ ਮਾਨਤਾ ਦੇਣ ਬਾਰੇ ਵਿਚਾਰ ਕਰੇਗੀ?

ਇਸ ਗੱਲ ਦੇ ਭਰੋਸੇਯੋਗ ਸਬੂਤ ਮੌਜੂਦ ਹਨ ਕਿ ਸਿੱਖਾਂ ਦੇ ਘਰਾਂ, ਕਾਰੋਬਾਰਾਂ ਅਤੇ ਧਾਰਮਿਕ ਥਾਵਾਂ ਨੂੰ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਵੱਡੇ ਪੱਧਰ 'ਤੇ ਜਾਨੀ ਨੁਕਸਾਨ ਹੋਇਆ, ਲੋਕਾਂ ਨੂੰ ਬੇਘਰ ਕੀਤਾ ਅਤੇ ਲੰਬੇ ਸਮੇਂ ਦਾ ਮਾਨਸਿਕ ਦੁੱਖ ਪੈਦਾ ਹੋਇਆ। ਸਰਕਾਰੀ ਅੰਕੜਿਆਂ ਮੁਤਾਬਕ 3,000 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਹਨ, ਜਦਕਿ ਹੋਰ ਅੰਦਾਜ਼ੇ ਇਸ ਤੋਂ ਵੀ ਵੱਧ ਗਿਣਤੀ ਦਰਸਾਉਂਦੇ ਹਨ। ਦਹਾਕਿਆਂ ਬਾਅਦ ਵੀ, ਕਈ ਬਚੇ ਹੋਏ ਲੋਕ ਅਜੇ ਵੀ ਇਨਸਾਫ਼ ਦੀ ਮੰਗ ਕਰ ਰਹੇ ਹਨ।

ਉਹਨਾਂ ਕੌਂਸਲ ਅੱਗੇ ਤਿੰਨ ਮੰਗਾਂ ਰੱਖੀਆਂ ਕਿ ਕੀ ਕੌਂਸਲ 1984 ਦੀ ਹਿੰਸਾ ਅਤੇ ਜ਼ੁਲਮਾਂ ਦੀ ਨਿੰਦਾ ਕਰੇਗੀ, ਦੂਜਾ ਸਿੱਖ ਕੌਮ 'ਤੇ ਪਏ ਗੰਭੀਰ ਅਤੇ ਲੰਬੇ ਸਮੇਂ ਦੇ ਪ੍ਰਭਾਵ ਨੂੰ ਮੰਨਣਾ ਅਤੇ ਤੀਜਾ ਅੰਤਰਰਾਸ਼ਟਰੀ ਕਾਨੂੰਨ ਦੇ ਅਨੁਸਾਰ ਇਨਸਾਫ਼, ਮਨੁੱਖੀ ਅਧਿਕਾਰਾਂ ਅਤੇ ਜ਼ਿੰਮੇਵਾਰੀ ਲਈ ਆਪਣੇ ਸਮਰਥਨ ਦੀ ਪੁਸ਼ਟੀ ਕਰੇਗੀ? ਦਿਸ ਦੇ ਜਵਾਬ ਵਿੱਚ ਕੌਂਸਲ ਲੀਡਰ ਜੌਹਨ ਨੇ ਕੌਂਸਲਰ ਅਟਵਾਲ ਦੇ ਵਿਚਾਰਾਂ ਨੂੰ ਸਹੀ ਮੰਨਿਆ ਅਤੇ ਸਿੱਖ ਭਾਈਚਾਰੇ ਵੱਲੋਂ ਬ੍ਰਮਿੰਘਮ ਦੇ ਵਿਕਾਸ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਭਾਵੇਂ ਕੌਂਸਲ ਲੀਡਰ ਨੇ ਉਕਤ ਮਤਿਆਂ ਬਾਰੇ ਸਪਸ਼ਟ ਜਵਾਬ ਨਹੀਂ ਦਿੱਤਾ ਪਰ ਬ੍ਰਮਿੰਘਮ ਸਿਟੀ ਕੌਂਸਲ ਦੇ ਰਿਕਾਰਡ ਵਿੱਚ 84 ਦੀ ਸਿੱਖ ਨਸਲਕੁਸ਼ੀ ਦਾ ਮਾਮਲਾ ਦਰਜ਼ ਹੋ ਗਿਆ ਹੈ।

# ਭਾਰਤੀ ਮੂਲ ਦਾ ਬੀ ਬੀ ਸੀ ਦਾ ਰਿਪੋਰਟਰ ਆਪਣੇ ਬੱਚਿਆਂ ਨੂੰ ਲੈ ਕੇ ਚਿੰਤਤ ਹੈ ਭਾਰਤ ਵਿੱਚ ਕਰਨੀ ਚਾਹੁੰਦਾ ਹੈ ਉਹਨਾਂ ਦੀ ਪ੍ਰਵਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦਾ ਬੀ ਬੀ ਸੀ ਦੇ ਬਰਤਾਨਵੀ ਪੱਤਰਕਾਰ ਅਮੋਲ ਰਾਜਨ ਦਾ ਕਹਿਣਾ ਹੈ ਕਿ ਉਸਨੇ ਭਾਰਤ ਵਿੱਚ ਬੱਚਿਆਂ ਦੀ ਪ੍ਰਵਰਿਸ਼ ਕਰਨ ਬਾਰੇ ਸੋਚਿਆ ਹੈ ਕਿਉਂਕਿ ਉਹ ਬਰਤਾਨੀਆਂ ਨੂੰ ਲੈ ਕੇ 'ਬਹੁਤ ਚਿੰਤਤ' ਹੈ। ਇੰਗਲੈਂਡ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਜਿਸ ਕਾਰਨ ਆਪਣੇ ਪਰਿਵਾਰ ਨੂੰ ਭਾਰਤ ਵਿੱਚ ਮੁੜ ਸਥਾਪਿਤ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਕਲਕੱਤਾ ਵਿੱਚ ਜਨਮੇ ਪੇਸ਼ਕਾਰ ਨੇ ਕਿਹਾ ਕਿ ਚਿੰਤਾ ਇਸ ਗੱਲ ਦੀ ਹੈ ਕਿ ਇੰਗਲੈਂਡ ਹੁਣ ਇਤਿਹਾਸ ਨਹੀਂ ਬਣਾ ਰਿਹਾ।


ਅਮੋਲ ਰਾਜਨ

ਉਹਨਾਂ ਕਿਹਾ ਕਿ ਭਾਰਤ 'ਉਤਸ਼ਾਹਜਨਕ ਅਤੇ ਊਰਜਾਵਾਨ ਹੈ ਜਦ ਕਿ ਬ੍ਰਿਟੇਨ ਹਮੇਸ਼ਾ ਮਹਿਸੂਸ ਨਹੀਂ ਕਰਦਾ'। ਮੈਂ ਆਪਣੇ ਬੱਚਿਆਂ ਨੂੰ ਭਾਰਤ ਲੈ ਜਾਣ ਦੀ ਯੋਜਨਾ ਬਣਾਈ ਹੈ ਜਦੋਂ ਉਹ ਵੱਡੇ ਹੋ ਜਾਣ ਤਾਂ ਖੁਦ ਫੈਸਲਾ ਕਰਣ ਕਿ ਉਹ ਕਿੱਥੇ ਰਹਿਣਾ ਚਾਹੁੰਦੇ ਹਨ।

ਅਮੋਲ ਨੇ 2013 ਵਿੱਚ ਅਕਾਦਮਿਕ ਸ਼ਾਰਲੋਟ ਫੇਅਰਕਲੌਥ ਨਾਲ ਵਿਆਹ ਕੀਤਾ ਸੀ ਅਤੇ ਉਹਨਾਂ ਦੇ ਚਾਰ ਬੱਚੇ ਹਨ। ਰਾਜਨ ਨੇ ਕਿਹਾ ਕਿ ਉਹ ਆਪਣੇ ਦੇਸ਼ ਇੰਗਲੈਂਡ ਨੂੰ ਪਿਆਰ ਕਰਦਾ ਹੈ। '1960 ਅਤੇ 70 ਦੇ ਦਹਾਕੇ ਵਿੱਚ ਇੰਗਲੈਂਡ ਵਿੱਚ ਇਤਿਹਾਸ ਰਚਿਆ ਜਾ ਰਿਹਾ ਸੀ। ਇਥੇ ਸ਼ਾਂਤੀ ਸੀ।

ਭਾਰਤ ਅਜਿਹੀ ਜਗ੍ਹਾ ਹੈ ਜਿੱਥੇ ਇਤਿਹਾਸ ਰਚਿਆ ਜਾ ਰਿਹਾ ਹੈ। 'ਭਾਰਤ 1.4 ਅਰਬ ਲੋਕਾਂ ਦਾ ਇੱਕ ਨੌਜਵਾਨ ਦੇਸ਼ ਹੈ। 'ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਭਾਰਤ ਦਾ ਅਨੁਭਵ ਕਰਨ ਅਤੇ ਫਿਰ ਆਪਣਾ ਫੈਸਲਾ ਕਰਨ।

ਕੰਮ ਬਾਰੇ ਗੱਲ ਕਰਦਿਆਂ ਕਿਹਾ ਕਿ ਮੈਂ ਸ਼ਾਇਦ ਪਿਛਲੇ ਕੁਝ ਸਾਲਾਂ ਵਿੱਚ ਚਾਰ ਜਾਂ ਪੰਜ ਸੌ ਦਰਦ ਨਿਵਾਰਕ ਲਏ ਹਨ। ਮੈਂ ਇਸ ਤੋਂ ਦੂਰ ਜਾਣਾ ਚਾਹੁੰਦਾ ਹਾਂ ਅਤੇ ਮੈਂ ਤੰਦਰੁਸਤ ਅਤੇ ਸਿਹਤਮੰਦ ਰਹਿਣਾ ਚਾਹੁੰਦਾ ਹਾਂ ਅਤੇ ਮੈਂ ਸੌਣਾ ਚਾਹੁੰਦਾ ਹਾਂ।

# ਗੈਂਗਸਟਰਾਂ ’ਤੇ ਕਰੋੜਾਂ ਦੇ ਇਨਾਮ: ਕੀ ਪੰਜਾਬ ਪੁਲਿਸ ਦਾ ਖ਼ੁਫ਼ੀਆ ਤੰਤਰ ਫ਼ੇਲ੍ਹ ਹੋ ਚੁੱਕਾ ਹੈ?

**✪ ਇਸ਼ਤਿਹਾਰਾਂ ਨਾਲ ਨੱਥ ਪਵੇਗੀ ਗੈਂਗਸਟਰਾਂ ਨੂੰ? ਭਗਵੰਤ ਮਾਨ ਸਰਕਾਰ ਦੀ ਨਵੀਂ ‘ਇਨਾਮੀ’ ਨੀਤੀ ’ਤੇ ਉੱਠੇ ਸਵਾਲ ✪ ਵਿਦੇਸ਼ੀ ਧਰਤੀ ਵੀ ਨਹੀਂ ਰਹੀ ਸੁਰੱਖਿਅਤ: ਪੰਜਾਬ ਪੁਲਿਸ ਦਾ ‘ਆਪ੍ਰੇਸ਼ਨ ਕਲੀਨ’ ਹੁਣ ਸੱਤ ਸਮੁੰਦਰੋਂ ਪਾਰ! ✪ ਇਨਾਮਾਂ ’ਤੇ ਸਿਆਸਤ ਗਰਮ: ਭਾਜਪਾ ਨੇ ਦੱਸਿਆ ‘ਸ਼ਰਮਨਾਕ’, ‘ਆਪ’ ਨੇ ਕਿਹਾ-ਇਹ ਹੈ ਅਪਰਾਧ ਮੁਕਤ ਪੰਜਾਬ ਦਾ ਰਾਹ**

**ਖਾਸ ਖ਼ਬਰ**

ਪੰਜਾਬ ਸਰਕਾਰ ਵੱਲੋਂ ਸੂਬੇ ਦੇ 28 ਨਾਮੀ ਗੈਂਗਸਟਰਾਂ ਦੀ ਸੂਹ ਦੇਣ ਵਾਲਿਆਂ ਲਈ 2 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਕਰਨਾ ਇੱਕ ਗੰਭੀਰ ਪ੍ਰਸ਼ਾਸਨਿਕ ਕਦਮ ਹੈ। ਅਖ਼ਬਾਰਾਂ ਵਿੱਚ ਵੱਡੇ ਇਸ਼ਤਿਹਾਰ ਜਾਰੀ ਕਰਕੇ ਜਨਤਾ ਨੂੰ ਇਸ ਮੁਹਿੰਮ ਦਾ ਹਿੱਸਾ ਬਣਾਉਣਾ ਇਹ ਦਰਸਾਉਂਦਾ ਹੈ ਕਿ ਸਰਕਾਰ ਹੁਣ ‘ਗੈਂਗਸਟਰ-ਮੁਕਤ ਪੰਜਾਬ’ ਦੇ ਨਾਅਰੇ ਨੂੰ ਸਿਰਫ਼ ਪੁਲਿਸ ਫਾਈਲਾਂ ਤੱਕ ਸੀਮਤ ਨਹੀਂ ਰੱਖਣਾ ਚਾਹੁੰਦੀ, ਸਗੋਂ ਇਸ ਨੂੰ ਇੱਕ ਲੋਕ-ਮੁਹਿੰਮ ਦਾ ਰੂਪ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

ਭਾਜਪਾ ਆਗੂ ਤਰੁਣ ਚੁੱਘ ਨੇ ਕਿਹਾ ਹੈ ਕਿ ਜਨਤਾ ਤੋਂ ਸੂਚਨਾ ਮੰਗਣਾ ਅਤੇ ਇਨਾਮਾਂ ਦਾ ਐਲਾਨ ਕਰਨਾ ਇਹ ਸਾਬਤ ਕਰਦਾ ਹੈ ਕਿ ਸਰਕਾਰ ਕਾਨੂੰਨ ਵਿਵਸਥਾ ਬਣਾਏ ਰੱਖਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ‘ਆਪ’ ਸਰਕਾਰ ਗੈਂਗਸਟਰ ਸੱਭਿਆਚਾਰ ਨੂੰ ਨੱਥ ਪਾਉਣ ਦੀ ਬਜਾਏ ਅਸਫਲ ਸਾਬਤ ਹੋ ਰਹੀ ਹੈ।

ਕਾਂਗਰਸ ਆਗੂਆਂ (ਜਿਨ੍ਹਾਂ ਵਿੱਚ ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਗਟ ਸਿੰਘ ਨੇ ਸਰਕਾਰ ਨੂੰ ਕਈ ਨੁਕਤਿਆਂ ’ਤੇ ਘੇਰਿਆ ਹੈ: ਕਾਂਗਰਸ ਦਾ ਕਹਿਣਾ ਹੈ ਕਿ ਸਰਕਾਰ ਲੋਕਾਂ ਵਿੱਚ ਆਪਣਾ ਵਿਸ਼ਵਾਸ ਗੁਆ ਚੁੱਕੀ ਹੈ। ਜੇਕਰ ਪੁਲਿਸ ਅਤੇ ਖ਼ੁਫ਼ੀਆ ਤੰਤਰ ਮਜ਼ਬੂਤ ਹੁੰਦਾ, ਤਾਂ ਜਨਤਾ ਤੋਂ ਸੂਹ ਮੰਗਣ ਦੀ ਲੋੜ ਨਹੀਂ ਸੀ ਪੈਣੀ। ਕਾਂਗਰਸ ਅਕਸਰ ਸਵਾਲ ਚੁੱਕਦੀ ਰਹੀ ਹੈ ਕਿ ਗੈਂਗਸਟਰ ਜੇਲ੍ਹਾਂ ਦੇ ਅੰਦਰੋਂ ਇੰਟਰਵਿਊ ਦੇ ਰਹੇ ਹਨ ਅਤੇ ਫਿਰੌਤੀਆਂ ਮੰਗ ਰਹੇ ਹਨ, ਅਜਿਹੇ ਵਿੱਚ ਬਾਹਰਲੇ ਗੈਂਗਸਟਰਾਂ ’ਤੇ ਇਨਾਮ ਰੱਖਣਾ ਸਿਰਫ਼ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ। ਕਾਂਗਰਸ ਦਾ ਦੋਸ਼ ਹੈ ਕਿ ਸਰਕਾਰ ਸਿਰਫ਼ ਇਸ਼ਤਿਹਾਰਬਾਜ਼ੀ ਕਰ ਰਹੀ ਹੈ, ਜਦੋਂ ਕਿ ਇਨਸਾਫ਼ ਦੇਣ ਦੀ ਪ੍ਰਕਿਰਿਆ ਬਹੁਤ ਸੁਸਤ ਹੈ।

ਅਕਾਲੀ ਦਲ ਨੇ ਇਸ ਮੁਹਿੰਮ ਨੂੰ “ਦਹਿਸ਼ਤ ਦਾ ਮਾਹੌਲ” ਅਤੇ “ਪ੍ਰਸ਼ਾਸਨਿਕ ਦਿਵਾਲੀਆਪਨ” ਦੱਸਿਆ ਹੈ: ਅਕਾਲੀ ਦਲ ਦੇ ਆਗੂਆਂ ਸੁਖਬੀਰ ਸਿੰਘ ਬਾਦਲ ਤੇ ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪੂਰੇ ਦੇਸ਼ ਦੇ ਅਖ਼ਬਾਰਾਂ ਵਿੱਚ ਗੈਂਗਸਟਰਾਂ ਦੀਆਂ ਤਸਵੀਰਾਂ ਛਾਪ ਕੇ ਸਰਕਾਰ ਨੇ ਪੰਜਾਬ ਨੂੰ ਇੱਕ ‘ਅਪਰਾਧਿਕ ਸੂਬੇ’ ਵਜੋਂ ਪੇਸ਼ ਕੀਤਾ ਹੈ, ਜਿਸ ਨਾਲ ਨਿਵੇਸ਼ਕਾਂ ਅਤੇ ਸੈਲਾਨੀਆਂ ਵਿੱਚ ਗਲਤ ਸੁਨੇਹਾ ਜਾਂਦਾ ਹੈ। ਅਕਾਲੀ ਦਲ ਮੁਤਾਬਕ, ਸਰਕਾਰ ਆਪਣੀ ਜ਼ਿੰਮੇਵਾਰੀ ਆਮ ਲੋਕਾਂ ਦੇ ਸਿਰ ਪਾ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਜਾਣਕਾਰੀ ਦੇਣ ਵਾਲੇ ਨਾਗਰਿਕ ਦੀ ਜਾਨ ਦੀ ਜ਼ਿੰਮੇਵਾਰੀ ਸਰਕਾਰ ਲਵੇਗੀ? ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੇ ਇਸ ਨੂੰ ‘ਫੋਟੋ-ਸ਼ੂਟ’ ਸਰਕਾਰ ਦੀ ਇੱਕ ਹੋਰ ਮਿਸਾਲ ਦੱਸਿਆ ਹੈ, ਜੋ ਜ਼ਮੀਨੀ ਕੰਮ ਕਰਨ ਦੀ ਬਜਾਏ ਇਸ਼ਤਿਹਾਰਾਂ ’ਤੇ ਕਰੋੜਾਂ ਰੁਪਏ ਬਰਬਾਦ ਕਰ ਰਹੀ ਹੈ।




ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਕਿਹਾ ਕਿ ਸਰਕਾਰ ਗੈਂਗਸਟਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ’ਤੇ ਚੱਲ ਰਹੀ ਹੈ ਅਤੇ ਕਿਸੇ ਵੀ ਅਪਰਾਧੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਚਾਹੇ ਉਹ ਕਿਸੇ ਵੀ ਦੇਸ਼ ਵਿੱਚ ਲੁਕਿਆ ਹੋਵੇ।


ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ, ਲਖਬੀਰ ਲੰਡਾ ਅਤੇ ਹਰਵਿੰਦਰ ਰਿੰਦਾ ਵਰਗੇ ਅਪਰਾਧੀਆਂ ’ਤੇ 10-10 ਲੱਖ ਰੁਪਏ ਦਾ ਇਨਾਮ ਰੱਖਣਾ ਇਹ ਸੁਨੇਹਾ ਦਿੰਦਾ ਹੈ ਕਿ ਰਾਜ ਸੱਤਾ ਇਨ੍ਹਾਂ ਭਗੌੜਿਆਂ ਨੂੰ ਫੜਨ ਲਈ ਹਰ ਹੀਲਾ ਵਰਤਣ ਲਈ ਤਿਆਰ ਹੈ। ਪੰਜਾਬ ਪੁਲਿਸ ਵੱਲੋਂ ਬਣਾਇਆ ਗਿਆ ਨਵਾਂ ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਸੈੱਲ (OFTEX) ਇੱਕ ਅਹਿਮ ਪਹਿਲ ਹੈ, ਕਿਉਂਕਿ ਅੱਜ ਗੈਂਗਸਟਰਵਾਦ ਦੀਆਂ ਜੜ੍ਹਾਂ ਸੱਤ ਸਮੁੰਦਰੋਂ ਪਾਰ ਕੈਨੇਡਾ, ਅਮਰੀਕਾ ਅਤੇ ਦੁਬਈ ਵਰਗੇ ਮੁਲਕਾਂ ਤੱਕ ਫੈਲੀਆਂ ਹੋਈਆਂ ਹਨ। ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਦੁਬਈ ਤੋਂ ਗ੍ਰਿਫਤਾਰੀ ਇਸ ਦੀ ਮਿਸਾਲ ਹੈ। ਹਾਲਾਂਕਿ, ਇਸ ਜਨਤਕ ਮੁਹਿੰਮ ’ਤੇ ਵਿਰੋਧੀ ਧਿਰਾਂ ਵੱਲੋਂ ਉਠਾਏ ਗਏ ਸਵਾਲਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਜਦੋਂ ਸਰਕਾਰ ਨੂੰ ਅਪਰਾਧੀਆਂ ਨੂੰ ਫੜਨ ਲਈ ਨਾਗਰਿਕਾਂ ਦੇ ਸਹਿਯੋਗ ਅਤੇ ਨਕਦ ਇਨਾਮਾਂ ਦਾ ਸਹਾਰਾ ਲੈਣਾ ਪੈਂਦਾ ਹੈ, ਤਾਂ ਇਹ ਸਿੱਧੇ ਤੌਰ ’ਤੇ ਸੂਬੇ ਦੀ ਖ਼ੁਫ਼ੀਆ ਤੰਤਰ ਦੀ ਕਮਜ਼ੋਰੀ ਨੂੰ ਵੀ ਉਜਾਗਰ ਕਰਦਾ ਹੈ। ਸਵਾਲ ਇਹ ਵੀ ਉੱਠਦਾ ਹੈ ਕਿ ?ਜੇਕਰ ਗੈਂਗਸਟਰ ਵਿਦੇਸ਼ਾਂ ਵਿੱਚ ਬੈਠੇ ਹਨ, ਤਾਂ ਪੰਜਾਬ ਦਾ ਇੱਕ ਆਮ ਨਾਗਰਿਕ ਉਨ੍ਹਾਂ ਬਾਰੇ ਪੁਖ਼ਤਾ ਜਾਣਕਾਰੀ ਕਿਵੇਂ ਦੇ ਸਕੇਗਾ? ਕੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਸੁਰੱਖਿਆ ਸੱਚਮੁੱਚ ਯਕੀਨੀ ਹੋਵੇਗੀ, ਜਦੋਂ ਕਿ ਇਹ ਗੈਂਗਸਟਰ ਜੇਲ੍ਹਾਂ ਦੇ ਅੰਦਰੋਂ ਵੀ ਆਪਣਾ ਨੈੱਟਵਰਕ ਚਲਾਉਣ ਦੀ ਸਮਰੱਥਾ ਰੱਖਦੇ ਹਨ?

ਮਾਹਿਰਾਂ ਦਾ ਕਹਿਣਾ ਹੈ ਕਿ ਸਿਰਫ਼ ਇਨਾਮਾਂ ਦਾ ਐਲਾਨ ਕਰਨਾ ਜਾਂ ਇਸ਼ਤਿਹਾਰਬਾਜ਼ੀ ਕਰਨਾ ਕਾਫ਼ੀ ਨਹੀਂ ਹੈ। ਪੰਜਾਬ ਵਿੱਚ ਗੈਂਗਸਟਰ ਸੱਭਿਆਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਿਆਸੀ ਸਰਪ੍ਰਸਤੀ ਦਾ ਖ਼ਾਤਮਾ, ਪੁਲਿਸ ਦਾ ਆਧੁਨਿਕੀਕਰਨ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਮਜ਼ਬੂਤ ਕੂਟਨੀਤੀ ਦੀ ਲੋੜ ਹੈ। ਸਰਕਾਰ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਇਹ ਮੁਹਿੰਮ ਮਹਿਜ਼ ਇੱਕ ‘ਪਬਲੀਸਿਟੀ ਸਟੰਟ’ ਬਣ ਕੇ ਨਾ ਰਹਿ ਜਾਵੇ, ਸਗੋਂ ਇਸ ਦੇ ਨਤੀਜੇ ਜ਼ਮੀਨੀ ਪੱਧਰ ’ਤੇ ਕਾਨੂੰਨ ਵਿਵਸਥਾ ਵਿੱਚ ਸੁਧਾਰ ਦੇ ਰੂਪ ਵਿੱਚ ਦਿਖਾਈ ਦੇਣ।

“ਗੈਂਗਸਟਰ-ਮੁਕਤ ਪੰਜਾਬ” ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਪਰਾਧੀਆਂ ਦੇ ਮਨ ਵਿੱਚ ਕਾਨੂੰਨ ਦਾ ਖ਼ੌਫ਼ ਅਤੇ ਆਮ ਨਾਗਰਿਕ ਦੇ ਮਨ ਵਿੱਚ ਪੁਲਿਸ ਪ੍ਰਤੀ ਵਿਸ਼ਵਾਸ ਪੈਦਾ ਹੋਵੇ।

## ਲੁਧਿਆਣਾ ਬੱਸ ਸਟੈਂਡ ਨੇੜੇ ਨਸ਼ੇ ਅਤੇ ਦੇਹ ਵਪਾਰ ਦਾ ਬੋਲਬਾਲਾ

**✪ ਵਾਇਰਲ ਵੀਡੀਓ ਨੇ ਸਰਕਾਰ ਉਪਰ ਲਗਾਏ ਪ੍ਰਸ਼ਨ ਚਿੰਨ**



ਲੁਧਿਆਣਾ-ਸ਼ਹਿਰ ਦਾ ਬੱਸ ਸਟੈਂਡ ਇਲਾਕਾ ਨਸ਼ੇੜੀਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ। ਹਾਲ ਹੀ ਵਿੱਚ ਸੋਸ਼ਲ ਮੀਡੀਆ ’ਤੇ ਵਾਇਰਲ ਹੋਈਆਂ ਕੁਝ ਵੀਡੀਓਜ਼ ਨੇ ਪ੍ਰਸ਼ਾਸਨ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਵੀਡੀਓ ਵਿੱਚ ਇੱਕ ਨੌਜਵਾਨ ਅਤੇ ਮੁਟਿਆਰ ਨਸ਼ੇ ਦੀ ਹਾਲਤ ਵਿੱਚ ਬੇਸੁੱਧ ਹੋ ਕੇ ਸੜਕ ’ਤੇ ਪਏ ਦਿਖਾਈ ਦੇ ਰਹੇ ਹਨ। ਇਹ ਵੀਡੀਓ ਬੱਸ ਸਟੈਂਡ ਨੇੜਲੇ ਹੋਟਲਾਂ ਦੇ ਬਾਹਰ ਦੀ ਦੱਸੀ ਜਾ ਰਹੀ ਹੈ। ਇਸ ਮੁੱਦੇ ’ਤੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਨਿਸ਼ਾਨੇ ’ਤੇ ਲਿਆ ਹੈ। ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀਡੀਓ ਸਾਂਝੀ ਕਰਦਿਆਂ ਭਗਵੰਤ ਮਾਨ ਸਰਕਾਰ ’ਤੇ ਤਿੱਖੇ ਹਮਲੇ ਕੀਤੇ ਹਨ। ਮਜੀਠੀਆ ਨੇ ਸਰਕਾਰ ਦੀ ‘ਨਸ਼ਾ ਵਿਰੋਧੀ ਮੁਹਿੰਮ’ ਨੂੰ ਸਿਰਫ਼ ਕਾਗਜ਼ੀ ਕਾਰਵਾਈ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਗ੍ਰਿਫ਼ਤਾਰੀਆਂ ਦੇ ਅੰਕੜੇ ਜਨਤਾ ਨੂੰ ਗੁੰਮਰਾਹ ਕਰਨ ਲਈ ਹਨ, ਜਦਕਿ ਜ਼ਮੀਨੀ ਪੱਧਰ ’ਤੇ ਨਸ਼ਾ ਖੁੱਲ੍ਹੇਆਮ ਵਿਕ ਰਿਹਾ ਹੈ। ਸਥਾਨਕ ਲੋਕਾਂ ਅਤੇ ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਪੁਲਿਸ ਦੀ ਨੱਕ ਹੇਠ ਚੱਲ ਰਿਹਾ ਇਹ ਗੈਰ-ਕਾਨੂੰਨੀ ਧੰਦਾ ਪੰਜਾਬ ਦੀ ਜਵਾਨੀ ਲਈ ਘਾਤਕ ਸਿੱਧ ਹੋ ਰਿਹਾ ਹੈ।


## ਵਿਆਹ ਦਾ ਝਾਂਸਾ ਦੇ ਕੇ ਜਿਨਸੀ ਸ਼ੋਸ਼ਣ: ਪਹਿਲਾਂ ਤੋਂ ਵਿਆਹੇ ਨੌਜਵਾਨ ਵਿਰੁੱਧ ਕੇਸ ਦਰਜ

ਲੁਧਿਆਣਾ-ਲੁਧਿਆਣਾ ਵਿੱਚ ਇੱਕ ਮੁਟਿਆਰ ਨਾਲ ਵਿਆਹ ਦਾ ਲਾਰਾ ਲਾ ਕੇ ਉਸ ਦੀ ਇੱਜ਼ਤ ਨਾਲ ਖਿਲਵਾੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਪੀੜਤਾ ਦੀ ਸ਼ਿਕਾਇਤ ’ਤੇ ਮੁਲਜ਼ਮ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁਲਜ਼ਮ ਨਿਤਿੰਦਰ ਸਿੰਘ ਨੇ ਖ਼ੁਦ ਨੂੰ ਕੁਆਰਾ ਦੱਸ ਕੇ ਪੀੜਤਾ ਨਾਲ ਦੋਸਤੀ ਕੀਤੀ ਅਤੇ ਪਿਆਰ ਦਾ ਨਾਟਕ ਰਚਿਆ। ਵਿਆਹ ਦਾ ਝਾਂਸਾ ਦੇ ਕੇ ਮੁਲਜ਼ਮ ਲੰਬੇ ਸਮੇਂ ਤੱਕ ਪੀੜਤਾ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ। ਜਦੋਂ ਪੀੜਤਾ ਨੂੰ ਮੁਲਜ਼ਮ ਦੇ ਵਿਆਹੁਤਾ ਹੋਣ ਦੀ ਸੱਚਾਈ ਪਤਾ ਲੱਗੀ ਤਾਂ ਉਸ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਲੁਧਿਆਣਾ ਪੁਲਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਵਿਸ਼ਵ ਯੁੱਧਾਂ ਵਿੱਚ ਹਿੱਸਾ ਲੈਣ ਵਾਲੇ ਸਿੱਖਾਂ ਸੈਨਿਕਾਂ ਦੀ ਸਾਊਥਾਲ ਵਿੱਚ ਬਣੇਗੀ ਯਾਦਗਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਅਜ਼ਾਦੀ ਲਈ ਸਿੱਖਾਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਾਊਥਾਲ ਵਿੱਚ ਇੱਕ "ਸਿੱਖ ਯੁੱਧ ਯਾਦਗਰ" ਬਣਨ ਜਾ ਰਹੀ ਹੈ। ਇਹ ਯਾਦ ਬਰਤਾਨਵੀ ਫੌਜ ਵਿੱਚ ਸਿੱਖ ਸੈਨਿਕਾਂ ਦੇ ਇਤਿਹਾਸਕ ਯੋਗਦਾਨ ਅਤੇ ਕੁਰਬਾਨੀਆਂ ਦੀ ਯਾਦ ਵਿੱਚ ਤਿਆਰ ਕੀਤਾ ਜਾਵੇਗਾ। ਸਾਊਥਾਲ ਦੇ ਮੈਨਰ ਹਾਊਸ ਦੇ ਗਰਾਊਂਡ ਵਿੱਚ ਯਾਦਗਰ ਬਣਾਉਣ ਲਈ ਈਲਿੰਗ ਕੌਂਸਲ ਕੋਲ ਇੱਕ ਅਰਜ਼ੀ ਬ੍ਰਿਟਿਸ਼ ਸਿੱਖ ਐਸੋਸ਼ੀਏਸ਼ਨ ਵੱਲੋਂ ਦਿੱਤੀ ਗਈ ਹੈ, ਜਿਸ ਦੇ ਚੇਅਰਮੈਨ ਲਾਰਡ ਰੰਮੀ ਰੇਂਜ਼ਰ ਹਨ, ਜਿਹਨਾਂ ਦਾ ਨਾਮ ਅਰਜ਼ੀ ਵਿੱਚ ਦਿੱਤਾ ਗਿਆ ਹੈ। ਰੰਮੀ ਰੇਂਜ਼ਰ ਖੁਦ ਵੀ ਸਿੱਖ ਹਨ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਉਹ ਬਰਤਾਨਵੀ ਸੰਸਦ ਦੇ ਉਪਰਲੇ ਸਦਨ ਦੇ ਮੈਂਬਰ ਹਨ।

ਇਸ ਯਾਦਗਰ ਦੀ ਉਸਾਰੀ ਨਿੱਜੀ ਤੌਰ ਤੇ ਹੋਵੇਗੀ। ਇਸਦਾ ਉਦੇਸ਼ ਬ੍ਰਿਟਿਸ਼ ਭਾਰਤੀ ਫੌਜ ਵਿੱਚ ਲੜਨ ਵਾਲੇ ਸਿੱਖ ਸੈਨਿਕਾਂ ਨੂੰ ਸ਼ਰਧਾਂਜਲੀ ਦੇਣਾ ਹੈ। ਸਾਊਥਾਲ ਵਿੱਚ ਸਿੱਖ ਯਾਦਗਾਰ ਬਣਾਉਣ ਦੇ ਸਿਧਾਂਤ ਨੂੰ ਪਹਿਲਾਂ ਈਲਿੰਗ ਕੌਂਸਲ



ਸਿੱਖ ਯਾਦਗਰ ਲਈ ਤਿਆਰ ਕੀਤਾ ਚਿੱਤਰ

ਤੋਂ ਪੁਰਾਣੇ ਫਾਇਰ ਸਟੇਸ਼ਨ ਦੇ ਸਾਹਮਣੇ ਇੱਕ ਜਗ੍ਹਾ ਲਈ ਪ੍ਰਵਾਨਗੀ ਮਿਲ ਗਈ ਸੀ। ਜਦ ਕਿ ਹੁਣ ਇਸ ਨੂੰ ਮੈਨੋਰ ਹਾਊਸ ਗਰਾਊਂਡ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਇਸ ਕਾਰਜ਼ ਲਈ ਅੰਦਾਜ਼ਨ 20 ਲੱਖ ਪੌਂਡ ਤੱਕ ਦੀ ਲਾਗਤ ਦਾ ਅਨੁਮਾਨ ਹੈ। ਅਰਜ਼ੀ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਯਾਦਗਰ ਦਾ ਕੰਮ ਇਸ ਸਾਲ ਜੁਲਾਈ ਅਤੇ ਅਗਸਤ ਦੇ ਵਿਚਕਾਰ ਸ਼ੁਰੂ ਹੋ ਕੇ ਅਗਸਤ ਜਾਂ ਸਤੰਬਰ ਵਿੱਚ ਪੂਰਾ ਹੋ ਜਾਵੇਗਾ।

ਇਸ ਯਾਦਗਾਰ ਵਿੱਚ ਇੱਕ ਸਿੱਖ ਸਿਪਾਹੀ ਦੀ 1.8 ਮੀਟਰ ਉੱਚੀ ਕਾਂਸੀ ਦੀ ਮੂਰਤੀ ਹੋਵੇਗੀ। ਇਹ ਸ਼ਿਨ ਬੇਜ ਗ੍ਰੇਨਾਈਟ ਤੋਂ ਬਣੇ ਪੈਡਸਟੋਨ 'ਤੇ ਖੜ੍ਹੀ ਹੋਵੇਗੀ ਅਤੇ ਇਸ ਦੇ ਆਲੇ-ਦੁਆਲੇ ਤਿੰਨ ਪੌੜੀਆਂ ਹੋਣਗੀਆਂ, ਹਰ ਇੱਕ 175 ਮਿਲੀਮੀਟਰ ਉੱਚੀ, ਬੇਜ ਟ੍ਰੈਵਰਟਾਈਨ ਪੱਥਰ ਦੀ ਬਣੀ ਹੋਵੇਗੀ।

ਜਿਸ ਤੇ "ਮੈਨੂੰ ਇਹ ਅਸੀਸ ਦਿਓ ਹੇ ਪ੍ਰਮਾਤਮਾ, ਮੈਂ ਕਦੇ ਵੀ ਧਰਮੀ ਕੰਮਾਂ ਤੋਂ ਨਾ ਡਰਾਂ"। ਇਹ ਸਮਾਰਕ "ਦੋ ਵਿਸ਼ਵ ਯੁੱਧਾਂ ਵਿੱਚ ਲੜੇ ਬ੍ਰਿਟਿਸ਼ ਭਾਰਤੀ ਫੌਜ ਦੇ ਸਿੱਖ ਸੈਨਿਕਾਂ" ਨੂੰ ਸਮਰਪਿਤ ਹੈ ਲਿਖਿਆ ਹੋਵੇਗਾ।



ਲਾਰਡ ਰੰਮੀ ਰੇਂਜ਼ਰ

## ਯੂ ਕੇ ਵਿੱਚ ਗਏ ਪੜ੍ਹਨ ਗਏ ਬੇਟੇ ਨੂੰ ਦੋ ਸਾਲਾਂ ਬਾਅਦ ਮਾਪਿਆਂ ਨਾਲ ਮਿਲਾਇਆ ਨਰਪਿੰਦਰ ਕੌਰ ਮਾਨ ਬੀ ਈ ਐਮ ਨੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਅਕਤੂਬਰ 2020 ਵਿੱਚ ਪੜ੍ਹਾਈ ਲਈ ਗਏ ਜਿਲ੍ਹਾ ਸੰਗਰੂਰ ਦੇ ਇੱਕ ਪੰਜਾਬੀ ਨੌਜਵਾਨ ਪ੍ਰਦੀਪ ਸਿੰਘ ਦਾ ਆਪਣੇ ਮਾਪਿਆਂ ਨਾਲ ਜਨਵਰੀ 2023 ਤੋਂ ਕੋਈ ਸੰਪਰਕ ਨਹੀਂ ਸੀ ਹੋ ਰਿਹਾ। ਆਖਿਰ ਪ੍ਰਦੀਪ ਦੇ ਪਿਤਾ ਅਵਤਾਰ ਸਿੰਘ ਨੇ ਯੂ ਕੇ ਦੀਆਂ ਸਿੱਖ ਸੰਸਥਾਵਾਂ ਤੋਂ ਈਮੇਲ ਰਾਹੀਂ ਸੰਪਰਕ ਕਰਕੇ ਮਦਦ ਮੰਗੀ। ਜਿਸ ਤੋਂ ਬਾਅਦ ਯੂਨਾਈਟਡ ਹਿਊਮੈਨਿਟੇਰੀਅਨ ਸਿੱਖ ਏਡ ਅਤੇ ਯੂਨਾਈਟਡ ਸਿੱਖਸ ਐਚ ਕਿਊ ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ ਬੀ ਈ ਐਮ ਨੇ ਯੂ ਕੇ ਦੀਆਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸ਼ੋਸ਼ਲ ਅਤੇ ਸਥਾਨਿਕ ਮੀਡੀਆ ਅਤੇ ਹੋਰ ਲੋਕਾਂ ਨਾਲ ਸੰਪਰਕ ਕਰਕੇ ਆਖਿਰ 5 ਹਫਤਿਆਂ ਦੀ ਸਖ਼ਤ ਮੇਹਨਤ ਤੋਂ ਬਾਅਦ ਪ੍ਰਦੀਪ ਸਿੰਘ ਤੱਕ ਪਹੁੰਚਣ ਵਿੱਚ ਕਾਮਯਾਬ ਹਾਸਿਲ ਕਰ ਲਈ।



ਨਰਪਿੰਦਰ ਕੌਰ ਮਾਨ ਬੀ ਈ ਐਮ

ਨਰਪਿੰਦਰ ਨੇ ਦੱਸਿਆ ਕਿ ਪ੍ਰਦੀਪ ਆਪਣੇ ਮਾਪਿਆਂ ਦੇ ਸੰਪਰਕ ਵਿੱਚ ਆਉਣ ਤੋਂ ਕੁਝ ਸਮੇਂ ਬਾਅਦ ਹੀ ਵਾਪਿਸ ਪੰਜਾਬ ਚਲਾ ਗਿਆ ਹੈ। ਇਸ ਸਬੰਧੀ ਨਰਪਿੰਦਰ ਕੌਰ ਮਾਨ ਨੇ ਦੱਸਿਆ ਕਿ ਪ੍ਰਦੀਪ ਸਿੰਘ ਦੇ ਮਾਪੇ ਹੁਣ ਖੁਸ਼ ਹਨ ਅਤੇ ਅਵਤਾਰ ਸਿੰਘ ਨੇ ਮਦਦ ਲਈ ਨਰਪਿੰਦਰ ਕੌਰ ਮਾਨ ਦਾ ਧੰਨਵਾਦ ਵੀ ਕੀਤਾ ਹੈ।

ਨਰਪਿੰਦਰ ਨੇ ਕਿਹਾ ਕਿ ਉਸ ਕੋਲ ਕਈ ਤਰ੍ਹਾਂ ਦੇ ਕੇਸ ਆਉਂਦੇ ਹਨ, ਉਹ ਹਰ ਹਫਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਲੋੜਵੰਦ ਲੋਕਾਂ ਦੀ ਮਦਦ ਕਰਦੀ ਹੈ, ਲੇਕਨ ਅਜੇਹਾ ਮਾਮਲਾ ਉਸ ਨੇ ਪਹਿਲੀ ਵਾਰ ਵੇਖਿਆ ਹੈ। ਉਸ ਨੂੰ ਖੁਸ਼ੀ ਹੈ ਕਿ ਉਹ ਇੱਕ ਬੇਟੇ ਅਤੇ ਉਸ ਦੇ ਮਾਪਿਆਂ ਨੂੰ ਮਿਲਾਉਣ ਦਾ ਜ਼ਰੀਆ ਬਣੀ ਹੈ।

## ਜਿਸ ਏਅਰ ਇੰਡੀਆ ਹਾਦਸੇ ਵਿੱਚ ਮੇਰੇ ਮਾਪਿਆਂ ਦੀ ਮੌਤ ਹੋਈ ਉਸ ਦੇ ਪਾਇਲਟ ਦੋਸ਼ੀ ਨਹੀਂ ਹੋ ਸਕਦੇ - ਹਰੇਸ਼ ਕੁਬਰੇਰਭਾਈ ਪਟੇਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਹਿਮਦਾਬਾਦ ਤੋਂ ਲੰਡਨ ਆ ਰਹੇ ਏਅਰ ਇੰਡੀਆ ਦੇ ਹਾਦਸੇ ਵਿੱਚ ਮਾਰੇ ਗਏ 72 ਸਾਲਾ ਕੁਬੇਰਭਾਈ ਖੇਮਚੰਦਦਾਸ ਪਟੇਲ ਅਤੇ 69 ਸਾਲਾ ਬਾਬੀਬੇਨ ਕੁਬੇਰਭਾਈ ਪਟੇਲ ਦੇ ਬੇਟੇ ਹਰੇਸ਼ ਕੁਬੇਰਭਾਈ ਪਟੇਲ ਨੇ ਕਿਹਾ ਕਿ ਜਿਸ ਤਰ੍ਹਾਂ ਹਾਦਸੇ ਲਈ ਪਾਇਲਟ ਨੂੰ ਜਿੰਮੇਂਵਾਰ ਕਿਹਾ ਜਦ ਰਿਹਾ ਹੈ, ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਹਰੇਸ਼ ਕੁਬੇਰਭਾਈ ਪਟੇਲ ਦੇ ਮਾਤਾ-ਪਿਤਾ 12 ਜੂਨ, 2025 ਨੂੰ ਉਹਨਾਂ 260 ਲੋਕ ਨਾਲ ਮਾਰੇ ਗਏ ਸਨ, ਜੋ ਜਹਾਜ਼ ਵਿੱਚ ਸਵਾਰ ਸਨ, ਇਹਨਾਂ ਮ੍ਰਿਤਕਾਂ ਵਿੱਚ 52 ਬਰਤਾਨਵੀ ਨਾਗਰਿਕ ਸ਼ਾਮਲ ਸਨ।




ਏਅਰ ਇੰਡੀਆ ਹਾਦਸੇ ਵਿੱਚ ਮਾਰੇ ਗਏ ਕੁਬੇਰਭਾਈ ਖੇਮਚੰਦਦਾਸ ਪਟੇਲ ਅਤੇ ਬਾਬੀਬੇਨ ਕੁਬੇਰਭਾਈ ਪਟੇਲ

30 ਪ੍ਰੀਵਾਰਾਂ ਨੇ ਯੂ ਕੇ ਦੀ ਹਵਾਈ ਦੁਰਘਟਨਾਵਾਂ ਜਾਂਚ ਸ਼ਾਖਾ ਨੂੰ ਪੱਤਰ ਲਿਖ ਕੇ ਅਹਿਮਦਾਬਾਦ ਤੋਂ ਲੰਡਨ ਜਾਣ ਵਾਲੀ ਉਡਾਣ ਦੇ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। 12 ਬਰਤਾਨਵੀ ਪ੍ਰੀਵਾਰਾਂ ਨੇ ਲਿਖਿਆ ਕਿ ਇਸ ਹਾਦਸੇ ਦੀਆਂ ਘਟਨਾਵਾਂ ਨੂੰ ਹੁਣ ਤੱਕ ਕਿਵੇਂ ਸਮਝਾਇਆ ਗਿਆ ਹੈ, ਇਸ ਬਾਰੇ ਗੰਭੀਰ ਚਿੰਤਾਵਾਂ ਹਨ।

2005 ਵਿੱਚ ਯੂ ਕੇ ਆਏ 49 ਸਾਲਾ ਹਰੇਸ਼ ਨੇ ਕਿਹਾ ਕਿ 'ਮੈਂ ਉਸ ਦਿਨ ਨੂੰ ਯਾਦ ਨਹੀਂ ਰੱਖਣਾ ਚਾਹੁੰਦਾ। ਮੈਂ ਆਪਣੇ ਮਾਤਾ-ਪਿਤਾ ਨੂੰ ਗੁਆ ਦਿੱਤਾ ਹੈ ਅਤੇ ਇਹ ਸਾਡੇ ਲਈ ਇੱਕ ਮੁਸ਼ਕਲ ਸਮਾਂ ਹੈ। ਹਰੇਸ਼ ਨੇ ਕਿਹਾ ਕਿ ਉਹ ਅਤੇ ਹੋਰ ਪੀੜਤਾਂ ਦੇ ਪਰਿਵਾਰ 'ਅਜੇ ਵੀ ਸੱਚਾਈ ਦੇ ਸਾਹਮਣੇ ਆਉਣ ਦੀ ਉਡੀਕ ਕਰ ਰਹੇ ਹਨ'। ਜੋ ਰਿਪੋਰਟਾਂ ਆਈਆਂ ਹਨ ਕਿ ਭਾਰਤੀ ਜਾਂਚਕਰਤਾ ਹਾਦਸੇ ਪਿੱਛੇ ਪਾਇਲਟ ਨੂੰ ਦੋਸ਼ੀ ਮੰਨਦੇ ਹਨ। 'ਮੈਂ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦਾ। ਕੋਈ ਵੀ ਇਸ ਤਰ੍ਹਾਂ ਲੋਕਾਂ ਦੀਆਂ ਜਾਨਾਂ ਨੂੰ ਖ਼ਤਰੇ ਵਿੱਚ ਕਿਵੇਂ ਪਾ ਸਕਦਾ ਹੈ? 'ਇਹ ਇੱਕ ਤਕਨੀਕੀ ਸਮੱਸਿਆ ਹੋ ਸਕਦੀ ਹੈ। ਜਿਸ ਦੇ ਜਵਾਬ ਦੀ ਉਡੀਕ ਕਰ ਰਹੇ ਹਾਂ।'

## ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੋਸ਼ਲ ਮੀਡੀਆ ਨੂੰ ਦਿੱਤੀ ਚਿਤਾਵਨੀ

ਬ੍ਰਿਟੇਨ : ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਕਿਹਾ ਕਿ ਉਹ ਉਪਭੋਗਤਾ ਨੂੰ ਘੰਟਿਆਂ ਤੱਕ ਵੀਡੀਓ ਦੇਖਦੇ ਰਹਿਣ ਵਾਲੇ "ਅਨਲਿਮਟਿਡ ਸਕ੍ਰੋਲ" ਫੀਚਰ ਨੂੰ ਖਤਮ ਕਰਨ। ਉਨ੍ਹਾਂ ਕਿਹਾ ਕਿ ਇੰਸਟਾਗ੍ਰਾਮ ਅਤੇ ਟਿੱਕਟੌਕ ਵਰਗੇ ਪਲੇਟਫਾਰਮ ਨੌਜਵਾਨਾਂ ਵਿੱਚ ਆਦਤ ਪੈਦਾ ਕਰ ਰਹੇ ਹਨ ਅਤੇ ਇਹ ਇੱਕ ਵੱਡੀ ਸਮੱਸਿਆ ਬਣ ਗਈ ਹੈ।ਇੱਕ ਇੰਟਰਵਿਊ ਦੌਰਾਨ ਸਟਾਰਮਰ ਨੇ ਖੁਲਾਸਾ ਕੀਤਾ ਕਿ ਬ੍ਰਿਟਿਸ਼ ਸਰਕਾਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ 'ਤੇ ਵਿਚਾਰ ਕਰ ਰਹੀ ਹੈ । ਇਸ ਤੋਂ ਇਲਾਵਾ ਉਨ੍ਹਾਂ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਕਰਫਿਊ, ਐਪ ਸਮਾਂ ਸੀਮਾਵਾਂ ਅਤੇ ਹੋਰ ਪਾਬੰਦੀਆਂ ਵਰਗੇ ਉਪਾਅ ਪਾਇਲਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਕੰਪਨੀਆਂ ਵੱਲੋਂ ਵਰਤੇ ਜਾਣ ਵਾਲੇ ਐਲਗੋਰਿਦਮ ਉਪਭੋਗਤਾਵਾਂ ਨੂੰ ਉਨ੍ਹਾਂ ਦੇ ਪਲੇਟਫਾਰਮਾਂ 'ਤੇ ਲੰਬੇ ਸਮੇਂ ਲਈ ਰੁਝੇ ਰੱਖਣ ਲਈ ਤਿਆਰ ਕੀਤੇ ਗਏ ਹਨ।ਇਸ ਦੌਰਾਨ ਹੋਰ ਦੇਸ਼ ਵੀ ਇਸ ਦਿਸ਼ਾ ਵਿੱਚ ਕਦਮ ਚੁੱਕ ਰਹੇ ਹਨ। ਪਿਛਲੇ ਦਸੰਬਰ ਵਿੱਚ ਆਸਟ੍ਰੇਲੀਆ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਾਗੂ ਕਰਨ ਵਾਲਾ ਦੁਨੀਆ ਦਾ ਪਹਿਲਾ ਦੇਸ਼ ਬਣ ਗਿਆ ਸੀ। ਗ੍ਰੀਸ ਅਤੇ ਇੰਡੋਨੇਸ਼ੀਆ ਨੇ ਵੀ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ।



# ਇੰਗਲੈਂਡ ਦੇ ਗੁਰਦੁਆਰਾ ਸਾਹਿਬ ਵਿਖੇ ਮੁੜ ਨਫ਼ਰਤੀ ਅਪਰਾਧ ਕੱਚਾ ਮੀਟ ਸੁੱਟਣ ਵਾਲੇ ਨੂੰ ਕੀਤਾ ਮੌਕੇ ਤੇ ਗ੍ਰਿਫ਼ਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਮਿਡਲੈਂਡ ਦੇ ਸ਼ਹਿਰ ਵੈਸਟ ਬ੍ਰਾਮਿਚ ਵਿਖੇ ਬੀਤੇ ਕੱਲ ਮੁੜ ਨਫ਼ਰਤੀ ਘਟਨਾ ਵਾਪਰੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਕਟੋਰੀਆ ਸਟਰੀਟ ਸਥਿਤ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਖੇ 8 ਅਪ੍ਰੈਲ 2026 ਨੂੰ ਸਵੇਰੇ ਲਗਭਗ 10:20 ਵਜੇ ਮੁੱਖ ਦਰਵਾਜ਼ੇ ਇੱਕ ਵਿਅਕਤੀ ਵੱਲੋਂ ਕੱਚਾ ਮਾਸ ਸੁੱਟਿਆ ਗਿਆ। ਜਿਸ ਨੂੰ ਲੈ ਕੇ ਪ੍ਰਬੰਧਕਾਂ ਅਤੇ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਨਫ਼ਰਤ ਅਪਰਾਧ ਤੋਂ ਬਾਅਦ ਆਪਣਾ ਡੂੰਘਾ ਰੋਸ ਪ੍ਰਗਟ ਕੀਤਾ ਹੈ।

ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਚਾਰ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਇਹ ਦੂਜੀ ਘਟਨਾ ਹੈ। ਇੱਕ ਗੋਰੇ ਪੁਰਸ਼ ਨੂੰ ਜਾਣਬੁੱਝ ਕੇ ਕੱਚਾ ਮਾਸ ਸੁੱਟਦੇ ਦੇਖਿਆ ਗਿਆ ਅਤੇ ਸੰਗਤ ਨੇ ਮੌਕੇ ਤੇ ਹੀ ਉਸ ਨੂੰ ਕਾਬੂ ਕਰ ਲਿਆ। ਗੁਰਦੁਆਰਾ ਸਾਹਿਬ ਦੇ ਅੰਦਰ ਮੀਟ ਸਖ਼ਤੀ ਨਾਲ ਵਰਜਿਤ ਹੈ, ਤੇ ਮੁੱਖ ਗੇਟਾਂ ਦੇ ਸਾਹਮਣੇ ਦੋਸ਼ੀ ਨੂੰ ਸੰਗਤ ਦੇ ਮੈਂਬਰਾਂ ਦੁਆਰਾ ਫੜ ਲਿਆ ਗਿਆ ਅਤੇ ਬਾਅਦ ਵਿੱਚ ਵੈਸਟ ਮਿਡਲੈਂਡਜ਼ ਪੁਲਿਸ ਦੁਆਰਾ ਗ੍ਰਿਫਤਾਰ ਕਰ ਲਿਆ ਗਿਆ।

ਇਹ ਘਟਨਾ ਉਸੇ ਸਥਾਨ 'ਤੇ ਵਾਪਰੀ ਜਿੱਥੇ ਦਸੰਬਰ 2025 ਵਿੱਚ ਵਾਪਰੀ ਸੀ, ਪਰ ਉਸ ਸਮੇਂ ਦੋਸ਼ੀ ਨੂੰ ਨਰਮ ਸਜ਼ਾ ਦਿੱਤੀ ਗਈ। ਜਿਸ ਕਰਕੇ ਭਾਈਚਾਰੇ ਅੰਦਰ ਰੋਸ ਪਾਇਆ ਜਾ ਰਿਹਾ ਹੈ। ਫਰਵਰੀ ਵਿੱਚ ਗੁਰਦੁਆਰਾ ਪ੍ਰਬੰਧਕਾਂ ਨੇ ਚੇਤਾਵਨੀ ਦਿੱਤੀ ਸੀ ਕਿ ਨਰਮ ਸਜ਼ਾ ਇਹ ਸੰਕੇਤ ਦੇਵੇਗੀ ਕਿ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਅਪਰਾਧਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਹੈ। ਜਿਸ ਕਰਕੇ ਅੱਜ ਦੀ ਘਟਨਾ ਮੁੜ ਵਾਪਰੀ ਹੈ ਅਤੇ ਕਾਨੂੰਨੀ ਅਸਫਲਤਾ ਦਾ ਹੀ ਨਤੀਜਾ ਹੈ।


ਸੰਗਤ ਵੱਲੋਂ ਮੌਕੇ ਤੇ ਫੜ੍ਹਿਆ ਵਿਅਕਤੀ

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਅਸੀਂ ਬਹੁਤ ਨਿਰਾਸ਼ ਹਾਂ ਅਤੇ ਗੁੱਸੇ ਵਿੱਚ ਹਾਂ। ਗੁਰਦੁਆਰਾ ਸਾਹਿਬ ਦੀ ਮਾਣ ਮਰਿਆਦਾ ਨੂੰ ਠੇਸ ਪੁੱਜੀ ਹੈ। ਜੇ ਪਹਿਲਾਂ ਦੋਸ਼ੀ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਤਾਂ ਸ਼ਾਇਦ ਅਜਿਹਾ ਮੁੜ ਨਾ ਵਾਪਰਦਾ।

ਸਿੱਖ ਭਾਈਚਾਰੇ ਨੇ ਕਿਹਾ ਹੈ ਕਿ ਗ੍ਰਹਿ ਵਿਭਾਗ, ਸਥਾਨਕ ਸੰਸਦ ਮੈਂਬਰ, ਅਤੇ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ (ਸੀ ਪੀ ਐਸ) ਧਾਰਮਿਕ ਬੇਅਦਬੀ ਲਈ ਸਜ਼ਾ ਦਿਸ਼ਾ-ਨਿਰਦੇਸ਼ਾਂ ਦੀ ਤੁਰੰਤ ਸਮੀਖਿਆ ਕਰਨ ਅਤੇ ਸੰਗਤ ਦੀ ਸੁਰੱਖਿਆ ਅਤੇ ਗੁਰਦੁਆਰੇ ਦੀ ਪਵਿੱਤਰਤਾ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰਨ।

ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਾਮਿਚ ਭਾਈਚਾਰੇ ਦਾ ਇੱਕ ਥੰਮ੍ਹ ਬਣਿਆ ਹੋਇਆ ਹੈ। ਜਦੋਂ ਕਿ ਅਸੀਂ ਸੰਗਤ ਦਾ ਉਨ੍ਹਾਂ ਦੀ ਚੌਕਸੀ ਲਈ ਅਤੇ ਪੁਲਿਸ ਕਾਰਵਾਈ ਲਈ ਧੰਨਵਾਦ ਕਰਦੇ ਹੋਏ ਮੰਗ ਕਰਦੇ ਹਾਂ ਕਿ ਕਾਨੂੰਨ ਹੁਣ ਇਨ੍ਹਾਂ ਵਾਰ-ਵਾਰ, ਨਸਲੀ ਤੌਰ 'ਤੇ ਵਧੇ ਹੋਏ ਹਮਲਿਆਂ ਦੀ ਗੰਭੀਰਤਾ ਨੂੰ ਵੇਖਦਿਆਂ ਸਖ਼ਤ ਕਾਰਵਾਈ ਕਰੇ।

# ਯੂ.ਕੇ ਵਿੱਚ ਭਾਰਤੀ ਮੂਲ ਦੀ ਮਹਿਲਾ ਨੇ ਜਿੱਤਿਆ ਮੁਕੱਦਮਾ ਸਹਿ ਕਰਮੀ ਵਾਰ ਵਾਰ ਅੰਟੀ ਕਹਿ ਕੇ ਸੀ ਬੁਲਾਉਂਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ.ਕੇ ਦੀ 'ਨੈਸ਼ਨਲ ਹੈਲਥ ਸਰਵਿਸ' ਵਿੱਚ ਕੰਮ ਕਰਦੀ ਭਾਰਤੀ ਮੂਲ ਦੀ ਇੱਕ ਸਿਹਤ ਸਹਾਇਕਾ ਨੇ ਆਪਣੇ ਇੱਕ ਸਹਿਕਰਮੀ ਵਿਰੁੱਧ ਉਤਪੀੜਨ ਦਾ ਮਾਮਲਾ ਜਿੱਤਿਆ ਹੈ। ਇਹ ਵਿਵਾਦ ਸਹਿਕਰਮੀ ਵੱਲੋਂ ਮਹਿਲਾ ਨੂੰ ਵਾਰ-ਵਾਰ 'ਆਂਟੀ' ਕਹਿ ਕੇ ਸੰਬੋਧਨ ਕਰਨ ਕਾਰਨ ਪੈਦਾ ਹੋਇਆ ਸੀ।ਲੰਡਨ ਨੇੜਲੇ ਇਲਾਕੇ 'ਵੱਟਫੋਰਡ ਇੰਪਲਾਇਮੈਂਟ ਟ੍ਰਿਬਿਊਨਲ' ਦੇ ਜੱਜ ਜਾਰਜ ਐਲੀਅਟ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ 61 ਸਾਲਾ ਇਲਡਾ ਐਸਟੇਵਸ ਨੂੰ ਉਮਰ ਅਤੇ ਲਿੰਗ ਦੇ ਆਧਾਰ 'ਤੇ ਪਰੇਸ਼ਾਨ ਕੀਤਾ ਗਿਆ ਸੀ। ਅਦਾਲਤ ਨੇ ਵੈਸਟ ਲੰਡਨ ਐਨ.ਐਚ.ਐਸ. ਟਰੱਸਟ ਨੂੰ ਹੁਕਮ ਦਿੱਤਾ ਹੈ ਕਿ ਉਹ ਸ਼ਿਕਾਇਤਕਰਤਾ ਦੀਆਂ "ਭਾਵਨਾਵਾਂ ਨੂੰ ਠੇਸ ਪਹੁੰਚਾਉਣ" ਲਈ ਕੁੱਲ 1,425.15 ਪੌਂਡ ਦਾ ਹਰਜਾਨਾ ਅਦਾ ਕਰੇ। ਮਾਮਲੇ ਦੀ ਸੁਣਵਾਈ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਘਾਨਾ ਮੂਲ ਦੇ ਸਟਾਫ ਨਰਸ ਚਾਰਲਸ ਓਪੋਂਗ ਨੇ ਐਸਟੇਵਸ ਨੂੰ ਕਈ ਵਾਰ 'ਆਂਟੀ' ਕਹਿ ਕੇ ਬੁਲਾਇਆ ਸੀ। ਭਾਵੇਂ ਅਦਾਲਤ ਨੇ ਮੰਨਿਆ ਕਿ ਘਾਨਾ ਦੇ ਸੱਭਿਆਚਾਰ ਵਿੱਚ 'ਆਂਟੀ' ਸ਼ਬਦ ਬਜ਼ੁਰਗਾਂ ਲਈ ਸਤਿਕਾਰ ਵਜੋਂ ਵਰਤਿਆ ਜਾਂਦਾ ਹੈ, ਪਰ ਇੱਕ ਪੇਸ਼ੇਵਰ ਕਾਰਜ ਸਥਾਨ 'ਤੇ ਅਜਿਹੀ ਟਿੱਪਣੀ ਕਰਨਾ ਇਤਰਾਜ਼ਯੋਗ ਮਾਹੌਲ ਪੈਦਾ ਕਰਨ ਵਾਲਾ ਸੀ। ਜੱਜ ਨੇ ਕਿਹਾ ਕਿ ਓਪੋਂਗ ਦੀ ਇਹ ਟਿੱਪਣੀ ਸ਼ਾਇਦ "ਹਾਸੇ ਦਾ ਇੱਕ ਭੱਦਾ ਯਤਨ" ਸੀ, ਜੋ ਕਿ ਬਿਲਕੁਲ ਗਲਤ ਸੀ। ਪੀੜਤ ਮਹਿਲਾ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਉਸਨੇ ਕਈ ਵਾਰ ਓਪੋਂਗ ਨੂੰ ਕਿਹਾ ਸੀ ਕਿ ਉਹ ਉਸਨੂੰ ਉਸਦੇ ਪਹਿਲੇ ਨਾਮ ਨਾਲ ਬੁਲਾਵੇ, ਪਰ ਉਸਨੇ ਇਸਨੂੰ ਨਹੀਂ ਮੰਨਿਆ। ਇਸ ਤੋਂ ਇਲਾਵਾ, ਉਸਨੇ ਇੱਕ ਸੀਨੀਅਰ ਸਹਿਕਰਮੀ ਨਾਲ ਮਹਿਲਾ ਦੇ ਸਬੰਧਾਂ ਬਾਰੇ ਵੀ ਦੋ ਵਾਰ ਅਣਉਚਿਤ ਟਿੱਪਣੀਆਂ ਕੀਤੀਆਂ ਸਨ। ਇਹ ਘਟਨਾਵਾਂ ਜੂਨ ਅਤੇ ਸਤੰਬਰ 2023 ਦੇ ਵਿਚਕਾਰ ਵਾਪਰੀਆਂ ਸਨ।

ਅਦਾਲਤ ਨੇ ਮਹਿਲਾ ਵੱਲੋਂ ਲਗਾਏ ਗਏ ਕੁਝ ਹੋਰ ਦੋਸ਼ਾਂ, ਜਿਵੇਂ ਕਿ ਨਸਲੀ ਵਿਤਕਰਾ, ਜਾਤ-ਪਾਤ ਦੇ ਆਧਾਰ 'ਤੇ ਭੇਦਭਾਵ, ਬਦਲਾਖੋਰੀ ਅਤੇ ਤਨਖਾਹ ਵਿੱਚ ਕਟੌਤੀ ਨੂੰ ਸਬੂਤਾਂ ਦੀ ਘਾਟ ਕਾਰਨ ਖਾਰਜ ਕਰ ਦਿੱਤਾ ਹੈ। ਸ਼ਿਕਾਇਤਕਰਤਾ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਮੰਗ ਵੀ ਕੀਤੀ ਸੀ, ਜਿਸ ਨੂੰ ਅਦਾਲਤ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਨਿਆਂਇਕ ਪ੍ਰਕਿਰਿਆ ਵਿੱਚ ਜਨਤਕ ਹਿੱਤ ਸਭ ਤੋਂ ਉੱਪਰ ਹਨ।

# ਲੰਡਨ ਦੀ ਹੰਸਲੋ ਕੌਂਸਲ ਵਿੱਚ ਰਿਫਾਰਮ ਯੂ ਕੇ ਦੀ ਪਹਿਲੀ ਕੌਂਸਲਰ ਬਣੀ ਬੰਦਨਾ ਚੋਪੜਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਹੰਸਲੋ ਕੌਂਸਲ ਵਿੱਚ ਬੀਤੇ ਕੁਝ ਸਮੇਂ ਤੋਂ ਕੁਝ ਵੀ ਸਹੀ ਨਹੀਂ ਚੱਲ ਰਿਹਾ। 7 ਮਈ ਨੂੰ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਬੀਤੇ 20 ਸਾਲਾਂ ਤੋਂ ਲੇਬਰ ਪਾਰਟੀ ਦੀ ਮੈਂਬਰ ਅਤੇ 12 ਸਾਲ ਤੋਂ ਕੌਂਸਲਰ ਬੰਦਨਾਂ ਚੋਪੜਾ ਨੇ ਲੇਬਰ ਪਾਰਟੀ ਨੂੰ ਅਲਵਿਦਾ ਕਹਿ ਕੇ ਰਿਫੌਰਮ ਯੂ ਕੇ ਪਾਰਟੀ ਵਿੱਚ ਸ਼ਾਮਿਲ ਹੋ ਗਈ ਹੈ। ਜਿਸ ਨਾਲ ਰਿਫੌਰਮ ਯੂ ਕੇ ਪਾਰਟੀ ਦੀ ਬੰਦਨਾਂ ਹੰਸਲੋ ਕੌਂਸਲ ਦੀ ਪਹਿਲੀ ਕੌਂਸਲਰ ਬਣ ਗਈ ਹੈ। ਇਸ ਦਲ ਬਦਲੀ ਨੂੰ ਲੈ ਕੇ ਲੇਬਰ ਪਾਰਟੀ ਨੇ ਆਲੋਚਨਾ ਕਰਦਿਆਂ ਇਸ ਨੂੰ ਹਾਸੋਹੀਣਾ ਕਦਮ ਕਿਹਾ ਹੈ।**

ਹੰਸਲੋ ਰਿਫਾਰਮ ਯੂ ਕੇ ਦੇ ਚੇਅਰਪਰਸਨ ਪ੍ਰਭਦੀਪ ਸਿੰਘ ਨੇ ਕਿਹਾ ਕਿ ਲੇਬਰ ਪਾਰਟੀ ਨੇ ਦੇਸ਼ ਅਤੇ ਸਥਾਨਕ ਕੌਂਸਲਾਂ ਵਿੱਚ ਬਦਲਾਅ ਲਿਆਉਣ ਦਾ ਵਾਅਦਾ ਕੀਤਾ ਸੀ, ਪਰ ਉਹ ਅਸਫ਼ਲ ਰਹੇ ਹਨ, ਉਨ੍ਹਾਂ ਨੇ ਸਥਾਨਕ ਨਿਵਾਸੀਆਂ ਲਈ ਜੋ ਸੇਵਾਵਾਂ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਸੀ, ਉਹ ਵੀ ਪੂਰਾ ਨਹੀਂ ਕੀਤਾ। ਮੈਨੂੰ ਲੱਗਦਾ ਹੈ ਕਿ ਰਿਫਾਰਮ ਇੱਕ ਅਜਿਹੀ ਪਾਰਟੀ ਹੈ ਜੋ ਚੁਣੌਤੀ ਦਾ ਸਾਹਮਣਾ ਕਰ ਸਕਦੀ ਹੈ। ਹੰਸਲੋ ਨੂੰ ਮੁੜ ਸੁਰਜੀਤ ਕਰਨ ਲਈ ਰਿਫਾਰਮ ਯੂ ਕੇ ਹੀ ਇੱਕੋ ਇੱਕ ਹੱਲ ਹੈ। ਕੌਂਸਲਰ ਚੋਪੜਾ ਨੇ ਜ਼ਿੰਦਗੀ ਦਾ ਜ਼ਿਆਦਾ ਸਮਾਂ ਹੰਸਲੋ ਵਿੱਚ ਹੀ ਬਿਤਾਇਆ ਹੈ।



ਪ੍ਰਭਦੀਪ ਸਿੰਘ ਅਤੇ ਕੌਂਸਲਰ ਬੰਦਨਾਂ ਚੋਪੜਾ

# ਅਮਰੀਕਾ ਅਤੇ ਈਰਾਨ ਵਿਚਕਾਰ ਜੰਗਬੰਦੀ ਵਿੱਚ ਪਾਕਿਸਤਾਨ ਦੀ "ਮਹੱਤਵਪੂਰਨ ਭੂਮਿਕਾ" ਸ਼ਲਾਘਾਯੋਗ ਹੈ: ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਮਰੀਕਾ ਅਤੇ ਈਰਾਨ ਵਿਚਕ-ਾਰ ਸ਼ਾਂਤੀ ਵਾਰਤਾ ਤੋਂ ਪਹਿਲਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਗੱਲ ਕੀਤੀ, ਪੱਛਮੀ ਏਸ਼ੀਆ ਵਿੱਚ ਜੰਗਬੰਦੀ ਗੱਲਬਾਤ ਵਿੱਚ ਇਸਲਾਮਾਬਾਦ ਦੀ "ਮਹੱਤਵਪੂਰਨ ਭੂਮਿਕਾ" ਦੀ ਪ੍ਰਸ਼ੰਸਾ ਕੀਤੀ।ਪ੍ਰਧਾਨ ਮੰਤਰੀ ਦਫ਼ਤਰ 10 ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਸ਼ੁੱਕਰਵਾਰ ਹੋਈ ਫੋਨ ਗੱਲਬਾਤ ਦੌਰਾਨ ਨੇਤਾ ਹੋਰਮੁਜ਼ ਸਟ੍ਰੇਟ ਨੂੰ ਪੂਰੀ ਤਰ੍ਹਾਂ ਦੁਬਾਰਾ ਖੋਲ੍ਹਣ ਨੂੰ ਯਕੀਨੀ ਬਣਾਉਣ 'ਤੇ ਸਹਿਮਤ ਹੋਏ। ਇਹ ਗੱਲਬਾਤ ਲਈ ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਗਾਲਿਬਾਫ ਦੇ ਪਾਕਿਸਤਾਨੀ ਰਾਜਧਾਨੀ ਪਹੁੰਚਣ ਤੋਂ ਕੁਝ ਘੰਟੇ ਪਹਿਲਾਂ ਹੋਈ। ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ ਜੰਗਬੰਦੀ ਬਹੁਤ ਸਵਾਗਤਯੋਗ ਹੈ ਅਤੇ ਉਹਨਾਂ ਪਾਕਿਸਤਾਨ ਦੀ ਮਹੱਤਵਪੂਰਨ ਭੂਮਿਕਾ ਲਈ ਸ਼ਰੀਫ ਦਾ ਧੰਨਵਾਦ ਕੀਤਾ।

ਬਰਵਾਲਾ ਕਾਂਡ ਦਾ 11 ਸਾਲਾਂ ਦਾ ਲੇਖਾ-ਜੋਖਾ

# ਸਾਧ ਰਾਮਪਾਲ ਜੇਲ੍ਹ ਤੋਂ ਬਾਹਰ, ਪਰ ਕੀ ਵਿਵਾਦਾਂ ਦਾ ਪਿੱਛਾ ਛੁੱਟੇਗਾ ?

**✪ ਅਦਾਲਤ ਦੀਆਂ ਸਖ਼ਤ ਸ਼ਰਤਾਂ 'ਤੇ ਰਿਹਾਈ: ਭੀੜ ਇਕੱਠੀ ਕਰਨ 'ਤੇ ਰੋਕ, ਕੀ ਰਾਮਪਾਲ ਹੁਣ ਸ਼ਾਂਤੀ ਬਣਾਏ ਰੱਖਣਗੇ ? ✪ 75 ਸਾਲ ਦੀ ਉਮਰ ਤੇ 400 ਗਵਾਹਾਂ ਦੀ ਲੰਬੀ ਉਡੀਕ: ਇੰਝ ਮਿਲੀ ਰਾਮਪਾਲ ਨੂੰ ਜੇਲ੍ਹ ਤੋਂ 'ਆਜ਼ਾਦੀ'**

ਖਾਸ ਖ਼ਬਰ

ਹਰਿਆਣਾ ਦੇ ਬਰਵਾਲਾ ਸਥਿਤ ਸਤਲੋਕ ਆਸ਼ਰਮ ਦੇ ਮੁਖੀ ਰਾਮਪਾਲ 11 ਸਾਲ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਬਾਹਰ ਆ ਗਏ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਉਨ੍ਹਾਂ ਨੂੰ ਸਾਲ 2014 ਦੇ ਹਿੰਸਾ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਗਈ ਹੈ। ਅਦਾਲਤ ਵਿੱਚ ਰਾਮਪਾਲ ਦੇ ਵਕੀਲਾਂ ਨੇ ਰਿਹਾਈ ਲਈ ਹੇਠ ਲਿਖੀਆਂ ਦਲੀਲਾਂ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ:



### ਰਾਮਪਾਲ ਦੀ ਉਮਰ ਹੁਣ 75 ਸਾਲ ਹੋ ਚੁੱਕੀ ਹੈ।

ਇਸ ਕੇਸ ਵਿੱਚ ਕੁੱਲ 425 ਸਰਕਾਰੀ ਗਵਾਹ ਹਨ, ਪਰ ਹੁਣ ਤੱਕ ਸਿਰਫ਼ 58 ਦੀ ਗਵਾਹੀ ਹੋਈ ਹੈ। ਅਦਾਲਤ ਨੇ ਮੰਨਿਆ ਕਿ ਨੇੜਲੇ ਭਵਿੱਖ ਵਿੱਚ ਟ੍ਰਾਇਲ ਪੂਰਾ ਹੋਣ ਦੀ ਉਮੀਦ ਘੱਟ ਹੈ। ਇਸ ਮਾਮਲੇ ਵਿੱਚ ਨਾਮਜ਼ਦ 900 ਹੋਰ ਮੁਲਜ਼ਮਾਂ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ।

### ਅਦਾਲਤ ਨੇ ਕੀ ਪਾਬੰਦੀਆਂ ਲਗਾਈਆਂ

ਜ਼ਮਾਨਤ ਦਿੰਦੇ ਹੋਏ ਹਾਈ ਕੋਰਟ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ।

* ਰਾਮਪਾਲ ਕਿਸੇ ਵੀ ਅਜਿਹੀ ਭੀੜ ਨੂੰ ਸੰਬੋਧਨ ਨਹੀਂ ਕਰਨਗੇ ਜਿਸ ਨਾਲ ਕਾਨੂੰਨ ਵਿਵਸਥਾ ਵਿਗੜਨ ਦਾ ਡਰ ਹੋਵੇ।

* ਉਹ ਅਜਿਹੇ ਇਕੱਠਾਂ ਤੋਂ ਪਰਹੇਜ਼ ਕਰਨਗੇ ਜਿੱਥੇ ਸ਼ਾਂਤੀ ਭੰਗ ਹੋਣ ਦਾ ਖ਼ਦਸ਼ਾ ਹੋਵੇ। ਹਾਲਾਂਕਿ, ਉਨ੍ਹਾਂ ਦੇ ਸਤਿਸੰਗ ਕਰਨ ਜਾਂ ਨਿੱਜੀ ਤੌਰ 'ਤੇ ਸ਼ਰਧਾਲੂਆਂ ਨੂੰ ਮਿਲਣ 'ਤੇ ਕੋਈ ਪਾਬੰਦੀ ਨਹੀਂ ਹੈ।

### ਕੀ ਹੈ ਪੂਰਾ ਮਾਮਲਾ ਅਤੇ ਵਿਵਾਦ ?

ਰਾਮਪਾਲ ਨਾਲ ਜੁੜੇ ਵਿਵਾਦਾਂ ਦੀ ਲੜੀ ਕਾਫੀ ਲੰਬੀ ਹੈ, ਜਿਸ ਦੀ ਸ਼ੁਰੂਆਤ ਧਾਰਮਿਕ ਟਿੱਪਣੀਆਂ ਤੋਂ ਹੋਈ ਸੀ:

ਵਿਵਾਦ ਦੀ ਸ਼ੁਰੂਆਤ (2006): ਰਾਮਪਾਲ ਨੇ ਆਰੀਆ ਸਮਾਜ ਦੇ ਮੋਢੀ ਸਵਾਮੀ ਦਿਆਨੰਦ ਸਰਸਵਤੀ ਦੀ ਇੱਕ ਕਿਤਾਬ 'ਤੇ ਟਿੱਪਣੀ ਕੀਤੀ, ਜਿਸ ਕਾਰਨ ਆਰੀਆ ਸਮਾਜੀ ਅਤੇ ਰਾਮਪਾਲ ਦੇ ਸਮਰਥਕਾਂ ਵਿਚਾਲੇ ਹਿੰਸਕ ਝੜਪ ਹੋਈ। ਇਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ।

ਬਰਵਾਲਾ ਹਿੰਸਾ (2014): ਜਦੋਂ ਅਦਾਲਤੀ ਹੁਕਮਾਂ ਦੇ ਬਾਵਜੂਦ ਰਾਮਪਾਲ ਪੇਸ਼ ਨਾ ਹੋਏ, ਤਾਂ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਬਰਵਾਲਾ ਆਸ਼ਰਮ ਪਹੁੰਚੀ। ਰਾਮਪਾਲ ਦੇ ਹਥਿਆਬੰਦ ਸਮਰਥਕਾਂ ਨੇ ਪੁਲਿਸ 'ਤੇ ਪੱਥਰਬਾਜ਼ੀ ਅਤੇ ਗੋਲੀਬਾਰੀ ਕੀਤੀ। ਇਸ ਹਿੰਸਾ ਦੌਰਾਨ 4 ਸ਼ਰਧਾਲੂਆਂ ਦੀ ਮੌਤ ਹੋ ਗਈ ਸੀ।

ਕਾਨੂੰਨੀ ਕਾਰਵਾਈ: ਰਾਮਪਾਲ 'ਤੇ ਯੂਏਪੀਏ ਸਮੇਤ ਕਈ ਗੰਭੀਰ ਧਾਰਾਵਾਂ ਤਹਿਤ 5 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਦੋ ਮਾਮਲਿਆਂ ਵਿੱਚ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਵੀ ਹੋਈ ਸੀ, ਜਿਸ ਨੂੰ ਸਤੰਬਰ 2025 ਵਿੱਚ ਸਸਪੈਂਡ ਕਰ ਦਿੱਤਾ ਗਿਆ ਸੀ।

### ਕੌਣ ਹਨ ਰਾਮਪਾਲ ?

ਰਾਮਪਾਲ ਦਾ ਜਨਮ 1970 ਦੇ ਦਹਾਕੇ ਵਿੱਚ ਸੋਨੀਪਤ ਦੇ ਧਨਾਨਾ ਪਿੰਡ ਵਿੱਚ ਹੋਇਆ ਸੀ। ਧਾਰਮਿਕ ਰਸਤੇ 'ਤੇ ਚੱਲਣ ਤੋਂ ਪਹਿਲਾਂ ਉਹ ਹਰਿਆਣਾ ਦੇ ਸਿੰਚਾਈ ਵਿਭਾਗ ਵਿੱਚ ਜੂਨੀਅਰ ਇੰਜੀਨਿਅਰ ਵਜੋਂ ਨੌਕਰੀ ਕਰਦੇ ਸਨ। 1995 ਵਿੱਚ ਨੌਕਰੀ ਛੱਡ ਕੇ ਉਹ ਪੂਰੀ ਤਰ੍ਹਾਂ ਸਤਿਸੰਗ ਅਤੇ ਪ੍ਰਚਾਰ ਵਿੱਚ ਜੁਟ ਗਏ ਅਤੇ 1999 ਵਿੱਚ ਸਤਲੋਕ ਆਸ਼ਰਮ ਦੀ ਨੀਂਹ ਰੱਖੀ।

ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਰਾਮਪਾਲ ਨੇ ਆਪਣੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਜੇਲ੍ਹ ਦੇ ਬਾਹਰ ਇਕੱਠੇ ਨਾ ਹੋਣ ਅਤੇ ਆਪਣੇ ਘਰਾਂ ਵਿੱਚ ਰਹਿ ਕੇ ਸ਼ਾਂਤੀ ਬਣਾਈ ਰੱਖਣ।

# ਪੀਆਈਐਲ ਵਿਵਾਦ 'ਤੇ ਨਿਆਂਪਾਲਿਕਾ ਬਨਾਮ ਸਰਕਾਰ

**✪ ਜਨਹਿਤ ਦਾ ਗਲਾ ਘੁੱਟਣ ਦੀ ਤਿਆਰੀ ? ✪ ਮੋਦੀ ਸਰਕਾਰ ਦੀ ਸੁਪਰੀਮ ਕੋਰਟ 'ਚ ਫੀਲ਼ ਖ਼ਤਮ ਕਰਨ ਦੀ ਦਲੀਲ ✪ ਕੀ ਜਨਤਾ ਤੋਂ ਖੋਹਿਆ ਜਾ ਰਿਹਾ ਹੈ ਇਨਸਾਫ਼ ਦਾ ਆਖਰੀ ਰਾਹ ?**

ਭਾਰਤੀ ਨਿਆਂ ਪ੍ਰਣਾਲੀ ਦੇ ਇਤਿਹਾਸ ਵਿੱਚ 'ਜਨਹਿਤ ਪਟੀਸ਼ਨ' ਇੱਕ ਅਜਿਹਾ ਕ੍ਰਾਂਤੀਕਾਰੀ ਸੰਦ ਰਿਹਾ ਹੈ, ਜਿਸ ਨੇ ਅਦਾਲਤਾਂ ਦੇ ਬੂਹੇ ਉਸ ਆਮ ਆਦਮੀ ਲਈ ਖੋਲ੍ਹੇ ਜਿਸ ਕੋਲ ਨਾ ਤਾਂ ਸਾਧਨ ਸਨ ਅਤੇ ਨਾ ਹੀ ਕਾਨੂੰਨੀ ਸਮਝ। ਪਰ ਅੱਜ, ਜਦੋਂ ਕੇਂਦਰ ਦੀ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਇਸ ਵਿਵਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਜਾਂ 'ਰੀ-ਕੈਲੀਬ੍ਰੇਟ' ਕਰਨ ਦੀ ਵਕਾਲਤ ਕੀਤੀ ਹੈ, ਤਾਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਅਸੀਂ ਲੋਕਤੰਤਰੀ ਜਵਾਬਦੇਹੀ ਦੇ ਇੱਕ ਅਹਿਮ ਅਧਿਆਏ ਨੂੰ ਬੰਦ ਕਰਨ ਵੱਲ ਵਧ ਰਹੇ ਹਾਂ ?



ਸਰਕਾਰ ਦੀ ਦਲੀਲ ਹੈ ਕਿ ਤਕਨਾਲੋਜੀ, ਈ-ਫਾਈਲਿੰਗ ਅਤੇ ਕਾਨੂੰਨੀ ਸਹਾਇਤਾ ਸੰਸਥਾਵਾਂ (NALSA) ਦੇ ਪਸਾਰ ਤੋਂ ਬਾਅਦ ਹੁਣ ਪੀਆਈਐਲ ਦੀ 'ਲੋੜ ਨਹੀਂ ਰਹੀ'। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਅਨੁਸਾਰ, ਇਹ ਵਿਵਸਥਾ ਹੁਣ 'ਨਿਯਮ' ਬਣ ਗਈ ਹੈ ਅਤੇ ਇਸਦੀ ਵਰਤੋਂ ਨਿੱਜੀ ਏਜੰਡਿਆਂ ਲਈ ਕੀਤੀ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ 1985 ਵਿੱਚ ਜਿੱਥੇ 25,000 ਪਟੀਸ਼ਨਾਂ ਦਾਇਰ ਹੁੰਦੀਆਂ ਸਨ, 2019 ਤੱਕ ਇਹ ਗਿਣਤੀ 70,000 ਨੂੰ ਪਾਰ ਕਰ ਗਈ। ਸਰਕਾਰ ਦਾ ਇਹ ਤਰਕ ਕੁਝ ਹੱਦ ਤੱਕ ਸਹੀ ਹੋ ਸਕਦਾ ਹੈ ਕਿ ਅਦਾਲਤਾਂ 'ਤੇ ਬੋਝ ਵਧਿਆ ਹੈ, ਪਰ ਕੀ ਬੋਝ ਘਟਾਉਣ ਦਾ ਹੱਲ ਉਸ ਰਸਤੇ ਨੂੰ ਹੀ ਬੰਦ ਕਰਨਾ ਹੈ ਜੋ ਨਿਆਂ ਦੀ ਉਮੀਦ ਜਗਾਉਂਦਾ ਹੈ ?

ਸਰਕਾਰ ਦੀ ਇਸ ਸੋਚ ਪਿੱਛੇ ਉਹ ਤਣਾਅ ਸਾਫ਼ ਨਜ਼ਰ ਆਉਂਦਾ ਹੈ ਜੋ ਅਕਸਰ ਵੱਡੇ ਪ੍ਰੋਜੈਕਟਾਂ, ਚੋਣਵੀਂ ਚੰਦਾ ਪ੍ਰਣਾਲੀ (Electoral Bonds), ਪੀ.ਐਮ. ਕੇਅਰਜ਼ ਫੰਡ ਜਾਂ ਅਡਾਨੀ ਸਮੂਹ ਵਰਗੇ ਮਾਮਲਿਆਂ 'ਤੇ ਦਾਇਰ ਪਟੀਸ਼ਨਾਂ ਕਾਰਨ ਪੈਦਾ ਹੁੰਦਾ ਰਿਹਾ ਹੈ। ਜਦੋਂ ਜਨਹਿਤ ਪਟੀਸ਼ਨਾਂ ਰਾਹੀਂ ਸੱਤਾ ਦੀਆਂ ਨੀਤੀਆਂ ਨੂੰ ਚੁਣੌਤੀ ਦਿੱਤੀ ਜਾਂਦੀ ਹੈ, ਤਾਂ ਸਰਕਾਰਾਂ ਨੂੰ ਇਹ 'ਨਿਆਂਇਕ ਫੈਸਲੇ' ਜਾਂ 'ਵਿਕਾਸ ਵਿੱਚ ਰੁਕਾਵਟ' ਜਾਪਦੇ ਹਨ। ਮਾਹਿਰ ਆਖਦੇ ਹਨ ਕਿ ਮੋਦੀ ਸਰਕਾਰ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਬੰਧੂਆ ਮਜ਼ਦੂਰੀ ਤੋਂ ਲੈ ਕੇ ਵਾਤਾਵਰਣ ਦੀ ਸੰਭਾਲ ਤੱਕ, ਪੀਆਈਐਲ ਨੇ ਉਹਨਾਂ ਮੁੱਦਿਆਂ 'ਤੇ ਇਨਸਾਫ਼ ਦਿਵਾਇਆ ਹੈ ਜਿੱਥੇ ਸਰਕਾਰਾਂ ਫੇਲ੍ਹ ਹੋਈਆਂ ਸਨ।

### ਸੁਪਰੀਮ ਕੋਰਟ ਦਾ ਪੀਆਈਐਲ ਬਾਰੇ ਸੰਤੁਲਿਤ ਰੁਖ

ਇਸ ਪੂਰੇ ਵਿਵਾਦ ਵਿੱਚ ਚੀਫ਼ ਜਸਟਿਸ ਸੂਰਿਆਕਾਂਤ ਦੀ ਟਿੱਪਣੀ ਬੇਹੱਦ ਅਹਿਮ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਦਾਲਤਾਂ ਪਹਿਲਾਂ ਹੀ ਬਹੁਤ ਸਾਵਧਾਨ ਹਨ। ਅੱਜ ਦੇ ਦੌਰ ਵਿੱਚ ਕਿਸੇ ਵੀ ਪਟੀਸ਼ਨ 'ਤੇ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਉਸਦੇ 'ਸਾਰ' ਦੀ ਬਾਰੀਕੀ ਨਾਲ ਜਾਂਚ ਹੁੰਦੀ ਹੈ। ਜਸਟਿਸ ਨਾਗਰਤਨਾ ਵੱਲੋਂ ਸਬਰੀਮਾਲਾ ਵਰਗੇ ਮਾਮਲਿਆਂ ਵਿੱਚ ਉਠਾਏ ਗਏ 'ਲੋਕਸ ਸਟੈਂਡੀ' (ਯਾਚਿਕਾ ਦਾਇਰ ਕਰਨ ਦਾ ਅਧਿਕਾਰ) ਦੇ ਸਵਾਲ ਇਹ ਦਰਸਾਉਂਦੇ ਹਨ ਕਿ ਨਿਆਂਪਾਲਿਕਾ ਖੁਦ ਇਸ ਪ੍ਰਣਾਲੀ ਨੂੰ ਸੁਧਾਰਨ ਦੀ ਪ੍ਰਕਿਰਿਆ ਵਿੱਚ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਲੋਕਤੰਤਰ ਵਿੱਚ ਨਿਆਂ ਦਾ ਰਾਹ ਆਸਾਨ ਹੋਣਾ ਚਾਹੀਦਾ ਹੈ, ਨਾ ਕਿ ਸੀਮਤ। ਜੇਕਰ ਪੀਆਈਐਲ ਨੂੰ ਖ਼ਤਮ ਕਰਕੇ ਸਿਰਫ਼ 'ਪ੍ਰਭਾਵਿਤ ਪੱਖ' ਤੱਕ ਹੀ ਅਦਾਲਤ ਦੀ ਪਹੁੰਚ ਸੀਮਤ ਕਰ ਦਿੱਤੀ ਗਈ, ਤਾਂ ਸਮਾਜ ਦੇ ਸਭ ਤੋਂ ਕਮਜ਼ੋਰ ਵਰਗ ਦੀ ਆਵਾਜ਼ ਕੌਣ ਉਠਾਏਗਾ ? ਤਕਨਾਲੋਜੀ ਸਹੂਲਤ ਤਾਂ ਦੇ ਸਕਦੀ ਹੈ, ਪਰ ਉਹ 'ਸੰਵਿਧਾਨਕ ਚੌਕਸੀ' ਦਾ ਬਦਲ ਨਹੀਂ ਹੋ ਸਕਦੀ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੀਆਈਐਲ ਨੂੰ ਖ਼ਤਮ ਕਰਨ ਦੀ ਬਜਾਏ, ਅਦਾਲਤਾਂ ਨਾਲ ਮਿਲ ਕੇ ਅਜਿਹੇ ਨਿਯਮ ਸਖ਼ਤ ਕਰੇ ਜਿਸ ਨਾਲ 'ਫਰਜ਼ੀ' ਪਟੀਸ਼ਨਾਂ 'ਤੇ ਜੁਰਮਾਨਾ ਲੱਗੇ, ਪਰ 'ਜਨਹਿਤ' ਦਾ ਗਲਾ ਨਾ ਘੁੱਟਿਆ ਜਾਵੇ। ਅਦਾਲਤਾਂ ਨੂੰ ਰਸਤਾ ਦਿਖਾਉਣਾ ਚਾਹੀਦਾ ਹੈ, ਰਸਤਾ ਬੰਦ ਨਹੀਂ ਕਰਨਾ ਚਾਹੀਦਾ।

# ਇੰਗਲੈਂਡ ਭਰ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ



ਖਾਲਸਾ ਸਾਜਨਾ ਦਿਵਸ ਮੌਕੇ ਗੁਰੂ ਘਰ ਨਤਮਸਤਕ ਹੁੰਦੀਆਂ ਹੋਈਆਂ ਅਤੇ ਗੁਰਬਾਣੀ ਸਰਵਣ ਕਰਦੀਆਂ ਹੋਈਆਂ ਸੰਗਤਾਂ ਅਤੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦੇ ਹੋਏ ਰਾਜਮਨਵਿੰਦਰ ਸਿੰਘ ਰਾਜਾ ਕੰਗ ਅਤੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਗੁਰੂ ਘਰ ਦੇ ਪ੍ਰਧਾਨ ਗੁਰਨਾਮ ਸਿੰਘ ਨਵਾ ਸ਼ਹਿਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਦੇ ਗੁਰੂ ਘਰਾਂ ਵਿੱਚ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਮੌਕੇ ਸੰਗਤਾਂ ਵੱਲੋਂ ਸਵੇਰ ਤੋਂ ਹੀ ਗੁਰਦੁਆਰਾ ਸਾਹਿਬਾਂ ਵਿੱਚ ਹਾਜ਼ਰੀ ਭਰੀ ਗਈ, ਜਿੱਥੇ ਗੁਰਬਾਣੀ ਕੀਰਤਨ, ਕਥਾ-ਵਿਚਾਰ, ਅਰਦਾਸਾਂ ਅਤੇ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਏ ਗਏ। ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦੇ ਹੋਏ ਖਾਲਸਾ ਪੰਥ ਦੇ ਸਿਰਜਣ ਦਿਹਾੜੇ ਨੂੰ ਯਾਦ ਕੀਤਾ ਅਤੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਗਏ ਖਾਲਸਾਈ ਸਿਧਾਂਤਾਂ 'ਤੇ ਚੱਲਣ ਦਾ ਸੰਕਲਪ ਲਿਆ।

ਖਾਸ ਤੌਰ 'ਤੇ ਲੈਸਟਰ ਦੇ ਪ੍ਰਸਿੱਧ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ, ਜਿੱਥੇ ਪੰਜ ਪਿਆਰਿਆ ਦੀ ਅਗਵਾਈ ਚ ਨਿਸ਼ਾਨ ਸਾਹਿਬ ਉਪਰ ਨਵਾਂ ਚੋਲਾ ਸਾਹਿਬ ਚੜ੍ਹਾਉਣ ਦੀ ਸੇਵਾ ਬੜੀ ਸ਼ਰਧਾ ਅਤੇ ਸਾਂਝੀ ਭਾਗੀਦਾਰੀ ਨਾਲ ਨਿਭਾਈ ਗਈ। ਸੰਗਤਾਂ ਨੇ ਸੇਵਾ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਇਸ ਮੌਕੇ ਗੁਰੂ ਘਰ ਦੀ ਮਰਯਾਦਾ ਅਨੁਸਾਰ ਅਰਦਾਸ ਉਪਰੰਤ ਨਿਸ਼ਾਨ ਸਾਹਿਬ ਦੀ ਸੇਵਾ ਸੰਪੰਨ ਕੀਤੀ ਗਈ। ਇਸ ਦੌਰਾਨ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਗੁਰੂ ਘਰ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਰਾਗੀ, ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਖਾਲਸਾ ਸਾਜਨਾ ਦਿਵਸ ਸਿੱਖ ਕੌਮ ਲਈ ਬੇਹੱਦ ਮਹੱਤਵਪੂਰਨ ਦਿਹਾੜਾ ਹੈ, ਜੋ ਸਾਨੂੰ ਆਪਣੀ ਪਹਿਚਾਣ ਅਤੇ ਇਤਿਹਾਸ ਨਾਲ ਜੋੜਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਸਿਧਾਂਤਾਂ ਅਤੇ ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਮੁੱਖ ਬੁਲਾਰੇ ਸ. ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਸਮੂਹ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ ਦਿੰਦਿਆਂ ਕਿਹਾ ਕਿ ਇਹ ਦਿਨ ਸਾਨੂੰ ਸੇਵਾ, ਸਿਮਰਨ ਅਤੇ ਸਚਾਈ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਘਰਾਂ ਨਾਲ ਜੁੜ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਵੀ ਗੁਰਬਾਣੀ ਅਤੇ ਸਿੱਖੀ ਨਾਲ ਜੋੜਿਆ ਜਾਵੇ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ, ਜਿਸ ਵਿੱਚ ਹਰ ਵਰਗ ਦੇ ਲੋਕਾਂ ਨੇ ਬਿਨਾ ਕਿਸੇ ਭੇਦਭਾਵ ਦੇ ਬੈਠ ਕੇ ਲੰਗਰ ਛਕਿਆ। ਸੇਵਾਦਾਰਾਂ ਵੱਲੋਂ ਨਿਭਾਈ ਗਈ ਨਿਸ਼ਕਾਮ ਸੇਵਾ ਨੇ ਗੁਰੂ ਘਰ ਦੀ ਰੌਣਕ ਨੂੰ ਹੋਰ ਵਧਾਇਆ। ਇਸ ਤਰ੍ਹਾਂ ਇੰਗਲੈਂਡ ਭਰ ਵਿੱਚ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ ਸੰਗਤਾਂ ਵਿੱਚ ਨਵਾਂ ਜੋਸ਼, ਚੇਤਨਾ ਅਤੇ ਏਕਤਾ ਦਾ ਸੰਦੇਸ਼ ਦੇ ਗਿਆ।

## ਬ੍ਰਿਟਿਸ਼ ਸਰਕਾਰ ਯੂਰਪੀ ਨਿਯਮ ਅਪਣਾਉਣ ਲਈ ਨਵਾਂ ਕਾਨੂੰਨ ਲਿਆਉਣ ਦੀ ਤਿਆਰੀ ’ਚ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦੀ ਅਗਵਾਈ ਹੇਠ ਬ੍ਰਿਟਿਸ਼ ਸਰਕਾਰ ਵੱਲੋਂ ਇੱਕ ਅਹਿਮ ਕਾਨੂੰਨ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਰਾਹੀਂ ਯੂਕੇ ਭਵਿੱਖ ਵਿੱਚ ਯੂਰਪੀ ਸੰਘ ਦੇ ਕੁਝ ਨਿਯਮ ਬਿਨਾਂ ਹਰ ਵਾਰ ਪੂਰੀ ਸੰਸਦੀ ਵੋਟਿੰਗ ਦੇ ਅਪਣਾ ਸਕੇਗਾ। ਇਹ ਕਦਮ ਖਾਸ ਤੌਰ ‘ਤੇ ਖਾਦ ਮਿਆਰਾਂ, ਉਦਯੋਗ ਲਈ ਕਾਰਬਨ ਕੀਮਤ ਪ੍ਰਣਾਲੀ ਅਤੇ ਬਿਜਲੀ ਵਪਾਰ ਵਰਗੇ ਖੇਤਰਾਂ ਵਿੱਚ ਯੂਰਪ ਨਾਲ ਹੋਣ ਵਾਲੇ ਸਮਝੌਤਿਆਂ ਨੂੰ ਲਾਗੂ ਕਰਨ ਲਈ ਉਠਾਇਆ ਜਾ ਰਿਹਾ ਹੈ। ਸਰਕਾਰ ਮੁਤਾਬਕ ਇਸ ਨਵੇਂ ਪ੍ਰਬੰਧ ਤਹਿਤ ਅਜਿਹੇ ਨਿਯਮ “ਦੂਜੇ ਪੱਧਰ ਦੇ ਕਾਨੂੰਨ” ਰਾਹੀਂ ਲਾਗੂ ਕੀਤੇ ਜਾਣਗੇ, ਜਿਸ ਨਾਲ ਪ੍ਰਕਿਰਿਆ ਤੇਜ਼ ਹੋਵੇਗੀ ਅਤੇ ਵਪਾਰਕ ਸਹੂਲਤਾਂ ਵਿੱਚ ਵਾਧਾ ਹੋਵੇਗਾ। ਦੱਸਿਆ ਜਾ ਰਿਹਾ ਹੈ ਕਿ ਖਾਦ ਮਿਆਰਾਂ ਨਾਲ ਜੁੜਿਆ ਸਮਝੌਤਾ ਯੂਕੇ ਦੀ ਅਰਥਵਿਵਸਥਾ ਲਈ ਹਰ ਸਾਲ ਅਰਬਾਂ ਪੌਂਡ ਦਾ ਲਾਭ ਲਿਆ ਸਕਦਾ ਹੈ, ਕਿਉਂਕਿ ਇਸ ਨਾਲ ਨਿਰਯਾਤਕਾਰਾਂ ਲਈ ਕਾਗਜ਼ੀ ਕਾਰਵਾਈ ਘਟੇਗੀ। ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਕਿਹਾ ਹੈ ਕਿ ਮੌਜੂਦਾ ਵਿਸ਼ਵ ਪੱਧਰੀ ਅਸਥਿਰਤਾ ਅਤੇ ਟਕਰਾਵਾਂ ਦੇ ਦੌਰ ਵਿੱਚ ਯੂਰਪ ਨਾਲ ਨੇੜਲੇ ਸੰਬੰਧ ਬਣਾਉਣਾ ਯੂਕੇ ਦੇ ਹਿੱਤ ਵਿੱਚ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਕਦਮ ਨਾਲ ਵਪਾਰ ਸੁਗਮ ਹੋਵੇਗਾ ਅਤੇ ਆਮ ਲੋਕਾਂ ਲਈ ਕੀਮਤਾਂ ਵਿੱਚ ਕਮੀ ਆ ਸਕਦੀ ਹੈ। ਇਸ ਯੋਜਨਾ ਤਹਿਤ ਯੂਕੇ ਨੂੰ ਯੂਰਪੀ ਸੰਘ ਦੇ ਕੁਝ ਖੇਤਰਾਂ ਵਿੱਚ ਲਗਾਤਾਰ ਨਿਯਮਾਂ ਨਾਲ ਤਾਲਮੇਲ ਰੱਖਣਾ ਪਵੇਗਾ, ਜਿਸ ਵਿੱਚ ਖਾਦ ਪਦਾਰਥਾਂ ਦੀ ਬਣਾਵਟ, ਪਸ਼ੂ ਸਿਹਤ ਅਤੇ ਹੋਰ ਮਿਆਰੀ ਨਿਯਮ ਸ਼ਾਮਲ ਹਨ। ਇਸ ਦੇ ਨਾਲ ਹੀ ਕਾਰਬਨ ਵਪਾਰ ਪ੍ਰਣਾਲੀ ਵਿੱਚ ਵੀ ਯੂਰਪੀ ਨਿਯਮਾਂ ਦੇ ਅਨੁਕੂਲ ਹੋਣ ਦੀ ਯੋਜਨਾ ਹੈ, ਹਾਲਾਂਕਿ ਇਸਦੇ ਪੂਰੇ ਵੇਰਵੇ ਅਜੇ ਸਾਹਮਣੇ ਨਹੀਂ ਆਏ। ਸਰਕਾਰ ਦੀ ਯੋਜਨਾ ਹੈ ਕਿ ਗਰਮੀਆਂ ਵਿੱਚ ਹੋਣ ਵਾਲੇ ਯੂਕੇ-ਯੂਰਪੀ ਸੰਘ ਸਿਖਰ ਸਮਾਗਮ ਦੌਰਾਨ ਖਾਦ ਮਿਆਰਾਂ ਅਤੇ ਕਾਰਬਨ ਵਪਾਰ ਨਾਲ ਜੁੜੇ ਸਮਝੌਤੇ ਸਾਹਮਣੇ ਲਿਆਂਦੇ ਜਾਣ। ਇਸਦੇ ਨਾਲ ਹੀ ਹੋਰ ਖੇਤਰਾਂ ਵਿੱਚ ਵੀ ਯੂਰਪ ਨਾਲ ਨਵੇਂ ਸਮਝੌਤੇ ਕਰਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਹਾਲਾਂਕਿ ਇਸ ਕਦਮ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਤਿੱਖਾ ਵਿਰੋਧ ਸਾਹ-ਮਣੇ ਆ ਰਿਹਾ ਹੈ। ਕਨਜ਼ਰਵੇਟਿਵ ਪਾਰਟੀ ਦੇ ਆਗੂਆਂ ਨੇ ਦੋਸ਼ ਲਗਾਇਆ ਹੈ ਕਿ ਇਸ ਨਾਲ ਸੰਸਦ ਦੀ ਭੂਮਿਕਾ ਘੱਟ ਹੋ ਜਾਵੇਗੀ ਅਤੇ ਫੈਸਲੇ ਬਾਹਰਲੇ ਨਿਯਮਾਂ ਦੇ ਅਧੀਨ ਹੋਣਗੇ। ਰੀਫਾਰਮ ਪਾਰਟੀ ਦੇ ਆਗੂ ਨਾਇਜਲ ਫਾਰਾਜ਼ ਨੇ ਇਸਨੂੰ ਪਿੱਛਲੇ ਦਰਵਾਜ਼ੇ ਰਾਹੀਂ ਯੂਕੇ ਨੂੰ ਮੁੜ ਯੂਰਪੀ ਸੰਘ ਦੇ ਨਿਯੰਤਰਣ ਹੇਠ ਲਿਜਾਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ।

ਲਿਬਰਲ ਡੈਮੋਕ੍ਰੈਟ ਪਾਰਟੀ ਵੱਲੋਂ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਸੰਸਦ ਨੂੰ ਪਾਸੇ ਰੱਖਣ ਵਾਲਾ ਕੋਈ ਵੀ ਕਦਮ ਲੋਕਤੰਤਰਕ ਪ੍ਰਣਾਲੀ ਲਈ ਠੀਕ ਨਹੀਂ ਹੋਵੇਗਾ, ਹਾਲਾਂਕਿ ਉਹ ਯੂਰਪ ਨਾਲ ਨੇੜਲੇ ਸੰਬੰਧਾਂ ਦੇ ਹੱਕ ਵਿੱਚ ਹਨ। ਇਸ ਮਸਲੇ ਨੂੰ ਲੈ ਕੇ ਇਹ ਵੀ ਚਰਚਾ ਚਲ ਰਹੀ ਹੈ ਕਿ ਬਰੈਕਜ਼ਿਟ ਤੋਂ ਪਹਿਲਾਂ ਯੂਕੇ ਹਰ ਸਾਲ ਕਈ ਯੂਰਪੀ ਕਾਨੂੰਨਾਂ ਨੂੰ ਆਪਣੇ ਕਾਨੂੰਨੀ ਢਾਂਚੇ ਵਿੱਚ ਸ਼ਾਮਲ ਕਰਦਾ ਸੀ, ਪਰ ਹੁਣ ਯੂਕੇ ਕੋਲ ਉਹਨਾਂ ਨਿਯਮਾਂ ਨੂੰ ਬਣਾਉਣ ਵਿੱਚ ਸਿੱਧੀ ਭਾਗੀਦਾਰੀ ਨਹੀਂ ਹੋਵੇਗੀ। ਇਸ ਕਰਕੇ ਭਵਿੱਖ ਵਿੱਚ ਨਿਯਮਾਂ ਦੀ ਸੰਸਦੀ ਜਾਂਚ ਕਿਵੇਂ ਹੋਵੇਗੀ, ਇਹ ਇੱਕ ਮਹੱਤਵਪੂਰਨ ਸਵਾਲ ਬਣ ਗਿਆ ਹੈ। ਰਾਜਨੀਤਿਕ ਮਾਹਿਰਾਂ ਦੇ ਅਨੁਸਾਰ ਇਹ ਕਦਮ ਬਰੈਕਜ਼ਿਟ ਤੋਂ ਬਾਅਦ ਯੂਕੇ-ਯੂਰਪ ਸੰਬੰਧਾਂ ਵਿੱਚ ਇੱਕ ਵੱਡਾ ਮੋੜ ਸਾਬਤ ਹੋ ਸਕਦਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਰਾਜਨੀਤਿਕ ਮਾਹੌਲ ਹੋਰ ਵੀ ਗਰਮ ਹੋਣ ਦੀ ਸੰਭਾਵਨਾ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਪੁਲਿਸ ਵੱਲੋਂ ਅੰਨ੍ਹਾ ਕਤਲ ਕੇਸ ਟਰੇਸ; 07 ਮੁਲਜ਼ਮ ਕਾਬੂ

## ਕੈਂਟਰ, ਮੋਟਰਸਾਈਕਲ, ਚੋਰੀ ਕੀਤੇ ਪਾਈਪ, ਡੰਡਾ ਅਤੇ ਮ੍ਰਿਤਕ ਦਾ ਮੋਬਾਇਲ ਫੋਨ ਬਰਾਮਦ



**ਸੰਗਰੂਰ-(ਦਲਜੀਤ ਕੌਰ)-ਸਰਤਾਜ ਸਿੰਘ ਚਾਹਲ, ਐਸ.ਐਸ.ਪੀ, ਸੰਗਰੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਿਸ, ਸੰਗਰੂਰ ਵੱਲੋਂ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਥਾਣਾ ਭਵਾਨੀਗੜ੍ਹ ਦੇ ਏਰੀਏ ਵਿੱਚ ਹੋਏ ਅੰਨ੍ਹੇ ਕਤਲ ਦੇ ਮਾਮਲੇ ਨੂੰ ਟਰੇਸ ਕਰਦੇ ਹੋਏ ਡਕੈਤੀ/ਚੋਰੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕਰ ਕੇ 07 ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ ਵਾਰਦਾਤ ਸਮੇਂ ਵਰਤਿਆ ਕੈਂਟਰ ਨੰਬਰ ਫਭ-ਅਅ-ਧਛ-4207 ਮਾਰਕਾ ਭਾਰਤ ਵੈਨਜ਼, ਮੋਟਰਸਾਈਕਲ ਨੰਬਰ PB-30W-8750 ਮਾਰਕਾ ਸਪਲੈਂਡਰ, ਚੋਰੀ ਕੀਤੇ ਗਏ 04 ਪਾਈਪ ਲੋਹਾ, 01 ਡੰਡਾ ਅਤੇ ਮ੍ਰਿਤਕ ਦਾ ਮੋਬਾਇਲ ਫੋਨ ਬ੍ਰਾਮਦ ਕਰਵਾਇਆ ਗਿਆ।**

ਸ਼੍ਰੀ ਚਾਹਲ ਨੇ ਦੱਸਿਆ ਕਿ ਮਿਤੀ 07.04.2026 ਨੂੰ ਇਤਲਾਹ ਮਿਲੀ ਕਿ ਰਾਮਜੀ ਸਿੰਘ ਵਾਸੀ ਬਾਲਦ ਕਲਾਂ, ਪਲਾਟ ਵਿੱਚ ਬੋਰ ਲਗਾਉਣ ਵਾਲੀ ਮਸ਼ੀਨ ਦੀ ਰਾਖੀ ਕਰ ਰਿਹਾ ਸੀ, ਜਿਸ ਦਾ ਮਿਤੀ 06/07-04-2026 ਦੀ ਦਰਮਿਆਨੀ ਰਾਤ ਨੂੰ ਨਾਮਲੂਮ ਵਿਅਕਤੀਆਂ ਵੱਲੋਂ ਕਤਲ ਕਰ ਦਿੱਤਾ ਗਿਆ। ਜਿਸ ਸਬੰਧੀ ਮੁਕੱਦਮਾ ਨੰਬਰ 73 ਮਿਤੀ 07.04.2026 ਅ/ਧ 103 BNS ਥਾਣਾ ਭਵਾਨੀਗੜ੍ਹ ਬਰਖਿਲਾਫ ਨਾਮਲੂਮ ਵਿਅਕਤੀ/ਵਿਅਕਤੀਆਨ ਦਰਜ ਕਰ ਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਕੇਸ ਨੂੰ ਟਰੇਸ ਕਰਨ ਲਈ ਸ਼੍ਰੀ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਅਗਵਾਈ ਹੇਠ ਸ਼੍ਰੀ ਦਲਜੀਤ ਸਿੰਘ ਵਿਰਕ, ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ ਅਤੇ ਸ਼੍ਰੀ ਰਾਹੁਲ ਕੌਸ਼ਲ, ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਭਵਾਨੀਗੜ੍ਹ ਦੀ ਨਿਗਰਾਨੀ ਹੇਠ ਇੰਸਪੈਕਟਰ ਸੰਦੀਪ ਸਿੰਘ ਇੰਚਾਰਜ ਸੀ. ਆਈ. ਏ. ਬਹਾਦਰ ਸਿੰਘ ਵਾਲਾ ਅਤੇ ਇੰਸਪੈਕਟਰ ਮਾਲਵਿੰਦਰ ਸਿੰਘ, ਮੁੱਖ ਅਫਸਰ ਥਾਣਾ ਭਵਾਨੀਗੜ੍ਹ ਦੀਆਂ ਟੀਮਾਂ ਬਣਾ ਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

ਦੌਰਾਨੇ ਤਫਤੀਸ਼ ਮਿਤੀ 10-04-2026 ਨੂੰ ਮੁਕੱਦਮੇ ਨੂੰ ਟਰੇਸ ਕਰਕੇ ਮੁਲਜ਼ਮ ਅਸਨੇਹ ਪਾਠਕ ਵਾਸੀ ਵਾਰਡ ਨੰ 32 ਰਾਮ ਨਗਰ ਮੰਡੀ ਗੋਬਿੰਦਗੜ੍ਹ, ਸੂਰਜ ਕੁਮਾਰ ਵਾਸੀ ਰਾਮ ਨਗਰ ਮੰਡੀ ਗੋਬਿੰਦਗੜ੍ਹ, ਰਵਿੰਦਰ ਕੁਮਾਰ ਵਾਸੀ ਰਾਮ ਨਗਰ ਮੰਡੀ ਗੋਬਿੰਦਗੜ੍ਹ, ਮੋਨੂੰ ਵਰਮਾ ਵਾਸੀ ਰਾਮ ਨਗਰ ਮੰਡੀ ਗੋਬਿੰਦਗੜ੍ਹ, ਨਿਤਿਸ਼ ਕੁਮਾਰ ਵਾਸੀ ਬਿਧੀ ਚੰਦ ਕਲੋਨੀ ਮੰਡੀ ਗੋਬਿੰਦਗੜ੍ਹ, ਮੁੰਨਾ ਕੁਮਾਰ ਵਾਸੀ ਬਿਧੀ ਚੰਦ ਕਲੋਨੀ ਮੰਡੀ ਗੋਬਿੰਦਗੜ੍ਹ ਅਤੇ 01 ਜੁਬਨਾਇਲ ਨਾਮਜ਼ਦ ਕਰ ਕੇ ਗ੍ਰਿਫਤਾਰ ਕੀਤਾ ਗਿਆ।

ਮੁਲਜ਼ਮਾਂ ਪਾਸੋਂ ਵਾਰਦਾਤ ਸਮੇਂ ਵਰਤਿਆ ਕੈਂਟਰ ਨੰਬਰੀ PB-AA-DC-4207 ਮਾਰਕਾ ਭਾਰਤ ਵੈਨਜ਼, ਮੋਟਰਸਾਇਕਲ ਨੰਬਰੀ PB-30W-8750 ਮਾਰਕਾ ਸਪਲੈਂਡਰ ਰੰਗ ਸਿਲਵਰ, ਚੋਰੀਸ਼ੁਦਾ 04 ਪਾਈਪ ਲੋਹਾ, 01 ਡੰਡਾ ਤੇ ਮ੍ਰਿਤਕ ਦਾ ਮੋਬਾਇਲ ਫੋਨ ਬ੍ਰਾਮਦ ਕਰਵਾਏ ਗਏ ਅਤੇ ਕੇਸ ਵਿੱਚ ਜੁਰਮ 310(3), 317 (2) BNS ਦਾ ਵਾਧਾ ਕੀਤਾ ਗਿਆ। ਮੁਲਜ਼ਮਾਂ ਪਾਸੋਂ ਡੂੰਘਾਈ ਨਾਲ ਪੁੱਛ-ਪੜਤਾਲ ਕੀਤੀ ਗਈ, ਜਿਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਵੱਲੋਂ ਮਿਤੀ 8/9-04-2026 ਦੀ ਰਾਤ ਨੂੰ ਕ੍ਰਿਸ਼ਨਾ ਡੇਅਰੀ ਫਾਰਮ ਪਿੰਡ ਸਲਾਣਾ ਦੂੱਲਾ ਸਿੰਘ ਵਾਲਾ, ਥਾਣਾ ਅਮਲੋਹ (ਜ਼ਿਲ੍ਹਾ ਫਤਿਹਗੜ੍ਹ ਸਾਹਿਬ) ਤੋਂ 14 ਪਾਈਪ ਲੋਹਾ, 17 ਸੌਕਟ, ਕਰੀਬ ਡੇਢ ਮਹੀਨਾ ਪਹਿਲਾਂ ਸਾਹਨੇਵਾਲ ਰੋਡ ਤੋਂ 15-16 ਪਾਈਪ ਲੋਹਾ, ਕਰੀਬ 01 ਮਹੀਨਾ ਪਹਿਲਾ ਜਲੰਧਰ ਰੋਡ ਲੁਧਿਆਣਾ ਤੋਂ 5 ਟਨ ਸਰੀਆ ਅਤੇ 20 ਦਿਨ ਪਹਿਲਾਂ ਦੁਰਾਹੇ ਵਾਲੀ ਨਹਿਰ ਪਿੰਡ ਦੁੱਗਰੀ ਬਾਈਪਾਸ ਕੋਲੋਂ ਸ਼ਟਰਿੰਗ ਦਾ ਸਮਾਨ ਚੋਰੀ ਕੀਤਾ ਸੀ।

ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰ ਕੇ ਡੂੰਘਾਈ ਨਾਲ ਪੁੱਛ-ਪੜਤਾਲ ਕੀਤੀ ਜਾ ਰਹੀ ਹੈ, ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਜਲਿਆਂਵਾਲਾ ਬਾਗ ਕਤਲੇਆਮ ਲਈ ਬ੍ਰਿਟਿਸ਼ ਸਰਕਾਰ ਤੋਂ ਮਾਫ਼ੀ ਦੀ ਮੰਗ ਤੇਜ਼

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਅੰਮ੍ਰਿਤਸਰ ਵਿੱਚ 13 ਅਪ੍ਰੈਲ 1919 ਨੂੰ ਹੋਏ ਜਲਿਆਂਵਾਲਾ ਬਾਗ ਕਤਲੇਆਮ ਦੀ ਵਰ੍ਹੇਗੰਢ ਮੌਕੇ ਦੁਨੀਆ ਭਰ ਦੀ ਸਿੱਖ ਕੌਮ ਵੱਲੋਂ ਬ੍ਰਿਟਿਸ਼ ਸਰਕਾਰ ਤੋਂ ਰਸਮੀ ਮਾਫ਼ੀ ਦੀ ਮੰਗ ਇੱਕ ਵਾਰ ਫਿਰ ਤੇਜ਼ ਹੋ ਗਈ ਹੈ। ਪ੍ਰਧਾਨ ਮੰਤਰੀ ਕੀਅਰ ਸਟਾਰਮਰ ਉੱਤੇ ਦਬਾਅ ਵੱਧ ਰਿਹਾ ਹੈ ਕਿ ਉਹ ਲੇਬਰ ਪਾਰਟੀ ਵੱਲੋਂ ਕੀਤਾ ਗਿਆ ਪੁਰਾਣਾ ਵਾਅਦਾ ਪੂਰਾ ਕਰਦੇ ਹੋਏ ਸਿੱਖ ਕੌਮ ਨਾਲ ਇਤਿਹਾਸਕ ਅਨਿਆਂ ਲਈ ਖੁੱਲ੍ਹ ਕੇ ਮਾਫ਼ੀ ਮੰਗਣ। ਇਤਿਹਾਸਕ ਤੌਰ ‘ਤੇ ਇਹ ਘਟਨਾ ਬ੍ਰਿਟਿਸ਼ ਰਾਜ ਦੇ ਸਭ ਤੋਂ ਕਾਲੇ ਅਧਿਆਇਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ, ਜਦੋਂ ਨਿਰਦੋਸ਼ ਅਤੇ ਨਿਹੱਥੇ ਲੋਕਾਂ ‘ਤੇ ਗੋਲੀਆਂ ਚਲਾਈਆਂ ਗਈਆਂ। ਇਸ ਕਤਲੇਆਮ ਨੇ ਨਾ ਸਿਰਫ਼ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਨਵਾਂ ਮੋੜ ਦਿੱਤਾ ਸੀ, ਸਗੋਂ ਦੁਨੀਆ ਭਰ ਵਿੱਚ ਬ੍ਰਿਟਿਸ਼ ਸ਼ਾਸਨ ਦੀ ਕੜੀ ਆਲੋਚਨਾ ਵੀ ਹੋਈ ਸੀ। ਸਾਲ 2019 ਵਿੱਚ ਇਸ ਕਤਲੇਆਮ ਦੀ 100ਵੀਂ ਵਰ੍ਹੇਗੰਢ ਮੌਕੇ ਤਤਕਾਲੀ ਪ੍ਰਧਾਨ ਮੰਤਰੀ ਥੇਰਿਸਾ ਮੇ ਨੇ ਬ੍ਰਿਟਿਸ਼ ਸੰਸਦ ਵਿੱਚ ਇਸਨੂੰ “ਦੁਖਦਾਈ ਘਟਨਾ” ਅਤੇ ਬ੍ਰਿਟਿਸ਼ ਇਤਿਹਾਸ ‘ਤੇ “ਸ਼ਰਮਨਾਕ ਦਾਗ” ਕਰਾਰ ਦਿੱਤਾ ਸੀ। ਉਨ੍ਹਾਂ ਨੇ ਮਹਾਰਾਣੀ ਐਲਿਜ਼ਾਬੇਥ ਦੂਜੀ ਵੱਲੋਂ 1997 ਵਿੱਚ ਦਿੱਤੇ ਬਿਆਨ ਦਾ ਹਵਾਲਾ ਦਿੰਦਿਆਂ ਇਸਨੂੰ “ਦਿਲ ਦੁਖਾਉਣ ਵਾਲਾ ਉਦ-ਾਹਰਨ” ਵੀ ਕਿਹਾ ਅਤੇ ਇਸ ਘਟਨਾ ਲਈ ਗਹਿਰਾ ਅਫਸੋਸ ਜਤਾਇਆ। ਹਾਲਾਂਕਿ ਸਿੱਖ ਭਾਈਚਾਰੇ ਅਤੇ ਹੋਰ ਵਰਗਾਂ ਵੱਲੋਂ ਇਹ ਮੰਨਿਆ ਗਿਆ ਕਿ ਇਹ ਬਿਆਨ ਪੂਰੀ ਤਰ੍ਹਾਂ ਰਸਮੀ ਮਾਫ਼ੀ ਦੇ ਦਰਜੇ ‘ਤੇ ਨਹੀਂ ਪਹੁੰਚਦਾ। ਉਸ ਸਮੇਂ ਲੇਬਰ ਪਾਰਟੀ ਦੇ ਨੇਤਾ ਜੇਰਮੀ ਕੋਰਬਿਨ ਨੇ ਖੁੱਲ੍ਹ ਕੇ ਮੰਗ ਕੀਤੀ ਸੀ ਕਿ ਬ੍ਰਿਟਿਸ਼ ਸਰਕਾਰ ਨੂੰ ਇਸ ਕਤਲੇਆਮ ਲਈ ਸਿੱਧੀ ਅਤੇ ਸਪਸ਼ਟ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜੇ ਲੇਬਰ ਪਾਰਟੀ ਸੱਤਾ ਵਿੱਚ ਆਉਂਦੀ ਹੈ ਤਾਂ ਇਹ ਇਤਿਹਾਸਕ ਗਲਤੀ ਨੂੰ ਠੀਕ ਕੀਤਾ ਜਾਵੇਗਾ। ਇਹ ਵਾਅਦਾ ਲੇਬਰ ਪਾਰਟੀ ਦੇ ਚੋਣ ਘੋਸ਼ਣਾ ਪੱਤਰ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ। ਪਿਛਲੇ ਸਾਲ ਜਦੋਂ ਕੀਅਰ ਸਟਾਰਮਰ ਪਹਿਲੀ ਵਾਰ ਪ੍ਰਧਾਨ ਮੰਤਰੀ ਵਜੋਂ ਇਸ ਮੌਕੇ ‘ਤੇ ਸਨ, ਤਾਂ ਉਸ ਵੇਲੇ ਸੰਸਦ ਦੀ ਕਾਰਵਾਈ ਨਹੀਂ ਚੱਲ ਰਹੀ ਸੀ ਅਤੇ ਰਸਮੀ ਮਾਫ਼ੀ ਦਾ ਮਾਮਲਾ ਅੱਗੇ ਨਹੀਂ ਵੱਧ ਸਕਿਆ। ਇਸ ਵਾਰ, 13 ਅਪ੍ਰੈਲ ਨੂੰ ਸੰਸਦ ਦੀ ਕਾਰਵਾਈ ਜਾਰੀ ਹੋਣ ਕਰਕੇ ਇਹ ਮਾਮਲਾ ਮੁੜ ਕੇਂਦਰ ਵਿੱਚ ਆ ਗਿਆ ਹੈ ਅਤੇ ਇਸਨੂੰ ਇੱਕ ਅਹਿਮ ਮੌਕੇ ਵਜੋਂ ਦੇਖਿਆ ਜਾ ਰਿਹਾ ਹੈ।

# ਲੰਡਨ ਪੁਲੀਸ ਵੱਲੋਂ 212 ਪ੍ਰਦਰਸ਼ਨਕਾਰੀ ਗ੍ਰਿਫ਼ਤਾਰ

ਲੰਡਨ ਪੁਲੀਸ ਨੇ ਬੀਤੇ ਦਿਨ ਪਾਬੰਦੀਸ਼ੁਦਾ ਜਥੇਬੰਦੀ ਪੈਲੇਸਟਾਈਨ ਐਕਸ਼ਨ (ਫ਼ਲਸਤੀਨੀ ਐਕਸ਼ਨ) ਦੇ ਹੱਕ ਵਿੱਚ ਹੋਏ ਮੁਜ਼ਾਹਰੇ ਦੌਰਾਨ 212 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬਰਤਾਨਵੀ ਸਰਕਾਰ ਨੇ ਇਸ ਜਥੇਬੰਦੀ ਨੂੰ ਦਹਿਸ਼ਤਗਰਦਾਂ ਦੀ ਜਥੇਬੰਦੀ ਕਰਾਰ ਦਿੱਤਾ ਹੈ। ਮੈਟਰੋਪੋਲੀਟਨ ਪੁਲੀਸ ਮੁਤਾਬਕ 27 ਤੋਂ 82 ਸਾਲ ਦੀ ਉਮਰ ਦੇ ਇਨ੍ਹਾਂ ਮੁਜ਼ਾਹਰਾਕਾਰੀਆਂ ਨੂੰ ਜਥੇਬੰਦੀ ਦਾ ਸਮਰਥਨ ਕਰਨ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਪੁਲੀਸ ਦੀ ਅਗਾਊਂ ਚਿਤਾਵਨੀ ਦੇ ਬਾਵਜੂਦ ਡਿਫੈਂਡ ਆਵਰ ਜਿਊਰੀਜ਼ ਦੇ ਸੱਦੇ ਤੇ ਸੈਂਕੜੇ ਲੋਕ ਟਰੈਫਲਗਰ ਸਕੁਏਅਰ ਵਿੱਚ ਇਕੱਠੇ ਹੋਏ। ਮੈਸਿਵ ਅਟੈਕ ਬੈਂਡ ਦਾ ਸੰਗੀਤਕਾਰ ਰੌਬਰਟ ਡੇਲ ਨਾਜਾ ਵੀ ਪ੍ਰਦਰਸ਼ਨ ਵਿੱਚ ਸ਼ਾਮਲ ਹੋਇਆ। ਉਸ ਨੇ ਵੀ ਪੈਲੇਸਟਾਈਨ ਐਕਸ਼ਨ ਦੇ ਹੱਕ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ। ਜਦੋਂ ਪੁਲੀਸ ਕੁੱਝ ਬਜ਼ੁਰਗਾਂ ਨੂੰ ਹਿਰਾਸਤ ਵਿੱਚ ਲੈਣ ਲੱਗੀ ਤਾਂ ਪ੍ਰਦਰਸ਼ਨਕਾਰੀਆਂ ਨੇ ਸ਼ਰਮ ਕਰੋ ਦੇ ਨਾਅਰੇ ਲਾਏ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਅਮਰੀਕਾ ਵਿਚ ਨਸਲਵਾਦ ਦਾ ਤਾਂਡਵ

## ✪ ਐਫਬੀਆਈ ਦੀ ਰਿਪੋਰਟ ਅਨੁਸਾਰ 10 ਸਾਲ, 228 ਮਾਮਲੇ ਅਤੇ ਸਿੱਖਾਂ ਵਿਰੁੱਧ 3700% ਵਧੀ ਨਫ਼ਰਤ

## ✪ ਗੋਰਿਆਂ ਦੇ ਦੇਸ਼ ਵਿਚ ਸਿੱਖ ਅਸੁਰੱਖਿਅਤ ਕਿਉਂ ? ਨਿਸ਼ਾਨੇ 'ਤੇ ਲੈਟਿਨੋ ਅਤੇ ਘੱਟ ਗਿਣਤੀ ਭਾਈਚਾਰੇ ਵੀ



ਵਾਸ਼ਿੰਗਟਨ-ਅਮਰੀਕਾ, ਜਿਸ ਨੂੰ ਦੁਨੀਆ ਦਾ ਸਭ ਤੋਂ ਪੁਰਾਣਾ ਲੋਕਤੰਤਰ ਅਤੇ ਵੱਖ-ਵੱਖ ਸਭਿਆਚਾਰਾਂ ਦਾ ਸੰਗਮ ਮੰਨਿਆ ਜਾਂਦਾ ਹੈ, ਇਸ ਵੇਲੇ ਨਫ਼ਰਤੀ ਅਪਰਾਧਾਂ ਨਾਲ ਜੂਝ ਰਿਹਾ ਹੈ। ਐਫ. ਬੀ. ਆਈ. ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅਤੇ ਹੈਰਾਨੀਜਨਕ ਅੰਕੜਿਆਂ ਅਨੁਸਾਰ, ਪਿਛਲੇ ਇੱਕ ਦਹਾਕੇ (2015-2025) ਵਿੱਚ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਇਸ ਰਿਪੋਰਟ ਵਿੱਚ ਸਭ ਤੋਂ ਚਿੰਤਾਜਨਕ ਅੰਕੜਾ ਸਿੱਖ ਭਾਈਚਾਰੇ ਨਾਲ ਸਬੰਧਤ ਹੈ, ਜਿਨ੍ਹਾਂ ਵਿਰੁੱਧ ਨਫ਼ਰਤੀ ਮਾਮਲੇ 3700% ਤੱਕ ਵਧ ਗਏ ਹਨ।

ਸਿੱਖ ਭਾਈਚਾਰਾ ਨਿਸ਼ਾਨੇ 'ਤੇ ਕਿਉਂ?- ਦਹਾਕਾ ਪਹਿਲਾਂ, ਯਾਨੀ 2015 ਵਿੱਚ, ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਗਿਣਤੀ ਸਿਰਫ਼ 6 ਦਰਜ ਕੀਤੀ ਗਈ ਸੀ। ਪਰ 2025 ਤੱਕ ਇਹ ਅੰਕੜਾ ਵੱਧ ਕੇ 228 ਹੋ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ (ਦਸਤਾਰ ਅਤੇ ਦਾੜ੍ਹੀ) ਕਾਰਨ ਉਹਨਾਂ ਨੂੰ ਅਕਸਰ ਗਲਤਫਹਿਮੀ ਜਾਂ ਜਾਣਬੁੱਝ ਕੇ ਨਫ਼ਰਤ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ।

ਅਮਰੀਕਾ ਸਥਿਤ ਸਿੱਖ ਜਥੇਬੰਦੀ 'ਸਿੱਖ ਕੌਲੀਸ਼ਨ' ਅਨੁਸਾਰ, 2024 ਵਿੱਚ ਸਿੱਖ ਭਾਈਚਾਰਾ ਯਹੂਦੀਆਂ ਅਤੇ ਮੁਸਲਮਾਨਾਂ ਤੋਂ ਬਾਅਦ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਣ ਵਾਲਾ ਧਾਰਮਿਕ ਭਾਈਚਾਰਾ ਬਣ ਗਿਆ ਹੈ। ਸੰਸਥਾ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ, "ਇਹ ਅੰਕੜੇ ਸਿਰਫ਼ ਗਿਣਤੀ ਨਹੀਂ ਹਨ, ਸਗੋਂ ਉਸ ਡਰ ਦੀ ਤਸਵੀਰ ਹਨ ਜੋ ਸਿੱਖ ਅਮਰੀਕੀ ਰੋਜ਼ਾਨਾ ਮਹਿਸੂਸ ਕਰਦੇ ਹਨ। ਉਹਨਾਂ ਅਨੁਸਾਰ, ਅਮਰੀਕੀ ਸਰਕਾਰ ਨੂੰ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਪ੍ਰਣਾਲੀ ਨੂੰ ਹੋਰ ਸੁਧਾਰਨ ਦੀ ਲੋੜ ਹੈ ਕਿਉਂਕਿ ਬਹੁਤ ਸਾਰੇ ਮਾਮਲੇ ਅਜੇ ਵੀ ਦਰਜ ਨਹੀਂ ਹੁੰਦੇ। ਉਹਨਾਂ ਨੇ ਮੰਗ ਕੀਤੀ ਹੈ ਕਿ ਸਕੂਲਾਂ ਦੇ ਪਾਠਕ੍ਰਮ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇ ਤਾਂ ਜੋ ਅਗਿਆਨਤਾ ਕਾਰਨ ਹੁੰਦੀ ਹਿੰਸਾ ਨੂੰ ਰੋਕਿਆ ਜਾ ਸਕੇ।"

ਯੂਨਾਈਟਿਡ ਸਿੱਖਸ ਜਥੇਬੰਦੀ ਦੇ ਆਗੂਆਂ ਨੇ ਕਿਹਾ ਹੈ ਕਿ ਸਿੱਖਾਂ ਨੂੰ ਉਹਨਾਂ ਦੀ ਵੱਖਰੀ ਦਿੱਖ (ਦਸਤਾਰ ਅਤੇ ਦਾੜ੍ਹੀ) ਕਾਰਨ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹਨਾਂ ਅਨੁਸਾਰ, "ਅਮਰੀਕਾ ਵਿੱਚ ਵਧ ਰਹੀ ਸਿਆਸੀ ਕੱਟੜਤਾ ਨੇ ਘੱਟ ਗਿਣਤੀਆਂ ਲਈ ਮਾਹੌਲ ਨੂੰ ਹੋਰ ਖ਼ਤਰਨਾਕ ਬਣਾ ਦਿੱਤਾ ਹੈ।" ਉਹਨਾਂ ਨੇ ਸਥਾਨਕ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ 'ਸੇਫਟੀ ਸੈਮੀਨਾਰ' ਕਰਵਾਉਣ 'ਤੇ ਜ਼ੋਰ ਦਿੱਤਾ ਹੈ।

ਅਮਰੀਕਾ ਦੇ ਕੈਲੀਫੋਰਨੀਆ ਅਤੇ ਨਿਊਯਾਰਕ ਵਰਗੇ ਸੂਬਿਆਂ ਦੇ ਗੁਰਦੁਆਰਾ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕਿਹਾ ਹੈ ਕਿ ਸਿੱਖਾਂ ਵਿਰੁੱਧ ਨਫ਼ਰਤ ਵਿੱਚ 3700% ਦਾ ਵਾਧਾ ਇਹ ਦਰਸਾਉਂਦਾ ਹੈ ਕਿ ਅਮਰੀਕਾ ਵਿੱਚ ਸਿੱਖਾਂ ਬਾਰੇ ਜਾਗਰੂਕਤਾ ਦੀ ਭਾਰੀ ਕਮੀ ਹੈ। ਉਹਨਾਂ ਨੇ ਅਮਰੀਕੀ ਕਾਂਗਰਸ (ਪਾਰਲੀਮੈਂਟ) ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ 'ਹੇਟ ਕ੍ਰਾਈਮ' ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਜਾਵੇ ਤਾਂ ਜੋ ਦੋਸ਼ੀਆਂ ਨੂੰ ਤੁਰੰਤ ਸਜ਼ਾ ਮਿਲ ਸਕੇ। ਇਹ ਅੰਕੜੇ ਦਰਸਾਉਂਦੇ ਹਨ ਕਿ ਸਿੱਖਾਂ ਲਈ ਸੁਰੱਖਿਆ ਦੇ ਘੇਰੇ ਨੂੰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ। ਸਾਰੀਆਂ ਸਿੱਖ ਜਥੇਬੰਦੀਆਂ ਇੱਕ ਗੱਲ 'ਤੇ ਸਹਿਮਤ ਹਨ ਕਿ ਸਿਆਸੀ ਬਿਆਨਬਾਜ਼ੀ, ਮੀਡੀਆ ਵਿੱਚ ਗਲਤ ਅਕਸ ਅਤੇ ਸਿੱਖ ਪਛਾਣ ਬਾਰੇ ਅਗਿਆਨਤਾ ਇਸ ਵਧਦੀ ਹਿੰਸਾ ਦੇ ਤਿੰਨ ਮੁੱਖ ਕਾਰਨ ਹਨ। ਉਹਨਾਂ ਦਾ ਮੰਨਣਾ ਹੈ ਕਿ ਸਿੱਖਾਂ ਨੂੰ ਹੁਣ ਆਪਣੀ ਸੁਰੱਖਿਆ ਅਤੇ ਹੱਕਾਂ ਲਈ ਅਮਰੀਕੀ ਸਿਆਸਤ ਵਿੱਚ ਹੋਰ ਵਧੇਰੇ ਸਰਗਰਮ ਹੋਣਾ ਪਵੇਗਾ।

ਲੈਟਿਨੋ ਭਾਈਚਾਰੇ ਵਿਰੁੱਧ ਅਪਰਾਧਾਂ ਵਿੱਚ 239% ਦਾ ਵਾਧਾ ਦਰਜ ਕੀਤਾ ਗਿਆ ਹੈ। 2025 ਵਿੱਚ ਇਹ ਮਾਮਲੇ 1,014 ਤੱਕ ਪਹੁੰਚ ਗਏ, ਜੋ ਕਿ ਐਫ.ਬੀ.ਆਈ. ਦੇ 34 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੌਰਾਨ ਇਮੀਗ੍ਰੇਸ਼ਨ ਵਿਰੁੱਧ ਸਖ਼ਤ ਰੁਖ ਅਤੇ ਭੜਕਾਊ ਬਿਆਨਬਾਜ਼ੀ ਨੇ ਇਸ ਨਫ਼ਰਤ ਨੂੰ ਹਵਾ ਦਿੱਤੀ ਹੈ। ਅੱਜ ਲੈਟਿਨੋ ਭਾਈਚਾਰਾ ਅਮਰੀਕਾ ਵਿੱਚ ਤੀਜਾ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਜਾਣ ਵਾਲਾ ਸਮੂਹ ਬਣ ਚੁੱਕਾ ਹੈ। ਸਭ ਤੋਂ ਭਿਆਨਕ ਵਾਧਾ ਟਰਾਂਸਜੈਂਡਰ ਵਿਅਕਤੀਆਂ ਵਿਰੁੱਧ ਦੇਖਿਆ ਗਿਆ ਹੈ, ਜਿੱਥੇ ਅਪਰਾਧਾਂ ਵਿੱਚ 395% ਦਾ ਉਛਾਲ ਆਇਆ ਹੈ। ਇਸੇ ਤਰ੍ਹਾਂ, ਕੋਰੋਨਾ ਕਾਲ ਤੋਂ ਬਾਅਦ ਏਸ਼ੀਆਈ ਲੋਕਾਂ ਵਿਰੁੱਧ ਨਫ਼ਰਤ ਅਜੇ ਵੀ ਰੁਕਣ ਦਾ ਨਾਮ ਨਹੀਂ ਲੈ ਰਹੀ ਅਤੇ ਇਸ ਵਿੱਚ 195% ਦਾ ਵਾਧਾ ਹੋਇਆ ਹੈ।

ਅੰਕੜਿਆਂ ਦੀ ਇੱਕ ਨਜ਼ਰ (2015-2025)-ਸਿੱਖ 3700% ਸਭ ਤੋਂ ਤੇਜ਼ੀ ਨਾਲ ਵਧ ਰਹੇ ਮਾਮਲੇ, ਟਰਾਂਸਜੈਂਡਰ 395% ਲਗਾਤਾਰ ਹਿੰਸਾ ਦਾ ਸ਼ਿਕਾਰ, ਲੈਟਿਨੋ 239% ਇਮੀਗ੍ਰੇਸ਼ਨ ਬਹਿਸ ਕਾਰਨ ਨਿਸ਼ਾਨੇ 'ਤੇ, ਏਸ਼ੀਆਈ 195% ਨਸਲੀ ਵਿਤਕਰੇ ਵਿੱਚ ਵਾਧਾ, ਯਹੂਦੀ 123% ਹਮਾਸ-ਇਜ਼ਰਾਈਲ ਜੰਗ ਤੋਂ ਬਾਅਦ ਤਣਾਅ, ਅਸ਼ਵੇਤ 66% ਇਤਿਹਾਸਕ ਤੌਰ 'ਤੇ ਸਭ ਤੋਂ ਵੱਧ ਨਿਸ਼ਾਨਾ।

ਕੀ ਕਹਿੰਦੇ ਹਨ ਮਾਹਿਰ?-ਨਫ਼ਰਤੀ ਅਪਰਾਧਾਂ ਦੇ ਮਾਹਿਰ ਬ੍ਰਾਇਨ ਲੈਵਿਨ ਅਨੁਸਾਰ, "ਜਦੋਂ ਸਮਾਜ ਵਿੱਚ ਕਿਸੇ ਖਾਸ ਸਮੂਹ ਬਾਰੇ ਡਰ ਜਾਂ ਨਕਾਰਾਤਮਕ ਧਾਰਨਾਵਾਂ ਫੈਲਾਈਆਂ ਜਾਂਦੀਆਂ ਹਨ, ਤਾਂ ਉਸ ਦਾ ਨਤੀਜਾ ਹਿੰਸਾ ਦੇ ਰੂਪ ਵਿੱਚ ਨਿਕਲਦਾ ਹੈ।" ਹੈਰਾਨੀ ਦੀ ਗੱਲ ਇਹ ਹੈ ਕਿ 2025 ਵਿੱਚ ਕੁੱਲ ਨਫ਼ਰਤੀ ਅਪਰਾਧਾਂ ਵਿੱਚ 11% ਦੀ ਮਾਮੂਲੀ ਕਮੀ ਆਈ ਹੈ, ਪਰ ਘੱਟ ਗਿਣਤੀਆਂ (ਖਾਸ ਕਰਕੇ ਸਿੱਖਾਂ ਅਤੇ ਲੈਟਿਨੋਜ਼) ਵਿਰੁੱਧ ਅਪਰਾਧਾਂ ਦੇ ਅੰਕੜੇ ਰਿਕਾਰਡ ਤੋੜ ਰਹੇ ਹਨ।

ਬ੍ਰਾਇਨ ਲੈਵਿਨ (ਹੇਟ ਕ੍ਰਾਈਮ ਮਾਹਿਰ ਅਤੇ ਸਾਬਕਾ ਪੁਲਿਸ ਅਧਿਕਾਰੀ) ਹਨ ਅਤੇ ਢਈ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੇ ਹਨ, ਨੇ ਕਿਹਾ ਹੈ ਕਿ ਜਦੋਂ ਕੋਈ ਭਾਈਚਾਰਾ ਕਿਸੇ ਖਾਸ ਕਿਸਮ ਦੇ 'ਡਰ' ਜਾਂ 'ਸਟੀਰੀਓਟਾਈਪ' (ਗਲਤ ਅਕਸ) ਦਾ ਸ਼ਿਕਾਰ ਹੁੰਦਾ ਹੈ, ਤਾਂ ਉਸ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਅਚਾਨਕ ਵਧ ਜਾਂਦੀਆਂ ਹਨ।" ਉਨ੍ਹਾਂ ਨੇ ਸਿੱਖਾਂ ਵਿਰੁੱਧ 3700% ਵਾਧੇ ਨੂੰ ਇੱਕ "ਜਨਤਕ ਐਮਰਜੈਂਸੀ" ਵਰਗੀ ਸਥਿਤੀ ਦੱਸਿਆ ਹੈ।

ਇਹ ਅੰਕੜੇ ਸਿਰਫ਼ ਗਿਣਤੀ ਨਹੀਂ ਹਨ, ਸਗੋਂ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਲੋਕਾਂ ਦੀ ਸੁਰੱਖਿਆ ਅਤੇ ਮਾਨਸਿਕ ਸਥਿਤੀ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹਨ। ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਲਗਾਤਾਰ ਮੰਗ ਕਰ ਰਹੇ ਹਨ ਕਿ ਸਰਕਾਰ ਨੂੰ ਨਫ਼ਰਤੀ ਬਿਆਨਬਾਜ਼ੀ ਵਿਰੁੱਧ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਵਿਸ਼ੇਸ਼ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ।

*******

## ਅਮਰੀਕਨ ਸਿੱਖ ਕੀ ਕਰਨ

ਅਮਰੀਕਾ ਵਿੱਚ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਦੇ ਮੱਦੇਨਜ਼ਰ, ਅਮਰੀਕਨ ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਇੱਕ ਬਹੁ-ਪੱਖੀ ਰਣਨੀਤੀ ਜਾਂ ਨੀਤੀ ਅਪਨਾਉਣ ਦੀ ਲੋੜ ਹੈ। ਮਾਹਿਰਾਂ ਅਤੇ ਪੰਥਕ ਆਗੂਆਂ ਦੇ ਵਿਚਾਰਾਂ ਅਨੁਸਾਰ ਹੇਠ ਲਿਖੇ ਕਦਮ ਸਾਰਥਕ ਸਿੱਧ ਹੋ ਸਕਦੇ ਹਨ:

* ਸਿੱਖਾਂ ਨੂੰ ਸਿਰਫ਼ ਵੋਟਰ ਬਣਨ ਦੀ ਬਜਾਏ ਸਿਆਸਤ ਵਿੱਚ ਨੀਤੀ ਘੜਨ ਵਾਲੇ ਬਣਨਾ ਪਵੇਗਾ।

* ਸਿੱਖਾਂ ਨੂੰ ਆਪਣੇ ਇਲਾਕੇ ਦੇ ਮੇਅਰ, ਪੁਲਿਸ ਕਮਿਸ਼ਨਰ ਅਤੇ ਸੈਨੇਟਰਾਂ ਨਾਲ ਲਗਾਤਾਰ ਰਾਬਤਾ ਰੱਖਣਾ ਚਾਹੀਦਾ ਹੈ।

* 'ਹੇਟ ਕ੍ਰਾਈਮ' ਕਾਨੂੰਨਾਂ ਨੂੰ ਹੋਰ ਸਖ਼ਤ ਕਰਵਾਉਣ ਲਈ ਵਾਸ਼ਿੰਗਟਨ ਡੀ.ਸੀ. ਵਿੱਚ ਮਜ਼ਬੂਤ ਲਾਬਿੰਗ ਕਰਨੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਬਿਨਾਂ ਕਿਸੇ ਢਿੱਲ ਦੇ ਸਜ਼ਾ ਮਿਲੇ।

* ਨਫ਼ਰਤ ਅਕਸਰ ਅਗਿਆਨਤਾ ਵਿੱਚੋਂ ਨਿਕਲਦੀ ਹੈ। ਇਸ ਨੂੰ ਦੂਰ ਕਰਨ ਲਈ ਸਿੱਖ ਕੌਲੀਸ਼ਨ ਵਾਂਗ ਹੋਰ ਜਥੇਬੰਦੀਆਂ ਨੂੰ ਵੀ ਯਤਨ ਕਰਨੇ ਚਾਹੀਦੇ ਹਨ ਕਿ ਅਮਰੀਕੀ ਸਕੂਲਾਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿੱਚ ਸਿੱਖ ਧਰਮ ਅਤੇ ਸਿੱਖਾਂ ਦੇ ਅਮਰੀਕਾ ਲਈ ਯੋਗਦਾਨ ਬਾਰੇ ਜਾਣਕਾਰੀ ਸ਼ਾਮਲ ਕੀਤੀ ਜਾਵੇ। ਗੁਰਦੁਆਰਿਆਂ ਵਿੱਚ ਸਥਾਨਕ ਗੋਰੇ ਅਤੇ ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਬੁਲਾ ਕੇ 'ਲੰਗਰ' ਅਤੇ 'ਸਿੱਖ ਸਿਧਾਂਤਾਂ' ਬਾਰੇ ਦੱਸਣਾ ਚਾਹੀਦਾ ਹੈ।

* ਅਕਸਰ ਸਿੱਖ ਨਫ਼ਰਤੀ ਘਟਨਾਵਾਂ ਨੂੰ 'ਨਿੱਕੀ ਮੋਟੀ ਗੱਲ' ਸਮਝ ਕੇ ਪੁਲਿਸ ਕੋਲ ਦਰਜ ਨਹੀਂ ਕਰਵਾਉਂਦੇ। ਭਾਈਚਾਰੇ ਵਿੱਚ ਇਹ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਕਿ ਭਾਵੇਂ ਕੋਈ ਸੜਕ 'ਤੇ ਲੰਘਦਾ ਗਾਲ੍ਹ ਹੀ ਕਿਉਂ ਨਾ ਕੱਢੇ, ਉਸ ਦੀ ਸ਼ਿਕਾਇਤ ਦਰਜ ਕਰਵਾਈ ਜਾਵੇ। ਸਿੱਖ ਸੰਸਥਾਵਾਂ ਨੂੰ ਆਪਣੀ ਇੱਕ ਕੇਂਦਰੀ ਐਪ ਜਾਂ ਹੈਲਪਲਾਈਨ ਬਣਾਉਣੀ ਚਾਹੀਦੀ ਹੈ ਜਿੱਥੇ ਅਜਿਹੀਆਂ ਘਟਨਾਵਾਂ ਦਾ ਤੁਰੰਤ ਡਾਟਾ ਇਕੱਠਾ ਕੀਤਾ ਜਾ ਸਕੇ।

* ਅਮਰੀਕੀ ਮੀਡੀਆ ਵਿੱਚ ਸਿੱਖਾਂ ਦਾ ਅਕਸ ਸਹੀ ਤਰੀਕੇ ਨਾਲ ਪੇਸ਼ ਕਰਨਾ ਜ਼ਰੂਰੀ ਹੈ। ਸਿੱਖਾਂ ਨੂੰ ਅਮਰੀਕੀ ਨਿਊਜ਼ ਚੈਨਲਾਂ 'ਤੇ ਬਤੌਰ ਮਾਹਿਰ ਪੇਸ਼ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਪੀੜਤ ਵਜੋਂ। ਨੌਜਵਾਨ ਸਿੱਖਾਂ ਨੂੰ ਸੋਸ਼ਲ ਮੀਡੀਆ ਰਾਹੀਂ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਸਕਾਰਾਤਮਕ ਤਰੀਕੇ ਨਾਲ ਪ੍ਰਚਾਰਨਾ ਚਾਹੀਦਾ ਹੈ।

* ਸਿੱਖਾਂ ਨੂੰ ਇਕੱਲੇ ਲੜਨ ਦੀ ਬਜਾਏ ਹੋਰ ਪ੍ਰਭਾਵਿਤ ਭਾਈਚਾਰਿਆਂ (ਜਿਵੇਂ ਯਹੂਦੀ, ਮੁਸਲਿਮ ਤੇ ਅਫਰੀਕੀ-ਅਮਰੀਕਨ) ਨਾਲ ਮਿਲ ਕੇ 'ਸਾਂਝਾ ਮੋਰਚਾ' ਬਣਾਉਣਾ ਚਾਹੀਦਾ ਹੈ। ਜਦੋਂ ਸਾਰੇ ਘੱਟ ਗਿਣਤੀ ਭਾਈਚਾਰੇ ਇਕਜੁੱਟ ਹੋ ਕੇ ਬੋਲਣਗੇ, ਤਾਂ ਸਰਕਾਰ 'ਤੇ ਦਬਾਅ ਜ਼ਿਆਦਾ ਪਵੇਗਾ।

ਅਮਰੀਕਨ ਸਿੱਖਾਂ ਦੀ ਨੀਤੀ "ਜਾਗਰੂਕਤਾ, ਏਕਤਾ ਅਤੇ ਸਖ਼ਤ ਕਾਨੂੰਨੀ ਪੈਰਵੀ" 'ਤੇ ਅਧਾਰਿਤ ਹੋਣੀ ਚਾਹੀਦੀ ਹੈ। ਸਿੱਖਾਂ ਨੂੰ ਇਹ ਸਪਸ਼ਟ ਕਰਨਾ ਪਵੇਗਾ ਕਿ ਉਹ ਅਮਰੀਕਾ ਵਿੱਚ ਕੋਈ 'ਮਹਿਮਾਨ' ਨਹੀਂ, ਸਗੋਂ ਬਰਾਬਰ ਦੇ 'ਸ਼ਹਿਰੀ' ਹਨ।

# ਲੁਧਿਆਣਾ ਦੇ ਨਾਈਟ ਕਲੱਬ ਬਣੇ 'ਅੱਯਾਸ਼ੀ ਦੇ ਅੱਡੇ' ਨਾਬਾਲਗਾਂ ਨੂੰ ਪਰੋਸਿਆ ਜਾ ਰਿਹਾ ਜ਼ਹਿਰ

## ✪ ਕਾਨੂੰਨ ਦੀਆਂ ਉੱਡ ਰਹੀਆਂ ਧੱਜੀਆਂ



ਲੁਧਿਆਣਾ-ਸ਼ਹਿਰ ਦੇ ਪਾਸ਼ ਇਲਾਕੇ ਸਾਊਥ ਸਿਟੀ ਵਿੱਚ ਸਥਿਤ ਨਾਈਟ ਕਲੱਬਾਂ ਵਿੱਚ ਇਨੀਂ ਦਿਨੀਂ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪ੍ਰਸ਼ਾਸਨਿਕ ਸਖ਼ਤੀ ਅਤੇ ਪਾਬੰਦੀਆਂ ਦੇ ਦਾਅਵਿਆਂ ਦੇ ਬਾਵਜੂਦ, ਇਹ ਕਲੱਬ ਰਾਤ ਭਰ ਨਾਜਾਇਜ਼ ਗਤੀਵਿਧੀਆਂ ਦੇ ਸੁਰੱਖਿਅਤ ਕੇਂਦਰ ਬਣੇ ਹੋਏ ਹਨ।

ਹਾਲਾਂਕਿ ਡਿਪਟੀ ਕਮਿਸ਼ਨਰ ਨੇ ਰਾਤ 11 ਵਜੇ ਤੋਂ ਬਾਅਦ ਸ਼ਰਾਬ ਪਿਲਾਉਣ 'ਤੇ ਸਖ਼ਤ ਪਾਬੰਦੀ ਲਗਾਈ ਹੋਈ ਹੈ, ਪਰ ਹਕੀਕਤ ਇਸ ਤੋਂ ਉਲਟ ਹੈ। ਸੂਤਰਾਂ ਅਨੁਸਾਰ, ਇਨ੍ਹਾਂ ਕਲੱਬਾਂ ਦੇ ਬੰਦ ਦਰਵਾਜ਼ਿਆਂ ਪਿੱਛੇ ਅਸਲੀ ਜਸ਼ਨ ਰਾਤ 11 ਵਜੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਤੇ ਤੜਕੇ 4 ਵਜੇ ਤੱਕ ਨਿਰਵਿਘਨ ਚੱਲਦਾ ਹੈ। ਮਹਿੰਗੀ ਵਿਦੇਸ਼ੀ ਸ਼ਰਾਬ ਅਤੇ ਹੁੱਕੇ ਦਾ ਧੂੰਆਂ ਨੌਜਵਾਨਾਂ ਦੀਆਂ ਰਾਤਾਂ ਨੂੰ ਬਰਬਾਦ ਕਰ ਰਿਹਾ ਹੈ।

### ਨਾਬਾਲਗ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ

ਇਸ ਸਾਰੇ ਮਾਮਲੇ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਇਨ੍ਹਾਂ ਕਲੱਬਾਂ ਵਿੱਚ ਨਾਬਾਲਗ ਬੱਚਿਆਂ ਦੀ ਐਂਟਰੀ 'ਤੇ ਕੋਈ ਰੋਕ ਨਹੀਂ ਹੈ। ਮੁਨਾਫ਼ੇ ਦੇ ਲਾਲਚ ਵਿੱਚ ਕਲੱਬ ਮਾਲਕ ਬੱਚਿਆਂ ਨੂੰ ਸ਼ਰੇਆਮ ਨਸ਼ਾ ਅਤੇ ਹੁੱਕਾ ਪਰੋਸ ਰਹੇ ਹਨ। ਨਿਯਮਾਂ ਅਨੁਸਾਰ ਨਾਬਾਲਗਾਂ ਨੂੰ ਨਸ਼ਾ ਦੇਣਾ ਇੱਕ ਸੰਗੀਨ ਅਪਰਾਧ ਹੈ, ਪਰ ਇੱਥੇ ਕਾਨੂੰਨ ਦਾ ਕੋਈ ਖ਼ੌਫ਼ ਨਜ਼ਰ ਨਹੀਂ ਆ ਰਿਹਾ।

### ਪੁਲਿਸ ਦੀ ਭੂਮਿਕਾ 'ਤੇ ਉੱਠੇ ਸਵਾਲ

ਸ਼ਹਿਰ ਦੇ ਜਾਗਰੂਕ ਨਾਗਰਿਕ ਪੁਲਿਸ ਦੀ ਦੋਹਰੀ ਨੀਤੀ 'ਤੇ ਸਵਾਲ ਚੁੱਕ ਰਹੇ ਹਨ। ਪੁਲਿਸ ਸੜਕਾਂ 'ਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਤਾਂ ਤੁਰੰਤ ਫੜ ਲੈਂਦੀ ਹੈ, ਪਰ ਸਾਊਥ ਸਿਟੀ ਦੇ ਵੱਡੇ ਕਲੱਬਾਂ ਅੱਗੇ ਬੇਵੱਸ ਨਜ਼ਰ ਆਉਂਦੀ ਹੈ। ਚਰਚਾ ਹੈ ਕਿ ਕਈ ਉੱਚ ਅਧਿਕਾਰੀਆਂ ਦਾ ਇਨ੍ਹਾਂ ਕਲੱਬਾਂ ਵਿੱਚ ਆਉਣਾ-ਜਾਣਾ ਹੈ, ਜਿਸ ਕਾਰਨ ਛਾਪੇਮਾਰੀ ਤੋਂ ਪਹਿਲਾਂ ਹੀ ਕਲੱਬਾਂ ਨੂੰ ਸੂਚਨਾ ਮਿਲ ਜਾਂਦੀ ਹੈ ਅਤੇ ਕਾਰਵਾਈ ਮਹਿਜ਼ 'ਖਾਨਾਪੂਰਤੀ' ਤੱਕ ਸੀਮਤ ਰਹਿ ਜਾਂਦੀ ਹੈ।

### ਕਿਸੇ ਵੱਡੇ ਹਾਦਸੇ ਦਾ ਇੰਤਜ਼ਾਰ ?

ਸੁਰੱਖਿਆ ਦੇ ਲਿਹਾਜ਼ ਨਾਲ ਵੀ ਇਹ ਕਲੱਬ 'ਟਾਈਮ ਬੰਬ' ਬਣੇ ਹੋਏ ਹਨ। 100 ਲੋਕਾਂ ਦੀ ਸਮਰੱਥਾ ਵਾਲੀ ਥਾਂ 'ਤੇ 300 ਤੋਂ 400 ਲੋਕਾਂ ਨੂੰ ਇਕੱਠਾ ਕੀਤਾ ਜਾਂਦਾ ਹੈ। ਜੇਕਰ ਕੋਈ ਹਾਦਸਾ ਵਾਪਰਦਾ ਹੈ, ਤਾਂ ਭਾਰੀ ਜਾਨੀ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ, ਦੇਰ ਰਾਤ ਨਸ਼ੇ ਦੀ ਹਾਲਤ ਵਿੱਚ ਨਿਕਲਣ ਵਾਲੇ ਨੌਜਵਾਨ ਸੜਕਾਂ 'ਤੇ ਗੱਡੀਆਂ ਦੀ ਰੇਸ ਲਗਾਉਂਦੇ ਹਨ, ਜੋ ਖ਼ਤਰਨਾਕ ਸੜਕ ਹਾਦਸਿਆਂ ਦਾ ਕਾਰਨ ਬਣ ਰਹੇ ਹਨ।

### ਐਨਸੀਬੀ ਦੀ ਕਾਰਵਾਈ ਵੀ ਰਹੀ ਬੇਅਸਰ

ਕੁਝ ਮਹੀਨੇ ਪਹਿਲਾਂ ਦਿੱਲੀ ਤੋਂ ਆਈ ਐਨਸੀਬੀ (ਨਾਰਕੋਟਿਕਸ ਕੰਟਰੋਲ ਬਿਊਰੋ) ਦੀ ਟੀਮ ਨੇ ਵੀ ਇੱਥੇ ਛਾਪਾ ਮਾਰਿਆ ਸੀ ਅਤੇ ਕੁਝ ਸ਼ੱਕੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਸੀ। ਪਰ ਲੱਗਦਾ ਹੈ ਕਿ ਅਜਿਹੀਆਂ ਕਾਰਵਾਈਆਂ ਦਾ ਕਲੱਬ ਮਾਲਕਾਂ 'ਤੇ ਕੋਈ ਅਸਰ ਨਹੀਂ ਹੋਇਆ। ਇਲਾਕਾ ਨਿਵਾਸੀਆਂ ਅਤੇ ਜਾਗਰੂਕ ਸ਼ਹਿਰੀਆਂ ਨੇ ਪੁਲਿਸ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਨਾਈਟ ਕਲੱਬਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਰਸੂਖਦਾਰ ਮਾਲਕਾਂ ਨੂੰ ਸਲਾਖਾਂ ਪਿੱਛੇ ਭੇਜਿਆ ਜਾਵੇ।

## ਮੈਲਬੌਰਨ ਵਿਚ ਭਾਰਤੀ ਬਜ਼ੁਰਗਾਂ 'ਤੇ ਨਸਲੀ ਹਮਲਾ

## 'ਆਪਣੇ ਦੇਸ਼ ਵਾਪਸ ਜਾਓ' ਕਹਿਣ ਵਾਲੀ ਔਰਤ ਨੇ ਸਮੂਹ 'ਤੇ ਚੜ੍ਹਾਈ ਕਾਰ

ਮੈਲਬੌਰਨ-ਆਸਟ੍ਰੇਲੀਆ ਦੇ ਸ਼ਹਿਰ ਮੈਲਬੌਰਨ ਦੇ ਪੱਛਮੀ ਇਲਾਕੇ ਤੋਂ ਨਸਲੀ ਵਿਤਕਰੇ ਅਤੇ ਹਿੰਸਕ ਹਮਲੇ ਦੀ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਸਵੇਰ ਦੀ ਸੈਰ ਕਰਨ ਵਾਲੇ ਭਾਰਤੀ ਮੂਲ ਦੇ ਬਜ਼ੁਰਗਾਂ ਦੇ ਇੱਕ ਸਮੂਹ ਨੂੰ ਨਿਸ਼ਾਨਾ ਬਣਾਉਂਦਿਆਂ ਇੱਕ ਸਥਾਨਕ ਔਰਤ ਨੇ ਨਾ ਸਿਰਫ਼ ਨਸਲੀ ਟਿੱਪਣੀਆਂ ਕੀਤੀਆਂ, ਸਗੋਂ ਹਿੰਸਕ ਹਮਲਾ ਕਰਕੇ ਇੱਕ ਨੌਜਵਾਨ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਪੀੜਤ ਬਜ਼ੁਰਗਾਂ ਦਾ ਇਹ ਸਮੂਹ ਰੋਜ਼ਾਨਾ ਸਵੇਰੇ ਸੈਰ ਕਰਨ, ਕੌਫੀ ਪੀਣ ਅਤੇ ਆਪਸੀ ਮਿਲਣੀ ਲਈ ਇਕੱਠਾ ਹੁੰਦਾ ਸੀ। ਜਾਣਕਾਰੀ ਅਨੁਸਾਰ, ਪਿਛਲੇ ਕੁਝ ਦਿਨਾਂ ਤੋਂ ਇੱਕ ਔਰਤ ਲਗਾਤਾਰ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਸੀ ਅਤੇ ''ਆਪਣੇ ਦੇਸ਼ ਵਾਪਸ ਜਾਓ'' ਵਰਗੇ ਨਸਲੀ ਸ਼ਬਦਾਂ ਦਾ ਇਸਤੇਮਾਲ ਕਰ ਰਹੀ ਸੀ।



ਘਟਨਾ ਵਾਲੇ ਦਿਨ ਮਾਮਲਾ ਉਸ ਵੇਲੇ ਵਧ ਗਿਆ ਜਦੋਂ ਉਸ ਔਰਤ ਨੇ ਬਜ਼ੁਰਗਾਂ ਨਾਲ ਬਦਸਲੂਕੀ ਕਰਦਿਆਂ ਉਨ੍ਹਾਂ ਵੱਲ ਕੂੜੇ ਨਾਲ ਭਰਿਆ ਬੈਗ ਸੁੱਟ ਦਿੱਤਾ। ਮਾਹੌਲ ਤਣਾਅਪੂਰਨ ਹੁੰਦਾ ਦੇਖ ਜਦੋਂ ਇੱਕ ਬਜ਼ੁਰਗ ਦੇ ਪੁੱਤਰ, ਰੋਹਿਤ ਸਿੰਘ ਨੇ ਦਖ਼ਲ ਦੇ ਕੇ ਆਪਣੇ ਪਿਤਾ ਅਤੇ ਹੋਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਤਾਂ ਔਰਤ ਨੇ ਗੁੱਸੇ ਵਿੱਚ ਆ ਕੇ ਆਪਣੀ ਕਾਰ ਸਿੱਧੀ ਸਮੂਹ ਵੱਲ ਚੜ੍ਹਾ ਦਿੱਤੀ।

ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਰੋਹਿਤ ਸਿੰਘ-ਇਸ ਤੇਜ਼ ਰਫ਼ਤਾਰ ਕਾਰ ਦੀ ਟੱਕਰ ਕਾਰਨ ਰੋਹਿਤ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਐਂਬੂਲੈਂਸ ਬੁਲਾਈ ਅਤੇ ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ।

ਇਹ ਸਾਰੀ ਘਟਨਾ ਉੱਥੇ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਸੂਚਨਾ ਮਿਲਦੇ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਮਾਮਲਾ ਦਰਜ ਕਰ ਲਿਆ ਗਿਆ ਹੈ। ਭਾਰਤੀ ਭਾਈਚਾਰੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ੀ ਔਰਤ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

## ਨਸ਼ਿਆਂ ਨੇ ਉਜਾੜਿਆ ਹੱਸਦਾ-ਵੱਸਦਾ ਘਰ : 5 ਪੁੱਤ ਗੁਆਉਣ ਵਾਲੀ ਮਾਂ ਨੇ ਪੋਤੇ ਲਈ ਮੰਗੀ ਸਰਕਾਰੀ ਨੌਕਰੀ



ਸੁਲਤਾਨਪੁਰ ਲੋਧੀ (ਜਲੰਧਰ)-ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲੇ ਤੋਂ ਇੱਕ ਅਜਿਹਾ ਦਿਲ ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਬਦਕਿਸਮਤ ਮਾਂ ਨੇ ਨਸ਼ਿਆਂ ਦੀ ਭੇਂਟ ਚੜ੍ਹੇ ਆਪਣੇ ਪੰਜਵੇਂ ਪੁੱਤਰ ਦੀ ਵੀ ਲਾਸ਼ ਚੁੱਕੀ ਹੈ। ਪਿਛਲੇ ਅੱਠ ਸਾਲਾਂ ਵਿੱਚ ਇਸ ਪਰਿਵਾਰ ਦੇ ਪੰਜ ਨੌਜਵਾਨ ਪੁੱਤਰ ਨਸ਼ੇ (''ਚਿੱਟੇ'') ਦੀ ਲਪੇਟ ਵਿੱਚ ਆ ਕੇ ਦੁਨੀਆ ਤੋਂ ਰੁਖ਼ਸਤ ਹੋ ਚੁੱਕੇ ਹਨ।

ਮਨਜੀਤ ਕੌਰ ਦੇ ਪੰਜਵੇਂ ਪੁੱਤਰ ਸੋਨੂੰ ਦੀ ਬੀਤੇ ਮੰਗਲਵਾਰ ਨੂੰ ਅੰਮ੍ਰਿਤਸਰ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਮੌਤ ਹੋ ਗਈ। ਸੋਨੂੰ ਨਸ਼ੇ ਨਾਲ ਸਬੰਧਤ ਸਿਹਤ ਸਮੱਸਿਆਵਾਂ ਨਾਲ ਜੂਝ ਰਿਹਾ ਸੀ। ਗੁਰਦੁਆਰਾ ਬੇਰ ਸਾਹਿਬ ਅਤੇ ਪੁਲਿਸ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਰਹਿਣ ਵਾਲੇ ਇਸ ਪਰਿਵਾਰ ਵਿੱਚ ਅੱਜ ਸਿਰਫ਼ ਗ਼ਮ ਅਤੇ ਸਿਸਕੀਆਂ ਦਾ ਮਾਹੌਲ ਹੈ। ਪੀੜਤ ਮਹਿਲਾ ਮਨਜੀਤ ਕੌਰ, ਜੋ ਪਿਛਲੇ 10 ਸਾਲਾਂ ਤੋਂ ਗੁਰਦੁਆਰਾ ਬੇਰ ਸਾਹਿਬ ਵਿਖੇ ਸੇਵਾਦਾਰ ਵਜੋਂ ਕੰਮ ਕਰ ਰਹੀ ਹੈ, ਨੇ ਭਰੇ ਮਨ ਨਾਲ ਦੱਸਿਆ ਕਿ ਉਸਦੇ ਪੰਜੇ ਪੁੱਤਰ ਨਸ਼ਿਆਂ ਦੇ ਆਦੀ ਹੋ ਗਏ ਸਨ। ਪਰਿਵਾਰ ਨੇ ਆਪਣੇ ਪੁੱਤਰਾਂ ਨੂੰ ਬਚਾਉਣ ਲਈ ਇਲਾਜ 'ਤੇ 7-8 ਲੱਖ ਰੁਪਏ ਖਰਚ ਕੀਤੇ, ਪਰ ਕੋਈ ਫਾਇਦਾ ਨਹੀਂ ਹੋਇਆ। ਘਰ ਵਿੱਚ ਹੁਣ ਸਿਰਫ਼ ਬਜ਼ੁਰਗ ਪਤੀ, ਦੋ ਵਿਧਵਾ ਨੂੰਹਾਂ ਅਤੇ ਛੋਟੇ ਪੋਤੇ-ਪੋਤੀਆਂ ਹੀ ਰਹਿ ਗਏ ਹਨ। ਸੋਨੂੰ ਦੀ ਪਤਨੀ ਲਵਜੋਤ ਕੌਰ ਆਪਣੀ ਮਹਿਜ਼ 4 ਮਹੀਨਿਆਂ ਦੀ ਧੀ ਨੀਰਜਦੀਪ ਕੌਰ ਨੂੰ ਗੋਦ ਵਿੱਚ ਲਈ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ। ਮਨਜੀਤ ਕੌਰ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਉਸਦੇ ਘਰ ਦੇ ਸਾਰੇ ਕਮਾਉਣ ਵਾਲੇ ਮੈਂਬਰ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ। ਉਨ੍ਹਾਂ ਮੰਗ ਕੀਤੀ ਹੈ ਕਿ ਪਰਿਵਾਰ ਦੇ ਗੁਜ਼ਾਰੇ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਉਨ੍ਹਾਂ ਦੇ 22 ਸਾਲਾ ਪੋਤੇ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਮ੍ਰਿਤਕ ਦੀ ਪਤਨੀ ਲਵਜੋਤ ਕੌਰ ਨੇ ਸਥਾਨਕ ਨਸ਼ਾ ਤਸਕਰੀ ਬਾਰੇ ਖੁਲਾਸਾ ਕਰਦਿਆਂ ਦੱਸਿਆ ਕਿ ਮੋਟਰਸਾਈਕਲਾਂ 'ਤੇ ਮੂੰਹ ਢੱਕ ਕੇ ਆਉਣ ਵਾਲੇ ਲੋਕ ਸ਼ਰੇਆਮ ਨਸ਼ਾ ਵੇਚਦੇ ਹਨ। ਉਨ੍ਹਾਂ ਦੱਸਿਆ ਕਿ ਲਾਟੀਆਂਵਾਲ ਅਤੇ ਤੋਤੀ ਪਿੰਡਾਂ ਵਿੱਚ ਨਸ਼ਾ ਬਹੁਤ ਹੀ ਆਸਾਨੀ ਨਾਲ ਉਪਲਬਧ ਹੈ, ਜਿਸ ਕਾਰਨ ਨੌਜਵਾਨ ਪੀੜ੍ਹੀ ਬਰਬਾਦ ਹੋ ਰਹੀ ਹੈ।

# ਬੇਅਦਬੀ ਕਾਨੂੰਨ 'ਤੇ ਪਰਗਟ ਸਿੰਘ ਦਾ ਸਰਕਾਰ 'ਤੇ ਹਮਲਾ

# "ਸਰਕਾਰ ਦੀ ਨੀਅਤ ਸਾਫ਼ ਨਹੀਂ, ਲੋਕਾਂ ਨੂੰ ਕੀਤਾ ਜਾ ਰਿਹਾ ਗੁਮਰਾਹ"

ਚੰਡੀਗੜ੍ਹ-ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਅਤੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਬੇਅਦਬੀ ਕਾਨੂੰਨ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਘੇਰਦਿਆਂ ਤਿੱਖੇ ਸਵਾਲ ਖੜ੍ਹੇ ਕੀਤੇ ਹਨ। ਚੰਡੀਗੜ੍ਹ ਸਥਿਤ ਪੰਜਾਬ ਕਾਂਗਰਸ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨਵੇਂ ਕਾਨੂੰਨ ਦੇ ਨਾਂ 'ਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੀ ਹੈ।

ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 13 ਅਪਰੈਲ ਨੂੰ ਨਵਾਂ ਬੇਅਦਬੀ ਕਾਨੂੰਨ ਬਣਾਉਣ ਲਈ ਬੁਲਾਇਆ ਗਿਆ ਵਿਸ਼ੇਸ਼ ਸੈਸ਼ਨ ਸਿਰਫ਼ ਇੱਕ ਦਿਖਾਵਾ ਹੈ। ਉਨ੍ਹਾਂ ਕਿਹਾ ਕਿ ਸਰਕਾਰ 2015 ਦੇ ਬੇਅਦਬੀ ਕੇਸਾਂ ਵਿੱਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਤੋਂ ਲਗਾਤਾਰ ਪਿੱਛੇ ਹਟ ਰਹੀ ਹੈ।

### ਤਕਨੀਕੀ ਪੇਚੀਦਗੀਆਂ ਅਤੇ 2018 ਦਾ ਕਾਨੂੰਨ

ਪਰਗਟ ਸਿੰਘ ਨੇ ਸਰਕਾਰ ਦੀ ਰਣਨੀਤੀ 'ਤੇ ਸਵਾਲ ਚੁੱਕਦਿਆਂ ਕੁਝ ਅਹਿਮ ਨੁਕਤੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰ 2008 ਦੇ 'ਦਿ ਪੰਜਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪ੍ਰਿੰਟਿੰਗ ਪ੍ਰੈਸ ਅਤੇ ਪ੍ਰਕਾਸ਼ਨ) ਐਕਟ' ਵਿੱਚ ਸੋਧ ਕਰਕੇ ਇਸ ਨੂੰ ਨਵਾਂ ਕਾਨੂੰਨ ਦੱਸ ਰਹੀ ਹੈ। ਪਰਗਟ ਸਿੰਘ ਮੁਤਾਬਕ, ਜੇਕਰ 2008 ਦੇ ਐਕਟ ਵਿੱਚ ਫ਼ੌਜਦਾਰੀ ਧਾਰਾਵਾਂ ਜੋੜੀਆਂ ਜਾਂਦੀਆਂ ਹਨ, ਤਾਂ ਇਹ 'ਸਮਕਾਲੀ ਸੂਚੀ' ਦਾ ਵਿਸ਼ਾ ਬਣ ਜਾਵੇਗਾ। ਇਸ ਨੂੰ ਲਾਗੂ ਕਰਨ ਲਈ ਆਰਟੀਕਲ 254 ਤਹਿਤ ਰਾਸ਼ਟਰਪਤੀ



ਦੀ ਪ੍ਰਵਾਨਗੀ ਲਾਜ਼ਮੀ ਹੋਵੇਗੀ, ਜਿਸ ਵਿੱਚ ਲੰਬਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ ਨੂੰ 2018 ਦਾ ਸੋਧਿਆ ਹੋਇਆ ਕਾਨੂੰਨ ਪਾਸ ਕਰਵਾਉਣ ਵੱਲ ਵਧਣਾ ਚਾਹੀਦਾ ਹੈ। ਇਸ ਬਿੱਲ ਵਿੱਚ ਪਹਿਲਾਂ ਹੀ ਉਹ ਸਾਰੀਆਂ ਸਖ਼ਤ ਸਜ਼ਾਵਾਂ ਮੌਜੂਦ ਹਨ ਜਿਨ੍ਹਾਂ ਦਾ ਜ਼ਿਕਰ ਮੁੱਖ ਮੰਤਰੀ ਕਰ ਰਹੇ ਹਨ, ਅਤੇ ਇਸ ਨੂੰ ਕੇਂਦਰ ਤੋਂ ਮਨਜ਼ੂਰੀ ਮਿਲਣੀ ਵੀ ਆਸਾਨ ਹੈ। ਕਾਂਗਰਸੀ ਆਗੂ ਨੇ ਸਪੱਸ਼ਟ ਕੀਤਾ ਕਿ 'ਆਪ' ਸਰਕਾਰ ਦੀ ਨੀਅਤ ਬੇਅਦਬੀ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਨਹੀਂ, ਸਗੋਂ ਮਾਮਲੇ ਨੂੰ ਲਟਕਾਉਣ ਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨੀ ਰਾਹ ਅਪਨਾ ਕੇ ਸਰਕਾਰ ਜਾਣਬੁੱਝ ਕੇ ਅਜਿਹੀ ਸਥਿਤੀ ਪੈਦਾ ਕਰ ਰਹੀ ਹੈ ਜਿਸ ਨਾਲ ਕਾਨੂੰਨ ਨੂੰ ਲਾਗੂ ਹੋਣ ਵਿੱਚ ਦੇਰੀ ਹੋਵੇ।

## ਲੁਧਿਆਣਾ ਪੁਲਿਸ ਦੀ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ

### ✪ 8 ਤਸਕਰ ਕਾਬੂ, ਹੈਰੋਇਨ, ਗਾਂਜਾ ਤੇ ਨਸ਼ੀਲੀਆਂ ਗੋਲੀਆਂ ਬਰਾਮਦ

ਲੁਧਿਆਣਾ-ਲੁਧਿਆਣਾ ਪੁਲਿਸ ਕਮਿਸ਼ਨਰੇਟ ਨੇ ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਤਹਿਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਾਕਾਬੰਦੀ ਕਰਕੇ 8 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਇਨ੍ਹਾਂ ਮੁਲਜ਼ਮਾਂ ਕੋਲੋਂ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ 109 ਗ੍ਰਾਮ ਹੈਰੋਇਨ 2 ਕਿਲੋਗ੍ਰਾਮ ਗਾਂਜਾ, 40 ਨਸ਼ੀਲੀਆਂ ਗੋਲੀਆਂ, 5300 ਰੁਪਏ (ਡਰੱਗ ਮਨੀ) ਬਰਾਮਦ ਕੀਤੀ ਹੈ। ਗੁਰਵਿੰਦਰ ਸਿੰਘ ਬਸਤੀ ਜੋਧੇਵਾਲ ਦਾ ਰਹਿਣ ਵਾਲਾ, ਜਿਸ ਕੋਲੋਂ 70 ਗ੍ਰਾਮ ਹੈਰੋਇਨ ਬਰਾਮਦ ਹੋਈ। ਬਲਵਿੰਦਰ ਸਿੰਘਮਨਮੋਹਨ ਨਗਰ ਦਾ ਰਹਿਣ ਵਾਲਾ, ਜਿਸ ਕੋਲੋਂ 20 ਗ੍ਰਾਮ ਹੈਰੋਇਨ ਅਤੇ 5300 ਰੁਪਏ ਦੀ ਨਕਦੀ ਮਿਲੀ ਹੈ। ?ਸਤਪਾਲ ਮੰਡਲ ਢੰਡਾਰੀ ਕਲਾਂ ਦਾ ਰਹਿਣ ਵਾਲਾ, ਜਿਸ ਨੂੰ 2 ਕਿਲੋ ਗਾਂਜੇ ਸਮੇਤ ਕਾਬੂ ਕੀਤਾ ਗਿਆ। ਇੱਕ ਹੋਰ ਤਸਕਰ ਨੂੰ 40 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

ਥਾਣਾ ਦਰੇਸੀ ਤੇ ਸਦਰ ਵਲੋਂ ਸਤੀਸ਼ ਕੁਮਾਰ ਟਿੱਬਾ ਰੋਡ ਨੂੰ 4 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਧਾਂਧਰਾ ਰੋਡ ਨਾਕੇ 'ਤੇ ਇੱਕ ਨੌਜਵਾਨ 9 ਗ੍ਰਾਮ ਹੈਰੋਇਨ ਸਮੇਤ ਫੜਿਆ ਗਿਆ ਹੈ। ਥਾਣਾ ਦੁਗਰੀ ਤੇ ਡਿਵੀਜ਼ਨ ਨੰਬਰ 6 ਨੇ ਫਲਾਈਓਵਰ ਨੇੜਿਓਂ 3 ਗ੍ਰਾਮ ਹੈਰੋਇਨ ਬਰਾਮਦ ਕੀਤੀ। ਸ਼ੇਰਪੁਰ ਚੌਕ ਨੇੜੇ ਮਿਲਟਰੀ ਕੈਂਪ ਕੋਲੋਂ ਇੱਕ ਪੈਦਲ ਜਾ ਰਹੇ ਨੌਜਵਾਨ ਨੂੰ 3 ਗ੍ਰਾਮ ਹੈਰੋਇਨ ਸਮੇਤ ਦਬੋਚਿਆ ਗਿਆ। ਪੁਲਿਸ ਨੇ ਸਾਰੇ ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲੇ ਦਰਜ ਕਰ ਲਏ ਹਨ।

## 13 ਸਾਲਾ ਬੱਚੀ ਨੂੰ ਅਗਵਾ ਕਰਕੇ ਲੈ ਗਿਆ ਨੌਜਵਾਨ

### ✪ ਮਾਂ ਨੇ ਹਿੰਮਤ ਦਿਖਾ ਕੇ ਧੀ ਨੂੰ ਕਰਵਾਇਆ ਆਜ਼ਾਦ

ਲੁਧਿਆਣਾ-ਰਾਹੋਂ ਰੋਡ ਇਲਾਕੇ ਵਿੱਚ ਇੱਕ 13 ਸਾਲਾ ਨਾਬਾਲਗ ਬੱਚੀ ਨੂੰ ਅਗਵਾ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਕ ਨੌਜਵਾਨ ਨੇ ਬੱਚੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾਇਆ ਅਤੇ ਅਗਵਾ ਕਰ ਲਿਆ। ਹਾਲਾਂਕਿ, ਬੱਚੀ ਦੀ ਸੂਝਬੂਝ ਅਤੇ ਮਾਂ ਦੀ ਹਿੰਮਤ ਸਦਕਾ ਇੱਕ ਵੱਡੀ ਅਣਹੋਣੀ ਹੋਣੋਂ ਬਚ ਗਈ। ਪੀੜਤਾ ਦੀ ਮਾਂ ਵੱਲੋਂ ਪੁਲਿਸ ਨੂੰ ਦਿੱਤੀ ਗਈ ਸ਼ਿਕਾਇਤ ਅਨੁਸਾਰ15 ਅਕਤੂਬਰ 2025 ਨੂੰ ਪ੍ਰਿੰਸ ਨਾਮ ਦੇ ਨੌਜਵਾਨ ਨੇ ਬੱਚੀ ਨੂੰ ਰਾਹੋਂ ਰੋਡ ਸਥਿਤ ਇੱਕ ਪੈਟਰੋਲ ਪੰਪ ਕੋਲ ਆਪਣੀਆਂ ਗੱਲਾਂ ਵਿੱਚ ਫਸਾਇਆ ਅਤੇ ਵਿਆਹ ਦਾ ਲਾਲਚ ਦੇ ਕੇ ਆਪਣੇ ਨਾਲ ਲੈ ਗਿਆ। ਮੁਲਜ਼ਮ ਪਹਿਲਾਂ ਬੱਚੀ ਨੂੰ ਲੁਧਿਆਣਾ ਰੇਲਵੇ ਸਟੇਸ਼ਨ ਲੈ ਗਿਆ ਅਤੇ ਉੱਥੋਂ ਟ੍ਰੇਨ ਰਾਹੀਂ ਫਿਲੌਰ ਲੈ ਗਿਆ। ਬਾਅਦ ਵਿੱਚ ਉਹ ਵਾਪਸ ਲੁਧਿਆਣਾ ਆ ਕੇ ਇੰਦਰਾ ਕਾਲੋਨੀ ਦੀ ਇੱਕ ਗਲੀ ਵਿੱਚ ਲੁਕ ਗਿਆ। ਨਾਬਾਲਗ ਨੇ ਹਿੰਮਤ ਨਹੀਂ ਹਾਰੀ। ਉਸ ਨੇ ਮੌਕਾ ਪਾ ਕੇ ਆਪਣੀ ਮਾਂ ਨੂੰ ਫ਼ੋਨ ਕੀਤਾ ਅਤੇ ਆਪਣੀ ਲੋਕੇਸ਼ਨ ਦੱਸੀ। ਧੀ ਦੀ ਕਾਲ ਮਿਲਦੇ ਹੀ ਮਾਂ ਤੁਰੰਤ ਦੱਸੀ ਗਈ ਥਾਂ 'ਤੇ ਪਹੁੰਚੀ ਅਤੇ 16 ਅਕਤੂਬਰ ਦੀ ਸਵੇਰ ਕਰੀਬ 6 ਵਜੇ ਆਪਣੀ ਬੇਟੀ ਨੂੰ ਉੱਥੋਂ ਸੁਰੱਖਿਅਤ ਬਾਹਰ ਕੱਢ ਲਿਆਈ। ਪੁਲਿਸ ਕਾਰਵਾਈ-ਪੀੜਤਾ ਦੀ ਮਾਂ ਨੇ ਦੱਸਿਆ ਕਿ ਉਹ ਘਰੇਲੂ ਮਜਬੂਰੀਆਂ ਕਾਰਨ ਤੁਰੰਤ ਪੁਲਿਸ ਕੋਲ ਨਹੀਂ ਜਾ ਸਕੀ ਸੀ, ਪਰ ਹੁਣ ਉਸ ਨੇ ਇਨਸਾਫ਼ ਲਈ ਸ਼ਿਕਾਇਤ ਦਰਜ ਕਰਵਾਈ ਹੈ। ਥਾਣਾ ਮੇਹਰਬਾਨ ਦੀ ਪੁਲਿਸ ਨੇ ਮੁਲਜ਼ਮ ਪ੍ਰਿੰਸ ਵਿਰੁੱਧ ਅਗਵਾ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਵੱਲੋਂ ਮੁਲਜ਼ਮ ਦੀ ਭਾਲ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

# ਅੰਮ੍ਰਿਤਸਰ ਵਿਚ ਕੈਂਸਰ ਦਾ ਕਹਿਰ

### ✪ ਸੰਸਦ ਮੈਂਬਰ ਗੁਰਜੀਤ ਔਜਲਾ ਨੇ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨੂੰ ਦੱਸਿਆ ਮੁੱਖ ਕਾਰਨ

ਅੰਮ੍ਰਿਤਸਰ-ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੈਂਸਰ ਦੇ ਤੇਜ਼ੀ ਨਾਲ ਵਧ ਰਹੇ ਮਾਮਲਿਆਂ ਨੇ ਹੜਕੰਪ ਮਚਾ ਦਿੱਤਾ ਹੈ। ਅੰਮ੍ਰਿਤਸਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਇਸ ਗੰਭੀਰ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਦਾਅਵਾ ਕੀਤਾ ਹੈ ਕਿ ਜ਼ਿਲ੍ਹੇ ਵਿੱਚ ਹੁਣ ਤੱਕ ਕਰੀਬ 3,000 ਕੈਂਸਰ ਦੇ ਕੇਸ ਸਾਹਮਣੇ ਆ ਚੁੱਕੇ ਹਨ। ਔਜਲਾ ਨੇ ਇਸ ਸਿਹਤ ਸੰਕਟ ਲਈ ਖੇਤੀਬਾੜੀ ਵਿਭਾਗ ਦੀ ਕਾਰਜਪ੍ਰਣਾਲੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ। ਵਿਭਾਗ ਕਿਸਾਨਾਂ ਨੂੰ ਕੀਟਨਾਸ਼ਕਾਂ ਅਤੇ ਖਾਦਾਂ ਦੀ ਸਹੀ ਮਾਤਰਾ ਬਾਰੇ ਜਾਗਰੂਕ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ।

ਕਿਸਾਨ ਅਣਜਾਣੇ ਵਿੱਚ ਖੇਤਾਂ ਵਿੱਚ ਲੋੜ ਤੋਂ ਵੱਧ ਕੀਟਨਾਸ਼ਕ ਅਤੇ ਮਿਲਾਵਟੀ ਯੂਰੀਆ ਦੀ ਵਰਤੋਂ ਕਰ ਰਹੇ ਹਨ, ਜੋ ਸਿੱਧਾ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ। ਸੰਸਦ ਮੈਂਬਰ ਅਨੁਸਾਰ ਇਹ ਖੇਤੀਬਾੜੀ ਵਿਭਾਗ ਦੀ ਸਭ ਤੋਂ ਵੱਡੀ ਨਾਕਾਮੀ





ਹੈ ਕਿ ਉਹ ਜ਼ਮੀਨੀ ਪੱਧਰ 'ਤੇ ਕਿਸਾਨਾਂ ਦੀ ਰਹਿਨੁਮਾਈ ਨਹੀਂ ਕਰ ਸਕਿਆ।

ਔਜਲਾ ਨੇ ਸਿਰਫ਼ ਖੇਤੀਬਾੜੀ ਹੀ ਨਹੀਂ, ਸਗੋਂ ਰੋਜ਼ਾਨਾ ਖਾਣ-ਪੀਣ ਦੀਆਂ ਵਸਤੂਆਂ ਵਿੱਚ ਹੋ ਰਹੀ ਮਿਲਾਵਟਖੋਰੀ ਦਾ ਮੁੱਦਾ ਵੀ ਚੁੱਕਿਆ। ਉਨ੍ਹਾਂ ਚਿਤਾਵਨੀ ਦਿੱਤੀ ਕਿ ਬਾਜ਼ਾਰਾਂ ਵਿੱਚ ਨਕਲੀ ਦੁੱਧ ਅਤੇ ਪਨੀਰ ਦੀ ਸ਼ਰੇਆਮ ਵਿਕਰੀ ਹੋ ਰਹੀ ਹੈ। ਮਿਲਾਵਟੀ ਖਾਧ ਪਦਾਰਥ ਲੋਕਾਂ ਦੀ ਸਿਹਤ ਲਈ 'ਧੀਮਾ ਜ਼ਹਿਰ' ਸਾਬਤ ਹੋ ਰਹੇ ਹਨ? ਪ੍ਰਸ਼ਾਸਨ ਨੂੰ ਇਨ੍ਹਾਂ ਮਿਲਾਵਟਖੋਰਾਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ।

ਗੁਰਜੀਤ ਸਿੰਘ ਔਜਲਾ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦੀ ਸਿਹਤ ਦੀ ਰੱਖਿਆ ਕਰਨਾ ਪ੍ਰਸ਼ਾਸਨ ਦੀ ਮੁਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਮੰਗ ਕੀਤੀ ਕਿ ਖੇਤੀਬਾੜੀ ਵਿਭਾਗ ਨੂੰ ਸਰਗਰਮ ਕੀਤਾ ਜਾਵੇ ਅਤੇ ਮਿਲਾਵਟਖੋਰੀ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਤਾਂ ਜੋ ਇਸ ਜਾਨਲੇਵਾ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

# ਗੁਰਪ੍ਰੀਤ ਹਰੀਨੌ ਕਤਲ ਕਾਂਡ: ਅੰਮ੍ਰਿਤਪਾਲ ਦਾ ਕਰੀਬੀ ਵਰਿੰਦਰ ਫੌਜੀ ਬਣੇਗਾ ਸਰਕਾਰੀ ਗਵਾਹ, ਅਦਾਲਤ ਨੇ ਦਿੱਤੀ ਇਜਾਜ਼ਤ

ਫਰੀਦਕੋਟ-ਪੰਥਕ ਕਾਰਕੁੰਨ ਗੁਰਪ੍ਰੀਤ ਸਿੰਘ ਹਰੀਨੌ ਕਤਲ ਕੇਸ ਵਿੱਚ ਇੱਕ ਬਹੁਤ ਵੱਡਾ ਸਿਆਸੀ ਅਤੇ ਕਾਨੂੰਨੀ ਮੋੜ ਆਇਆ ਹੈ। ਫਰੀਦਕੋਟ ਦੀ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ ਦੀ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਬੇਹੱਦ ਨਜ਼ਦੀਕੀ ਸਾਥੀ ਵਰਿੰਦਰ ਸਿੰਘ ਫੌਜੀ ਨੂੰ ਸਰਕਾਰੀ ਗਵਾਹ ਬਣਨ ਦੀ ਇਜਾਜ਼ਤ ਦੇ ਦਿੱਤੀ ਹੈ।

ਅਦਾਲਤ ਨੇ ਵਰਿੰਦਰ ਫੌਜੀ ਨੂੰ ਗੋਇੰਦਵਾਲ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ। ਐੱਸਆਈਟੀ ਦਾ ਮੰਨਣਾ ਹੈ ਕਿ ਫੌਜੀ ਦੇ ਗਵਾਹ ਬਣਨ ਨਾਲ ਇਸ ਹਾਈ-ਪ੍ਰੋਫਾਈਲ ਕਤਲ ਕਾਂਡ ਦੀਆਂ ਪਰਤਾਂ ਖੁੱਲ੍ਹ ਸਕਦੀਆਂ



ਹਨ ਅਤੇ ਅੰਮ੍ਰਿਤਪਾਲ ਸਿੰਘ ਵਿਰੁੱਧ ਜਾਂਚ ਹੋਰ ਮਜ਼ਬੂਤ ਹੋ ਸਕਦੀ ਹੈ। ਵਰਿੰਦਰ ਸਿੰਘ ਫੌਜੀ ਭਾਰਤੀ ਫੌਜ ਦਾ ਸਾਬਕਾ ਅਧਿਕਾਰੀ ਹੈ। ਉਸ ਨੂੰ ਅੰਮ੍ਰਿਤਪਾਲ ਸਿੰਘ ਦਾ ਸਭ ਤੋਂ ਭਰੋਸੇਮੰਦ ਸਾਥੀ ਮੰਨਿਆ ਜਾਂਦਾ ਹੈ। ਉਹ 2023 ਦੇ ਅਜਨਾਲਾ ਥਾਣਾ ਹਮਲੇ ਦੇ ਮਾਮਲੇ ਵਿੱਚ ਇਸ ਸਮੇਂ ਗੋਇੰਦਵਾਲ ਜੇਲ੍ਹ ਵਿੱਚ ਬੰਦ ਹੈ।

### ਕੀ ਸੀ ਕਤਲ ਦਾ ਕਾਰਨ ?

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਸਾਬਕਾ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌ ਦਾ 9 ਅਕਤੂਬਰ, 2024 ਨੂੰ ਉਨ੍ਹਾਂ ਦੇ ਪਿੰਡ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗੁਰਪ੍ਰੀਤ ਪਹਿਲਾਂ ਅੰਮ੍ਰਿਤਪਾਲ ਸਿੰਘ ਦੇ ਨਾਲ ਸੀ, ਪਰ ਬਾਅਦ ਵਿੱਚ ਵਿਚਾਰਧਾਰਕ ਮਤਭੇਦਾਂ ਕਾਰਨ ਉਸ ਨੇ ਅੰਮ੍ਰਿਤਪਾਲ ਦੀਆਂ ਨੀਤੀਆਂ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ ਸੀ। ਪੁਲਿਸ ਅਨੁਸਾਰ, ਇਹ ਕਤਲ ਕਥਿਤ ਤੌਰ 'ਤੇ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ 'ਤੇ ਹੀ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ 17 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ।

12 ਮੁਲਜ਼ਮਾਂ ਵਿਰੁੱਧ ਪਹਿਲਾਂ ਹੀ ਦੋਸ਼ ਤੈਅ ਕੀਤੇ ਜਾ ਚੁੱਕੇ ਹਨ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ (ਜੋ ਡਿਬਰੂਗੜ੍ਹ ਜੇਲ੍ਹ ਵਿੱਚ ਹੈ) ਅਤੇ ਗੈਂਗਸਟਰ ਅਰਸ਼ ਡੱਲਾ ਸਮੇਤ 5 ਮੁਲਜ਼ਮ ਅਜੇ ਪੁਲਿਸ ਦੀ ਗ੍ਰਿਫ਼ਤ ਵਿੱਚ ਹਨ। ਵਰਿੰਦਰ ਫੌਜੀ ਦੇ ਸਰਕਾਰੀ ਗਵਾਹ ਬਣਨ ਨਾਲ ਹੁਣ ਅੰਮ੍ਰਿਤਪਾਲ ਸਿੰਘ ਦੀਆਂ ਮੁਸ਼ਕਿਲਾਂ ਵਧਣੀਆਂ ਤੈਅ ਮੰਨੀਆਂ ਜਾ ਰਹੀਆਂ ਹਨ।

# ਯੂਕੇ ਵਰਕ ਵੀਜ਼ਾ ਲਗਵਾਉਣ ਦੇ ਨਾਂ 'ਤੇ 20 ਲੱਖ ਦੀ ਮਾਰੀ ਠੱਗੀ

**ਟ੍ਰੈਵਲ ਏਜੰਟਾਂ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ**





ਲੁਧਿਆਣਾ-ਲੁਧਿਆਣਾ ਦੇ ਸਾਹਨੇਵਾਲ ਇਲਾਕੇ ਵਿੱਚ ਇੱਕ ਮਹਿਲਾਤਾਨੀਆ ਵਿਗ, ਨਿਵਾਸੀ ਗੀਤਾ ਕਾਲੋਨੀ ਨਾਲ ਯੂ.ਕੇ. ਦਾ ਵਰਕ ਵੀਜ਼ਾ ਲਗਵਾਉਣ ਦੇ ਨਾਂ 'ਤੇ ਨਰਿੰਦਰ ਸਿੰਘ ਅਤੇ ਮਹਿਕ ਸੰਚਾਲਕ: ਸ਼ਸ਼ਸ਼ ਓਵਰਸੀਜ਼ ਅਤੇ ਭਧਸ਼ ਕੰਸਲਟੈਂਸੀ, ਸਾਹਨੇਵਾਲ ਨੇ 20 ਲੱਖ ਰੁਪਏ ਦੀ ਵੱਡੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਲੰਬੀ ਪੜਤਾਲ ਤੋਂ ਬਾਅਦ ਦੋ ਕਥਿਤ ਏਜੰਟਾਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ। ਤਾਨੀਆ ਅਨੁਸਾਰ, ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਜਦੋਂ ਵੀਜ਼ਾ ਨਹੀਂ ਲੱਗਿਆ ਤਾਂ ਉਸ ਨੇ ਆਪਣੇ ਪੈਸੇ ਅਤੇ ਪਾਸਪੋਰਟ ਵਾਪਸ ਮੰਗੇ। ਪੈਸੇ ਮੋੜਨ ਦੀ ਬਜਾਏ ਮੁਲਜ਼ਮ ਨਰਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਪੀੜਤਾ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਗੰਭੀਰ ਨਤੀਜੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ। ਥਾਣਾ ਸਾਹਨੇਵਾਲ ਦੀ ਪੁਲਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ, ਜਿਸ ਵਿੱਚ ਮਹਿਲਾ ਦੇ ਦੋਸ਼ ਸਹੀ ਪਾਏ ਗਏ। ਪੁਲਿਸ ਨੇ ਕਾਰਵਾਈ ਕਰਦਿਆਂ ?ਮੁਲਜ਼ਮ ਨਰਿੰਦਰ ਸਿੰਘ ਅਤੇ ਮਹਿਕ ਵਿਰੁੱਧ ਧੋਖਾਧੜੀ ਅਤੇ ਧਮਕਾਉਣ ਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਹੈ। ਪੁਲਿਸ ਦੀਆਂ ਟੀਮਾਂ ਹੁਣ ਇਨ੍ਹਾਂ ਫਰਾਰ ਏਜੰਟਾਂ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ।

## ਕੋਟਕਪੂਰਾ ਗੋਲੀਕਾਂਡ: ਹਾਈ ਕੋਰਟ ਦਾ ਵੱਡਾ ਫੈਸਲਾ ਹੁਣ ਫਰੀਦਕੋਟ ਨਹੀਂ, ਚੰਡੀਗੜ੍ਹ ਵਿੱਚ ਹੋਵੇਗੀ ਕੇਸ ਦੀ ਸੁਣਵਾਈ



ਚੰਡੀਗੜ੍ਹ/ਫਰੀਦਕੋਟ-ਸਾਲ 2015 ਦੇ ਬਹੁ-ਚਰਚਿਤ ਕੋਟਕਪੂਰਾ ਗੋਲੀਕਾਂਡ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਅਤੇ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਇਸ ਕੇਸ ਦੇ ਟ੍ਰਾਇਲ ਨੂੰ ਫਰੀਦਕੋਟ ਦੀ ਅਦਾਲਤ ਤੋਂ ਤਬਦੀਲ ਕਰਕੇ ਚੰਡੀਗੜ੍ਹ ਦੀ ਟ੍ਰਾਇਲ ਕੋਰਟ ਵਿੱਚ ਸ਼ਿਫਟ ਕਰਨ ਦੇ ਹੁਕਮ ਦਿੱਤੇ ਹਨ। ਇਹ ਫੈਸਲਾ ਸਾਬਕਾ ਐੱਸ.ਐੱਸ.ਪੀ. (ਸ਼ਸ਼ਫ) ਚਰਨਜੀਤ ਸਿੰਘ ਸ਼ਰਮਾ ਅਤੇ ਹੋਰ ਮੁਲਜ਼ਮਾਂ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਲਿਆ ਗਿਆ ਹੈ। ਪਟੀਸ਼ਨਰਾਂ ਨੇ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਸਨ ਕਿ ਫਰੀਦਕੋਟ ਵਿੱਚ ਮਾਹੌਲ ਪੱਖਪਾਤੀ ਹੋਣ ਦਾ ਖਦਸ਼ਾ ਜਤਾਇਆ ਗਿਆ ਸੀ। ਕੇਸ ਦੀ ਅਤਿ-ਸੰਵੇਦਨਸ਼ੀਲਤਾ ਨੂੰ ਦੇਖਦਿਆਂ ਸੁਰੱਖਿਆ ਦਾ ਹਵਾਲਾ ਦਿੱਤਾ ਗਿਆ। ਮੁਲਜ਼ਮਾਂ ਨੇ ਮੰਗ ਕੀਤੀ ਸੀ ਕਿ ਨਿਰਪੱਖ ਸੁਣਵਾਈ ਲਈ ਕੇਸ ਨੂੰ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ।

ਕੇਸ ਦਾ ਪਿਛੋਕੜ: ਕੀ ਸੀ ਘਟਨਾ ?- ਸਾਲ 2015 ਵਿੱਚ ਬਰਗਾੜੀ ਬੇਅਦਬੀ ਕਾਂਡ ਤੋਂ ਬਾਅਦ ਸਿੱਖ ਸੰਗਤਾਂ ਵੱਲੋਂ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਸ਼ਾਂਤਮਈ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਸ ਦੌਰਾਨ ਪੁਲਿਸ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਦੋ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਕਈ ਲੋਕ ਗੰਭੀਰ ਜ਼ਖਮੀ ਹੋਏ ਸਨ। ਸਿਟ ਦੀ ਜਾਂਚ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਕਈ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਹੁਣ ਫਰੀਦਕੋਟ ਅਦਾਲਤ ਤੋਂ ਸਾਰਾ ਰਿਕਾਰਡ ਚੰਡੀਗੜ੍ਹ ਦੀ ਸੈਸ਼ਨ ਅਦਾਲਤ ਵਿੱਚ ਭੇਜਿਆ ਜਾਵੇਗਾ। ਪੀੜਤ ਪਰਿਵਾਰ ਅਤੇ ਪੰਥਕ ਜਥੇਬੰਦੀਆਂ, ਜੋ ਪਿਛਲੇ 11 ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੀਆਂ ਹਨ, ਇਸ ਨਵੇਂ ਮੋੜ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ ਤੇ ਹੈਰਾਨ ਹਨ। ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਸਥਾਨ ਬਦਲਣ ਨਾਲ ਕੀ ਇਨਸਾਫ਼ ਮਿਲ ਸਕੇਗਾ ?

# ਲਾਰੈਂਸ ਬਿਸ਼ਨੋਈ ਕੇਸ 'ਚ ਨਵਾਂ ਮੋੜ

**14 ਸਾਲ ਪੁਰਾਣੇ ਫਾਇਰਿੰਗ ਕੇਸ ਦਾ ਰਿਕਾਰਡ ਹੋਇਆ ਨਸ਼ਟ • ਚੰਡੀਗੜ੍ਹ ਪੁਲਿਸ ਦਾ ਅਦਾਲਤ ਵਿੱਚ ਖੁਲਾਸਾ**

ਚੰਡੀਗੜ੍ਹ-ਸੈਕਟਰ-10 ਸਥਿਤ ਡੀਏਵੀ ਕਾਲਜ ਵਿੱਚ ਸਾਲ 2012 ਵਿੱਚ ਹੋਏ ਗੋਲੀਕਾਂਡ ਦੇ ਮਾਮਲੇ ਵਿੱਚ ਇੱਕ ਹੈਰਾਨੀਜਨਕ ਤੱਥ ਸਾਹਮਣੇ ਆਇਆ ਹੈ। ਚੰਡੀਗੜ੍ਹ ਪੁਲਿਸ ਨੇ ਅਦਾਲਤ ਨੂੰ ਸੂਚਿਤ ਕੀਤਾ ਹੈ ਕਿ ਇਸ 14 ਸਾਲ ਪੁਰਾਣੇ ਕੇਸ ਨਾਲ ਸਬੰਧਤ ਅਹਿਮ ਰਿਕਾਰਡ ਨਸ਼ਟ ਕਰ ਦਿੱਤੇ ਗਏ ਹਨ। ਇਸ ਵਿਕਾਸ ਨਾਲ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਰੁੱਧ ਚੱਲ ਰਹੇ ਮੁਕੱਦਮੇ 'ਤੇ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ। ਪੁਲਿਸ ਨੇ ਅਦਾਲਤ ਵਿੱਚ ਸਪੱਸ਼ਟ ਕੀਤਾ ਕਿ ਕੇਸ ਪੁਰਾਣਾ ਹੋਣ ਕਾਰਨ ਹੁਣ ਇਸ ਦਾ ਰਿਕਾਰਡ ਉਪਲਬਧ ਨਹੀਂ ਹੈ। ਕੇਸ ਦੇ ਮੁੱਖ ਗਵਾਹ ਨਵਨੀਤ ਸਿੰਘ ਨੇ ਅਦਾਲਤ ਵਿੱਚ ਮੁਲਜ਼ਮ ਦੀ ਪਛਾਣ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਤੋਂ ਬਾਅਦ ਅਦਾਲਤ ਨੇ ਉਸ ਨੂੰ 'ਵਿਰੋਧੀ ਗਵਾਹ' ਐਲਾਨ ਦਿੱਤਾ ਹੈ। ਇਸ ਕੇਸ ਦੇ 6 ਹੋਰ ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਪਹਿਲਾਂ



ਹੀ ਬਰੀ ਕੀਤਾ ਜਾ ਚੁੱਕਾ ਹੈ। ਹੁਣ ਸਿਰਫ਼ ਲਾਰੈਂਸ ਬਿਸ਼ਨੋਈ ਵਿਰੁੱਧ ਹੀ ਕਾਰਵਾਈ ਚੱਲ ਰਹੀ ਹੈ।

### ਕੀ ਸੀ ਪੂਰਾ ਮਾਮਲਾ ?

ਇਹ ਮਾਮਲਾ ਮਾਰਚ 2012 ਦਾ ਹੈ, ਜਦੋਂ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਰਾਜਨੀਤੀ ਨੂੰ ਲੈ ਕੇ ਦੋ ਗੁੱਟਾਂ ਸੋਪੂ ਅਤੇ ਪੁਸੂ ਵਿਚਕਾਰ ਹਿੰਸਕ ਝੜਪ ਹੋਈ ਸੀ। ਦੋਸ਼ ਹੈ ਕਿ ਲਾਰੈਂਸ ਬਿਸ਼ਨੋਈ ਅਤੇ ਅਮਨਦੀਪ ਸਿੰਘ ਮੁਲਤਾਨੀ ਦੀ ਅਗਵਾਈ ਵਿੱਚ ਨੌਜਵਾਨਾਂ ਨੇ ਡੀਏਵੀ ਕਾਲਜ ਦੀ 'ਸਟਾਰ ਨਾਈਟ' ਦੌਰਾਨ ਪਿਛਲੇ ਗੇਟ ਦਾ ਤਾਲਾ ਤੋੜ ਕੇ ਅੰਦਰ ਹਮਲਾ ਕੀਤਾ ਸੀ।ਹਮਲੇ ਦੌਰਾਨ ਗੋਲੀਆਂ ਚੱਲੀਆਂ ਅਤੇ ਤੇਜ਼ਧਾਰ ਹਥਿਆਰਾਂ ਦੀ ਵਰਤੋਂ ਕੀਤੀ ਗਈ। ਇਸ ਵਿੱਚ ਢੁਸੂ ਮੈਂਬਰ ਚਰਨਦੇਵ ਸਿੰਘ ਨੂੰ ਗੋਲੀ ਲੱਗੀ ਸੀ। ਸੈਕਟਰ-3 ਥਾਣੇ ਵਿੱਚ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਸੀ।

ਲਾਰੈਂਸ ਬਿਸ਼ਨੋਈ, ਜਿਸ ਨੂੰ ਪਹਿਲਾਂ ਇਸ ਕੇਸ ਵਿੱਚ ਭਗੌੜਾ ਐਲਾਨਿਆ ਗਿਆ ਸੀ, ਹੁਣ ਚਾਰਜਸ਼ੀਟ ਤੈਅ ਹੋਣ ਤੋਂ ਬਾਅਦ ਟ੍ਰਾਇਲ ਦਾ ਸਾਹਮਣਾ ਕਰ ਰਿਹਾ ਹੈ। ਪਰ ਰਿਕਾਰਡ ਨਸ਼ਟ ਹੋਣ ਅਤੇ ਗਵਾਹਾਂ ਦੇ ਮੁੱਕਰ ਜਾਣ ਕਾਰਨ ਪੁਲਿਸ ਲਈ ਦੋਸ਼ ਸਾਬਤ ਕਰਨਾ ਇੱਕ ਵੱਡੀ ਚੁਣੌਤੀ ਬਣ ਗਿਆ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਈਰਾਨੀ ਸੱਦਾ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਲਈ ਇਮਤਿਹਾਨ

## ✪ ਕੂਟਨੀਤਕ ਚੱਕਰਵਿਊ ਵਿਚ ਸਿੱਖੀ ਸਿਧਾਂਤਾਂ ਦੀ ਪਹਿਰੇਦਾਰੀ ਕਿਵੇਂ ਹੋਵੇ

ਈਰਾਨ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਦਿੱਲੀ ਵਿਖੇ ਆਇਤੁੱਲਾ ਅਲੀ ਖ਼ਾਮੇਨੇਈ ਦੀ ਯਾਦ ਵਿੱਚ ਹੋ ਰਹੇ ਸਮਾਗਮ ਲਈ ਦਿੱਤਾ ਗਿਆ ਸੱਦਾ ਮਹਿਜ਼ ਇੱਕ ਰਸਮੀ ਧਾਰਮਿਕ ਸੱਦਾ ਨਹੀਂ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਇਸਲਾਮੀ ਗਣਰਾਜ ਨੇ ਸਿੱਖ ਜਗਤ ਦੀਆਂ ਸਰਵਉੱਚ ਸੰਸਥਾਵਾਂ ਨੂੰ ਆਪਣੇ ਰੂਹਾਨੀ ਆਗੂ ਦੀ ਯਾਦ ਵਿੱਚ 'ਮਹਿਮਾਨ-ਏ-ਖ਼ਾਸ' ਵਜੋਂ ਅਧਿਕਾਰਤ ਤੌਰ 'ਤੇ ਸੱਦਿਆ ਹੈ। ਪੱਛਮੀ ਏਸ਼ੀਆ ਦੇ ਮੌਜੂਦਾ ਤਣਾਅਪੂਰਨ ਹਾਲਾਤ ਵਿੱਚ ਇਸ ਕਦਮ ਦੇ ਪਿੱਛੇ ਡੂੰਘੇ ਕੂਟਨੀਤਕ ਅਰਥ ਅਤੇ ਸੱਭਿਆਚਾਰਕ ਸੰਕੇਤ ਛਿਪੇ ਹੋਏ ਹਨ।



ਈਰਾਨੀ ਵਫ਼ਦ ਵੱਲੋਂ ਵਰਤਿਆ ਗਿਆ ਨੈਰੇਟਿਵ-"ਸਿੱਖ ਧਰਮ ਅਤੇ ਅਸੀਂ ਦੋਵੇਂ ਸ਼ਹੀਦ ਦੀ ਅਮਰਤਾ ਵਿੱਚ ਵਿਸ਼ਵਾਸ ਰੱਖਦੇ ਹਾਂ"-ਇੱਕ ਸੋਚੀ-ਸਮਝੀ ਕੂਟਨੀਤੀ ਦਾ ਹਿੱਸਾ ਹੈ। ਈਰਾਨ ਨੇ ਬਹੁਤ ਸੂਝ-ਬੂਝ ਨਾਲ ਸ਼ੀਆ ਇਸਲਾਮ ਦੀ 'ਕਰਬਲਾ ਦੀ ਸ਼ਹਾਦਤ' ਅਤੇ ਸਿੱਖ ਇਤਿਹਾਸ ਦੀਆਂ ਮਹਾਨ ਸ਼ਹਾਦਤਾਂ ਵਿਚਾਲੇ ਇੱਕ ਸਾਂਝਾ ਧੁਰਾ ਲੱਭਣ ਦੀ ਕੋਸ਼ਿਸ਼ ਕੀਤੀ ਹੈ।

ਹਾਲਾਂਕਿ, ਇੱਥੇ ਇੱਕ ਸਿਧਾਂਤਕ ਅੰਤਰ ਨੂੰ ਸਮਝਣਾ ਜ਼ਰੂਰੀ ਹੈ। ਸਿੱਖ ਧਰਮ ਵਿੱਚ ਸ਼ਹਾਦਤ ਦਾ ਸੰਕਲਪ ਕਿਸੇ ਖਾਸ ਮਜ਼ਹਬ ਜਾਂ ਰਾਜਨੀਤੀ ਤੱਕ ਸੀਮਤ ਨਹੀਂ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ, ਨਿਆਂ, ਧਰਮ ਦੀ ਆਜ਼ਾਦੀ ਅਤੇ ਸੱਚ ਦੀ ਰਾਖੀ ਲਈ ਸੀ। ਇਸ ਦੇ ਉਲਟ, ਈਰਾਨੀ ਨੈਰੇਟਿਵ ਵਿੱਚ ਸ਼ਹਾਦਤ ਅਕਸਰ ਕੌਮੀ ਸਿਆਸਤ ਅਤੇ ਮਜ਼ਹਬੀ ਪਛਾਣ ਨਾਲ ਵਧੇਰੇ ਜੁੜੀ ਹੁੰਦੀ ਹੈ। ਸਿੱਖ ਆਗੂਆਂ ਲਈ ਇਹ ਵੱਡੀ ਚੁਣੌਤੀ ਹੋਵੇਗੀ ਕਿ ਉਹ ਇਸ ਮੰਚ ਤੋਂ ਸਿੱਖੀ ਦੇ ਉਸ 'ਸਰਬ-ਸਾਂਝੇ' ਸ਼ਹਾਦਤ ਦੇ ਸੰਕਲਪ ਨੂੰ ਉਜਾਗਰ ਕਰਨ, ਜੋ ਸਾਰੀ ਮਨੁੱਖਤਾ ਦੇ ਨਿਆਂ ਦੀ ਗੱਲ ਕਰਦਾ ਹੈ।

ਈਰਾਨ ਇਸ ਸਮੇਂ ਅਮਰੀਕਾ ਅਤੇ ਇਜ਼ਰਾਈਲ ਨਾਲ ਟਕਰਾਅ ਕਾਰਨ ਕੌਮਾਂਤਰੀ ਪੱਧਰ 'ਤੇ ਅਲੱਗ-ਥਲੱਗ ਮਹਿਸੂਸ ਕਰ ਰਿਹਾ ਹੈ। ਅਜਿਹੇ ਵਿੱਚ ਸਿੱਖ ਕੌਮ, ਜਿਸ ਦਾ ਪ੍ਰਭਾਵ ਪੂਰੀ ਦੁਨੀਆ ਵਿੱਚ ਹੈ, ਨਾਲ ਸਬੰਧ ਮਜ਼ਬੂਤ ਕਰਨਾ ਈਰਾਨ ਲਈ ਆਪਣਾ 'ਸਾਫਟ ਪਾਵਰ' ਵਧਾਉਣ ਦਾ ਇੱਕ ਸਾਧਨ ਹੈ। ਸਿੱਖ ਸੰਸਥਾਵਾਂ ਨੂੰ ਆਪਣੇ ਨਾਲ ਜੋੜ ਕੇ ਈਰਾਨ ਵਿਸ਼ਵ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਉਸ ਨੂੰ ਵੱਖ-ਵੱਖ ਧਰਮਾਂ ਦੀ ਹਮਦਰਦੀ ਹਾਸਲ ਹੈ।

### ਕੀ ਸਿੱਖ ਆਗੂਆਂ ਨੂੰ ਜਾਣਾ ਚਾਹੀਦਾ ਹੈ?

ਇਹ ਸਵਾਲ ਬੇਹੱਦ ਪੇਚੀਦਾ ਹੈ। ਪਰ ਜੇਕਰ ਨਿਰਪੱਖ ਹੋ ਕੇ ਦੇਖਿਆ ਜਾਵੇ, ਤਾਂ ਇਹ ਸੱਦਾ ਸਵੀਕਾਰ ਕਰਨਾ ਸਿੱਖ ਪੰਥ ਲਈ ਇੱਕ ਵੱਡਾ ਮੌਕਾ ਸਾਬਤ ਹੋ ਸਕਦਾ ਹੈ, ਬਸ਼ਰਤੇ ਸਿੱਖ ਆਗੂ ਇਸ ਮੰਚ ਦੀ ਵਰਤੋਂ ਜੰਗਾਂ ਦੇ ਵਿਰੁੱਧ ਅਤੇ ਅਮਨ-ਸ਼ਾਂਤੀ ਦੇ ਸੁਨੇਹੇ ਲਈ ਕਰਨ। ਉਹ ਇਸ ਹਾਜ਼ਰੀ ਨੂੰ ਕਿਸੇ ਰਾਜਨੀਤਿਕ ਧੜੇਬੰਦੀ ਦਾ ਹਿੱਸਾ ਨਾ ਬਣਨ ਦੇਣ। ਜੇਕਰ ਸਿੱਖ ਲੀਡਰਸ਼ਿਪ ਆਪਣੀ ਸਥਿਤੀ ਸਪੱਸ਼ਟ ਰੱਖਦੀ ਹੈ, ਤਾਂ ਪੱਛਮੀ ਦੇਸ਼ਾਂ ਵਿੱਚ ਰਹਿ ਰਹੇ ਸਿੱਖਾਂ 'ਤੇ ਇਸ ਦਾ ਕੋਈ ਨਕਾਰਾਤਮਕ ਅਸਰ ਨਹੀਂ ਪਵੇਗਾ। ਜੰਗ ਵਿੱਚ ਮਾਰੇ ਗਏ ਬੇਗੁਨਾਹ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ, 'ਟੇਬਲ ਟਾਕ' ਅਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ 'ਤੇ ਜ਼ੋਰ ਦਿੱਤਾ ਜਾਵੇ।

ਈਰਾਨ ਵੱਲੋਂ ਦਿੱਤਾ ਗਿਆ ਇਹ ਸੱਦਾ ਸਿੱਖ ਕੌਮ ਦੀ ਵਧ ਰਹੀ ਗਲੋਬਲ ਅਹਿਮੀਅਤ ਦਾ ਪ੍ਰਤੀਕ ਹੈ। ਇਹ ਇੱਕ ਅਜਿਹਾ ਮੌਕਾ ਹੈ ਜਿੱਥੇ ਸਿੱਖ ਲੀਡਰਸ਼ਿਪ ਦੁਨੀਆ ਨੂੰ ਦੱਸ ਸਕਦੀ ਹੈ ਕਿ ਸਿੱਖ ਧਰਮ ਮਨੁੱਖਤਾ ਦੇ ਹਿਤ ਵਿਚ ਹੈ, "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ਦੇ ਸਿਧਾਂਤ 'ਤੇ ਚੱਲਣ ਵਾਲਾ ਮਨੁੱਖਤਾ ਦਾ ਰਾਹ ਦਸੇਰਾ ਹੈ।

ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਇਸ ਸਮਾਗਮ ਵਿੱਚ ਸ਼ਾਮਲ ਹੁੰਦੇ ਹਨ, ਤਾਂ ਉਨ੍ਹਾਂ ਨੂੰ ਆਪਣੀ 'ਆਤਮਿਕ ਅਤੇ ਨੈਤਿਕ ਰੇਖਾ' ਬਰਕਰਾਰ ਰੱਖਦਿਆਂ ਸਿਰਫ਼ ਹਾਜ਼ਰੀ ਨਹੀਂ ਲਵਾਉਣੀ ਚਾਹੀਦੀ, ਸਗੋਂ ਸਿੱਖੀ ਦੇ ਅਸਲ ਸਿਧਾਂਤ-ਨਿਆਂ, ਅਮਨ ਅਤੇ ਸਰਬੱਤ ਦਾ ਭਲਾ-ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ। ਇਹੀ ਉਹ ਮਾਰਗ ਹੈ ਜੋ ਸਿੱਖ ਪੰਥ ਦੀ ਇਤਿਹਾਸਕ ਮਹਾਨਤਾ ਅਤੇ ਨਿਰਪੱਖਤਾ ਨੂੰ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤ ਕਰੇਗਾ।

# ਅਮਰੀਕਾ-ਈਰਾਨ ਜੰਗ ਕਾਰਣ 2008 ਵਰਗੀ ਮੰਦੀ ਦੀ ਦਸਤਕ!

## ✪ ਈਰਾਨ-ਅਮਰੀਕਾ ਜੰਗ ਨਾਲ 3 ਟ੍ਰਿਲੀਅਨ ਡਾਲਰ ਦਾ ਮਾਰਕੀਟ ਖ਼ਤਰੇ ਵਿਚ! ✪ ਜੰਗ ਦੀ ਅੱਗ ਕਾਰਣ ਤੁਹਾਡੀ ਬਚਤ ਤੇ ਦੇਸ਼ਾਂ ਦੀ ਆਰਥਿਕਤਾ ਹੋਵੇਗੀ ਤਬਾਹ? ਬੈਂਕ ਆਫ ਇੰਗਲੈਂਡ ਦੇ ਗਵਰਨਰ ਦੀ ਭਵਿੱਖਬਾਣੀ

ਪੱਛਮੀ ਦੇਸ਼ਾਂ ਅਤੇ ਈਰਾਨ ਵਿਚਾਲੇ ਵਧਦੇ ਤਣਾਅ ਨੇ ਵਿਸ਼ਵ ਅਰਥਵਿਵਸਥਾ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਆਰਥਿਕ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਦੁਨੀਆ ਨੂੰ ਸਾਲ 2008 ਵਰਗੀ ਭਿਆਨਕ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਨਾਲ ਕਰੋੜਾਂ ਲੋਕਾਂ ਦੀਆਂ ਨੌਕਰੀਆਂ ਜਾ ਸਕਦੀਆਂ ਹਨ। ਯੂਰਪੀ ਸੰਸਦ ਵਿੱਚ ਬੋਲਦਿਆਂ ਬੈਂਕ ਆਫ ਇੰਗਲੈਂਡ ਦੇ ਗਵਰਨਰ ਐਂਡਰਿਊ ਬੇਲੀ ਨੇ ਕਿਹਾ ਕਿ ਇਸ ਜੰਗ ਕਾਰਨ 3 ਟ੍ਰਿਲੀਅਨ ਡਾਲਰ ਦਾ 'ਪ੍ਰਾਈਵੇਟ ਕ੍ਰੈਡਿਟ ਮਾਰਕੀਟ' ਖ਼ਤਰੇ ਵਿੱਚ ਹੈ। ਉਨ੍ਹਾਂ ਮੁਤਾਬਕ, ਇਹ ਸੰਕਟ ਇੰਨਾ ਵੱਡਾ ਹੋ ਸਕਦਾ ਹੈ ਕਿ ਇਹ ਆਮ ਆਦਮੀ ਦੀ ਰੋਜ਼ੀ-ਰੋਟੀ 'ਤੇ ਸਿੱਧਾ ਵਾਰ ਕਰੇਗਾ।

ਪ੍ਰਾਈਵੇਟ ਕ੍ਰੈਡਿਟ ਮਾਰਕੀਟ ਉਹ ਬਾਜ਼ਾਰ ਹੈ ਜਿੱਥੇ ਬੈਂਕਾਂ ਦੀ ਬਜਾਏ ਹੇਜ ਫੰਡ ਅਤੇ ਪ੍ਰਾਈਵੇਟ ਇਕੁਇਟੀ ਫਰਮਾਂ ਕੰਪਨੀਆਂ ਨੂੰ ਕਰਜ਼ਾ ਦਿੰਦੀਆਂ ਹਨ। ਇਸ ਖੇਤਰ ਵਿੱਚ ਨਿਯਮ ਸਖ਼ਤ ਨਹੀਂ ਹਨ, ਜਿਸ ਕਾਰਨ ਇਹ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ ਕਿ ਕਿਸ ਨੇ ਕਿੰਨਾ ਜੋਖਮ ਲਿਆ ਹੈ। ਅਕਸਰ ਉਹ ਕੰਪਨੀਆਂ ਇੱਥੋਂ ਕਰਜ਼ਾ ਲੈਂਦੀਆਂ ਹਨ ਜਿਨ੍ਹਾਂ ਨੂੰ ਬੈਂਕਾਂ ਨੇ ਮਨ੍ਹਾ ਕਰ ਦਿੱਤਾ ਹੁੰਦਾ ਹੈ। ਹੁਣ ਨਿਵੇਸ਼ਕਾਂ ਦਾ ਭਰੋਸਾ ਟੁੱਟਣ ਕਾਰਨ ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ 20 ਅਰਬ ਡਾਲਰ ਤੋਂ ਵੱਧ ਦੀ ਰਕਮ ਬਾਜ਼ਾਰ ਵਿੱਚੋਂ ਕੱਢੀ ਜਾ ਚੁੱਕੀ ਹੈ। ਨਿਵੇਸ਼ਕਾਂ ਨੂੰ ਡਰ ਹੈ ਕਿ ਅਮਰੀਕਾ-ਈਰਾਨ ਜੰਗ ਕਾਰਨ ਵਿਆਜ ਦਰਾਂ ਵਧਣਗੀਆਂ ਅਤੇ ਇਹ ਕਮਜ਼ੋਰ ਕੰਪਨੀਆਂ ਫੇਲ੍ਹ ਹੋ ਜਾਣਗੀਆਂ। ਜਦੋਂ ਬਹੁਤ ਸਾਰੇ ਲੋਕ ਇੱਕੋ ਵਾਰ ਪੈਸਾ ਕੱਢਦੇ ਹਨ, ਤਾਂ ਇਹ ਬਾਜ਼ਾਰ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਸਕਦਾ ਹੈ।




ਕਈ ਬੈਂਕਾਂ ਨੇ ਇਨ੍ਹਾਂ ਪ੍ਰਾਈਵੇਟ ਫੰਡਾਂ ਵਿੱਚ ਨਿਵੇਸ਼ ਕੀਤਾ ਹੁੰਦਾ ਹੈ ਜਾਂ ਉਨ੍ਹਾਂ ਨੂੰ ਲੋਨ ਦਿੱਤਾ ਹੁੰਦਾ ਹੈ। ਜੇ ਪ੍ਰਾਈਵੇਟ ਮਾਰਕੀਟ ਡੁੱਬਦੀ ਹੈ, ਤਾਂ ਬੈਂਕਾਂ ਦੇ ਪੈਸੇ ਵੀ ਫਸ ਸਕਦੇ ਹਨ। ਇਹ ਬਿਲਕੁਲ 2008 ਵਾਂਗ ਹੈ, ਜਿੱਥੇ ਇੱਕ ਸੈਕਟਰ ਦੀ ਗਿਰਾਵਟ ਨੇ ਪੂਰੇ ਬੈਂਕਿੰਗ ਸਿਸਟਮ ਨੂੰ ਹਿਲਾ ਦਿੱਤਾ ਸੀ। ਇਹ ਇੱਕ ਅਜਿਹਾ 'ਗੁਪਤ' ਕਰਜ਼ਾ ਜਾਲ ਹੈ ਜੋ ਉਦੋਂ ਤੱਕ ਸਹੀ ਲੱਗਦਾ ਹੈ ਜਦੋਂ ਤੱਕ ਹਾਲਾਤ ਠੀਕ ਹਨ। ਪਰ ਜੰਗ ਵਰਗੇ ਹਾਲਾਤ ਇਸ ਵਿੱਚ ਧਮਾਕਾ ਕਰ ਸਕਦੇ ਹਨ, ਜਿਸ ਦਾ ਅਸਰ 2008 ਵਾਂਗ ਪੂਰੀ ਦੁਨੀਆ ਦੀਆਂ ਨੌਕਰੀਆਂ ਅਤੇ ਬੈਂਕਾਂ 'ਤੇ ਪਵੇਗਾ।

ਈਰਾਨ ਨਾਲ ਜੰਗ ਕਾਰਨ ਸਿਰਫ਼ ਤੇਲ ਦੀਆਂ ਕੀਮਤਾਂ ਹੀ ਨਹੀਂ ਵਧਣਗੀਆਂ, ਸਗੋਂ ਪੂਰਾ ਆਰਥਿਕ ਚੱਕਰ ਪ੍ਰਭਾਵਿਤ ਹੋਵੇਗਾ। ਜੰਗ ਕਾਰਨ ਦੁਨੀਆ ਦੀ 20-25% ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਤੇਲ ਮਹਿੰਗਾ ਹੋਣ ਨਾਲ ਚੀਜ਼ਾਂ ਦੀਆਂ ਕੀਮਤਾਂ ਵਧਣਗੀਆਂ। ਮਹਿੰਗਾਈ ਨੂੰ ਰੋਕਣ ਲਈ ਬੈਂਕ ਵਿਆਜ ਦਰਾਂ ਵਧਾਉਣਗੇ, ਜਿਸ ਨਾਲ ਕਰਜ਼ੇ ਮਹਿੰਗੇ ਹੋ ਜਾਣਗੇ। ਕੰਪਨੀਆਂ ਦੀ ਕਮਾਈ ਘਟੇਗੀ, ਉਹ ਕਰਜ਼ਾ ਨਹੀਂ ਮੋੜ ਸਕਣਗੀਆਂ ਅਤੇ ਖਰਚੇ ਘਟਾਉਣ ਲਈ ਮੁਲਾਜ਼ਮਾਂ ਦੀ ਛਾਂਟੀ ਕਰਨਗੀਆਂ।

ਐਂਡਰਿਊ ਬੇਲੀ ਨੇ ਇਸ ਨੂੰ 'ਡਬਲ ਵ੍ਹੈਮੀ' (ਦੋਹਰਾ ਝਟਕਾ) ਕਰਾਰ ਦਿੱਤਾ ਹੈ। ਇੱਕ ਪਾਸੇ ਜੰਗ ਕਾਰਨ ਅਸਥਿਰਤਾ ਅਤੇ ਦੂਜੇ ਪਾਸੇ ਪ੍ਰਾਈਵੇਟ ਕ੍ਰੈਡਿਟ ਮਾਰਕੀਟ ਦਾ ਡੁੱਬਣਾ-ਇਹ ਦੋਵੇਂ ਮਿਲ ਕੇ ਵਿਸ਼ਵ ਅਰਥਚਾਰੇ ਨੂੰ ਡੂੰਘੀ ਖੱਡ ਵਿੱਚ ਸੁੱਟ ਸਕਦੇ ਹਨ। ਭਾਰਤ ਵਰਗੇ ਦੇਸ਼ਾਂ 'ਤੇ ਵੀ ਇਸ ਦਾ ਵੱਡਾ ਅਸਰ ਪੈਣ ਦੀ ਸੰਭਾਵਨਾ ਜਤਾਈ ਗਈ ਹੈ। ਜੇਕਰ ਈਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਹੋਰ ਵਧਦੀਆਂ ਹਨ, ਤਾਂ ਇਹ ਪੈਸਾ ਹੋਰ ਤੇਜ਼ੀ ਨਾਲ ਬਾਹਰ ਨਿਕਲੇਗਾ, ਜੋ ਵਿਸ਼ਵ ਅਰਥਚਾਰੇ ਲਈ 'ਡੈੱਥ ਵਾਰੰਟ' ਸਾਬਤ ਹੋ ਸਕਦਾ ਹੈ।

# ਡੌਂਕੀ ਰਾਹੀਂ ਵਿਦੇਸ਼ ਭੇਜਣ ਦੇ ਨਾਂ 'ਤੇ 45 ਲੱਖ ਦੀ ਵੱਡੀ ਠੱਗੀ

**○ 7 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ**



ਫਿਰੋਜ਼ਪੁਰ-ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਗੈਰ-ਕਾਨੂੰਨੀ ਤਰੀਕਿਆਂ (ਡੌਂਕੀ) ਰਾਹੀਂ ਬਾਹਰ ਭੇਜਣ ਦਾ ਲਾਲਚ ਦੇ ਕੇ ਲੱਖਾਂ ਰੁਪਏ ਹੜੱਪਣ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਅਜਿਹਾ ਹੀ ਇੱਕ ਤਾਜ਼ਾ ਮਾਮਲਾ ਫਿਰੋਜ਼ਪੁਰ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਨੌਜਵਾਨ ਸਾਰਜ ਸਿੰਘ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ 45 ਲੱਖ 40 ਹਜ਼ਾਰ ਰੁਪਏ ਦੀ ਵੱਡੀ ਠੱਗੀ ਮਾਰੀ ਗਈ ਹੈ। ਥਾਣਾ ਕੁੱਲਗੜ੍ਹੀ ਦੀ ਪੁਲਿਸ ਨੇ ਜਾਂਚ ਤੋਂ ਬਾਅਦ 7 ਵਿਅਕਤੀਆਂ ਗੁਰਵਿੰਦਰ ਸਿੰਘ (ਵਾਸੀ ਗੜੋਡੂ), ਅਰਸ਼ਦੀਪ ਸਿੰਘ (ਵਾਸੀ ਗੜੋਡੂ), ਜੋਬਨਪ੍ਰੀਤ ਸਿੰਘ (ਵਾਸੀ ਪੂੰਨੀਆ), ਗੁਰਭੇਜ ਸਿੰਘ (ਵਾਸੀ ਪੂੰਨੀਆ), ਮਨਦੀਪ ਸਿੰਘ (ਵਾਸੀ ਹਾਬੜੀ), ਗੁਰਦਿੱਤ ਸਿੰਘ (ਵਾਸੀ ਪੰਡੋਰੀ), ਜੈਮਲ ਸਿੰਘ (ਵਾਸੀ ਵਲਟੋਹਾ) ਵਿਰੁੱਧ ਕੇਸ ਦਰਜ ਕਰ ਲਿਆ ਹੈ। ਫਿਲਹਾਲ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਕਰੋੜਾਂ ਦੀ ਠੱਗੀ ਮਾਰਨ ਵਾਲਾ 'ਹਾਈ-ਪ੍ਰੋਫਾਈਲ' ਪਤੀ-ਪਤਨੀ ਗ੍ਰਿਫ਼ਤਾਰ, ਕਈ ਸਾਲਾਂ ਤੋਂ ਸਨ ਭਗੌੜੇ



ਲੁਧਿਆਣਾ-ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਧੋਖਾਧੜੀ ਦੇ ਮਾਮਲਿਆਂ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਲੰਬੇ ਸਮੇਂ ਤੋਂ ਫਰਾਰ ਚੱਲ ਰਹੇ ਪਤੀ-ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜੈ ਇੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਮਨਮੀਤ ਕੌਰ 'ਤੇ ਲੱਖਾਂ-ਕਰੋੜਾਂ ਰੁਪਏ ਦੀ ਠੱਗੀ ਮਾਰਨ ਦੇ ਗੰਭੀਰ ਦੋਸ਼ ਹਨ। ਸਾਹਨੇਵਾਲ ਪੁਲਿਸ ਨੇ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਛਾਪਾ ਮਾਰ ਕੇ ਇਸ ਜੋੜੇ ਨੂੰ ਉਸ ਸਮੇਂ ਦਬੋਚ ਲਿਆ ਜਦੋਂ ਉਹ ਭੱਜਣ ਦੀ ਫਿਰਾਕ ਵਿੱਚ ਸਨ। ਦੋਸ਼ੀ 2022 ਤੋਂ 2024 ਦਰਮਿਆਨ ਦਰਜ ਹੋਈਆਂ ਕਈ ਐਫ਼ਆਈਆਰਾਂ ਵਿੱਚ ਭਗੌੜੇ ਐਲਾਨੇ ਗਏ ਸਨ। ਇਸ ਚਲਾਕ ਜੋੜੇ ਵਿਰੁੱਧ ਨਾ ਸਿਰਫ਼ ਸਾਹਨੇਵਾਲ ਬਲਕਿ ਐੱਨ. ਆਰ. ਆਈ. ਪੁਲਿਸ ਸਟੇਸ਼ਨ ਵਿੱਚ ਵੀ ਕਈ ਮਾਮਲੇ ਦਰਜ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਪੁੱਛਗਿੱਛ ਦੌਰਾਨ ਪੁਲਿਸ ਹੇਠ ਲਿਖੇ ਨੁਕਤਿਆਂ 'ਤੇ ਜਾਂਚ ਕਰੇਗੀ:

ਠੱਗੀ ਦਾ ਪੈਸਾ ਕਿੱਥੇ ਲੁਕਾਇਆ ਗਿਆ ਹੈ? ਕੀ ਇਸ ਨੈੱਟਵਰਕ ਵਿੱਚ ਕੁਝ ਹੋਰ ਪ੍ਰਭਾਵਸ਼ਾਲੀ ਲੋਕ ਵੀ ਸ਼ਾਮਲ ਹਨ? ਕਰੋੜਾਂ ਰੁਪਏ ਦੇ ਅਣਸੁਲਝੇ ਰਹੱਸਾਂ ਤੋਂ ਪਰਦਾ ਚੁੱਕਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਪੁਲਿਸ ਦਾ ਮੰਨਣਾ ਹੈ ਕਿ ਇਸ ਗ੍ਰਿਫ਼ਤਾਰੀ ਨਾਲ ਕਈ ਪੀੜਤਾਂ ਨੂੰ ਇਨਸਾਫ਼ ਮਿਲੇਗਾ ਜੋ ਪਿਛਲੇ ਕਈ ਸਾਲਾਂ ਤੋਂ ਆਪਣੀ ਮਿਹਨਤ ਦੀ ਕਮਾਈ ਵਾਪਸ ਲੈਣ ਲਈ ਭਟਕ ਰਹੇ ਸਨ।

# ਪ੍ਰੇਮੀ ਜੋੜੇ ਨੇ ਨਿਗਲੀ ਜ਼ਹਿਰੀਲੀ ਦਵਾਈ

**✪ ਤਲਾਕਸ਼ੁਦਾ ਮਹਿਲਾ ਦੀ ਇਲਾਜ ਦੌਰਾਨ ਮੌਤ, 3 ਧੀਆਂ ਦਾ ਪਿਓ ਬਚਿਆ**

ਲੁਧਿਆਣਾ-ਥਾਣਾ ਲਾਡੋਵਾਲ ਦੇ ਅਧੀਨ ਆਉਂਦੇ ਪਿੰਡ ਭੋਲੇਵਾਲ ਜਦੀਦ ਵਿੱਚ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਸਤਲੁਜ ਦਰਿਆ ਦੇ ਕੰਢੇ ਵਸੇ ਇਸ ਪਿੰਡ ਵਿੱਚ ਇੱਕ ਪ੍ਰੇਮੀ ਜੋੜੇ ਵੱਲੋਂ ਜ਼ਹਿਰੀਲੀ ਦਵਾਈ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚ ਪ੍ਰੇਮਿਕਾ ਦੀ ਮੌਤ ਹੋ ਗਈ ਹੈ ਜਦਕਿ ਪ੍ਰੇਮੀ ਦੀ ਜਾਨ ਬਚ ਗਈ ਹੈ। ਜਾਂਚ ਅਧਿਕਾਰੀ ਥਾਣੇਦਾਰ ਮੇਜਰ ਸਿੰਘ ਅਨੁਸਾਰ, ਕੁਝ ਦਿਨ ਪਹਿਲਾਂ ਭੋਲੇਵਾਲ ਜਦੀਦ ਦੀ ਰਹਿਣ ਵਾਲੀ ਇੱਕ ਔਰਤ ਅਤੇ ਉਸ ਦੇ ਪ੍ਰੇਮੀ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ ਸੀ। ਹਾਲਤ ਵਿਗੜਨ 'ਤੇ ਔਰਤ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਕਈ ਦਿਨਾਂ ਤੱਕ ਮੌਤ ਨਾਲ ਲੜਨ ਤੋਂ ਬਾਅਦ ਆਖਰਕਾਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਮਾਮਲਾ ਬੇਹੱਦ ਪੇਚੀਦਾ ਅਤੇ ਭਾਵੁਕ ਸੀ। ਮਹਿਲਾ ਤਲਾਕਸ਼ੁਦਾ ਸੀ ਅਤੇ ਉਸ ਦੀ ਇੱਕ 3 ਸਾਲ ਦੀ ਬੇਟੀ ਹੈ। ਔਰਤ ਦਾ ਪ੍ਰੇਮੀ ਪਹਿਲਾਂ ਹੀ ਵਿਆਹਿਆ ਹੋਇਆ ਸੀ, ਪਰ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਹ 3 ਧੀਆਂ ਦਾ ਪਿਤਾ ਹੈ। ਪੁਲਿਸ ਅਨੁਸਾਰ ਦੋਵੇਂ ਪ੍ਰਵਾਸੀ ਮਜ਼ਦੂਰ ਹਨ ਅਤੇ ਪਿਛਲੇ ਕੁਝ ਸਮੇਂ ਤੋਂ ਇੱਕ-ਦੂਜੇ ਦੇ ਸੰਪਰਕ ਵਿੱਚ ਸਨ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪ੍ਰੇਮੀ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ। ਪੁਲਿਸ ਵੱਲੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਅਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬਾਲ-ਵਿਆਹ ਨੂੰ ਇਸਲਾਮ ਵਿੱਚ ਜਾਇਜ਼ ਠਹਿਰਾਉਣ ਵਾਲੇ ਪਾਕਿ ਮੌਲਵੀ ਨੂੰ ਇਟਲੀ ਸਰਕਾਰ ਨੇ ਪੁੱਠੇ ਪੈਰੀ ਭੇਜਿਆ ਪਾਕਿਸਤਾਨ

ਮਿਲਾਨ (ਗੁਰਸ਼ਰਨ ਸਿੰਘ ਸੋਨੀ)-ਦੁਨੀਆਂ ਦਾ ਕੋਈ ਵੀ ਧਰਮ ਹੋਵੇ ਪਰ ਉਹ ਮਾਸੂਮ ਬਾਲੜੀਆਂ ਨਾਲ ਜਿਨਸੀ ਧੱਕੇਸ਼ਾਹੀ ਜਾਂ ਸੋ ਕਰਨ ਦੀ ਇਜ਼ਾਜ਼ਤ ਨਹੀਂ ਦਿੰਦਾ ਤੇ ਜਿਹੜਾ ਵੀ ਧਰਮ ਦਾ ਚੋਲਾ ਪਾ ਸਖ਼ਸ ਅਜਿਹੇ ਕੰਮਾਂ ਦਾ ਸਮਰਥਨ ਕਰਦਾ ਜਾਂ ਅਵਾਮ ਨੂੰ ਉਕਸਾਉਣ ਲਈ ਕੁਫਰ ਤੋਲਦਾ ਹੈ ਤਾਂ ਅਜਿਹਾ ਸਖ਼ਸ਼ ਨੂੰ ਮਹਿਲਾ ਪ੍ਰਧਾਨ ਇਟਲੀ ਵਰਗੇ ਉੱਚ ਬੋਧਕਤਾ ਵਾਲੇ ਦੇਸ਼ ਵਿੱਚ ਨਹੀਂ ਝੱਲਦੇ। ਜਿਸ ਦੀ ਤਾਜ਼ਾ ਮਿਸਾਲ ਉੱਦੋ ਦੇਖਣ ਨੂੰ ਮਿਲੀ ਜਦੋਂ ਇੱਕ ਅੰਡਰਕਵਰ ਪ੍ਰੈੱਸ ਦੇ ਨੁਮਾਇੰਦ ਨੇ ਬਾਲ ਦੁਲਹਨਾਂ ਦੇ ਵਿਆਹ/ਨਿਕਾਹ ਕੁਰਾਨ ਦੁਆਰਾ ਜਾਇਜ਼ ਠਹਿਰਾਉਣ ਵਾਲੇ ਇਮਾਮ (ਮੌਲਵੀ) ਦਾ ਪ੍ਰਦਾਫਾਸ਼ ਹੀ ਨਹੀਂ ਕੀਤਾ ਸਗੋਂ ਉਸ ਨੂੰ ਪੁੱਠੇ ਪੈਰੀ ਪਾਕਿਸਤਾਨ ਵੀ ਭੇਜ ਦਿੱਤਾ ਹੋਇਆ ਇੰਝ ਕਿ ਇਟਾਲੀਅਨ ਟੀ.ਵੀ ਪ੍ਰੋਗਰਾਮ ਫੁਓਰੀ ਦਾਲ ਕੋਰੋ ਦੇ ਰਿਪੋਟਰ ਨੂੰ ਪਾਕਿਸਤਾਨੀ ਮੌਲਵੀ ਅਲੀ ਕਾਸ਼ਿਫ਼ ਨੇ ਦੱਸਿਆ ਕਿ ਕੁੜੀਆਂ ਦਾ ਵਿਆਹ ਪਹਿਲੀ ਮਾਹਵਾਰੀ ਤੋਂ ਬਾਅਦ ਕੀਤਾ ਜਾ ਸਕਦਾ ਹੈ ਜੇਕਰ ਬਾਲੜੀ ਦੇ ਮਾਪੇ ਖੁਸ਼ ਹਨ ਅਤੇ ਨਿਕਾਹ ਲਈ ਸਹਿਮਤ ਹਨ। ਇਹ ਇੱਕ ਇਸਲਾਮਿਕ ਪਰੰਪਰਾ ਵੀ ਹੈ।

ਇਟਲੀ ਵਿੱਚ ਮਹਾਨ ਇਸਲਾਮ ਧਰਮ ਦੀ ਰਾਜਧਾਨੀ ਸਮਝਿਆ ਜਾਣ ਵਾਲਾ ਲੌਂਬਾਰਦੀਆ ਸੂਬੇ ਦਾ ਪ੍ਰਸਿੱਧ ਸ਼ਹਿਰ ਬਰੇਸ਼ੀਆ ਦੇ ਪੁਲਸ ਕਮਿਸ਼ਨਰ ਪਾਓਲੋ ਸਰਤੋਰੀ ਨੇ ਇਸ ਸਾਰੇ ਮਾਮਲੇ ਦੀ ਬਹੁਤ ਬਾਰੀਕੀ ਨਾਲ ਜਾਂਚ ਕੀਤੀ ਉਹਨਾਂ ਚੈਨਲ 4 ਦੇ ਰਿਪੋਰਟ ਫ੍ਰਾਂਸਿਸਕੋ ਲਿਓਨ ਦੁਆਰਾ ਇਸ ਘਟਨਾ ਸੰਬਧੀ ਬਣਾਈ ਵੀਡੀਓ ਸਟੋਰੀ ਦੀ ਜਾਂਚ ਕੀਤੀ ਜਿਹੜਾ ਕਿ ਪ੍ਰੋਗਰਾਮ ਵਿੱਚ ਇੱਕ ਇਤਾਲੀਅਨ ਵਜੋਂ ਪੇਸ਼ ਹੋ ਮੌਲਵੀ ਕੋਲੋ ਇਸਲਾਮ ਕਬੂਲਣ ਦੀ ਇੱਛਾ ਜ਼ਾਹਿਰ ਕਰਦਾ ਹੈ ਤੇ ਨਾਲ ਹੀ ਇਹ ਜਾਨਣ ਦੀ ਕੋਂ ਕਰਦਾ ਹੈ ਕਿ ਇਸਲਾਮ ਧਰਮ ਬੁੱਢੇ ਮਰਦਾ ਨੂੰ ਬਾਲ ਦੁਲਹਨਾਂ ਨਾਲ ਵਿਆਹ ਕਰਨ ਦੀ ਇਜਾਜ਼ਤ ਦਿੰਦਾ ਹੈ। ਗੁਪਤ ਜਾਂਚ ਤੋਂ ਮਿਲੇ ਸਬੂਤਾਂ ਦੇ ਆਧਾਰ ਤੇ ਪੁਲਸ ਕਮਿਸ਼ਨਰ ਨੇ ਇਹ ਫੈਸਲਾ ਕੀਤਾ ਕਿ ਕਾਸ਼ਿਫ ਨੂੰ ਇਟਲੀ ਦੇ ਇਮੀਗ੍ਰੇਸ਼ਨ ਤੇ ਸੰਯੁਕਤ ਕਾਨੂੰਨ ਦੇ ਆਰਟੀਕਲ 4/ਪੈਰਾ 3 ਦੇ ਤਹਿਤ ਤੁਰੰਤ ਕੱਢਿਆ ਜਾ ਸਕਦਾ ਹੈ। ਇਹ ਕਾਨੂੰਨ ਪੁਲਸ ਨੂੰ ਇੱਕ ਵਿਦੇਸ਼ੀ ਨੂੰ ਦੇਸ਼ ਤੋਂ ਬਾਹਰ ਭੇਜਣ ਦੀ ਇਜ਼ਾਜ਼ਤ ਦਿੰਦਾ ਹੈ ਜਿਸ ਨੂੰ ਜਨਤਕ ਵਿਵਸਥਾ ਜਾਂ ਦੇਸ਼ ਦੀ ਸੁੱਰਖਿਆ ਲਈ ਖ਼ਤਰਾ ਮੰਨਿਆ ਗਿਆ ਹੋਵੇ ਜਾਂ ਜਿਨਸੀ ਅਪਰਾਧਾਂ ਵਿੱਚ ਸ਼ਾਮਲ ਹੋਵੇ। ਬਰੇਸ਼ੀਆ ਪੁਲਸ ਨੂੰ ਇਹ ਵੀ ਪਤਾ ਲੱਗਾ ਕਿ ਕਾਸਿਫ਼ ਕੋਲ ਇਟਲੀ ਵਿੱਚ ਰਹਿਣ ਲਈ ਇੱਕ ਵੈਧ ਨਿਵਾਸ ਪਰਮਿਟ ਨਹੀ ਸੀ ਅਤੇ ਜਦੋਂ ਉਸ ਨੇ ਦਸਤਾਵੇਜ਼ ਲਈ ਅਰਜ਼ੀ ਦਿੱਤੀ ਤਾਂ ਪ੍ਰਸ਼ਾਸ਼ਨ ਨੇ ਉਸ ਨੂੰ ਕੋਰੀ ਨਾਂਹ ਕਰ ਦਿੱਤੀ। ਅਜਿਹੇ ਸਥਿਤੀ ਵਿੱਚ ਸਰਤੋਰੀ ਨੇ ਇਹ ਹੁਕਮ ਜਾਰੀ ਕਰ ਦਿੱਤਾ ਕਿ ਕਾਸ਼ਿਫ ਅਲੀ ਨੂੰ ਤੁਰੰਤ ਮਿਲਾਨ ਮਾਲਪੈਂਸਾ ਹਵਾਈ ਅੱਡੇ ਤੇ ਲਿਜਾਇਆ ਜਾਵੇ। ਜਿੱਥੇ ਉਸ ਨੂੰ ਇਸਲਾਮਾਬਾਦ ਜਾਣ ਵਾਲੀ ਉਡਾਣ ਵਿੱਚ ਬਿਠਾ ਦਿੱਤਾ ਗਿਆ।



ਗੌਰਤਲਬ ਹੈ ਚੈਨਲ 5 ਨੇ ਬੀਤੇ ਦਿਨੀ ਹੀ ਇੱਕ ਵਿਸੇ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਅਨੁਸਾਰ ਇਟਲੀ ਦੀਆਂ ਦੋ ਸਦਨਾਂ ਵਾਲੀ ਸੰਸਦ ਵਿੱਚ ਚੈਂਬਰ ਆਫ਼ ਡਿਪਟੀਜ਼ ਦੀ ਪਹਿਲੀ ਕਮੇਟੀ ਵੱਲੋਂ ਬਿੱਲ ਏ ਸੀ 2562 ਦੀ ਜਾਂਚ ਸ਼ੁਰੂ ਕਰਨ ਤੋਂ ਦੋ ਦਿਨ ਪਹਿਲਾਂ ਜਬਰਦਸਤੀ ਵਿਆਹਾਂ ਲਈ ਸਖ਼ਤ ਸਜ਼ਾਵਾਂ ਲਾਗੂ ਕਰਦਾ ਹੈ ਅਤੇ ਕੁਆਰੇਪਣ ਦੇ ਸਰਟੀਫਿਕੇਟ ਜਾਰੀ ਕਰਨ ਤੇ ਵੀ ਪਾਬੰਦੀ ਲਗਾਉਂਦਾ ਹੈ (ਸਿਹਤ ਕਾਰਨਾ ਨੂੰ ਛੱਡਕੇ)। ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਦੀ ਅਗਵਾਈ ਵਾਲੀ ਪਾਰਟੀ ਫਰਤੇਲੀ ਦੀ ਇਤਾਲੀਆ ਦੁਆਰਾ ਪੇਸ਼ ਕੀਤਾ ਗਿਆ ਪ੍ਰਸਤਾਵਿਤ ਕਾਨੂੰਨ ,ਮਸਜਿਦਾਂ ਲਈ ਵਿਦੇਸ਼ੀ ਫੰਡਿੰਗ ਨੂੰ ਨਿਸ਼ਾਨਾ ਬਣਾਕੇ, ਇਸਲਾਮੀ ਸਰਵਉੱਚਤਾ ਅਤੇ ਨਫ਼ਰਤ ਦਾ ਪ੍ਰਚਾਰ ਕਰਨ ਵਾਲੀਆਂ ਮਸਜਿਦਾਂ ਨੂੰ ਬੰਦ ਕਰਨ ਦੇ ਅਧਿਕਾਰ ਦੀ ਮੰਗ ਕਰਕੇ ਇਸਲਾਮੀ ਵੱਖਵਾਦ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਘਟਨਾ ਦੀ ਇਟਾਲੀਅਨ ਭਾਈਚਾਰੇ ਵਿੱਚ ਜਿੱਥੇ ਚਰਚਾ ਜੋ ਤੇ ਹੈ ਉੱਥੇ ਇਟਾਲੀਅਨ ਲੋਕ ਸਰਕਾਰ ਦੇ ਇਸ ਫੈਸਲੇ ਦੀ ਭਰਪੂਰ ਸਲਾਂਘਾ ਵੀ ਕਰ ਰਹੇ ਹਨ। ਇਟਾਲੀਅਨ ਲੋਕਾਂ ਦਾ ਮੰਨਣਾ ਹੈ ਜਿਹੜੇ ਇਟਲੀ ਰਹਿਣਾ ਚਾਹੁੰਦੇ ਹਨ ਉਹ ਆਪਣੇ ਇਟਲੀ ਦੇ ਸੱਭਿਆਚਾਰ ਤੇ ਕਾਨੂੰਨ ਦਾ ਸਤਿਕਾਰ ਕਰਨ ਤੇ ਕੋਈ ਵੀ ਅਜਿਹੀ ਧਾਰਮਿਕ ਕੱਟੜਤਾ ਵਾਲੀ ਕਾਰਵਾਈ ਨੂੰ ਅੰਜਾਮ ਨਾ ਦੇਣ ਜਿਸ ਦਾ ਖਮਿਆਜ਼ਾ ਉਹਨਾਂ ਨੂੰ ਇਟਲੀ ਤੋਂ ਬਾਹਰ ਦਾ ਰਸਤਾ ਦਿਖਾਉਂਦਾ ਹੋਵੇ।

ਕੈਨੇਡਾ ਦਾ 'ਮੇਪਲ ਲੀਫ' ਸੁਪਨਾ ਹੋਇਆ ਧੁੰਦਲਾ

# ਹੁਣ ਪੰਜਾਬੀ ਨੌਜਵਾਨਾਂ ਦੀ ਪਹਿਲੀ ਪਸੰਦ ਯੂਕੇ ਤੇ ਦੁਬਈ!

## ✪ 30 ਲੱਖ ਦੀ ਖੇਡ ਤੇ ਰਿਫਿਊਜ਼ਲ ਦੇ ਡਰ, ਸਖ਼ਤ ਨੀਤੀਆਂ ਕਾਰਣ ਕੈਨੇਡਾ ਤੋਂ ਪੰਜਾਬੀਆਂ ਦਾ ਮੋਹ ਭੰਗ

## ✪ ਸਰਕਾਰੀ ਦਾਅਵੇ ਬਨਾਮ ਜ਼ਮੀਨੀ ਹਕੀਕਤ: ਕੀ ਸੱਚਮੁੱਚ ਪੰਜਾਬ 'ਚ ਰੁਜ਼ਗਾਰ ਮਿਲ ਰਿਹਾ ਹੈ ਜਾਂ ਹਵਾਈ ਕਿਲ੍ਹੇ ਹਨ?

### ਨਿਊਜ਼ ਸਟੋਰੀ

ਕੈਨੇਡਾ ਦੇ ਬਦਲਦੇ ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਇਹ 'ਮੇਪਲ ਲੀਫ' ਸੁਪਨਾ ਹੁਣ ਪੰਜਾਬੀ ਨੌਜਵਾਨਾਂ ਦੀ ਪਹੁੰਚ ਤੋਂ ਦੂਰ ਹੁੰਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਜੀ.ਆਈ.ਸੀ. ਦੀ ਰਕਮ ਵਿੱਚ ਦੁੱਗਣਾ ਵਾਧਾ ਅਤੇ ਵੀਜ਼ਾ ਰਿਫਿਊਜ਼ਲ ਦੀ ਵਧਦੀ ਦਰ ਨੇ ਪੰਜਾਬ ਦੇ ਦੋਆਬਾ ਅਤੇ ਮਾਲਵਾ ਖੇਤਰਾਂ ਵਿੱਚ ਇੱਕ ਵੱਡੀ ਬੇਚੈਨੀ ਪੈਦਾ ਕਰ ਦਿੱਤੀ ਹੈ। ਸਾਲ 2026 ਤੱਕ ਆਉਂਦੇ-ਆਉਂਦੇ ਇਹ ਰੁਝਾਨ ਹੁਣ ਚਿੰਤਾ ਅਤੇ ਨਿਰਾਸ਼ਾ ਵਿੱਚ ਬਦਲ ਚੁੱਕਾ ਹੈ। ਪੰਜਾਬ ਦੇ ਆਈਲੈਟਸ ਸੈਂਟਰਾਂ ਵਿੱਚ ਬੈਠੇ ਹਜ਼ਾਰਾਂ ਨੌਜਵਾਨ ਹੁਣ ਕੈਨੇਡਾ ਜਾਣ ਦਾ ਧਿਆਨ ਛਡਕੇ ਯੂਕੇ, ਅਸਟ੍ਰੇਲੀਆ ਜਾਣ ਦੀ ਤਿਆਰੀ ਕਰ ਰਹੇ ਹਨ।

### ਕੈਨੇਡਾ ਦਾ ਸੁਪਨਾ ਮਹਿੰਗਾ ਕਿਉਂ ਹੋਇਆ?

ਕੈਨੇਡਾ ਸਰਕਾਰ ਦੀਆਂ ਨਵੀਆਂ ਨੀਤੀਆਂ ਨੇ ਪੰਜਾਬੀ ਪਰਿਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਪਹਿਲਾਂ ਕੈਨੇਡਾ ਜਾਣ ਲਈ ਗਾਰੰਟੀਡ ਇਨਵੈਸਟਮੈਂਟ ਸਰਟੀਫਿਕੇਟ ਦੀ ਰਕਮ ਲਗਭਗ 10,000 ਡਾਲਰ ਸੀ, ਜੋ ਹੁਣ ਵਧ ਕੇ 22,000 ਡਾਲਰ (ਲਗਭਗ 15 ਲੱਖ ਰੁਪਏ ਤੋਂ ਵੱਧ) ਹੋ ਗਈ ਹੈ। ਫੀਸਾਂ ਅਤੇ ਹੋਰ ਖਰਚੇ ਮਿਲਾ ਕੇ ਹੁਣ ਇੱਕ ਵਿਦਿਆਰਥੀ ਦਾ ਕੁਲ ਖਰਚਾ 30 ਤੋਂ 35 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਪੰਜਾਬ ਦੇ ਛੋਟੇ ਕਿਸਾਨਾਂ ਲਈ ਆਪਣੀ ਜ਼ਮੀਨ ਵੇਚ ਕੇ ਵੀ ਇੰਨੀ ਵੱਡੀ ਰਕਮ ਜੁਟਾਉਣੀ ਹੁਣ ਅਸੰਭਵ ਹੁੰਦੀ ਜਾ ਰਹੀ ਹੈ।

ਨੀਤੀਆਂ ਵਿੱਚ ਸਖ਼ਤੀ ਅਤੇ ਰਿਫਿਊਜ਼ਲ ਦਾ ਹੜ੍ਹ-ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਸਖ਼ਤ ਕਦਮ ਚੁੱਕੇ ਹਨ। 2026 ਦੀ ਇੱਕ ਆਡਿਟ ਰਿਪੋਰਟ ਮੁਤਾਬਕ:

ਸਟੂਡੈਂਟ ਡਾਇਰੈਕਟ ਸਟ੍ਰੀਮ ਦਾ ਖ਼ਤਮ ਹੋਣਾ: ਤੇਜ਼ੀ ਨਾਲ ਵੀਜ਼ਾ ਦੇਣ ਵਾਲੀ ਇਹ ਪ੍ਰਣਾਲੀ ਹੁਣ ਬੰਦ ਕਰ ਦਿੱਤੀ ਗਈ ਹੈ।

ਵੀਜ਼ਾ ਦਰ ਵਿੱਚ ਗਿਰਾਵਟ: 2023 ਵਿੱਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ 51.6% ਸੀ, ਜੋ 2025-26 ਤੱਕ ਘਟ ਕੇ ਸਿਰਫ਼ 8% ਰਹਿ ਗਈ ਹੈ। ਹੁਣ ਹਰ ਦਸਤਾਵੇਜ਼ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਕਾਰਨ ਮਾਮੂਲੀ ਕਮੀ ਵਾਲੀਆਂ ਫਾਈਲਾਂ ਵੀ ਰੱਦ ਹੋ ਰਹੀਆਂ ਹਨ।

### ਏਜੰਟਾਂ ਦੀ ਲੁੱਟ ਅਤੇ 'ਫਰਜ਼ੀਵਾੜੇ' ਦਾ ਸ਼ਿਕਾਰ ਹੁੰਦਾ ਪੰਜਾਬ

ਪੰਜਾਬ ਦੇ ਕਈ ਏਜੰਟਾਂ ਨੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ ਜੋ 'ਵੀਜ਼ਾ ਗਾਰੰਟੀ' ਦੇ ਨਾਂ 'ਤੇ ਲੱਖਾਂ ਰੁਪਏ ਲੈਂਦੇ ਹਨ ਪਰ ਨਕਲੀ ਆਫਰ ਲੈਟਰ ਫੜਾ ਦਿੰਦੇ ਹਨ। ਸੈਂਕੜੇ ਨੌਜਵਾਨ ਕੈਨੇਡਾ ਜਾ ਕੇ ਵੀ ਸੜਕਾਂ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਏ ਹਨ,ਕਿਉਂਕਿ ਉਨ੍ਹਾਂ ਦੇ ਏਜੰਟਾਂ ਨੇ ਉਨ੍ਹਾਂ ਨੂੰ ਧੋਖੇ ਨਾਲ ਜਾਹਲੀ ਕਾਲਜਾਂ ਵਿੱਚ ਭੇਜ ਦਿੱਤਾ ਸੀ। ਪੰਜਾਬ ਪੁਲਿਸ ਦੇ ਐਨਆਰਆਈ ਸੈੱਲ ਵਿੱਚ ਹਜ਼ਾਰਾਂ ਸ਼ਿਕਾਇਤਾਂ ਦਰਜ ਹਨ, ਪਰ ਪੁਲਿਸ ਦੀ ਕਾਰਵਾਈ ਢਿਲੀ ਹੈ।



### ਯੂਕੇ, ਦੁਬਈ ਅਤੇ ਨਿਊਜ਼ੀਲੈਂਡ ਵੱਲ ਨੌਜਵਾਨਾਂ ਦਾ ਰੁਝਾਨ ਕਿਉਂ?

ਕੈਨੇਡਾ ਦੇ ਬੰਦ ਹੁੰਦੇ ਦਰਵਾਜ਼ਿਆਂ ਨੇ ਪੰਜਾਬੀ ਨੌਜਵਾਨਾਂ ਨੂੰ ਨਵੇਂ ਰਾਹ ਲੱਭਣ ਲਈ ਮਜਬੂਰ ਕਰ ਦਿੱਤਾ ਹੈ। ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦੀ ਸਹੂਲਤ ਅਤੇ ਕੈਨੇਡਾ ਦੇ ਮੁਕਾਬਲੇ ਘੱਟ ਸ਼ੁਰੂਆਤੀ ਨਿਵੇਸ਼ ਕਾਰਨ ਯੂਕੇ ਪੰਜਾਬੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਮੱਧ ਵਰਗੀ ਪਰਿਵਾਰਾਂ ਦੀਆਂ ਧੀਆਂ ਹੁਣ ਦੁਬਈ ਵਿੱਚ ਨੈਨੀ ਜਾਂ ਸੇਲਜ਼ ਵਿੱਚ ਕੰਮ ਕਰਨ ਜਾ ਰਹੀਆਂ ਹਨ। ਉੱਥੇ ਵੀਜ਼ਾ ਪ੍ਰਕਿਰਿਆ ਸੌਖੀ ਹੈ ਅਤੇ ਖਰਚਾ ਵੀ ਘੱਟ ਹੈ। ਨਿਊਜ਼ੀਲੈਂਡ ਵਿਚ ਸਕਿੱਲਡ ਵਰਕਰਾਂ ਲਈ ਨਵੇਂ ਰਾਹ ਖੁੱਲ੍ਹੇ ਹਨ, ਜਿਸ ਕਾਰਨ ਤਕਨੀਕੀ ਸਿੱਖਿਆ ਪ੍ਰਾਪਤ ਨੌਜਵਾਨ ਇੱਧਰ ਦਾ ਰੁਖ ਕਰ ਰਹੇ ਹਨ।

### ਕੈਨੇਡਾ ਵਿਚ ਅਸਰਖਿਅਤ ਮਾਹੌਲ ਤੇ ਬੇਰੁਜ਼ਗਾਰੀ

ਅਸੁਰੱਖਿਆ ਦਾ ਮਾਹੌਲ ਵੀ ਮਾਪਿਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਸੇ ਵੀ ਕੀਮਤ 'ਤੇ ਵਿਦੇਸ਼ ਭੇਜ ਦੇਣ। ਬ੍ਰੈਂਪਟਨ ਅਤੇ ਸਰੀ ਵਰਗੇ ਸ਼ਹਿਰਾਂ ਵਿੱਚ ਹੁਣ ਮਾਹੌਲ ਬਦਲ ਚੁੱਕਾ ਹੈ। ਵਧਦੇ ਕਿਰਾਏ, ਕੰਮ ਦੀ ਘਾਟ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ ਡਰ ਨੇ ਉੱਥੇ ਰਹਿੰਦੇ ਨੌਜਵਾਨਾਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਹਜ਼ਾਰਾਂ ਨੌਜਵਾਨ ਹੁਣ 'ਰਿਫਿਊਜੀ' ਸਟੇਟਸ ਲਈ ਅਪਲਾਈ ਕਰ ਰਹੇ ਹਨ ਤਾਂ ਜੋ ਉਹ ਉੱਥੇ ਰਹਿ ਸਕਣ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡਾ ਖ਼ਤਰਾ ਹੈ। ਕਿਉਂਕਿ ਕੈਨੇਡਾ ਸਰਕਾਰ ਇਸ ਉਪਰ ਵੀ ਪਾਬੰਦੀਆਂ ਲਗਾ ਚੁਕੀ ਹੈ।

ਅੱਜ ਕੱਲ੍ਹ ਕੈਨੇਡਾ ਵਿੱਚ ਪੰਜਾਬੀ ਨੌਜਵਾਨ ਸਿਰਫ਼ ਵੀਜ਼ਾ ਜਾਂ ਪੀ.ਆਰ. ਦੇ ਸੰਕਟ ਦਾ ਹੀ ਨਹੀਂ, ਸਗੋਂ ਭਿਆਨਕ ਬੇਰੁਜ਼ਗਾਰੀ ਦਾ ਵੀ ਸਾਹਮਣਾ ਕਰ ਰਹੇ ਹਨ। ਜਿਸ ਸੁਪਨਿਆਂ ਦੇ ਦੇਸ਼ ਵਿੱਚ ਉਹ ਡਾਲਰ ਕਮਾਉਣ ਗਏ ਸਨ, ਉੱਥੇ ਹੁਣ ਗੁਜ਼ਾਰਾ ਕਰਨਾ ਵੀ ਮੁਸ਼ਕਲ ਹੋ ਰਿਹਾ ਹੈ। ਬ੍ਰੈਂਪਟਨ, ਸਰੀ, ਟੋਰਂਟੋ ਅਤੇ ਐਡਮੰਟਨ ਵਰਗੇ ਸ਼ਹਿਰਾਂ ਵਿੱਚ ਪੰਜਾਬੀਆਂ ਦੀ ਗਿਣਤੀ ਇੰਨੀ ਜ਼ਿਆਦਾ ਹੋ ਗਈ ਹੈ ਕਿ ਉੱਥੇ 'ਸਰਵਾਈਵਲ ਜੌਬਸ' (ਜਿਵੇਂ ਕਿ ਸਟੋਰਾਂ, ਗੈਸ ਸਟੇਸ਼ਨਾਂ ਜਾਂ ਵੇਅਰਹਾਊਸਾਂ ਵਿੱਚ ਕੰਮ) ਲਈ ਵੀ ਮਾਰਾਮਾਰੀ ਹੈ।

ਕੈਨੇਡਾ ਵਿੱਚ ਮਹਿੰਗਾਈ ਵਧਣ ਕਾਰਨ ਲੋਕਾਂ ਨੇ ਖਰਚੇ ਘਟਾ ਦਿੱਤੇ ਹਨ। ਜਦੋਂ ਲੋਕ ਖਰਚਾ ਘੱਟ ਕਰਦੇ ਹਨ, ਤਾਂ ਕਾਰੋਬਾਰਾਂ (ਰੀਟੇਲ ਸਟੋਰਾਂ, ਰੈਸਟੋਰੈਂਟਾਂ) ਨੂੰ ਘੱਟ ਸਟਾਫ ਦੀ ਲੋੜ ਹੁੰਦੀ ਹੈ। ਇਸ ਦਾ ਸਭ ਤੋਂ ਪਹਿਲਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪੈਂਦਾ ਹੈ, ਜਿਨ੍ਹਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ।

ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਸੀਮਤ ਕਰ ਦਿੱਤਾ ਹੈ। ਜਿੱਥੇ ਕੈਨੇਡਾ ਵਿੱਚ ਕਮਰੇ ਦਾ ਕਿਰਾਇਆ 600-800 ਡਾਲਰ ਹੈ ਅਤੇ ਰਾਸ਼ਨ ਦਾ ਖਰਚਾ ਵੱਖਰਾ, ਉੱਥੇ ਸਿਰਫ਼ 24 ਘੰਟੇ ਕੰਮ ਕਰਕੇ ਵਿਦਿਆਰਥੀ ਆਪਣੀ ਫੀਸ ਤਾਂ ਕੀ, ਆਪਣਾ ਖਰਚਾ ਵੀ ਪੂਰਾ ਨਹੀਂ ਕਰ ਪਾ ਰਹੇ।

ਬੇਰੁਜ਼ਗਾਰੀ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ ਡਰ ਕਾਰਨ ਕਈ ਪੰਜਾਬੀ ਨੌਜਵਾਨ ਹੁਣ ਸ਼ਰਨਾਰਥੀ ਵਜੋਂ ਅਪਲਾਈ ਕਰ ਰਹੇ ਹਨ। ਇਹ ਰਸਤਾ ਨਾ ਸਿਰਫ਼ ਕਾਨੂੰਨੀ ਤੌਰ 'ਤੇ ਉਲਝਿਆ ਹੋਇਆ ਹੈ, ਸਗੋਂ ਇਹ ਨੌਜਵਾਨਾਂ ਵਿੱਚ ਮਾਨਸਿਕ ਤਣਾਅ ਅਤੇ ਡਿਪਰੈਸ਼ਨ ਦਾ ਕਾਰਨ ਵੀ ਬਣ ਰਿਹਾ ਹੈ। ਹੁਣ ਪੰਜਾਬੀ ਨੌਜਵਾਨਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਿਰਫ਼ ਕੈਨੇਡਾ ਪਹੁੰਚਣਾ ਹੀ ਕਾਮਯਾਬੀ ਨਹੀਂ ਹੈ, ਸਗੋਂ ਉੱਥੇ ਦੇ ਹਾਲਾਤਾਂ ਮੁਤਾਬਕ ਆਪਣੇ ਆਪ ਨੂੰ ਤਿਆਰ ਕਰਨਾ ਅਤੇ 'ਬੈਕਅੱਪ ਪਲਾਨ' ਰੱਖਣਾ ਬਹੁਤ ਜ਼ਰੂਰੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਦਾ ਦਾਅਵਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ 65,264 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਅਨੁਸਾਰ ਇਹ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਦੇ, ਸਿਰਫ਼ ਮੈਰਿਟ ਦੇ ਅਧਾਰ 'ਤੇ ਦਿੱਤੀਆਂ ਗਈਆਂ ਹਨ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 48,000 ਅਧਿਆਪਕਾਂ ਦਾ ਵੱਖਰਾ ਕੈਡਰ ਬਣਾਉਣ ਨੂੰ ਸਰਕਾਰ ਵੱਡੀ ਪ੍ਰਾਪਤੀ ਮੰਨ ਰਹੀ ਹੈ।

ਸਰਕਾਰੀ ਦਾਅਵਿਆਂ ਦੇ ਉਲਟ, ਪੀਰੀਅਡਿਕ ਲੇਬਰ ਫੋਰਸ ਸਰਵੇ ਦੇ ਅੰਕੜੇ ਚਿੰਤਾਜਨਕ ਹਨ। ਪੇਂਡੂ ਪੰਜਾਬ ਵਿੱਚ 15-29 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 22.5% ਤੱਕ ਪਹੁੰਚ ਗਈ ਹੈ, ਜੋ ਗੁਆਂਢੀ ਰਾਜਾਂ ਨਾਲੋਂ ਵੱਧ ਹੈ। ਸਾਲ 2025-26 ਦੌਰਾਨ ਸ਼ੌਪ ਸੈਕਟਰ ਵਿੱਚ ਰੁਜ਼ਗਾਰ ਘਟਿਆ ਹੈ। ਖਾਸ ਕਰਕੇ ਔਰਤਾਂ ਦੇ ਰੁਜ਼ਗਾਰ ਵਿੱਚ 50% ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ ਘੱਟ ਤਨਖਾਹਾਂ ਅਤੇ ਅਸੁਰੱਖਿਆ ਦੇ ਮਾਹੌਲ ਕਾਰਨ ਨਿੱਜੀ ਖੇਤਰ ਵਿੱਚ ਨਵੇਂ ਨਿਵੇਸ਼ਕ ਆਉਣ ਤੋਂ ਕਤਰਾ ਰਹੇ ਹਨ।

ਭਾਵੇਂ ਹਜ਼ਾਰਾਂ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ, ਪਰ ਲੱਖਾਂ ਦੀ ਬੇਰੁਜ਼ਗਾਰ ਫੌਜ ਲਈ ਇਹ 'ਊਠ ਦੇ ਮੂੰਹ ਵਿੱਚ ਜੀਰੇ' ਦੇ ਬਰਾਬਰ ਸਾਬਤ ਹੋ ਰਹੀਆਂ ਹਨ। ਹਰ ਸਾਲ ਲਗਭਗ 1.25 ਲੱਖ ਨੌਜਵਾਨ ਬਿਹਤਰ ਜੀਵਨ ਪੱਧਰ ਅਤੇ ਸੁਰੱਖਿਅਤ ਭਵਿੱਖ ਦੀ ਭਾਲ ਵਿੱਚ ਪੰਜਾਬ ਛੱਡ ਕੇ ਵਿਦੇਸ਼ ਜਾ ਰਹੇ ਹਨ।

ਪੰਜਾਬ ਵਿੱਚ ਰੁਜ਼ਗਾਰ ਦੀ ਹਕੀਕਤ ਦੋ-ਪੱਖੀ ਹੈ। ਜੇਕਰ ਇੱਕ ਪਾਸੇ ਸਰਕਾਰੀ ਨੌਕਰੀਆਂ ਨੇ ਕੁਝ ਲੋਕਾਂ ਨੂੰ ਰਾਹਤ ਦਿੱਤੀ ਹੈ, ਤਾਂ ਦੂਜੇ ਪਾਸੇ ਨਿੱਜੀ ਅਤੇ ਉਦਯੋਗਿਕ ਖੇਤਰ ਦੀ ਮੰਦਹਾਲੀ ਕਾਰਨ ਬਹੁਗਿਣਤੀ ਨੌਜਵਾਨ ਅਜੇ ਵੀ ਹਿਜਰਤ ਕਰਨ ਲਈ ਮਜਬੂਰ ਹਨ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਦਾ ਕਹਿਣਾ ਹੈ ਕਿ ਇਹ ਨੌਕਰੀਆਂ ਸਿਰਫ਼ ਊਠ ਦੇ ਮੂੰਹ ਵਿੱਚ ਜੀਰੇ ਦੇ ਬਰਾਬਰ ਹਨ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਡਿਗਰੀ ਦੀ ਇੱਥੇ ਕੋਈ ਕਦਰ ਨਹੀਂ ਹੈ।

ਪੰਜਾਬ ਦਾ 'ਕੈਨੇਡੀਅਨ ਸੁਪਨਾ' ਹੁਣ ਇੱਕ ਮਹਿੰਗਾ ਅਤੇ ਖ਼ਤਰਨਾਕ ਜੂਆ ਬਣ ਗਿਆ ਹੈ। ਜਿੱਥੇ ਅਮੀਰ ਪਰਿਵਾਰ ਅਜੇ ਵੀ ਪੈਸੇ ਦੇ ਜ਼ੋਰ 'ਤੇ ਰਾਹ ਲੱਭ ਰਹੇ ਹਨ, ਉੱਥੇ ਹੀ ਆਮ ਪੰਜਾਬੀ ਨੌਜਵਾਨ ਹੁਣ ਦੁਬਈ ਜਾਂ ਯੂਰਪ ਵਿੱਚ ਆਪਣੀ ਕਿਸਮਤ ਅਜ਼ਮਾਉਣ ਲਈ ਮਜਬੂਰ ਹੈ। ਕੈਨੇਡਾ ਦੇ ਬਦਲਦੇ ਤੇਵਰ ਪੰਜਾਬ ਸਰਕਾਰ ਲਈ ਇੱਕ ਚਿਤਾਵਨੀ ਹਨ। ਹੁਣ ਵਕਤ ਹੈ ਕਿ ਸਰਕਾਰਾਂ ਸਿਰਫ਼ ਅੰਕੜਿਆਂ ਦੀ ਖੇਡ ਨਾ ਖੇਡੇ, ਸਗੋਂ ਅਜਿਹਾ ਮਾਹੌਲ ਸਿਰਜੇ ਕਿ ਪੰਜਾਬ ਦਾ ਨੌਜਵਾਨ ਵਿਦੇਸ਼ਾਂ ਦੀਆਂ ਠੰਢੀਆਂ ਹਵਾਵਾਂ ਵਿੱਚ ਖੁਆਰ ਹੋਣ ਦੀ ਬਜਾਏ ਆਪਣੀ ਮਿੱਟੀ ਵਿੱਚ ਰਹਿ ਕੇ ਤਰੱਕੀ ਕਰ ਸਕੇ , ਰੋਜ਼ਗਾਰ ਪ੍ਰਾਪਤ ਕਰ ਸਕਣ।

# ਕਿਉਂ ਤਿੜਕ ਰਿਹਾ ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ)

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**





ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ / ਪੁਨਰ ਸੁਰਜੀਤ) ਵਿੱਚੋਂ ਜਿਵੇਂ-ਜਿਵੇਂ ਬੀਬੀ ਪਰਮਜੀਤ ਕੌਰ ਲਾਂਡਰਾਂ ਬਾਦਲ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ ਅਤੇ ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਵਰਗੇ ਆਗੂ ਪਹਿਲਾਂ ਹੁਣ ਵਾਪਸ ਬਾਦਲ ਦਲ ਵਿੱਚ ਜਾ ਚੁਕੇ ਹਨ, ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ 'ਨਵਾਂ ਅਕਾਲੀ ਦਲ' ਕਿਉਂ ਤਿੜਕ ਰਿਹਾ ਹੈ। ਕੀ ਗਿਆਨੀ ਹਰਪ੍ਰੀਤ ਸਿੰਘ ਅਗਵਾਈ ਕਰਨ ਦੇ ਸਮਰਥ ਨਹੀਂ ਰਹੇ।

ਵੱਡੀ ਗਲ ਇਹ ਹੈ ਕਿ ਅਕਾਲ ਤਖ਼ਤ ਤੋਂ ਫੈਸਲਾ ਗਲਤ ਹੋਇਆ ਸੀ ਕਿ ਬਾਦਲ ਦਲ ਤੇ ਬਾਦਲ ਦਲ ਵਿਰੋਧੀ ਬਾਗੀ ਧੜਾ ਮਿਲਕੇ ਭਰਤੀ ਕਰੇ ਅਕਾਲੀ ਦਲ ਬਣਾਵੇ। ਪਰ ਸਮੁਚੇ ਪੰਥ ਤੇ ਪੰਥਕ ਜਥੇਬੰਦੀਆਂ ਵਿਚੋਂ ਅਕਾਲੀ ਦਲ ਚੁਣਨ ਲਈ ਨਹੀਂ ਕਿਹਾ ਗਿਆ। ਇਸੇ ਕਰਕੇ ਸਿਧਾਂਤਕ ਏਕਤਾ ਵਾਲਾ ਅਕਾਲੀ ਦਲ ਹੋਂਦ ਵਿਚ ਨਾ ਆ ਸਕਿਆ। ਇਹ ਗਲਤ ਫੈਸਲਾ ਗਿਆਨੀ ਰਘਬੀਰ ਸਿੰਘ ਜੋ ਉਸ ਸਮੇਂ ਦਾ ਜਥੇਦਾਰ ਅਕਾਲ ਤਖ਼ਤ ਸਨ, ਨੇ ਕੀਤਾ।

ਨਤੀਜਾ ਇਹ ਹੋਇਆ ਜੋ ਅਕਾਲੀ ਦਲ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਬਣਿਆ ਉਸਦੇ ਲੀਡਰ ਬਾਦਲ ਦਲ ਦੇ ਲੀਡਰਾਂ ਦੇ ਕਿਰਦਾਰ ਤੋਂ ਵੱਖਰੇ ਨਹੀਂ ਸੀ। ਸਭ ਤੋਂ ਵੱਡੀ ਢਾਅ ਮਨਪ੍ਰੀਤ ਸਿੰਘ ਇਆਲੀ ਨੇ ਲਗਾਈ ਜਿਸਨੇ ਕਦੇ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਨਹੀਂ ਮੰਨਿਆ ਸੀ। ਬਾਕੀ ਅਕਾਲੀ ਆਗੂ ਕਦੇ ਵੀ ਮਿਲਕੇ ਨਹੀਂ ਬੈਠੇ ਨਾ ਹੀ ਲੋਕਾਂ ਵਿਚ ਪਾਰਟੀ ਦਾ ਏਜੰਡਾ ਲੈਕੇ ਗਏ। ਨਾ ਹੀ ਪਾਰਟੀ ਦਾ ਫੰਡ ਇਕੱਠਾ ਹੋਇਆ ਨਾ ਹੀਂ ਕਿਸੇ ਨੇ ਯੋਗਦਾਨ ਦਿੱਤਾ।

ਇਹ ਲਹਿਰ ਲੋਕਾਂ ਵਿਚੋਂ ਨਹੀਂ, ਸਗੋਂ ਬਾਦਲ ਪਰਿਵਾਰ ਨਾਲ ਸਿਆਸੀ ਨਾਰਾਜ਼ਗੀ ਵਿੱਚੋਂ ਨਿਕਲੀ ਸੀ। ਇਸ ਵਿੱਚ ਉਹ ਆਗੂ ਸ਼ਾਮਲ ਸਨ ਜੋ ਬਾਦਲ ਪਰਿਵਾਰ ਨਾਲ ਸੱਤਾ ਜਾਂ ਅਹੁਦਿਆਂ ਦੀ ਵੰਡ ਕਾਰਨ ਨਾਰਾਜ਼ ਸਨ। ਜਦੋਂ ਕਿਸੇ ਲਹਿਰ ਦੀ ਬੁਨਿਆਦ ਸਿਰਫ਼ "ਵਿਰੋਧ" ਹੋਵੇ ਅਤੇ ਲੋਕਾਂ ਦਾ ਜਜ਼ਬਾ ਸ਼ਾਮਲ ਨਾ ਹੋਵੇ, ਤਾਂ ਉਹ ਬਹੁਤਾ ਚਿਰ ਟਿਕ ਨਹੀਂ ਸਕਦੀ। ਕਿਸੇ ਵੀ ਜਥੇਬੰਦੀ ਦੀ ਮਜ਼ਬੂਤੀ ਲਈ ਇੱਕ ਸਰਵ-ਪ੍ਰਵਾਨਿਤ ਆਗੂ ਦਾ ਹੋਣਾ ਜ਼ਰੂਰੀ ਹੈ। ਨਵੇਂ ਅਕਾਲੀ ਦਲ ਵਿੱਚ "ਹਰ ਕੋਈ ਪ੍ਰਧਾਨ" ਵਾਲੀ ਸਥਿਤੀ ਸੀ। ਇਨ੍ਹਾਂ ਵਿੱਚ ਆਪਸੀ ਤਾਲਮੇਲ ਦੀ ਕਮੀ ਰਹੀ ਰਿਹਾ।

ਲੋਕਾਂ ਨੂੰ ਇਹ ਸਮਝ ਨਹੀਂ ਆਇਆ ਕਿ ਇਹ ਦਲ ਬਾਦਲ ਦਲ ਤੋਂ ਵੱਖਰਾ ਕਿਵੇਂ ਹੈ? ਸਿਰਫ਼ "ਬਾਦਲਾਂ ਨੂੰ ਹਟਾਉਣਾ" ਕੋਈ ਸਥਾਈ ਵਿਚਾਰਧਾਰਾ ਨਹੀਂ ਹੋ ਸਕਦੀ। ਸਿਧਾਂਤਕ ਸਪੱਸ਼ਟਤਾ ਦੀ ਘਾਟ ਕਾਰਨ ਇਹ ਦਲ ਸਿਰਫ਼ ਇੱਕ 'ਨਾਰਾਜ਼ ਧੜਾ' ਬਣ ਕੇ ਰਹਿ ਗਿਆ।

ਆਖ਼ਿਰਕਾਰ, ਸਿਆਸਤਦਾਨਾਂ ਲਈ ਆਪਣੀ ਹੋਂਦ ਅਤੇ ਭਵਿੱਖ ਬਚਾਉਣਾ ਸਭ ਤੋਂ ਵੱਡੀ ਚੁਣੌਤੀ ਬਣ ਗਿਆ। ਕਈ ਆਗੂਆਂ ਨੂੰ ਮਹਿਸੂਸ ਹੋਣ ਲੱਗਾ ਕਿ ਅਲੱਗ ਰਹਿ ਕੇ ਉਹ ਸਿਆਸੀ ਤੌਰ 'ਤੇ ਗੁਮਨਾਮ ਹੋ ਜਾਣਗੇ। ਬਾਦਲ ਦਲ ਕੋਲ ਅਜੇ ਵੀ ਪਾਰਟੀ ਦਾ ਨਿਸ਼ਾਨ (ਤੱਕੜੀ), ਪੁਰਾਣਾ ਸੰਗਠਨ ਅਤੇ ਸਰੋਤ ਹਨ। ਆਪਣਾ ਸਿਆਸੀ ਭਵਿੱਖ ਸੁਰੱਖਿਅਤ ਕਰਨ ਲਈ, ਬਹੁਤ ਸਾਰੇ ਆਗੂਆਂ ਨੇ "ਸਿਧਾਂਤਾਂ" ਨਾਲੋਂ "ਸਮਝੌਤੇ" ਨੂੰ ਬਿਹਤਰ ਸਮਝਿਆ ਅਤੇ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ।

ਕਿਸੇ ਵੀ ਨਵੀਂ ਪਾਰਟੀ ਨੂੰ ਖੜ੍ਹਾ ਕਰਨ ਲਈ ਸਿਰਫ਼ ਭਾਸ਼ਣ ਨਹੀਂ, ਸਗੋਂ ਮਜ਼ਬੂਤ ਏਜੰਡਾ, ਰੋਡ ਮੈਪ, ਆਰਥਿਕਤਾ ਅਤੇ ਜਨਤਕ ਪੱਧਰ ਤੱਕ ਦੇ ਕੇਡਰ ਦੀ ਲੋੜ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ ਪੁਨਰ ਸੁਰਜੀਤ) ਕੋਲ ਫਿਲਹਾਲ ਉਹ ਵਿੱਤੀ ਸਾਧਨ ਅਤੇ ਸੰਗਠਨਾਤਮਕ ਤਾਕਤ ਨਹੀਂ ਹੈ ਜੋ ਦਹਾਕਿਆਂ ਤੋਂ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਕੋਲ ਹੈ। ਬਿਨਾਂ ਫੰਡਾਂ ਅਤੇ ਢਾਂਚੇ ਦੇ ਵੱਡੇ ਆਗੂਆਂ ਨੂੰ ਆਪਣਾ ਅਧਾਰ ਬਚਾਈ ਰੱਖਣਾ ਔਖਾ ਲੱਗ ਰਿਹਾ ਹੈ। ਕੁਝ ਲੀਡਰ ਘਰਾਂ ਵਿਚ ਬੈਠ ਚੁਕੇ ਹਨ।

ਜਿੱਥੋਂ ਤੱਕ ਗਿਆਨੀ ਹਰਪ੍ਰੀਤ ਸਿੰਘ ਦਾ ਸਵਾਲ ਹੈ, ਉਹ ਇੱਕ ਧਾਰਮਿਕ ਸ਼ਖ਼ਸੀਅਤ ਹਨ,ਜਨਤਕ ਲਹਿਰ ਚਲਾਉਣ ਦਾ ਉਨ੍ਹਾਂ ਕੋਲ ਹੌਸਲਾ ਤੇ ਤਜਰਬਾ ਨਹੀਂ ਹੈ। ਨਾ ਹੀ ਉਨ੍ਹਾਂ ਦਾ ਸੋਸ਼ਲ ਮੀਡੀਆ ਸਰਗਰਮ ਹੈ। ਸਿਆਸਤ ਵਿੱਚ 'ਕਿਲਰ ਇੰਸਟਿੰਕਟ' (ਹਮਲਾਵਰ ਸਿਆਸੀ ਰਣਨੀਤੀ) ਦੀ ਲੋੜ ਹੁੰਦੀ ਹੈ ਜ਼ੋ ਨਵੇਂ ਅਕਾਲੀ ਦਲ ਵਿਚ ਘਾਟ ਹੈ।

ਜੇਕਰ ਇਹ ਧੜਾ ਆਪਣੀ ਹੋਂਦ ਬਚਾਉਣਾ ਚਾਹੁੰਦਾ ਹੈ, ਤਾਂ ਇਨ੍ਹਾਂ ਨੂੰ ਸਿਰਫ਼ 'ਬਾਦਲ ਵਿਰੋਧ' ਤੱਕ ਸੀਮਤ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਨੂੰ ਪੰਜਾਬ ਦੇ ਮੌਜੂਦਾ ਮੁੱਦਿਆਂ (ਨਸ਼ਾ, ਬੇਰੁਜ਼ਗਾਰੀ, ਸਨਅਤ, ਖੇਤੀਬਾੜੀ, ਖੁਦਮੁਖਤਿਆਰੀ) 'ਤੇ ਇੱਕ ਸਪੱਸ਼ਟ ਰੋਡਮੈਪ ਦੇਣਾ ਹੋਵੇਗਾ।ਪੁਰਾਣੇ ਚਿਹਰਿਆਂ ਦੀ ਥਾਂ ਨਵੇਂ ਅਤੇ ਨੌਜਵਾਨ ਚਿਹਰਿਆਂ ਨੂੰ ਅੱਗੇ ਲਿਆਉਣਾ ਪਵੇਗਾ, ਤਾਂ ਜੋ ਇਹ ਪ੍ਰਭਾਵ ਜਾਵੇ ਕਿ ਇਹ ਸਿਰਫ਼ "ਨਾਰਾਜ਼ ਸਾਬਕਾ ਮੰਤਰੀਆਂ" ਦਾ ਗਰੁੱਪ ਨਹੀਂ ਹੈ। ਜੇਕਰ ਉਹ ਆਮ ਆਦਮੀ ਪਾਰਟੀ ਜਾਂ ਕਾਂਗਰਸ ਤੋਂ ਦੂਰ ਰਹਿ ਕੇ ਇੱਕ ਮਜ਼ਬੂਤ ਖੇਤਰੀ ਤੀਜਾ ਬਦਲ ਪੇਸ਼ ਕਰ ਸਕਦੇ ਹਨ, ਤਾਂ ਹੀ ਉਨ੍ਹਾਂ ਦਾ ਭਵਿੱਖ ਹੈ।

ਵਾਰਿਸ ਪੰਜਾਬ ਦੇ (ਅੰਮ੍ਰਿਤਪਾਲ ਸਿੰਘ ਦੇ ਪ੍ਰਭਾਵ ਹੇਠਲਾ ਗਰੁੱਪ) ਅਤੇ ਨਵੇਂ ਅਕਾਲੀ ਦਲ (ਸੁਧਾਰ ਲਹਿਰ) ਵਿਚਾਲੇ ਸਮਝੌਤਾ ਪੰਜਾਬ ਦੀ ਸਿਆਸਤ ਵਿੱਚ ਫਾਇਦੇਮੰਦ ਕਦਮ ਹੋ ਸਕਦਾ ਹੈ।


'ਵਾਰਿਸ ਪੰਜਾਬ ਦੇ' ਕੋਲ ਅਜਿਹੇ ਨੌਜਵਾਨਾਂ ਦੀ ਵੱਡੀ ਫੌਜ ਹੈ ਜੋ ਬੇਹੱਦ ਸਰਗਰਮ ਅਤੇ ਜਜ਼ਬਾਤੀ ਹਨ। ਨਵੇਂ ਅਕਾਲੀ ਦਲ ਕੋਲ ਤਜ਼ਰਬੇਕਾਰ ਆਗੂ ਤਾਂ ਹਨ ਪਰ ਜੋਸ਼ੀਲੇ ਵਰਕਰਾਂ ਦੀ ਕਮੀ ਹੈ। ਇਹ ਸਮਝੌਤਾ ਇਸ ਖੱਪੇ ਨੂੰ ਭਰ ਸਕਦਾ ਹੈ। ਜੇਕਰ ਸੁਧਾਰ ਲਹਿਰ ਦੇ ਸਿਆਸੀ ਤਜ਼ਰਬੇ ਅਤੇ ਇਸ ਵੋਟ ਬੈਂਕ ਦਾ ਮੇਲ ਹੁੰਦਾ ਹੈ, ਤਾਂ ਇਹ ਬਾਦਲ ਦਲ ਲਈ ਵੱਡੀ ਚੁਣੌਤੀ ਬਣ ਸਕਦਾ ਹੈ ਤੇ ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ) ਦਾ ਖਿੰਡਾਅ ਰੁਕ ਸਕਦਾ ਹੈ। ਇਹ ਗਠਜੋੜ ਲੋਕਾਂ ਨੂੰ ਇਹ ਯਕੀਨ ਦਿਵਾ ਸਕਦਾ ਹੈ ਕਿ ਉਹ ਰਵਾਇਤੀ ਪਾਰਟੀਆਂ (ਕਾਂਗਰਸ, 'ਆਪ', ਬਾਦਲ ਦਲ) ਤੋਂ ਹਟ ਕੇ ਇੱਕ 'ਅਸਲੀ ਖੇਤਰੀ ਤਾਕਤ' ਵਜੋਂ ਉੱਭਰ ਰਹੇ ਹਨ। ਇਹੀ ਪੰਥਕ ਗਠਜੋੜ ਬਸਪਾ ਨਾਲ ਗਠਜੋੜ ਕਰਕੇ ਦਲਿਤ ਵੋਟ ਬੈਂਕ ਉਪਰ ਆਪਣਾ ਪ੍ਰਭਾਵ ਜਮਾਂ ਸਕਦਾ ਹੈ। ਸੁਆਲ ਇਹ ਹੈ ਕਿ ਕੀ ਤਜ਼ਰਬੇਕਾਰ ਅਕਾਲੀ ਆਗੂ ਇੱਕ ਨੌਜਵਾਨ ਅਤੇ ਗਰਮ-ਖਿਆਲੀ ਲੀਡਰਸ਼ਿਪ ਦੇ ਹੇਠਾਂ ਜਾਂ ਬਰਾਬਰ ਕੰਮ ਕਰਨ ਲਈ ਤਿਆਰ ਹੋਣਗੇ? ਇਹ ਸਵਾਲ ਅਹਿਮ ਹੈ।

ਯਾਦ ਰਖਣ ਦੀ ਲੋੜ ਹੈ ਕਿ ਪੂਰੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਲਈ ਸਿਰਫ਼ ਪੰਥਕ ਜਜ਼ਬਾਤ ਕਾਫ਼ੀ ਨਹੀਂ ਹੁੰਦੇ, ਉੱਥੇ ਵਿਕਾਸ ਅਤੇ ਆਰਥਿਕ ਏਜੰਡਾ ਵੀ ਚਾਹੀਦਾ ਹੈ। Mass mobilization, aggressive strategy, election management ਨੀਤੀ ਦੀ ਵੀ ਲੋੜ ਹੈ। ਭਾਵੁਕ ਨਾਰਿਆਂ ਦੇ ਸਿਰ ਉਪਰ ਚੋਣ ਨਹੀਂ ਜਿਤੀ ਜਾ ਸਕਦੀ। ਸੁਆਲ ਇਹ ਵੀ ਹੈ ਕਿ ਗਠਜੋੜ ਨੂੰ ਕੌਣ ਲੀਡ ਕਰੇਗਾ।ਵਿਵਾਦ ਦਾ ਕਾਰਣ ਇਹੀ ਬਣੇਗਾ।

* * * * * *

## ਬੀਬੀ ਜਗੀਰ ਕੌਰ ਬਣੇ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਇਸਤਰੀ ਵਿੰਗ ਦੇ ਪ੍ਰਧਾਨ

### ✪ ਵਡਾਲਾ ਨੇ ਸੌਂਪੀ ਵੱਡੀ ਜ਼ਿੰਮੇਵਾਰੀ



ਚੰਡੀਗੜ੍ਹ-ਪੰਥਕ ਸਿਆਸਤ ਵਿੱਚ ਇੱਕ ਵੱਡਾ ਫੇਰਬਦਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਆਪਣੀ ਜਥੇਬੰਦਕ ਮਜ਼ਬੂਤੀ ਲਈ ਅਹਿਮ ਕਦਮ ਚੁੱਕਿਆ ਹੈ। ਪਾਰਟੀ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ ਬੀਬੀ ਜਗੀਰ ਕੌਰ ਨੂੰ ਇਸਤਰੀ ਅਕਾਲੀ ਦਲ (ਇਸਤਰੀ ਵਿੰਗ) ਦਾ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਪਾਰਟੀ ਦੇ ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਬੀ ਜਗੀਰ ਕੌਰ ਦਾ ਸਿਆਸੀ ਅਤੇ ਧਾਰਮਿਕ ਖੇਤਰ ਵਿੱਚ ਵਿਸ਼ਾਲ ਤਜਰਬਾ ਹੈ। ਉਨ੍ਹਾਂ ਦੀ ਅਗਵਾਈ ਹੇਠ ਇਸਤਰੀ ਵਿੰਗ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਘਰਾਂ ਦੇ ਵਿਹੜਿਆਂ ਤੱਕ ਮਜ਼ਬੂਤ ਕਰੇਗਾ।

# ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ

ਗੁਰਮੀਤ ਸਿੰਘ ਪਲਾਹੀ
9815802070



ਭਾਰੀ ਬੇਇਤਬਾਰੀ ਦੇ ਦਰਮਿਆਨ ਦੇਸ਼ ਦੇ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਯੋਗ ਵੋਟਰ ਹਨ। ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਲਗਾਤਾਰ ਸਵਾਲ ਉੱਠ ਰਹੇ ਹਨ।

ਹਾਲਾਂਕਿ ਚੋਣ ਕਮਿਸ਼ਨ ਅਨੁਸਾਰ ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਇਹ ਕਦਮ ਲਾਜ਼ਮੀ ਹਨ, ਪਰ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਕੱਟੇ ਜਾਣ ਕਾਰਨ ਸਵਾਲ ਉੱਠ ਰਹੇ ਹਨ। ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਤੈਅ ਹਨ ਅਤੇ ਖ਼ਬਰਾਂ ਮੁਤਾਬਕ 27 ਲੱਖ ਲੋਕ ਇਸ ਵਾਰ ਵੋਟ ਦੇਣ ਤੋਂ ਵੰਚਿਤ ਰਹਿ ਸਕਦੇ ਹਨ। ਇਸ ਸਬੰਧੀ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਅੱਗੇ ਸਵਾਲ ਉਠਾਏ ਤਾਂ ਚੋਣ ਕਮਿਸ਼ਨ ਦਾ ਦੋ-ਟੁੱਕ ਜਵਾਬ ਸੀ ਕਿ ਚੋਣਾਂ ਡਰ-ਰਹਿਤ, ਹਿੰਸਾ-ਰਹਿਤ ਅਤੇ ਲੋਭ-ਲਾਲਚ ਰਹਿਤ ਅਤੇ ਬੂਥਾਂ ਉੱਤੇ ਬਾਹਰੀ ਪਕੜ ਤੋਂ ਮੁਕਤ ਹੋਣਗੀਆਂ।

ਇਹੀ ਜਵਾਬ ਜਾਂ ਇਸ ਤਰ੍ਹਾਂ ਦਾ ਪ੍ਰਚਾਰ ਕੇਂਦਰੀ ਸਰਕਾਰ 'ਤੇ ਕਾਬਜ਼ "ਭਾਜਪਾ" ਵੱਲੋਂ ਆਪਣੇ ਸੋਸ਼ਲ ਮੀਡੀਆ ਮਾਧਿਅਮਾਂ ਫੇਸਬੁਕ, ਇੰਸਟਾਗ੍ਰਾਮ ਅਤੇ ਚੋਣ ਪੋਸਟਾਂ 'ਤੇ ਵੀ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਹੀ ਭਾਰਤੀ ਚੋਣ ਕਮਿਸ਼ਨ ਹੈ? ਜਾਂ ਭਾਰਤੀ ਚੋਣ ਕਮਿਸ਼ਨ ਭਾਜਪਾ ਹੀ ਹੈ? ਕੀ ਭਾਜਪਾ ਅਤੇ ਚੋਣ ਕਮਿਸ਼ਨ ਵਿਚਕਾਰ ਕੋਈ ਮਿਲੀਭੁਗਤ ਹੈ ਜਾਂ ਇਹ ਸਿਰਫ਼ ਇੱਕ ਰਾਜਨੀਤਿਕ ਦੂਸ਼ਣਬਾਜ਼ੀ ਹੈ? ਜਾਂ ਇਹ ਸਿਰਫ਼ ਵੋਟਰਾਂ ਨੂੰ ਡਰਾਉਣ ਅਤੇ ਧਮਕਾਉਣ ਦੀ ਸਾਜ਼ਿਸ਼ ਹੈ?

ਭਾਰਤ ਵਿੱਚ ਚੋਣ ਪ੍ਰਕਿਰਿਆ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰਕ ਪ੍ਰਕਿਰਿਆ ਮੰਨੀ ਜਾਂਦੀ ਹੈ, ਜਿੱਥੇ ਕਰੋੜਾਂ ਲੋਕ ਆਪਣਾ ਵੋਟ ਦੇ ਕੇ ਸਰਕਾਰ ਚੁਣਦੇ ਹਨ। ਇਸ ਲਈ ਵੋਟਰ ਸੂਚੀ ਦੀ ਪਾਰਦਰਸ਼ਤਾ ਅਤੇ ਸ਼ੁੱਧਤਾ ਬਹੁਤ ਜ਼ਰੂਰੀ ਹੈ ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸਦਾ ਬੁਨਿਆਦੀ ਕੰਮ ਨਿਰਪੱਖ ਚੋਣਾਂ ਕਰਵਾਉਣਾ ਹੈ। ਪਰ ਪਿਛਲੇ ਸਮੇਂ ਦੌਰਾਨ ਕੁਝ ਇਹੋ ਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠੇ ਹਨ। ਜਿਵੇਂ ਪੱਛਮੀ ਬੰਗਾਲ ਅਤੇ ਕੇਰਲ ਵਿੱਚ ਭਾਜਪਾ ਵੱਲੋਂ ਚੋਣ ਕਮਿਸ਼ਨ ਦੀਆਂ ਤਸਵੀਰਾਂ ਲਾ ਕੇ ਪੋਸਟਰ ਲਗਾਏ ਗਏ ਅਤੇ ਚੋਣ ਕਮਿਸ਼ਨ ਨਾਲ ਰਾਜਨੀਤਿਕ ਪਾਰਟੀ ਦੀ ਸਾਖ ਜੋੜੀ ਗਈ।

ਕੇਰਲ ਵਿੱਚ ਚੋਣ ਕਮਿਸ਼ਨ ਦਾ ਇੱਕ ਖ਼ਤ ਭਾਜਪਾ ਦੀ ਮੋਹਰ ਨਾਲ ਪ੍ਰਸਾਰਿਤ ਹੋਣ 'ਤੇ ਹੰਗਾਮਾ ਵੀ ਖੜ੍ਹਾ ਹੋਇਆ। ਬਾਅਦ ਵਿੱਚ ਚੋਣ ਕਮਿਸ਼ਨ ਨੇ ਇਸ ਨੂੰ ਆਪਣੀ ਗਲਤੀ ਮੰਨਦਿਆਂ ਇੱਕ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ। ਪਰ ਕੀ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਸਾਬਤ ਹੋ ਜਾਂਦੀ ਹੈ?

ਬਿਹਾਰ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਪਹਿਚਾਣ ਅਤੇ ਸੂਚੀ ਸਬੰਧੀ ਵੀ ਵਿਵਾਦ ਉੱਠੇ। ਚੋਣ ਕਮਿਸ਼ਨ ਨੇ ਵੋਟਰਾਂ ਦੇ ਆਧਾਰ ਨੂੰ ਝੁਠਲਾ ਦਿੱਤਾ ਅਤੇ ਕਿਹਾ ਕਿ ਇਸ ਨੂੰ ਵੋਟਰ ਨਾਗਰਿਕ ਦਾ ਪਛਾਣ ਪੱਤਰ ਨਹੀਂ ਮੰਨਿਆ ਜਾ ਸਕਦਾ। ਸਿੱਧੇ ਲਫ਼ਜ਼ਾਂ ਵਿੱਚ ਵੋਟਰਾਂ ਨੂੰ ਕਿਹਾ ਗਿਆ ਕਿ ਵੋਟਰ ਸੂਚੀਆਂ ਵਿੱਚੋਂ ਦਫ਼ਾ ਹੋ ਜਾਓ! ਭੱਜ ਜਾਓ ! ਨਿਕਲ ਜਾਓ! ਕਈ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੀਤਾ ਗਿਆ। ਇਹ ਮਾਮਲਾ ਸਰਬ ਉੱਚ ਅਦਾਲਤ ਤੱਕ ਵੀ ਗਿਆ, ਪਰ ਚੋਣ ਕਮਿਸ਼ਨ ਦੀ ਭਾਸ਼ਾ ਵੋਟਰਾਂ ਨੂੰ ਦਫ਼ਾ ਹੋ ਜਾਓ ਵਾਲੀ ਹੀ ਰਹੀ।



ਉੱਤਰ ਪ੍ਰਦੇਸ਼ ਅਤੇ ਬੰਗਾਲ ਵਿੱਚ ਕੁਝ ਬੂਥ ਅਧਿਕਾਰੀਆਂ 'ਤੇ ਕੰਮ ਦਾ ਵੱਧ ਭਾਰ ਹੋਣ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਹਾਲਤ ਬਾਰੇ ਵੀ ਚਿੰਤਾਜਨਕ ਖ਼ਬਰਾਂ ਸਾਹਮਣੇ ਆਈਆਂ। ਕੁਝ ਬੂਥ ਲੈਵਲ ਅਫ਼ਸਰਾਂ ਦੀ ਖੁਦਕੁਸ਼ੀ ਦੀਆਂ ਖ਼ਬਰਾਂ ਛਪੀਆਂ। ਫਿਰ ਵੀ ਚੋਣ ਕਮਿਸ਼ਨ ਅਸੰਵੇਦਨਸ਼ੀਲ ਰਿਹਾ। ਇਹ ਸਵਾਲ ਵੀ ਉੱਠਦਾ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਮਾਨਵ ਸੰਵੇਦਨਸ਼ੀਲਤਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਉਂ ਚੋਣ ਕਮਿਸ਼ਨ ਨੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਰੱਖੇ?

ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿੱਚ ਵੱਧ ਕੰਮ ਦੇਣ ਨਾਲ ਉਹਨਾਂ ਉੱਤੇ ਬੋਝ ਵਧਿਆ। ਜੇਕਰ ਬਾਅਦ ਵਿੱਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੀ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿੱਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖਰ ਕਿਹੜੀ ਮਜ਼ਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? "ਆਕਾ" ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖਰ ਚੋਣ ਕਮਿਸ਼ਨ ਦੇ ਮੱਥੇ ਉੱਤੇ ਕਲੰਕ ਨਹੀਂ ਹੈ?

ਜਨਤਾ ਨੂੰ ਵੀ ਛੱਡ ਦਈਏ, ਵਿਸ਼ਵ ਭਰ 'ਚ ਚੋਣ ਕਮਿਸ਼ਨ ਤੇ ਹਾਕਮਾਂ ਦੀ ਇਸ ਸਬੰਧੀ ਜੋ ਖੇਹ ਉੱਡੀ,ਉਸਨੂੰ ਵੀ ਛੱਡ ਦਈਏ, ਦੋਸ਼ ਹੈ ਕਿ ਬੰਗਾਲ ਦੇ ਸੰਦਰਭ ਵਿੱਚ ਤਾਂ ਆਈ.ਏ.ਐੱਸ.ਅਫ਼ਸਰਾਂ ਤੱਕ ਨੂੰ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਬਾਗੀ ਤੇਵਰ ਦਿਖਾਉਣੇ ਪੈ ਗਏ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਚੁਣਾਵੀ ਮੀਟਿੰਗਾਂ ਦੌਰਾਨ ਅਧਿਕਾਰੀਆਂ ਨਾਲ ਵੀ ਤਿੱਖੇ ਲਹਿਜ਼ੇ ਵਿੱਚ ਗੱਲਬਾਤ ਹੋਈ, ਜਿਸ ਨਾਲ ਪ੍ਰਸ਼ਾਸਨਿਕ ਤਣਾਅ ਵਧਿਆ। ਉੱਤਰ ਪ੍ਰਦੇਸ਼ ਸਰਕਾਰ ਦੇ ਪ੍ਰਮੁੱਖ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਅਨੁਰਾਗ ਯਾਦਵ ਬਤੌਰ ਚੋਣ ਕਮਿਸ਼ਨਰ ਇੱਕ ਬੈਠਕ 'ਚ ਸ਼ਾਮਲ ਹੋਏ ਸੀ। ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਦੀ ਬੋਲ ਚਾਲ ਸਬੰਧੀ ਆਈ.ਏ.ਐੱਸ. ਅਧਿਕਾਰੀ ਨੇ ਕਿਹਾ, "ਆਪ ਸਾਡੇ ਨਾਲ ਇਹੋ-ਜਿਹਾ ਵਰਤਾਓ ਨਹੀਂ ਕਰ ਸਕਦੇ।" ਨਤੀਜਾ ਇਹ ਨਿਕਲਿਆ ਕਿ ਅਨੁਰਾਗ ਯਾਦਵ ਨੂੰ ਉਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਦੇਸ਼ ਵਿੱਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਵੋਟਰ ਸੂਚੀ ਦੀ ਸ਼ੁੱਧਤਾ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਵਾਲ ਉੱਠਾਏ ਗਏ ਹਨ। ਇਨ੍ਹਾਂ ਮਸਲਿਆਂ 'ਤੇ ਸੰਸਦ ਵਿੱਚ ਵੀ ਚਰਚਾ ਹੋਈ ਹੈ ਪੱਛਮੀ ਬੰਗਾਲ ਦੀ ਹਾਕਮ ਧਿਰ ਦੇ ਪ੍ਰਮੁੱਖ ਨੇਤਾ ਡੇਰੈਕ ਓ'ਬਰਾਇਨ ਨੇ ਚੋਣਾਵੀ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ, ਪਰ ਤ੍ਰਿਣਮੂਲ ਕਾਂਗਰਸ ਦੇ ਪ੍ਰਤੀਨਿਧ ਮੰਡਲ ਦਾ ਦੋਸ਼ ਰਿਹਾ ਕਿ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਮੀਟਿੰਗ ਸਿਰਫ਼ ਰਸਮੀ ਕਾਰਵਾਈ ਤੱਕ ਸੀਮਿਤ ਰਹੀ। ਸੱਤ ਮਿੰਟ ਦੀ ਸਧਾਰਨ ਗੱਲਬਾਤ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨੇ ਕਿਹਾ, " ਗੈਟ ਲਾਸਟ"। ਵੈਸੇ ਇਹ "ਗੈਟ ਲਾਸਟ" ਜਿਹਾ ਦੋ ਟੁੱਕ ਜਵਾਬ ਚੋਣ ਕਮਿਸ਼ਨ ਵੱਖੋ-ਵੱਖਰੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਾਰ-ਵਾਰ ਕਹਿ ਚੁੱਕੇ ਹਨ।

ਦੇਸ਼ 'ਚ ਵੋਟ ਮਸ਼ੀਨਾਂ 'ਚ ਹੁੰਦੀ ਵੋਟ-ਚੋਰੀ, ਵੋਟਰਾਂ ਦੇ ਸ਼ੁੱਧੀਕਰਨ, ਭਾਜਪਾ ਨਾਲ ਚੋਣ ਕਮਿਸ਼ਨ ਦੀ ਡੂੰਘੀ ਸਾਂਝ ਤੇ ਗਲਵਕੜੀ ਜਿਹੇ ਇਲਜ਼ਾਮਾਂ ਤਹਿਤ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸੰਸਦ 'ਚ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ, ਜੋ ਭਾਵੇਂ ਵਿਰੋਧੀ ਪਾਰਟੀਆਂ ਦੀ ਘੱਟ ਗਿਣਤੀ ਕਾਰਨ ਪਾਸ ਨਾ ਹੋ ਸਕਿਆ, ਪਰ ਮੁੱਖ ਚੋਣ ਕਮਿਸ਼ਨਰ ਦੇ ਪੱਖਪਾਤੀ ਰਵੱਈਏ ਦੀ ਭਰਪੂਰ ਚਰਚਾ ਹੋਈ।

ਬਿਹਾਰ ਵਿੱਚ ਜਦੋਂ ਐੱਸ.ਆਈ.ਆਰ. (ਵੋਟਾਂ ਦੀ ਸ਼ੁੱਧਤਾ) ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਤਦ ਦੋਸ਼ ਲਗਾਏ ਗਏ ਕਿ ਹੁਣ ਤੱਕ ਇੱਕ ਝਾਕੀ ਹੈ, ਬੰਗਾਲ ਬਾਕੀ ਹੈ। ਅਰਥਾਤ ਬੰਗਾਲ ਚੋਣਾਂ 'ਚ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਲੈ ਕੇ ਸਖ਼ਤ ਹੋਵੇਗਾ। ਉਸ ਸਮੇਂ ਇਹ ਸਿਰਫ਼ ਦੋਸ਼ ਲੱਗੇ ਸਨ,ਪਰ ਹੁਣ ਇਹ ਸਹੀ ਸਾਬਤ ਹੋ ਰਹੇ ਹਨ ਜਦੋਂ ਵੋਟਰ ਸੂਚੀ ਦੇ ਵਿਸ਼ੇਸ਼ ਪੁਨਰ ਪ੍ਰੀਖਣ ਦੇ ਬਾਅਦ ਪੱਛਮੀ ਬੰਗਾਲ 'ਚ ਲਗਭਗ 91 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ 'ਚੋਂ ਹਟਾ ਦਿੱਤਾ ਗਿਆ। ਇਹ ਹਟਾਏ ਹੋਏ ਵੋਟਰ ਕੁੱਲ ਵੋਟਰਾਂ ਦਾ 12 ਫ਼ੀਸਦੀ ਹਨ।

ਪੱਛਮੀ ਬੰਗਾਲ ਵਿੱਚ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਦੌਰਾਨ ਵੀ ਵੱਡੀ ਗਿਣਤੀ ਵਿੱਚ ਨਾਂ ਕੱਟੇ ਜਾਣ ਦੇ ਦੋਸ਼ ਲੱਗੇ ਹਨ। ਹਾਲਾਂਕਿ ਅਧਿਕਾਰਿਕ ਅੰਕੜਿਆਂ ਦੀ ਪੁਸ਼ਟੀ ਲਾਜ਼ਮੀ ਹੈ, ਪਰ ਇਹ ਮਾਮਲਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਲੋਕਤੰਤਰ ਵਿੱਚ ਹਰ ਨਾਗਰਿਕ-ਗ਼ਰੀਬ, ਅਮੀਰ, ਔਰਤ, ਮਰਦ, ਬਜ਼ੁਰਗ, ਜਵਾਨ ਜਾਂ ਵਿਸ਼ੇਸ਼ ਯੋਗਤਾ ਵਾਲਾ-ਵੋਟ ਦੇ ਅਧਿਕਾਰ ਰਾਹੀਂ ਬਰਾਬਰੀ ਦਾ ਅਹਿਸਾਸ ਕਰਦਾ ਹੈ। ਅੱਜ ਜਦੋਂ ਨਾਗਰਿਕਾਂ ਨੂੰ ਕੇਰਲ, ਅਸਾਮ ਅਤੇ ਪੁਡੂਚੇਰੀ ਵਿੱਚ ਬੰਪਰ ਵੋਟਿੰਗ ਦਾ ਮੌਕਾ ਮਿਲਿਆ ਤਾਂ ਉਹਨਾਂ 27 ਲੱਖ ਬੰਗਾਲ ਦੇ ਲੋਕਾਂ ਉੱਤੇ ਕੀ ਬੀਤੇਗੀ, ਜਿਹੜੇ ਚੋਣ 'ਚ ਚੋਣ ਕਮਿਸ਼ਨ ਦੀਆਂ ਸਖ਼ਤ ਕਾਰਵਾਈਆਂ ਕਾਰਨ, ਵੋਟ ਪਾਉਣ ਤੋਂ ਵਿਰਵੇ ਰਹਿ ਜਾਣਗੇ। ਭਾਵੇਂ ਦੇਸ਼ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਨੂੰ ਪਰਵਾਸ ਹੋ ਰਿਹਾ ਹੋਵੇ ਜਾਂ ਬਾਹਰਲੇ ਮੁਲਕਾਂ ਨੂੰ ਭਾਰਤ ਵਾਸੀ ਜਾ ਰਹੇ ਹੋਣ, ਭਾਵੇਂ ਕੋਵਿਡ ਦੌਰਾਨ ਮਹਾਂਮਾਰੀ ਦੇ ਦੌਰ ਚ ਮੌਜੂਦ ਐੱਲ.ਪੀ.ਜੀ. ਦੇ ਸਿਲੰਡਰਾਂ ਦੀ ਕਮੀ ਕਾਰਨ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਦੌੜ ਰਹੇ ਹੋਣ,ਤਦ ਸੰਵਿਧਾਨਿਕ ਸੰਸਥਾ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਦਰਕਿਨਾਰ ਕਰਦੇ ਹੋਏ ਉਹਨਾਂ ਨਾਲ ਦੋ ਟੁੱਕ "ਦਫ਼ਾ ਹੋ ਜਾਓ" ਜਿਹਾ ਵਰਤਾਓ ਕਰੇਗੀ ਤਾਂ ਫਿਰ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਕਿਵੇਂ ਬੱਝੇਗਾ? ਕੁਪੋਸ਼ਣ ਨਾਲ ਇਕੱਠਾ ਹੋਇਆ ਸਰੀਰ, ਸਰੀਰ ਉੱਤੇ ਮਾਮੂਲੀ ਕੱਪੜਿਆਂ ਦੇ ਬਾਅਦ ਵੀ ਜਦੋਂ ਵੋਟਰ ਆਪਣੀ ਉਂਗਲੀ 'ਤੇ ਲੱਗਿਆ ਨੀਲਾ ਨਿਸ਼ਾਨ ਦਿਖਾਉਂਦਾ ਹੈ, ਤਾਂ ਲੋਕਤੰਤਰ ਵਧਦਾ-ਫੁੱਲਦਾ ਦਿਸਦਾ ਹੈ। ਪਰ ਅੱਜ ਜਦੋਂ ਗ਼ਰੀਬ ਤੋਂ ਵੋਟ ਖੋਹੀ ਜਾ ਰਹੀ ਹੈ ਤਾਂ ਵੋਟਰ ਚਿੰਤਾਤੁਰ ਦਿਸਦਾ ਹੈ। ਉਸ ਦੇ ਮਨ 'ਚ ਸਵਾਲ ਉੱਠਦੇ ਹਨ ਕਿ ਉਹ ਆਪਣੇ ਦੇਸ਼ 'ਚ ਬੇਗਾਨਾ ਕਿਉਂ ਹੋ ਰਿਹਾ ਹੈ? ਜਦੋਂ ਕਿਸੇ ਵੀ ਕਾਰਨ ਕਰਕੇ ਲੋਕ ਵੋਟ ਦੇਣ ਤੋਂ ਵੰਚਿਤ ਰਹਿੰਦੇ ਹਨ, ਤਾਂ ਇਹ ਲੋਕਤੰਤਰ ਲਈ ਚਿੰਤਾਜਨਕ ਗੱਲ ਹੈ। ਸੋਚਣ ਵਾਲੀ ਗੱਲ ਹੈ ਕਿ ਇੱਕ ਗ਼ਰੀਬ ਮਜ਼ਦੂਰ, ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਵੋਟ ਪਾਉਣ ਨੂੰ ਆਪਣਾ ਫਰਜ਼ ਮੰਨਦਾ ਹੈ, ਜਦੋਂ ਉਸਦਾ ਨਾਮ ਸੂਚੀ 'ਚੋਂ ਗਾਇਬ ਹੋਵੇ, ਤਾਂ ਉਸਦੇ ਮਨ 'ਤੇ ਕੀ ਬੀਤਦੀ ਹੋਵੇਗੀ। ਇਹ ਗੱਲ ਹੁਣ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਦੇਸ਼ ਦਾ ਆਮ ਨਾਗਰਿਕ ਦੇਸ਼ ਵਿੱਚ ਵੱਡੇ ਪੱਧਰ 'ਤੇ ਮਾਈਗ੍ਰੇਸ਼ਨ, ਗ਼ਰੀਬੀ ਅਤੇ ਰੋਜ਼ਗਾਰ ਦੀ ਕਮੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ।

ਬਾਕੀ ਹਿਸਾ ਸਫ਼ਾ 26 ਤੇ ਪੜ੍ਹੋ

### 25 ਸਫ਼ੇ ਦੀ ਬਾਕੀ

ਫਿਰ ਵੀ ਉਹ ਨਾਗਰਿਕ ਬਣੇ ਰਹਿਣ ਦੀ ਮਜ਼ਬੂਰੀ ਨਿਭਾਉਂਦੇ ਹਨ। ਦੇਸ਼ ਦਾ ਹਾਲ ਤਾਂ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਦੇਸ਼ ਦੇ ੮੦ ਕਰੋੜ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਸਰਕਾਰ ਦੇ ਮੁਫ਼ਤ ਰਾਸ਼ਨ 'ਤੇ ਨਿਰਭਰ ਹਨ।

ਰੋਜ਼ੀ ਰੋਟੀ ਲਈ ਦੇਸ਼ ਦਾ ਇਹ ਗ਼ਰੀਬ ਵਰਗ ਜਿੱਧਰ ਵੀ ਆਸ ਦੀ ਕਿਰਨ ਦਿਸਦੀ ਹੈ, ਉਧਰ ਹੀ ਭੱਜਦਾ ਹੈ। ਹਾਲਾਤ ਜਦੋਂ ਭੁੱਖਮਰੀ ਵਰਗੇ ਹੋਣਗੇ ਤਾਂ ਪਲਾਇਨ (ਪ੍ਰਵਾਸ) ਤਾਂ ਹੋਣਾ ਹੀ ਹੋਇਆ ਅਤੇ ਏਸੇ ਦੀ ਆੜ 'ਚ ਜਦੋਂ ਚੋਣ ਕਮਿਸ਼ਨ ਉਸ ਦਾ ਦੇਸ਼ ਦਾ ਨਾਗਰਿਕ ਬਣੇ ਰਹਿਣ ਦਾ ਅਧਿਕਾਰ ਖੋਹਦਾ ਹੈ ਤਾਂ ਉਸਦਾ ਸੀਨਾ ਤਾਂ ਤਾਰ-ਤਾਰ ਹੋਣਾ ਹੀ ਹੋਇਆ। ਅਜਿਹੇ ਮੌਕੇ 'ਤੇ ਜੇ ਸੰਵਿਧਾਨਕ ਸੰਸਥਾਵਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਬਜਾਏ ਸਖ਼ਤੀ ਨਾਲ ਪੇਸ਼ ਆਉਣ, ਤਾਂ ਲੋਕਾਂ ਦਾ ਵਿਸ਼ਵਾਸ ਡੋਲ ਸਕਦਾ ਹੈ। ਜਦੋਂ ਇੱਕ ਗ਼ਰੀਬ ਵਿਅਕਤੀ ਆਪਣੀ ਉਂਗਲੀ 'ਤੇ ਲੱਗੀ ਸਿਆਹੀ ਨੂੰ ਮਾਣ ਨਾਲ ਦਿਖਾਉਂਦਾ ਹੈ, ਤਾਂ ਉਹ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੁੰਦਾ ਹੈ। ਪਰ ਜਦੋਂ ਉਸਨੂੰ ਵੋਟ ਦੇਣ ਤੋਂ ਰੋਕਿਆ ਜਾਂਦਾ ਹੈ, ਤਾਂ ਉਸਦੇ ਮਨ ਵਿੱਚ ਬੇਗਾਨਗੀ ਦੇ ਭਾਵ ਪੈਦਾ ਹੁੰਦੇ ਹਨ।

ਅੱਜ ਵੀ ਦੇਸ਼ ਦਾ ਵੱਡਾ ਵਰਗ ਆਪਣੀ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਮਜ਼ਬੂਰੀਆਂ ਦੇ ਕਾਰਨ ਪਲਾਇਨ ਵੀ ਵਧ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ ਵਿੱਚ ਲੋਕਾਂ ਦੇ ਵੋਟ ਦੇ ਅਧਿਕਾਰ 'ਤੇ ਵੀ ਸਵਾਲ ਖੜ੍ਹੇ ਹੋਣ, ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹੋ ਸਕਦਾ ਹੈ।

ਚੋਣਾਂ ਨੂੰ ਹਮੇਸ਼ਾਂ ਲੋਕਤੰਤਰ ਦਾ ਤਿਉਹਾਰ ਮੰਨਿਆ ਗਿਆ ਹੈ। ਇਸ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਦਰਕਾਰ ਹੈ। ਪਰ ਭਾਰਤੀ ਚੋਣ ਅਯੋਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵਿਸ਼ੇਸ਼ ਧਿਰ ਦੇ ਹੱਕ 'ਚ ਭੁਗਤਦਾ ਨਜ਼ਰ ਆ ਰਿਹਾ ਹੈ। ਜੇਕਰ ਲੋਕਾਂ ਨੂੰ ਹੀ ਲੋਕਤੰਤਰੀ ਚੋਣ ਪ੍ਰਕਿਰਿਆ ਤੋਂ ਦੂਰ ਕੀਤਾ ਜਾਵੇ, ਤਾਂ ਇਹ ਪ੍ਰਣਾਲੀ ਦੀ ਆਤਮਾ 'ਤੇ ਸਵਾਲ ਖੜ੍ਹਾ ਕਰਦਾ ਹੈ। ਪਹਿਲਾਂ ਚੋਣ ਕਮਿਸ਼ਨ ਨੂੰ ਚੋਣਾਂ ਵਿੱਚ ਹਿੰਸਾ ਅਤੇ ਧਾਂਧਲੀ ਦੀ ਚਿੰਤਾ ਹੁੰਦੀ ਸੀ, ਪਰ ਹੁਣ ਧਿਆਨ ਕਥਿਤ ਅਯੋਗ ਵੋਟਰਾਂ 'ਤੇ ਵੱਧ ਦਿੱਤਾ ਜਾ ਰਿਹਾ ਹੈ।

ਸਵਾਲ ਇਹ ਹੈ ਕਿ ਕੀ ਵੋਟਰਾਂ ਪ੍ਰਤੀ ਇਸ ਤਰ੍ਹਾਂ ਦਾ ਸਖ਼ਤ ਰਵੱਈਆ ਲੋਕਤੰਤਰ ਲਈ ਘਾਤਕ ਸਾਬਤ ਨਹੀਂ ਹੋਵੇਗਾ? ਕੀ ਦੇਸ਼ ਦੇ ਚੋਣ ਅਯੋਗ ਦੀ ਵੋਟਰਾਂ ਪ੍ਰਤੀ ਦੋ ਟੁੱਕ "ਦਫ਼ਾ ਹੋ ਜਾਉ" ਦੀ ਨੀਤੀ ਲੋਕਤੰਤਰ ਦੇ ਲਈ ਘੁਣ ਨਹੀਂ ਬਣ ਜਾਏਗੀ? ਜੇ ਸਮੇਂ ਸਿਰ ਇਸ 'ਤੇ ਵਿਚਾਰ ਨਾ ਕੀਤਾ ਗਿਆ, ਤਾਂ ਇਹ ਸੰਵਿਧਾਨਿਕ ਮੁੱਲਾਂ ਅਤੇ ਲੋਕਤੰਤਰਕ ਕਦਰਾਂ-ਕੀਮਤਾਂ ਲਈ ਖ਼ਤਰਾ ਬਣ ਸਕਦਾ ਹੈ ਅਤੇ ਇਹ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਕਦਰਾਂ ਕੀਮਤਾਂ ਨੂੰ ਤਹਿਸ-ਨਹਿਸ ਕਰਨ ਵੱਲ ਵੱਡਾ ਕਦਮ ਸਾਬਿਤ ਹੋਵੇਗਾ।

ਲੋਕਤੰਤਰ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਚੱਲਦਾ ਹੈ। ਜੇ ਇਹ ਭਰੋਸਾ ਹੀ ਡਗਮਗਾਉਣ ਲੱਗ ਪਏ, ਤਾਂ ਸਭ ਤੋਂ ਵੱਡਾ ਖ਼ਤਰਾ ਕਿਸੇ ਸਰਕਾਰ ਨੂੰ ਨਹੀਂ, ਸਗੋਂ ਪੂਰੇ ਲੋਕਤੰਤਰਕ ਢਾਂਚੇ ਨੂੰ ਹੁੰਦਾ ਹੈ। ਲੋਕਤੰਤਰ ਦੀ ਅਸਲ ਤਾਕਤ ਵੋਟਰ ਦੇ ਹੱਥ ਵਿੱਚ ਹੁੰਦੀ ਹੈ, ਪਰ ਜਦੋਂ ਵੋਟਰ ਨੂੰ ਹੀ ਆਪਣੀ ਹੋਂਦ ਸਾਬਤ ਕਰਨੀ ਪਵੇ, ਤਾਂ ਇਹ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।

ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ-ਇਹ ਸਿਰਫ਼ ਸਲੋਗਨ ਨਹੀਂ, ਸਗੋਂ ਲੋਕਤੰਤਰਿਕ ਢਾਂਚੇ ਉੱਤੇ ਉੱਠਦੇ ਸਵਾਲ, ਸ਼ੱਕ ਅਤੇ ਅਵਿਸ਼ਵਾਸ ਦੀ ਝਾਕੀ ਬਣਦਾ ਜਾ ਰਿਹਾ ਹੈ।

# ਦੱਖਣੀ ਵੇਲਜ਼ 'ਚ ਮਨੁੱਖੀ ਤਸਕਰੀ ਦਾ ਵੱਡਾ ਜਾਲ ਬੇਨਕਾਬ

## ✪ ਹਰ ਹਫ਼ਤੇ ਕਰੀਬ 100 ਲੋਕ ਯੂਰਪ ਭੇਜਣ ਵਾਲੇ ਦੋ ਵਿਅਕਤੀਆਂ ਨੂੰ 19-19 ਸਾਲ ਕੈਦ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿੱਚ ਮਨੁੱਖੀ ਤਸਕਰੀ ਦੇ ਇੱਕ ਵੱਡੇ ਅਤੇ ਸੁਚੱਜੇ ਜਾਲ ਦਾ ਪਰਦਾਫਾਸ਼ ਹੋਇਆ ਹੈ, ਜਿਸ ਦੇ ਦੋ ਮੁੱਖ ਦੋਸ਼ੀਆਂ ਨੂੰ ਅਦਾਲਤ ਵੱਲੋਂ 19-19 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਜਾਲ ਦੱਖਣੀ ਵੇਲਜ਼ ਦੇ ਕੈਰਫ਼ਿਲੀ ਇਲਾਕੇ ਵਿੱਚ ਇੱਕ ਵਾਹਨ ਧੋਣ ਦੇ ਧੰਦੇ ਦੀ ਆੜ ਹੇਠ ਚੱਲ ਰਿਹਾ ਸੀ ਅਤੇ ਉੱਥੋਂ ਹੀ ਯੂਰਪ ਦੇ ਵੱਖ-ਵੱਖ ਰਸਤੇ ਵਰਤ ਕੇ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਪਹੁੰਚਾਉਣ ਦੀ ਕਾਰਵਾਈ ਚਲਾਈ ਜਾਂਦੀ ਸੀ।

ਅਦਾਲਤ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਦਿਲਸ਼ਾਦ ਸ਼ਾਮੋ, ਉਮਰ 41 ਸਾਲ, ਅਤੇ ਅਲੀ ਖ਼ਿਦਰ, ਉਮਰ 40 ਸਾਲ, ਮੁੱਢੋਂ ਇਰਾਕੀ ਕੁਰਦਿਸਤਾਨ ਨਾਲ ਸੰਬੰਧ ਰੱਖਦੇ ਹਨ ਅਤੇ ਬਰਤਾਨੀਆ ਵਿੱਚ ਕਾਨੂੰਨੀ ਤੌਰ 'ਤੇ ਰਹਿ ਰਹੇ ਸਨ। ਜਾਂਚ ਏਜੰਸੀ ਦੀ ਲੰਬੀ ਨਿਗਰਾਨੀ, ਗੁਪਤ ਤੌਰ 'ਤੇ ਇਕੱਠੇ ਕੀਤੇ ਸਬੂਤਾਂ ਅਤੇ ਅਨੇਕਾਂ ਘੰਟਿਆਂ ਦੀ ਜਾਂਚ ਮਗਰੋਂ ਇਹ ਪੂਰਾ ਜਾਲ ਬੇਨਕਾਬ ਕੀਤਾ ਗਿਆ। ਅਦਾਲਤ ਨੇ ਟਿੱਪਣੀ ਕੀਤੀ ਕਿ ਦੋਵੇਂ ਨੇ ਇੱਕ ਬਹੁਤ ਹੀ ਸੁਗਠਿਤ ਅਤੇ ਕਾਮਯਾਬ ਮਨੁੱਖੀ ਤਸਕਰੀ ਕਾਰਵਾਈ ਵਿੱਚ ਅਗਵਾਈ ਵਾਲੀ ਭੂਮਿਕਾ ਨਿਭਾਈ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਦੋਵੇਂ ਦੋਸ਼ੀ ਲਗਾਤਾਰ ਕਰੀਬ ਦੋ ਸਾਲਾਂ ਤੱਕ ਹਰ ਹਫ਼ਤੇ ਲਗਭਗ ਸੌ ਲੋਕਾਂ ਨੂੰ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਪਹੁੰਚਾਉਂਦੇ ਰਹੇ।

ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਰਫ਼ ਛੇ ਮਹੀਨਿਆਂ ਵਿੱਚ ਹੀ ਚਾਰ ਸੌ ਤੋਂ ਵੱਧ ਲੋਕਾਂ ਦੀ ਤਸਕਰੀ ਕੀਤੀ ਗਈ, ਜਦਕਿ ਕੁੱਲ ਗਿਣਤੀ ਹਜ਼ਾਰਾਂ ਵਿੱਚ ਹੋ ਸਕਦੀ ਹੈ। ਜਾਂਚ ਕਰਨ ਵਾਲੇ ਅਧਿਕਾਰੀਆਂ ਨੇ ਇਸ ਜਾਲ ਨੂੰ ਇੱਕ ਤਰ੍ਹਾਂ ਦੀ ਗੈਰਕਾਨੂੰਨੀ ਯਾਤਰਾ ਸੇਵਾ ਕਰਾਰ ਦਿੱਤਾ, ਜੋ ਲੋਕਾਂ ਤੋਂ ਰਕਮ ਲੈ ਕੇ ਉਨ੍ਹਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦੇ ਵਾਅਦੇ ਕਰਦੀ ਸੀ।



ਗ੍ਰਿਫਤਾਰ ਕੀਤੇ ਗਏ ਦੋਸ਼ੀ!

ਸਾਹਮਣੇ ਆਏ ਵੇਰਵਿਆਂ ਅਨੁਸਾਰ ਇਸ ਜਾਲ ਵੱਲੋਂ ਵੱਖ-ਵੱਖ ਪੱਧਰਾਂ ਦੀਆਂ ਯਾਤਰਾ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਸਭ ਤੋਂ ਮਹਿੰਗੀ ਸਹੂਲਤ ਤਹਿਤ ਨਕਲੀ ਯਾਤਰਾ ਕਾਗਜ਼ਾਤ ਅਤੇ ਹਵਾਈ ਰਸਤੇ ਦੀ ਵਰਤੋਂ ਕਰਕੇ ਲੋਕਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦਾ ਜ਼ਿੰਮੇਵਾ ਲਿਆ ਜਾਂਦਾ ਸੀ, ਜਿਸ ਲਈ ਦਸ ਹਜ਼ਾਰ ਤੋਂ ਪੱਚੀ ਹਜ਼ਾਰ ਪੌਂਡ ਤੱਕ ਲਏ ਜਾਂਦੇ ਸਨ। ਇਸ ਤੋਂ ਹੇਠਲੇ ਦਰਜੇ ਵਿੱਚ ਸਮੁੰਦਰੀ ਰਸਤੇ ਯਾਤਰਾ ਕਰਵਾਈ ਜਾਂਦੀ ਸੀ, ਜਿਸ ਲਈ ਅੱਠ ਹਜ਼ਾਰ ਤੋਂ ਦਸ ਹਜ਼ਾਰ ਪੌਂਡ ਤੱਕ ਦੀ ਰਕਮ ਲਈ ਜਾਂਦੀ ਸੀ। ਸਭ ਤੋਂ ਸਸਤੇ ਪ੍ਰਬੰਧ ਹੇਠ ਲੋਕਾਂ ਨੂੰ ਵੱਡੇ ਮਾਲਵਾਹਕ ਵਾਹਨਾਂ ਜਾਂ ਛੋਟੀਆਂ ਕਿਸ਼ਤੀਆਂ ਰਾਹੀਂ ਲਿਜਾਇਆ ਜਾਂਦਾ ਸੀ, ਜਿਸ ਲਈ ਤਿੰਨ ਹਜ਼ਾਰ ਤੋਂ ਪੰਜ ਹਜ਼ਾਰ ਪੌਂਡ ਤੱਕ ਲਏ ਜਾਂਦੇ ਸਨ।

ਇਸ ਜਾਲ ਦੀ ਇੱਕ ਹੋਰ ਹੈਰਾਨੀਜਨਕ ਗੱਲ ਇਹ ਸੀ ਕਿ ਯਾਤਰਾ ਪੂਰੀ ਕਰਨ ਵਾਲੇ ਲੋਕਾਂ ਨੂੰ ਆਪਣੇ ਤਜਰਬੇ ਬਾਰੇ ਛੋਟੀਆਂ ਚਲਦੀਆਂ ਤਸਵੀਰਾਂ ਬਣਾਕੇ ਸਮਾਜਿਕ ਮਾਧਿਅਮਾਂ 'ਤੇ ਸਾਂਝੀਆਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ। ਇਨ੍ਹਾਂ ਰਾਹੀਂ ਹੋਰ ਲੋਕਾਂ ਨੂੰ ਇਹ ਵਿਸ਼ਵਾਸ ਦਵਾਇਆ ਜਾਂਦਾ ਸੀ ਕਿ ਰਸਤਾ ਸੁਗਮ ਹੈ ਅਤੇ ਸੇਵਾ ਭਰੋਸੇਯੋਗ ਹੈ। ਕੁਝ ਚਲਦੀਆਂ ਤਸਵੀਰਾਂ ਵਿੱਚ ਲੋਕ ਵਾਹਨਾਂ ਦੇ ਅੰਦਰੋਂ ਅੰਗੂਠਾ ਚੁੱਕ ਕੇ ਆਪਣੀ ਯਾਤਰਾ ਨੂੰ ਚੰਗਾ ਦੱਸਦੇ ਵੀ ਨਜ਼ਰ ਆਏ। ਇੱਕ ਹੋਰ ਮੌਕੇ 'ਤੇ ਇੱਕ ਪਰਿਵਾਰ ਨੇ ਮੰਜ਼ਿਲ 'ਤੇ ਪਹੁੰਚਣ ਮਗਰੋਂ ਧੰਨਵਾਦ ਪ੍ਰਗਟ ਕੀਤਾ। ਜਾਂਚ ਅਧਿਕਾਰੀਆਂ ਅਨੁਸਾਰ ਇਹ ਤਰੀਕਾ ਹੋਰ ਲੋਕਾਂ ਨੂੰ ਇਸ ਜਾਲ ਵੱਲ ਖਿੱਚਣ ਲਈ ਵਰਤਿਆ ਜਾਂਦਾ ਸੀ।

ਜਾਂਚ ਤੋਂ ਇਹ ਵੀ ਪਤਾ ਲੱਗਾ ਕਿ ਇਹ ਸਾਰਾ ਜਾਲ ਇਰਾਕ, ਇਰਾਨ ਅਤੇ ਸੀਰੀਆ ਤੋਂ ਲੋਕਾਂ ਨੂੰ ਚਲਾਉਂਦਾ ਹੋਇਆ ਬੇਲਾਰੂਸ, ਮੋਲਡੋਵਾ ਅਤੇ ਬੋਸਨੀਆ ਦੇ ਰਸਤਿਆਂ ਰਾਹੀਂ ਇਟਲੀ, ਕਰੋਏਸ਼ੀਆ, ਰੋਮਾਨੀਆ, ਬੁਲਗਾਰੀਆ, ਸਲੋਵੇਨੀਆ, ਜਰਮਨੀ ਅਤੇ ਫ਼ਰਾਂਸ ਤੱਕ ਲੈ ਜਾਂਦਾ ਸੀ। ਹਰ ਪੜਾਅ 'ਤੇ ਵੱਖ-ਵੱਖ ਮਦਦਗਾਰ ਟੋਲੀਆਂ ਕੰਮ ਕਰਦੀਆਂ ਸਨ, ਜਿਨ੍ਹਾਂ ਨੂੰ ਪਹਿਲਾਂ ਤੋਂ ਤੈਅ ਕੀਤੀ ਗਈ ਰਕਮ ਵਿੱਚੋਂ ਹਿੱਸਾ ਮਿਲਦਾ ਸੀ। ਇਸ ਤਰ੍ਹਾਂ ਇਹ ਇਕ ਦੇਸ਼ ਤੱਕ ਸੀਮਤ ਨਹੀਂ, ਸਗੋਂ ਕਈ ਦੇਸ਼ਾਂ ਵਿੱਚ ਫੈਲਿਆ ਹੋਇਆ ਸੁਗਠਿਤ ਜਾਲ ਸੀ।

ਇਸ ਧੰਧੇ ਵਿੱਚ ਰਕਮ ਦੀ ਲੈਣ-ਦੇਣ ਲਈ ਇੱਕ ਪੁਰਾਣਾ ਗੈਰ-ਰਸਮੀ ਤਰੀਕਾ ਵਰਤਿਆ ਜਾਂਦਾ ਸੀ, ਜਿਸ ਵਿੱਚ ਰਕਮ ਸਿੱਧੀ ਬੈਂਕਾਂ ਰਾਹੀਂ ਨਹੀਂ ਭੇਜੀ ਜਾਂਦੀ, ਸਗੋਂ ਇੱਕ ਥਾਂ ਰਕਮ ਜਮ੍ਹਾ ਕਰਵਾ ਕੇ ਦੂਜੀ ਥਾਂ ਉੱਤੇ ਨਿਸ਼ਾਨੀ ਜਾਂ ਗੁਪਤ ਸੰਕੇਤ ਦੇ ਆਧਾਰ 'ਤੇ ਅਦਾ ਕਰਵਾਈ ਜਾਂਦੀ ਹੈ। ਇਸ ਤਰੀਕੇ ਕਾਰਨ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਲਈ ਰਕਮ ਦੀ ਅਸਲੀ ਲੜੀ ਤੱਕ ਪਹੁੰਚਣਾ ਬਹੁਤ ਔਖਾ ਹੋ ਜਾਂਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਰਕਮ ਬਰਤਾਨੀਆ ਵਿੱਚ ਸਿੱਧੀ ਨਹੀਂ ਆਉਂਦੀ ਸੀ, ਸਗੋਂ ਮੱਧ ਪੂਰਬ ਵਿੱਚ ਹੀ ਵੱਖ-ਵੱਖ ਹੱਥਾਂ ਰਾਹੀਂ ਨਿਪਟਾਈ ਜਾਂਦੀ ਸੀ। ਇਸੇ ਕਾਰਨ ਦੋਸ਼ੀਆਂ ਦੀ ਵੱਡੀ ਕਮਾਈ ਦੇ ਬਾਵਜੂਦ ਬਰਾਮਦਗੀ ਬਹੁਤ ਘੱਟ ਹੋ ਸਕੀ। ਜਾਂਚ ਕਰਨ ਵਾਲਿਆਂ ਨੇ ਇਹ ਵੀ ਕਿਹਾ ਕਿ ਦੋਸ਼ੀ ਦਿਨ-ਰਾਤ ਇਸ ਕਾਰਵਾਈ ਨੂੰ ਚਲਾਉਂਦੇ ਰਹਿੰਦੇ ਸਨ। ਉਨ੍ਹਾਂ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਵੱਧ ਤੋਂ ਵੱਧ ਰਕਮ ਦੇ ਬਦਲੇ ਯੂਰਪ ਦੇ ਵੱਖਰੇ ਰਸਤਿਆਂ ਰਾਹੀਂ ਪਹੁੰਚਾਉਣਾ ਸੀ। ਉਨ੍ਹਾਂ ਨੇ ਮਨੁੱਖੀ ਮਜ਼ਬੂਰੀ, ਜੰਗ ਤੋਂ ਭੱਜਦੇ ਲੋਕਾਂ ਦੀ ਬੇਬਸੀ ਅਤੇ ਪੱਛਮੀ ਦੇਸ਼ਾਂ ਤੱਕ ਪਹੁੰਚਣ ਦੀ ਉਮੀਦ ਦਾ ਨਿਰਦਈ ਤਰੀਕੇ ਨਾਲ ਲਾਭ ਉਠਾਇਆ।

ਅਦਾਲਤ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਦੋਵੇਂ ਦੋਸ਼ੀਆਂ ਨੇ ਸੁਚੱਜੇ ਢੰਗ ਨਾਲ ਇੱਕ ਅਜਿਹਾ ਅਪਰਾਧੀ ਜਾਲ ਚਲਾਇਆ, ਜਿਸ ਵਿੱਚ ਮਨੁੱਖੀ ਜ਼ਿੰਦਗੀਆਂ ਨੂੰ ਸਿਰਫ਼ ਕਮਾਈ ਦਾ ਸਾਧਨ ਸਮਝਿਆ ਗਿਆ। ਅਦਾਲਤ ਦੀ ਟਿੱਪਣੀ ਸੀ ਕਿ ਇਹ ਧੰਧਾ ਨਾ ਸਿਰਫ਼ ਗੈਰਕਾਨੂੰਨੀ ਸੀ, ਸਗੋਂ ਮਨੁੱਖੀ ਦੁੱਖ-ਦਰਦ ਤੋਂ ਲਾਭ ਕਮਾਉਣ ਦੀ ਨਿਰਦਈ ਮਿਸਾਲ ਵੀ ਸੀ।

ਇਸ ਮਾਮਲੇ ਨਾਲ ਇਹ ਗੱਲ ਮੁੜ ਸਾਬਤ ਹੋਈ ਹੈ ਕਿ ਮਨੁੱਖੀ ਤਸਕਰੀ ਦਾ ਧੰਧਾ ਅਜੇ ਵੀ ਬਹੁਤ ਵੱਡੇ ਪੱਧਰ 'ਤੇ ਚੱਲ ਰਿਹਾ ਹੈ ਅਤੇ ਇਸ ਵਿੱਚ ਹੋਣ ਵਾਲੇ ਭਾਰੀ ਲਾਭ ਕਾਰਨ ਇੱਕ ਜਾਲ ਟੁੱਟਣ ਮਗਰੋਂ ਦੂਜਾ ਖੜ੍ਹਾ ਹੋ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਾਂਚ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਗਿਰੋਹਾਂ ਖ਼ਿਲਾਫ਼ ਲਗਾਤਾਰ ਕਾਰਵਾਈ ਕਰਨੀ ਲਾਜ਼ਮੀ ਹੈ, ਨਹੀਂ ਤਾਂ ਬੇਸਹਾਰਾ ਅਤੇ ਮਜ਼ਬੂਰ ਲੋਕਾਂ ਦਾ ਸ਼ੋਸ਼ਣ ਇਸੇ ਤਰ੍ਹਾਂ ਜਾਰੀ ਰਹੇਗਾ।

# ਭਾਰਤੀ ਸੰਗੀਤ ਜਗਤ ਦੀ ਆਸ਼ਾ ਦਾ ਅੰਤ ਪਰ ਉਸਦੇ ਗੀਤ ਸਦਾ ਗੂੰਜਦੇ ਰਹਿਣਗੇ

**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ ਹਰਿਆਣਾ
ਸੰਪਰਕ 94670 95953



ਪ੍ਰਸਿੱਧ ਗਾਇਕਾ ਆਸ਼ਾ ਭੌਂਸਲੇ 12 ਅਪਰੈਲ ਨੂੰ 92 ਸਾਲ ਦੀ ਉਮਰ ਭੋਗਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਪਰ ਉਹ ਆਪਣੇ ਸਦਾਬਹਾਰ ਗੀਤਾਂ ਰਾਹੀਂ ਕਦੇ ਵੀ ਭਾਰਤੀ ਸੰਗੀਤ ਜਗਤ ਤੋਂ ਵੱਖ ਨਹੀਂ ਹੋਵੇਗੀ। ਉਨ੍ਹਾਂ ਨੇ ਪਲੇਬੈਕ ਸਿੰਗਰ ਦੇ ਤੌਰ ਤੇ ਫਿਲਮੀ ਜਗਤ ਵਿੱਚ ਜੋ ਨਾਮਣਾ ਖੱਟਿਆ ਉਹ ਲਾਜਵਾਬ ਹੈ।

ਆਸ਼ਾ ਭੌਂਸਲੇ ਦਾ ਜਨਮ 8 ਸਤੰਬਰ 1933 ਸਾਂਗਲੀ (ਮਹਾਰਾਸ਼ਟਰ) ਵਿੱਚ ਇੱਕ ਸੰਗੀਤਕ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਪੰਡਿਤ ਦੀਨਾਨਾਥ ਮੰਗੇਸ਼ਕਰ ਇੱਕ ਅਦਾਕਾਰ ਅਤੇ ਸ਼ਾਸਤਰੀ ਗਾਇਕ ਸਨ। ਆਸ਼ਾ ਭੌਂਸਲੇ ਭਾਰਤ ਦੀ ਬੁਲਬੁਲ ਲਤਾ ਮੰਗੇਸ਼ਕਰ ਦੀ ਛੋਟੀ ਭੈਣ ਸੀ। ਉਨ੍ਹਾਂ ਦੇ ਪਿਤਾ ਦਾ ਦੇਹਾਂਤ ਉਦੋਂ ਹੋਇਆ ਜਦੋਂ ਉਹ ਸਿਰਫ ਨੌਂ ਸਾਲ ਦੀ ਸੀ। ਇਸ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪੁਣੇ ਤੋਂ ਕੋਲਹਾਪੁਰ ਅਤੇ ਬਾਅਦ ਵਿੱਚ ਮੁੰਬਈ ਚਲਾ ਗਿਆ। ਆਪਣੀ ਵੱਡੀ ਭੈਣ ਲਤਾ ਮੰਗੇਸ਼ਕਰ ਦੇ ਨਕਸ਼ੇ-ਕਦਮਾਂ ਤੇ ਚੱਲਦੇ ਹੋਏ ਉਹ ਵੀ ਸੰਗੀਤ ਦੀ ਦੁਨੀਆ ਵਿੱਚ ਪ੍ਰਵੇਸ਼ ਕਰ ਗਈ। ਦੋਵੇਂ ਭੈਣਾਂ ਨੇ ਫਿਲਮਾਂ ਵਿੱਚ ਗਾਉਣਾ ਸ਼ੁਰੂ ਕੀਤਾ। ਆਸ਼ਾ ਭੌਂਸਲੇ ਦਾ ਪਹਿਲਾ ਗੀਤ ਮਰਾਠੀ ਫਿਲਮ "ਮਾਝਾ ਬਾਲ" (1943) ਵਿੱਚ "ਚਲਾ ਚਲ ਸੀ। ਉਸਦਾ ਪਹਿਲਾ ਬਾਲੀਵੁੱਡ ਗੀਤ "ਚੁਨਰੀਆ" (1948) ਵਿੱਚ "ਸਾਵਨ ਆਇਆ" ਸੀ। ਇੱਥੋਂ ਸ਼ੁਰੂ ਹੋਇਆ ਉਸਦਾ ਸੰਗੀਤਕ ਅਤੇ ਗੀਤਾਂ ਦਾ ਸਫ਼ਰ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੱਕ ਚੱਲਿਆ ਅਤੇ ਆਸ਼ਾ ਭੌਂਸਲੇ ਜਲਦੀ ਹੀ ਭਾਰਤੀ ਸੰਗੀਤ ਦੀਆਂ ਮਹਾਨ ਹਸਤੀਆਂ ਵਿੱਚੋਂ ਇੱਕ ਬਣ ਗਈ।

1940 ਦੇ ਦਹਾਕੇ ਦੇ ਅਖੀਰ ਤੋਂ ਲੈ ਕੇ 1950 ਦੇ ਦਹਾਕੇ ਦੇ ਸ਼ੁਰੂ ਤੱਕ ਆਸ਼ਾ ਭੌਂਸਲੇ ਨੇ ਗੀਤਾ ਦੱਤ, ਸ਼ਮਸ਼ਾਦ ਬੇਗਮ ਅਤੇ ਲਤਾ ਮੰਗੇਸ਼ਕਰ ਵਰਗੀਆਂ ਪ੍ਰਮੁੱਖ ਗਾਇਕਾਵਾਂ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਨਾ ਸ਼ੁਰੂ ਕੀਤਾ। 1950 ਦੇ ਦਹਾਕੇ ਦੌਰਾਨ ਆਸ਼ਾ ਭੌਂਸਲੇ ਨੇ ਹੋਰ ਪਲੇਬੈਕ ਗਾਇਕਾਂ ਨਾਲੋਂ ਹਿੰਦੀ ਫਿਲਮਾਂ ਵਿੱਚ ਜ਼ਿਆਦਾ ਗੀਤ ਗਾਏ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਘੱਟ ਬਜਟ ਵਾਲੀਆਂ ਫਿਲਮਾਂ ਵਿੱਚ ਸਨ। ਉਸਦੇ ਸ਼ੁਰੂਆਤੀ ਗੀਤ ਏ. ਆਰ. ਕੁਰੈਸ਼ੀ, ਸੱਜਾਦ ਹੁਸੈਨ, ਐਸ. ਮੋਹਿੰਦਰ, ਸਰਦਾਰ ਮਲਿਕ, ਗੁਲਾਮ ਮੁਹੰਮਦ ਅਤੇ ਕਈ ਹੋਰ ਸੰਗੀਤਕਾਰਾਂ ਦੁਆਰਾ ਰਚੇ ਗਏ ਸਨ। ਆਸ਼ਾ ਭੌਂਸਲੇ ਨੂੰ ਸੱਜਾਦ ਹੁਸੈਨ ਦੁਆਰਾ ਰਚਿਤ ਫਿਲਮ "ਸੰਗਦਿਲ" (1952) ਦੇ ਗੀਤ ਗਾਉਣ ਤੋਂ ਬਾਅਦ ਪ੍ਰਸਿੱਧੀ ਮਿਲੀ। ਉਸੇ ਸਾਲ ਉਸਨੇ ਓ.ਪੀ. ਨਈਅਰ ਦੁਆਰਾ ਨਿਰਦੇਸ਼ਤ ਫਿਲਮ "ਛਮ ਛਮਾ ਛਮ" ਵਿੱਚ ਮੁੱਖ ਭੂਮਿਕਾ ਨਿਭਾਈ ਅਤੇ ਫਿਲਮ ਦੇ 11 ਗੀਤਾਂ ਵਿੱਚੋਂ 10 ਗੀਤ ਵੀ ਗਾਏ। ਫਿਰ ਬਿਮਲ ਰਾਏ ਨੇ ਉਸਨੂੰ ਪਰਿਣੀਤਾ (1953) ਵਿੱਚ ਇੱਕ ਭੂਮਿਕਾ ਦੀ ਪੇਸ਼ਕਸ਼ ਕੀਤੀ। ਰਾਜ ਕਪੂਰ ਨੇ ਉਸਨੂੰ ਫਿਲਮ ਬੂਟ ਪੋਲਿਸ਼ (1954) ਦੇ ਸਾਰੇ ਗੀਤ ਗਾਉਣ ਲਈ ਸਾਈਨ ਕੀਤਾ,ਜਿਸ ਨਾਲ ਉਸਨੂੰ ਬੇਮਿਸਾਲ ਪ੍ਰਸਿੱਧੀ ਮਿਲੀ।



ਆਸ਼ਾ ਭੌਂਸਲੇ ਦਾ ਕਰੀਅਰ ਅਜੇ ਸ਼ੁਰੂ ਹੀ ਹੋਇਆ ਸੀ ਕਿ 16 ਸਾਲ ਦੀ ਉਮਰ ਵਿੱਚ ਉਸਨੇ ਆਪਣੀ ਭੈਣ ਲਤਾ ਮੰਗੇਸ਼ਕਰ ਦੇ ਸੈਕਟਰੀ ਗਣਪਤ ਰਾਓ ਨਾਲ ਵਿਆਹ ਕਰਵਾ ਲਿਆ। ਗਣਪਤ ਰਾਓ ਆਸ਼ਾ ਤੋਂ ਲਗਭਗ 20 ਸਾਲ ਵੱਡੇ ਸਨ। ਇਹ ਰਿਸ਼ਤਾ ਲਤਾ ਮੰਗੇਸ਼ਕਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਨਜ਼ੂਰ ਨਹੀਂ ਸੀ। ਇਸ ਨਾਲ ਆਸ਼ਾ ਅਤੇ ਲਤਾ ਮੰਗੇਸ਼ਕਰ ਵਿਚਕਾਰ ਦਰਾਰ ਪੈਦਾ ਹੋ ਗਈ, ਜੋ ਲੰਬੇ ਸਮੇਂ ਤੱਕ ਬਣੀ ਰਹੀ। ਇੱਕ ਪੁਰਾਣੇ ਇੰਟਰਵਿਊ ਵਿੱਚ ਆਸ਼ਾ ਭੌਂਸਲੇ ਨੇ ਆਪਣੇ ਵਿਆਹ ਬਾਰੇ ਕਿਹਾ ਕਿ ਮੇਰੇ ਪਤੀ ਦਾ ਪਰਿਵਾਰ ਰੂੜੀਵਾਦੀ ਸੀ ਅਤੇ ਇੱਕ ਗਾਇਕੀ ਸਟਾਰ ਨੂੰ ਸਵੀਕਾਰ ਨਹੀਂ ਕਰ ਸਕਦਾ ਸੀ। ਜਦੋਂ ਮੈਂ ਆਪਣੇ ਛੋਟੇ ਪੁੱਤਰ ਆਨੰਦ ਨੂੰ ਜਨਮ ਦੇਣ ਵਾਲੀ ਸੀ ਤਾਂ ਪਰਿਵਾਰ ਨੇ ਮੈਨੂੰ ਆਪਣੇ ਮਾਪਿਆਂ ਦੇ ਘਰ ਵਾਪਸ ਜਾਣ ਲਈ ਕਿਹਾ ਸੀ। ਆਸ਼ਾ ਭੌਂਸਲੇ ਅਤੇ ਗਣਪਤ ਰਾਓ ਦਾ ਵਿਆਹ ਜ਼ਿਆਦਾ ਦੇਰ ਨਹੀਂ ਚੱਲ ਸਕਿਆ । 11 ਸਾਲਾਂ ਬਾਅਦ ਉਹ ਵੱਖ ਹੋ ਗਏ। ਆਸ਼ਾ ਭੌਂਸਲੇ ਅਤੇ ਗਣਪਤ ਰਾਓ ਦੇ ਤਿੰਨ ਬੱਚੇ ਸਨ।

ਗਣਪਤ ਰਾਓ ਤੋਂ ਵੱਖ ਹੋਣ ਅਤੇ ਉਨ੍ਹਾਂ ਦੇ ਪਹਿਲੇ ਵਿਆਹ ਦੇ ਟੁੱਟਣ ਤੋਂ ਬਾਅਦ ਆਸ਼ਾ ਭੌਂਸਲੇ ਨੇ ਪ੍ਰਸਿੱਧ ਸੰਗੀਤਕਾਰ ਆਰਡੀ ਬਰਮਨ ਨਾਲ 1980 ਵਿੱਚ ਵਿਆਹ ਕੀਤਾ ਅਤੇ ਇਸ ਜੋੜੇ ਨੇ ਸੰਗੀਤ ਜਗਤ ਨੂੰ ਕਈ ਯਾਦਗਾਰੀ ਗੀਤ ਦਿੱਤੇ। ਉਨ੍ਹਾਂ ਦਾ ਵਿਆਹ 1994 ਵਿੱਚ ਆਰਡੀ ਬਰਮਨ ਦੀ ਮੌਤ ਤੱਕ ਚੱਲਿਆ।

ਆਸ਼ਾ ਭੌਂਸਲੇ ਦਾ ਕਰੀਅਰ ਲਗਭਗ ਪੰਜ ਦਹਾਕਿਆਂ ਤੱਕ ਚੱਲਿਆ ਇਸ ਦੌਰਾਨ ਉਸਨੇ 14 ਭਾਸ਼ਾਵਾਂ ਵਿੱਚ ਫਿਲਮੀ, ਪੌਪ, ਗਜ਼ਲ, ਭਜਨ, ਸ਼ਾਸਤਰੀ ਸੰਗੀਤ ਸਹਿਤ ਕਰੀਬ 12,000 ਗੀਤ ਗਾਏ ਅਤੇ ਪ੍ਰਸਿੱਧ ਸੰਗੀਤਕਾਰਾਂ ਨਾਲ ਕੰਮ ਕੀਤਾ। ਇਸ ਸਮੇਂ ਦੌਰਾਨ ਉਸਨੇ ਬਹੁਤ ਸਾਰੇ ਯਾਦਗਾਰੀ ਗੀਤ ਭਾਰਤੀ ਸੰਗੀਤ ਜਗਤ ਨੂੰ ਦਿੱਤੇ।

ਸਾਲ 1997 ਵਿੱਚ ਉਹ ਗਰੈਮੀ ਪੁਰਸਕਾਰ ਲਈ ਚੁਣੇ ਜਾਣ ਵਾਲੀ ਪਹਿਲੀ ਭਾਰਤੀ ਗਾਇਕਾ ਬਣੀ। ਸਾਲ 2000 ਵਿੱਚ ਉਨ੍ਹਾਂ ਨੂੰ ਦਾਦਾ ਸਾਹਬ ਫਾਲਕੇ ਪੁਰਸਕਾਰ ਮਿਲਿਆ। ਸਾਲ 2008 ਵਿੱਚ ਤੱਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਉਨ੍ਹਾਂ ਨੂੰ ਪਦਮ ਵਿਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ। ਉਨ੍ਹਾਂ ਨੇ ਸਾਲ 2011 ਵਿੱਚ ਸਭ ਤੋਂ ਜ਼ਿਆਦਾ ਗੀਤ ਗਾ ਕੇ ਗਨੀਜ਼ ਬੁੱਕ ਆਫ ਵਰਲਡ ਵਿੱਚ ਆਪਣਾ ਨਾਮ ਦਰਜ ਕਰਵਾਇਆ।

ਆਸ਼ਾ ਭੌਂਸ਼ਲੇ ਦੇ ਯਾਦਗਾਰੀ ਗੀਤ : ਚੁਰਾ ਲੀਆ ਹੈ ਤੁਮ ਨੇ ਜੋ ਦਿਲ ਕੋ (ਯਾਦੋਂ ਕੀ ਬਰਾਤ ) ਲੇ ਕੇ ਪਹਿਲਾ ਪਹਿਲਾ ਪਿਆਰ (ਸੀਆਈਡੀ) ਉਡੇ ਜਬ ਜਬ ਜ਼ੁਲਫੇ (ਨਿਆ ਦੌਰ) ਓ ਹੁਸੀਨਾ ਜ਼ੁਲਫੋਂ ਵਾਲੀ (ਤੀਸਰੀ ਮੰਜ਼ਲ) ਕਜਰਾ ਮੁਹੱਬਤ ਵਾਲਾ (ਕਿਸਮਤ) ਝੁਮਕਾ ਗਿਰਾ ਰੇ (ਮੇਰਾ ਸਾਇਆ) ਅਭੀ ਨਾ ਜਾਓ ਛੋਡ ਕਰ (ਹਮ ਦੋਨੋਂ) ਮੇਰਾ ਕੁਛ ਸਮਾਨ (ਇਜ਼ਾਜਤ) ਆਓ ਨਾ ਗਲੇ ਲੱਗ ਜਾਓ ਨਾ (ਮੇਰੇ ਜੀਵਨ ਸਾਥੀ) ਕੋਈ ਸ਼ਹਿਰੀ ਬਾਬੂ (ਲੋਫਰ) ਦੋ ਲਫਜ਼ੋਂ ਕੀ ਹੈ ਦਿਲ ਕੀ ਕਹਾਣੀ (ਦਿ ਗਰੇਟ ਗੈਬਲਰ) ਦਮ ਮਾਰੋ ਦਮ (ਹਰੇ ਰਾਮਾ ਹਰੇ ਕ੍ਰਿਸ਼ਨਾ) ਪੀਆ ਤੂੰ ਅਬ ਤੋਂ ਆ ਜਾ (ਕਾਰਵਾਂ) ਯੇ ਮੇਰਾ ਦਿਲ (ਡਾਨ) ਓ ਮੇਰੇ ਸੋਨਾ ਰੇ ਸੋਨਾ ਰੇ (ਤੀਸਰੀ ਮੰਜ਼ਲ) ਪਰਦੇ ਮੇਂ ਰਹਿਣੇ ਦੋ (ਸ਼ਿਕਾਰ) ਏਕ ਹੁਸੀਨਾ ਥੀ (ਕਰਜ਼) ਮੁਝੇ ਨੌਲੱਖਾ ਮੰਗਾ ਦੇ ਰੇ (ਸ਼ਰਾਬੀ) ਦਿਲ ਚੀਜ਼ ਕਿਆ ਹੈ (ਉਮਰਾਓ ਜਾਨ) ਆਈਏ ਮਿਹਰਬਾਨ (ਹਾਵੜਾ ਬਰਿੱਜ) ਯੇ ਵਾਦਾ ਰਹਾ (ਯੇ ਵਾਦਾ ਰਹਾ) ਜਰਾ ਸਾ ਝੂਮ ਲੂ ਮੈਂ (ਦਿਲ ਵਾਲੇ ਦੁਲਹਨੀਆਂ ਲੇ ਜਾਏਗੇ) ਸਪਨੋਂ ਮੇਂ ਮਿਲਤੀ ਹੈ (ਸੱਤਿਆ) ਲੇ ਗਈ ਲੇ (ਦਿਲ ਤੋਂ ਪਾਗਲ ਹੈ) ਤੋਂ ਇਲਾਵਾਂ ਉਨ੍ਹਾਂ ਦੇ ਅਣਗਿਣਤ ਗੀਤ ਐਨੇ ਮਕਬੂਲ ਹੋਏ ਕਿ ਉਸਦੀ ਅਵਾਜ਼ ਸਦਾ ਭਾਰਤ ਦੇ ਸੰਗੀਤ ਜਗਤ ਵਿੱਚ ਗੂੰਜਦੀ ਰਹੇਗੀ।





# ਗੁਰੂ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ–33**

ਇਸ ਦੀ ਇਕ ਉਦਾਹਰਣ ਇਹ ਭੀ ਹੈ ਕਿ ਪਾਤਸ਼ਾਹ ਜੀ ਨੇ ਜਿਥੇ ਟਿਕਾਣਾ ਕੀਤਾ ਉਸ ਦਾ ਨਾਂ ਸਤੀਘਾਟ ਸੀ (ਅੱਜ ਵੀ ਇਹੀ ਨਾਂ ਹੈ)। ਜਾਣਿਆ ਜਾਂਦਾ ਹੈ ਕਿ ਇਸ ਸਥਾਨ 'ਤੇ ਕਦੀ ਰਾਜਾ ਦੱਛਪ੍ਰਜਾਪਤੀ ਦੀ ਰਾਣੀ ਸਤੀ ਹੋਈ ਜਿਸ ਤੋਂ ਬਾਦ ਰਾਜ-ਘਰਾਣਿਆਂ ਅਥਵਾ ਹੋਰ ਚਲਣੇ-ਸਿਰ ਪ੍ਰਵਾਰਾਂ ਵਿਚ ਇਹ ਪ੍ਰਥਾ ਸ਼ੁਰੂ ਹੋ ਗਈ। ਗੁਰੂ ਪਾਤਸ਼ਾਹ ਜੀ ਇਸ ਵਰਤਾਰੇ ਨੂੰ ਅਣ-ਮਨੁੱਖੀ ਮੰਨਦੇ ਸਨ ਇਸੇ ਕਰ ਕੇ ਉਨ੍ਹਾਂ ਇਸ ਵਰਤਾਰੇ ਸਖ਼ਤ ਵਿਰੋਧ ਕੀਤਾ, ਇਸ ਸਬੰਧੀ ਬਾਣੀ ਰਚੀ ਅਰ ਬਾਦਸ਼ਾਹ ਅਕਬਰ ਰਾਹੀਂ ਇਸ 'ਤੇ ਸਰਕਾਰੀ ਪਾਬੰਦੀ ਲੁਆਉਣ ਦੇ ਸਫ਼ਲ ਯਤਨ ਵੀ ਕੀਤੇ। ਸਾਡੀ ਜਾਚੇ, ਅੱਜ ਸਤੀ ਘਾਟ 'ਤੇ ਆ ਕੇ ਟਿਕਣ ਪਿੱਛੇ ਸਤਿਗੁਰਾਂ ਦਾ ਇਸ ਕਰੂਰ ਬ੍ਰਾਹਮਣੀ ਵਰਤਾਰੇ ਤੋਂ ਆਮ ਲੋਕਾਂ ਨੂੰ ਜਾਗਰੂਕ ਕਰਨ ਦਾ ਇਕ ਯਤਨ ਵੀ ਸੀ।

ਗੁਰਦੇਵ ਜੀ ਦੇ ਬਚਨ:

ਸਲੋਕ ਮ: 3॥
ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍
ਜਿ ਬਿਰਹੇ ਚੋਟ ਮਰੰਨਿ੍॥1॥
ਮ:3॥ ਭੀ ਸੋ ਸਤੀਆ ਜਾਣੀਅਨਿ
ਸੀਲ ਸੰਤੋਖਿ ਰਹੰਨਿ੍॥
ਸੇਵਨਿ ਸਾਈ ਆਪਣਾ
ਨਿਤ ਉਠਿ ਸੰਮ੍ਾਲੰਨਿ੍॥2॥
ਮ:3॥ ਕੰਤਾ ਨਾਲਿ ਮਹੇਲੀਆ
ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ
ਤਾ ਤਨਿ ਦੁਖ ਸਹਾਹਿ॥
ਨਾਨਕ ਕੰਤ ਨ ਜਾਣਨੀ
ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ
ਦੂਰਹੁ ਹੀ ਭਜਿ ਜਾਹਿ॥3॥

ਗੁ.ਗ੍ਰੰ.ਸਾ. ਪੰਨਾ 787

ਸਮਾਂ ਪਾ ਕੇ ਇਨ੍ਹਾਂ ਖ਼ਿਆਲਾਂ ਦੀ ਹੀ ਵਿਆਖਿਆ ਪੰਚਮ ਪਾਤਸ਼ਾਹ ਜੀ ਨੇ ਕੀਤੀ:

ਦੇਖਾ ਦੇਖੀ ਮਨ ਹਠਿ ਜਲਿ ਜਾਈਐ॥
ਪ੍ਰਿਅ ਸੰਗੁ ਨ ਪਾਵੈ
ਬਹੁ ਜੋਨਿ ਭਵਾਈਐ॥2॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ॥3॥
ਕਹੁ ਨਾਨਕ ਜਿਨਿ ਪ੍ਰਿਉ
ਪਰਮੇਸਰੁ ਕਰਿ ਜਾਨਿਆ॥
**ਧੰਨੁ ਸਤੀ ਦਰਗਹ ਪ੍ਰਵਾਨਿਆ॥ 4॥ 30 ॥99॥**

ਗੁ.ਗ੍ਰੰ.ਸਾ. ਪੰਨਾ 185

### ਮਿਲਿ ਆਏ ਨਗਰ ਮਹਾ ਜਨਾ

ਤੁਖਾਰੀ ਰਾਗ ਵਿਚ ਉਚਾਰਿਤ ਚੌਥੇ ਪਾਤਸ਼ਾਹ ਜੀ ਦਾ ਇਹ ਬਚਨ ਪੂਰਨ ਰੂਪ ਵਿਚ ਇਉਂ ਹੈ:

ਮਿਲਿ ਆਏ ਨਗਰ
ਮਹਾ ਜਨਾ ਗੁਰ ਸਤਿਗੁਰ ਓਟ ਗਹੀ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ



ਗੁ. ਤਪ ਅਸਥਾਨ ਸਤੀ ਘਾਟ ਜਿਥੇ ਗੁਰੂ ਅਮਰਦਾਸ ਜੀ ਕੁਝ ਦਿਨ ਠਹਿਰੇ ਅਰ ਭਰਮੀ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਿਆ। ਗੁ. ਤਪ ਅਸਥਾਨ ਦੀ ਤਸਵੀਰ

ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀ ਰਾਮਿ
ਕਰਿ ਗੁਰ ਗੋਵਿਦੁ ਧਿਆਇਆ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ
ਤਿਨ ਕਾ ਥਾਉ ਥੇਹੁ ਗਵਾਇਆ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ॥
ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ॥6॥4॥10॥

ਗੁ.ਗ੍ਰੰ.ਸਾ. ਪੰਨਾ 1116

ਗੁਰੂ ਰਾਮਦਾਸ ਜੀ ਦੱਸਦੇ ਹਨ ਕਿ ਗੰਗਾ ਕਿਨਾਰੇ ਬੈਠਿਆਂ ਜਿਥੇ ਹੋਰ ਜਗਿਆਸੂ ਸਤਿਗੁਰੂ ਅਮਰਦਾਸ ਜੀ ਪਾਸ ਆਏ ਓਥੇ ਨਗਰ ਦੇ ਮਹਾ ਜਨ/ ਪ੍ਰਤਿਸ਼ਟ ਲੋਕ ਵੀ ਪਹੁੰਚੇ, ਇਥੇ ਮਹਾ ਜਨਾ ਤੋਂ ਭਾਵ ਇਲਾਕੇ ਦੇ ਚੌਧਰੀਆਂ ਤੋਂ ਨਹੀਂ ਸਾਡੀ ਜਾਚੇ, ਧਾਰਮਿਕ ਮੁਖੀਆਂ -ਰਿਸ਼ੀਆਂ ਮੁਨੀਆਂ ਤਪੀਆਂ ਜੋਗੀਸਰਾਂ ਅਰ ਖ਼ਾਸ ਤੌਰ 'ਤੇ ਬ੍ਰਾਹਮਣ ਵਿਦਵਾਨਾਂ- ਤੋਂ ਹੈ, ਇਹ ਇਲ-ਾਕਾ, ਜਿਨ੍ਹਾਂ ਦਾ ਗੜ੍ਹ ਬਣਿਆ ਹੋਇਆ ਸੀ।

ਰਿਖਿ ਮੁਨਿ ਪੰਡਿਤ ਤੀਰਥ ਬਾਸੀ।
ਸੰਤ ਮਹੰਤ ਅਨਿਕ ਜਗਿਆਸੀ।35॥
ਬ੍ਰਹਮਚਾਰੀ ਔਧੂ ਸੰਨਿਆਸੀ।
ਗ੍ਰਿਹਸਤੀ ਵੈਰਾਗੀ ਮਿਲਿ ਰਾਸੀ।
ਅਪਰ ਅਨੇਕ ਬੇਖ ਕੇ ਸਾਧੂ।
ਦਰਸ਼ਨ ਕਾਰਨ ਗਿਆਨ ਅਗਾਧੂ।36॥
ਸ੍ਰੀ ਸਤਿਗੁਰ ਚਹੁੰਦਿਸਿ ਪਰਵਾਰੇ।
ਕਰ ਜੋਰਹਿਂ ਸਿਰ ਬੰਦਨ ਧਾਰੇ।
ਨਰ ਪਰਧਾਨ ਨਿਕਟ ਹੁਇ ਬੈਸੇ।
ਮੁਨਿ ਗਨ ਬਿਆਸ ਪਾਸ ਹੁਇ ਜੈਸੇ।

37॥50॥ ਰਾਸ 1

ਅੱਜ ਜਦੋਂ ਇਹ ਆਏ ਤਾਂ ਸਤੀ ਘਾਟ 'ਤੇ ਦੀਵਾਨ ਸਜਿਆ ਹੋਇਆ ਸੀ, ਗੁਰੂ-ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਬੇਅੰਤ ਸੰਗਤ ਜੁੜੀ ਹੋਈ ਸੀ ਅਰ ਭਾਈ ਬਲਵੰਡ ਜੀ ਸ਼ਬਦ ਗਾ ਰਹੇ ਸਨ ਭਾਈ ਰੇ ਜਗੁ ਦੁਖੀਆ ਦੂਜੈ ਭਾਇ॥ ਗੁਰ ਸਰਨਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ॥1॥

ਪੂਰਾ ਸ਼ਬਦ ਇਉਂ ਹੈ:

ਸਿਰੀ ਰਾਗੁ ਮਹਲਾ 3॥
ਸੁਖ ਸਾਗਰੁ ਹਰਿ ਨਾਮੁ ਹੈ
ਗੁਰਮੁਖਿ ਪਾਇਆ ਜਾਇ॥
ਅਨਦਿਨੁ ਨਾਮੁ ਧਿਆਈਐ
ਸਹਜੇ ਨਾਮਿ ਸਮਾਇ॥
ਅੰਦਰੁ ਰਚੈ ਹਰ ਸਚ ਸਿਉ
ਰਸਨਾ ਹਰਿ ਗੁਣ ਗਾਇ॥1॥
ਭਾਈ ਰੇ ਜਗੁ ਦੁਖੀਆ ਦੂਜੈ ਭਾਇ॥
ਗੁਰ ਸਰਣਾਈ ਸੁਖੁ ਲਹਹਿ
ਅਨਦਿਨੁ ਨਾਮੁ ਧਿਆਇ॥1॥ ਰਹਾਉ॥
ਸਾਚੇ ਮੈਲੁ ਨ ਲਾਗਈ
ਮਨੁ ਨਿਰਮਲੁ ਹਰਿ ਧਿਆਇ॥
ਗੁਰਮੁਖਿ ਸਬਦੁ ਪਛਾਣੀਐ
ਹਰਿ ਅੰਮ੍ਰਿਤੁ ਨਾਮਿ ਸਮਾਇ॥
ਗੁਰ ਗਿਆਨੁ ਪ੍ਰਚੰਡੁ
ਬਲਾਇਆ ਅਗਿਆਨੁ ਅੰਧੇਰਾ ਜਾਇ॥2॥
ਮਨਮੁਖ ਮੈਲੇ ਮਲੁ ਭਰੇ
ਹਉਮੈ ਤ੍ਰਿਸਨਾ ਵਿਕਾਰੁ॥
ਬਿਨੁ ਸਬਦੈ ਮੈਲੁ ਨ ਉਤਰੈ
ਮਰਿ ਜੰਮਹਿ ਹੋਇ ਖੁਆਰੁ॥
ਧਾਤੁਰ ਬਾਜੀ ਪਲਚਿ ਰਹੇ
ਨਾ ਉਰਵਾਰੁ ਨ ਪਾਰੁ॥3॥
ਗੁਰਮੁਖਿ ਜਪ ਤਪ ਸੰਜਮੀ
ਹਰਿ ਕੈ ਨਾਮਿ ਪਿਆਰੁ॥
ਗੁਰਮੁਖਿ ਸਦਾ ਧਿਆਈਐ
ਏਕੁ ਨਾਮੁ ਕਰਤਾਰੁ॥
ਨਾਨਕ ਨਾਮੁ ਧਿਆਈਐ
ਸਭਨਾ ਜੀਆ ਕਾ ਆਧਾਰੁ॥4॥7॥40॥

ਗੁ.ਗ੍ਰੰ.ਸਾ. ਪੰਨਾ 29

ਜਿਵੇਂ ਇਹ ਗੁਰੂ ਨਾਨਕ ਸਾਹਿਬ ਜੀ ਦੀ ਗੁਰਮਤਿ ਚਾਲ ਬਾਰੇ ਕੁਝ ਪਹਿਲਾਂ ਵੀ ਜਾਣਦੇ ਸਨ ਪਰ ਹੁਣ ਇਨ੍ਹਾਂ ਆਪਣੇ ਅੱਖੀਂ ਜਦੋਂ ਸਿੱਖਾਂ ਨੂੰ ਸੰਗਤੀ ਰੂਪ ਵਿਚ ਵੇਖਿਆ ਕਿ ਸਿੱਖਾਂ ਦਾ ਪਹਿਰਾਵਾ ਛੇਆਂ ਭੇਖਾਂ ਤੋਂ ਹੀ ਨਿਆਰਾ ਹੈ; ਰਬਾਬੀ ਗਾ ਰਹੇ ਹਨ ਅਰ ਇਹ ਸਾਰੇ ਜੁੜੇ ਬੈਠੇ ਇਕ ਰਸ ਸੁਣ ਅਤੇ ਸਮਝ ਰਹੇ ਹਨ; ਇਕ ਵਾਕ ਇਨ੍ਹਾਂ ਨੂੰ ਵਾਰ ਵਾਰ ਸੁਣਾਇਆ ਜਾ ਰਿਹਾ ਹੈ -ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ॥

ਇਨ੍ਹਾਂ ਅੰਦਰ ਵਿਚਾਰ ਆਇਆ ਕਿ ਕੀਹ ਅਜਿਹਾ ਕਰ ਕੇ ਸੁਨਣ ਵਾਲਿਆਂ ਨੂੰ ਮੁਖ ਵਿਚਾਰਧਾਰਾ ਤੋਂ ਤੋੜਿਆ ਨਹੀਂ ਜਾ ਰਿਹਾ? ਤਾਂ ਉਨ੍ਹਾਂ ਸਤਿਗੁਰੂ ਜੀ ਨੂੰ ਸੁਆਲ ਕੀਤਾ, 'ਗੁਰੂ ਜੀ! ਤੁਸੀਂ ਗੁਰੂ ਸ਼ਰਣ ਆ ਕੇ ਪ੍ਰਭੂ ਦਾ ਨਾਮ ਜਪਣ ਦਾ ਹੀ ਭਾਵ ਗੁਰੂ ਅਤੇ ਪ੍ਰਭੂ ਨਾਲ ਹੀ ਜੁੜਨ ਲਈ ਪ੍ਰੇਰਨਾ ਕਰ ਰਹੇ ਹੋ, ਹੋਰ ਜਪ ਤਪ ਹੋਮ ਨੇਮ ਆਦਿ ਕਰਮ ਕਰਨ ਦੀ ਪ੍ਰੇਰਨਾ ਨਾ ਕਰ ਕੇ ਸਿੰਮ੍ਰਿਤੀਆਂ ਸ਼ਾਸਤ੍ਰਾਂ ਦਾ ਵਿਰੋਧ ਨਹੀਂ ਕਰ ਰਹੇ'? ਹਜ਼ੂਰ ਫ਼ੁਰਮਾਇਆ,

'ਪੰਡਤ ਜੀ! ਸਿੰਮ੍ਰਿਤੀਆਂ ਅਤੇ ਸ਼ਾਸਤ੍ਰ ਵੀ ਮੂਲ-ਰੂਪ ਵਿਚ ਏਸੇ ਕਰਮ ਦੀ ਹੀ ਪ੍ਰੇਰਨਾ ਕਰਦੇ ਹਨ, ਬਾਕੀ ਦਾ ਕੋਈ ਮਹੱਤਵ ਨਹੀਂ ਹੈ ਅਰ ਧਰੂ, ਪ੍ਰਹਿਲਾਦ ਅਰ ਸ੍ਰੀ ਰਾਮ ਜੀ ਆਦਿ ਨੇ ਵੀ ਗੁਰ-ਗੋਵਿੰਦ ਦਾ ਹੀ ਆਰਾਧਨ ਕੀਤਾ ਹੈ। ਗੰਗਾ ਕਿਨਾਰੇ ਆ ਕੇ ਬੈਠੇ ਸਭਨਾਂ ਰਿਸ਼ੀਆਂ ਮੁਨੀਆਂ ਦਾ ਇਹੀ ਆਦੇਸ਼ ਸੀ ਕਿ ਸ਼ਨਾਨ ਕਰ ਕੇ ਕਿਨਾਰੇ 'ਤੇ ਬੈਠ ਉਸ ਕਰਤਾਰ ਦਾ ਚਿੰਤਨ ਕਰੋ, ਮਨ ਦੀ ਮੈਲ ਦੂਰ ਹੋ ਜਾਵੇਗੀ ਅਰ ਜੀਵਨ ਸੁਖੀ ਹੋ ਜਾਵੇਗਾ ਪਰ, ਹੋਇਆ ਇਹ ਕਿ ਇਥੇ ਆਉਣ ਵਾਲਿਆਂ ਨੂੰ ਸਰੀਰ ਦੀ ਮੈਲ ਧੋਣੀ ਤਾਂ ਯਾਦ ਰਿਹਾ ਪਰ ਸੁਰਤੀ ਦੀ ਮੈਲ ਨੂੰ ਧੋਣਾ ਵਿਸਰ ਗਿਆ, ਸੁਰਤੀ ਨੂੰ ਧੋਤਾ ਜਾ ਸਕਦਾ ਸੀ -ਕਰਤਾਰ ਨਾਲ ਜੁੜ ਕੇ/ ਉਸ ਦਾ ਨਾਮ ਜਪ ਕੇ- ਉਧਰ ਧਿਆਨ ਨਾ ਦਿਤਾ। ਇਸ ਦੀ ਥਾਂ ਲੋੜਵੰਦ ਪੁਜਾਰੀ ਬ੍ਰਾਹਮਣਾਂ ਨੇ ਕਰਮ-ਕਾਂਡ ਦਾ ਪਸਾਰਾ ਕਰ ਦਿੱਤਾ। ਉਨ੍ਹਾਂ ਨੂੰ ਦਾਨ ਦੇਣਾ ਅਰ ਉਨ੍ਹਾਂ ਮਾਇਆ ਲੈ ਕੇ ਇਨ੍ਹਾਂ ਲਈ ਮੰਤ੍ਰ-ਜਾਪ ਕਰਨੇ ਆਦਿ ਵਿਹਾਰ ਵਾਲੇ ਪਾਸੇ ਜਗਤ ਨੂੰ ਤੋਰ ਦਿੱਤਾ। ਪੰਡਿਤ ਜੀ! ਜੇ ਭਾੜਾ ਦੇ ਕੇ ਕਿਸੇ ਦੀ ਸਾਧਨਾ ਨਾਲ ਆਪਣਾ ਜੀਵਨ ਪਵਿੱਤਰ ਬਣਾਇਆ ਜਾ ਸਕਦਾ ਹੋਵੇ ਤਾਂ ਧਰੂ, ਪ੍ਰਹਿਲਾਦ, ਸ੍ਰੀ ਰਾਮ, ਸੁਕਦੇਵ ਜੀ ਅਰ ਹੋਰਨਾਂ ਨੂੰ ਆਪ ਗੋਵਿੰਦ ਸਿਮਰਨ ਕਰਨ ਦੀ ਕੀਹ ਲੋੜ ਸੀ? ਧਨ ਅਤੇ ਪ੍ਰਵਾਰ ਕਰ ਕੇ ਇਹ ਸਭ ਸਮਰੱਥ ਸਨ। ਇਹ ਸਭ ਕੁਝ ਵਿਚਾਰਦਿਆਂ ਗੁਰੂ-ਬਾਬਾ ਜੀ ਨੇ ਸਮਾਜ ਵਿਚ ਪਸਰੇ ਹੋਏ ਇਨ੍ਹਾਂ ਸਭ ਫੋਕਟ ਅਤੇ ਅਗਿਆਨੀ ਕਰਮਾਂ ਦਾ ਤਿਆਗ ਕਰ ਕੇ ਕੇਵਲ ਗੁਰਮਤ ਅਨੁਸਾਰ ਕਰਤਾਰ ਦਾ ਆਰਾਧਨ ਭਾਵ ਉਸ ਦੇ ਗੁਣਾਂ ਦਾ ਧਿਆਨ ਕਰ ਕੇ ਆਪ ਉਨ੍ਹਾਂ ਦਾ ਧਾਰਨੀ ਹੋਣ ਦੇ ਮਾਰਗ 'ਤੇ ਸਾਨੂੰ ਤੋਰਿਆ ਹੈ।

ਇਹ ਬਹੁਤ ਸੁਖੈਨ ਮਾਰਗ ਹੈ, ਇਸ 'ਤੇ ਹਰ ਕੋਈ ਭਾਵ ਅਮੀਰ-ਗ਼ਰੀਬ, ਰਾਜਾ ਰੰਕ ਬਿਨਾਂ ਕਿਸੇ ਵਿਚੋਲੇ ਦੇ ਚੱਲ ਸਕਦਾ ਹੈ। ਇਥੇ ਕਰਮ-ਕਾਂਡ ਦੀ ਕੋਈ ਉਲਝਣ ਨਹੀਂ ਜਦੋਂ ਵੀ ਕੋਈ ਕਰਤਾਰ ਦੀ ਸਿਫ਼ਤ-ਸਾਲਾਹ ਵਿਚ ਜੁੜੇਗਾ, ਹਿਰਦਾ ਨਿਰਮਲ ਹੋ ਜਵੇਗਾ, ਜੀਵਨ ਵਿਚ ਟਿਕਾਅ ਆ ਜਾਵੇਗਾ ਅਰ ਕਰਤਾਰੀ ਵਡਿਆਈਆਂ ਝੋਲੀ ਵਿਚ ਪੈ ਜਾਣਗੀਆਂ'।

'ਵਾਹ ਗੁਰੂ ਜੀ! ਤੁਸਾਂ ਜੋ ਆਪਣੇ ਵੱਡਿਆਂ ਸ੍ਰੀ ਰਾਮ, ਸੁਕਦੇਵ ਮੁਨੀ ਅਰ ਧਰੂ ਆਦਿ ਦੇ ਕਰਮਾਂ ਬਾਰੇ ਚੇਤਾ ਕਰਵਾਇਆ ਹੈ ਉਹ ਬਿਲਕੁੱਲ ਸੱਚ ਹੈ ਅਰ ਸਾਡੇ ਧਰਮ ਗ੍ਰੰਥ -ਵੇਦ, ਸਿੰਮ੍ਰਿਤੀਆਂ ਆਦਿ- ਮੁੱਢਲੇ ਤੌਰ 'ਤੇ ਇਹੀ ਉਪਦੇਸ਼ ਕਰਦੇ ਹਨ ਪਰ, ਸਾਰਾ ਸਮਾਜ ਔਝੜ ਪੈ ਗਿਆ ਹੈ ਜਿਸ ਨੂੰ ਆਪ ਜੀ ਸਹੀ ਮਾਰਗ 'ਤੇ ਲਿਆ ਰਹੇ ਹੋ, ਆਪ ਧੰਨ ਹੋ'!! ਐਸਾ ਕਹਿੰਦਿਆਂ ਸਤਿਕਾਰ ਵਿਚ ਸੀਸ ਨਿਵਾਇਆ ਅਰ ਕਹਿਣ ਲੱਗੇ ਸਾਡੇ ਧੰਨ ਭਾਗ ਜੋ ਆਪ ਉਚੇਚੇ ਇਥੇ ਆ ਕੇ ਸਾਡੇ ਵਰਗੇ ਭੁੱਲੇ ਹੋਇਆਂ ਨੂੰ ਸਿੱਧੇ ਰਾਹ ਪਾ ਰਹੇ ਹੋ, ਫਿਰ ਵੀ ਆਉਣਾ।

ਚਲਦਾ.....

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 38 'ਤੇ ਪੜ੍ਹੋ**

ਜਿਉਂ ਇਸਤ੍ਰੀ ਆਪਣੇ ਪਤੀ ਨੂੰ ਦੇਖ ਕੇ ਖੁਸ਼ ਹੁੰਦੀ ਹੈ, ਇਸੇ ਤਰ੍ਹਾਂ ਹਰੀ ਜਨ ਨਾਮ ਨੂੰ ਚਿਤਵਕੇ ਜਿਉਂਦਾ ਹੈ । ਜਿਉਂ ਪੁੱਤਰ ਨੂੰ ਦੇਖ ਕੇ ਮਾਂ ਜਿਉਂਦੀ ਹੈ ਤਿਉਂ ਤਾਣੇ ਪੇਟੇ ਦੀ ਤਰ੍ਹਾਂ ਹਰੀ ਜਨ ਪ੍ਰਭੂ ਨਾਲ਼ ਰਚਿਆ ਰਹਿੰਦਾ ਹੈ । "ਭਰਤਾ ਪੇਖਿ ਬਿਗਸੈ ਜਿਉ ਨਾਰੀ ॥ ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥1॥ ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ॥2॥ ਅੰਗ 198" । ਕਿਸੇ ਮਨੁੱਖ ਨੇ ਮਾਇਆ ਦਾ ਪਿਆਰ ਹਿਰਦੇ ਵਿਚ ਟਿਕਾ ਕੇ ਮਾਇਆ ਨਾਲ ਪ੍ਰੀਤ ਜੋੜੀ ਹੋਈ ਹੈ, ਕਿਸੇ ਨੇ ਮੋਹ ਤੇ ਅਪਮਾਨ ਨਾਲ਼ ਪ੍ਰੀਤ ਜੋੜੀ ਹੋਈ ਹੈ, ਪਰ ਹੇ ਨਾਨਕ! ਪ੍ਰਭੂ ਦੇ ਭਗਤਾਂ ਨੇ ਵਾਸ਼ਨਾ-ਰਹਿਤ ਪ੍ਰਭੂ ਨਾਲ਼ ਪ੍ਰੀਤ ਲਾਈ ਹੋਈ ਹੈ ਤੇ ਉਹ ਸਦਾ ਹਰੀ-ਭਗਵਾਨ ਨੂੰ ਸਿਮਰਦੇ ਰਹਿੰਦੇ ਹਨ । "ਕਿਨ ਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨ ਹੂੰ ਪ੍ਰੀਤਿ ਲਾਈ ਮੋਹ ਅਪਮਾਨ ॥ ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ॥2॥14॥66॥ ਅੰਗ 369" । ਭੁੱਖੇ ਆਦਮੀ ਨੂੰ ਖਾਣ ਲੱਗਿਆਂ ਸ਼ਰਮ ਨਹੀਂ ਆਉਂਦੀ, ਇਸੇ ਤਰ੍ਹਾਂ ਹਰੀ ਦਾ ਜਨ ਬੇਝਿਜਕ ਹੋ ਕੇ ਹਰੀ ਦੇ ਗੁਣ ਗਾਉਂਦਾ ਹੈ। "ਭੂਖੇ ਖਾਵਤ ਲਾਜ ਨ ਆਵੈ ॥ ਤਿਉ ਹਰਿ ਜਨੁ ਹਰਿ ਗੁਣ ਗਾਵੈ ॥1॥ ਅੰਗ 629"। ਜਿਵੇਂ ਪਪੀਹਾ (ਵਰਖਾ ਦੇ ਪਾਣੀ ਦੀ ਇਕ ਬੂੰਦ ਵਾਸਤੇ) ਜੰਗਲ ਜੰਗਲ ਉਦਾਸ ਹੋ ਕੇ ਫਿਰਦਾ ਹੈ, ਤਿਵੇਂ ਹੇ ਨਾਨਕ! ਹਰੀ ਦਾ ਜਨ ਪ੍ਰਭੂ ਦਾ ਨਾਮ ਮੰਗਦਾ ਹੈ; ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ । "ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥ ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹ-ਾਰਣੇ॥11॥ ਅੰਗ 1362" ।

**686. ਹਰੀ ਜਨ ਤੇ ਹੋਰ ਸੁੰਦਰ ਵਖਿਆਨ ਕੀ ਹਨ?**

ਹਰੀ ਜਨ ਸਾਧ (ਗੁਰੂ) ਦੀ ਸੰਗਤ ਵਿਚ ਹਰੀ ਦਾ ਜਸ ਕਰਦਾ ਹੈ ਤੇ ਉਹ ਸਾਰੇ ਰੋਗਾਂ ਤੋਂ ਮੁਕਤ ਹੋ ਜਾਂਦਾ ਹੈ ॥ "ਸਾਧਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ ਅੰਗ 281" । ਜਿੱਦਾਂ ਹੰਸ ਸਰੋਵਰ ਬਿਨਾ ਨਹੀਂ ਰਹਿ ਸਕਦਾ, ਉੱਦਾਂ ਹਰੀ ਜਨ ਹਰੀ ਦੀ ਸੇਵਾ (ਭਗਤੀ) ਬਿਨਾ ਕਿੱਦਾਂ ਰਹਿ ਸਕਦਾ ਹੈ? ਭਾਵ ਨਹੀਂ ਰਹਿ ਸਕਦਾ । "ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥1॥ ਅੰਗ 369" । ਮਾਇਆ ਦੇ ਭਰਮ ਵਿਚ ਅਗਿਆਨ ਦੇ ਧੰਧਿਆਂ ਵਿਚ ਸਾਰੀ ਦੁਨੀਆਂ ਸੁੱਤੀ ਪਈ ਹੈ । ਕੋਈ ਵਿਰਲਾ ਹਰੀ ਜਨ ਜਾਗਦਾ (ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦਾ ਹੈ । "ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ॥1॥ ਅੰਗ 380" । ਹਰੀ ਦਾ ਨਾਮ ਜਪ ਕੇ ਹਰੀ ਦਾ ਜਨ ਹਰੀ ਦਾ ਰੂਪ ਹੋ ਜਾਂਦਾ ਹੈ; ਹਰੀ ਤੇ ਹਰੀ ਦਾ ਜਨ ਇਕ ਹੋ ਜਾਂਦੇ ਹਨ । "ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੋ॥4॥9॥16॥ ਅੰਗ 449" । ਉਹ ਹਰੀ ਦਾ ਜਨ ਹਰੀ ਦੇ ਨਾਮ ਨੂੰ ਧਿਆਉਂਦਾ ਹੈ ਤੇ ਹਰੀ ਤੇ ਹਰੀ ਦਾ ਜਨ ਇਕ ਬਰਾਬਰ ਹੋ ਜਾਂਦੇ ਹਨ । "ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ ॥ ਅੰਗ 652"। ਹਰੀ ਦਾ ਜਨ ਉੱਤਮ ਭਗਤ ਅਖਵਾਉਂਦਾ ਹੈ ਤੇ ਪ੍ਰਭੂ ਦਾ ਹੁਕਮ ਮੰਨ ਕੇ ਪਰਮ ਸੁਖ ਪਾਉਂਦਾ ਹੈ । ਜੋ ਪ੍ਰਭੂ ਨੂੰ ਭਾਉਂਦਾ ਹੈ ਉਸੇ ਨੂੰ ਹੀ ਸਤਿ ਕਰਕੇ ਜਾਣਦਾ ਹੈ; ਪ੍ਰਭੂ ਦਾ ਭਾਣਾ ਮਨ ਵਿਚ ਵਸਾ ਕੇ ਰੱਖਦਾ ਹੈ । "ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥ ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥4॥ ਅੰਗ 480" । ਹਰੀ ਦਾ ਜਨ ਰਾਮ ਨਾਮ ਤੇ ਪ੍ਰਭੂ ਦੇ ਗੁਣ ਗਾਉਂਦਾ ਹੈ । ਜੇ ਕੋਈ ਉਸਦੀ ਨਿੰਦਾ ਕਰਦਾ ਹੈ ਤਾਂ ਉਹ ਆਪਣਾ ਗੁਣ ਨਹੀਂ ਗਵਾਉਂਦਾ । "ਹਰਿ ਜਨੁ ਰਾਮ ਨਾਮ ਗੁਨ ਗਾਵੈ ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥1॥ ਰਹਾਉ ॥ ਅੰਗ 719" । ਹਰੀ ਦਾ ਜਨ ਪ੍ਰਭੂ ਦੇ ਗੁਣ ਗਾ ਕੇ ਖਿੜਦਾ ਹੈ । "ਹਰਿ ਜਨੁ ਗੁਨ ਗਾਵਤ ਹਸਿਆ । ਅੰਗ 1319"। ਸਤਿਗੁਰੂ ਜੀ ਹਰੀ ਜਨ ਦੀ ਮਹਿਮਾ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਦਾਸ ਨਾਨਕ ਉਸ ਮਨੁੱਖ ਦੇ ਚਰਨ ਧੋਂਦਾ ਹੈ, ਜਿਹੜਾ ਨੀਚ ਜਾਤੀ ਦਾ ਹੋ ਕੇ ਹਰੀ ਦਾ ਜਨ ਹੈ, ਪ੍ਰਭੂ ਦਾ ਸੇਵਕ/ਭਗਤ ਹੈ। "ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕ-ਾਣੁ॥4॥4॥ ਅੰਗ 861" । ਜੇ ਕੋਈ ਮਨੁੱਖ ਮੈਨੂੰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਗੱਲ ਸੁਣਾਏ; ਤਾਂ ਮੈਂ ਉਸ ਤੋਂ ਸਦਕੇ ਜਾਵਾਂ, ਕੁਰਬਾਨ ਜਾਵਾਂ । ਉਹ ਮਨੁੱਖ ਭਲਾ ਹੈ, ਭਾਗਾਂ ਵਾਲ਼ਾ ਹੈ । ਹੇ ਪ੍ਰਭੂ! ਅਜਿਹੇ ਮਨੁੱਖ ਨੂੰ ਮਿਲਾ ਕੇ ਮੈਨੂੰ ਨਿਹਾਲ ਕਰੋ ।1।ਰਹਾਉ। "ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ ॥ ਤਿਸ ਕਉ ਹਉ ਬਲਿ ਬਲਿ ਬਾਲ ॥ ਸੋ ਹਰਿ ਜਨੁ ਹੈ ਭਲ ਭਾਲ ॥ ਹਰਿ ਹੋ ਹੋ ਹੋ ਮੇਲਿ ਨਿਹਾਲ॥1॥ ਰਹਾਉ ॥ ਅੰਗ 977" । ਜੋ ਹਰੀ ਜਨ ਕਰੇ ਉਹ ਨਿਹਚਲ (ਅਟੱਲ) ਹੁੰਦਾ ਹੈ! "ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥ ਅੰਗ 1152" । ਹਰੀ ਜਨ ਨੂੰ ਪ੍ਰਭੂ ਨੇ ਇਹ ਵਡਿਆਈ ਬਖ਼ਸ਼ੀ ਹੁੰਦੀ ਹੈ ਕਿ ਪ੍ਰਭੂ ਆਪਣੇ ਜਨ ਨੂੰ ਨਾਮ ਸਿਮਰਨ ਦੀ ਕਾਰ ਵਿਚ ਲਾਈ ਰੱਖਦਾ ਹੈ । "ਹਰਿ ਜਨ ਕਉ ਹਰਿ ਦੀਨ੍ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ ॥1॥ ਅੰਗ 1263" । ਜਿਸ ਹਰੀ ਜਨ ਦੇ ਮੱਥੇ ਉੱਤੇ ਭਾਗ ਹੁੰਦਾ ਹੈ, ਉਹ ਪ੍ਰਭੂ ਦਾ ਨਾਮ ਧਿਆਉਂਦਾ ਹੈ । ਜਿੱਥੇ ਦਰਗਾਹ ਵਿਚ ਪ੍ਰਭੂ (ਮਨੁੱਖ ਦੇ ਕੀਤੇ ਕਰਮਾਂ ਦਾ) ਲੇਖਾ ਮੰਗਦਾ ਹੈ, ਉੱਥੇ ਹਰੀ ਜਨ ਪ੍ਰਭੂ ਦਾ ਨਾਮ ਧਿਆਉਣ ਕਰਕੇ ਛੁੱਟ ਜਾਂਦਾ ਹੈ । "ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ ਮਥਈ ॥ ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇਥਈ ॥1॥ ਅੰਗ 1320" । ਉਹ ਹਰੀ ਜਨ ਵੱਡਾ ਤੇ (ਗੁਣਾਂ ਵਿਚ) ਪੂਰਨ ਹੈ ਜੋ ਪ੍ਰਭੂ ਦੇ ਡਰ-ਅਦਬ ਵਿਚ ਰਹਿ ਕੇ ਵੈਰਾਗ ਨਾਲ ਪ੍ਰਭੂ ਦੇ ਗੁਣ ਗਾਉਂਦਾ ਹੈ। "ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥3॥ ਅੰਗ 1334" ।

**ਚਲਦਾ...**

ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................
ADDRESS...................................................................
..........................................POST CODE...............................
TEL...........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* *SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**
*www.panjabtimes.uk Email: Panjabtimes@aol.com*

**ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ ਚਾਰ ਧਾਰਮਿਕ ਸੇਵਾਦਾਰਾਂ ਦੀ ਲੋੜ ਹੈ**

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵਿਖੇ 2 ਕੀਰਤਨ ਕਰਨ ਵਾਲੇ ਅਤੇ 2 ਤਬਲਾ ਵਾਦਕਾਂ ਦੀ ਤੁਰੰਤ ਲੋੜ ਹੈ। ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਨਿੱਤਨੇਮ, ਕੀਰਤਨ, ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

ਤਜ਼ਰਬਾ ਅਤੇ ਸ਼ਰਤਾਂ: ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

ਤਨਖਾਹ: ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀਆਂ ਅਰਜ਼ੀਆਂ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ ਉੱਤੇ ਭੇਜਣ ਦੀ ਕ੍ਰਿਪਾਲਤਾ ਕਰਨ । ਅਰਜ਼ੀਆਂ ਭੇਜਣ ਦੀ ਆਖ਼ਰੀ ਤਰੀਕ 8 ਮਈ 2026 ਹੈ ।

**4 VACANCIES for Tier-5 Religious Workers**

***4 Religious Workers Required:*** Role includes reciting from Guru Granth Sahib Ji. Perform Keertan (Singing Hymns) Tabla (drums), Serving Langer within Gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have right to work in U.K. and 3 years experience.

***Pay and Conditions:*** Required to be residing within the Gurdwara. Work 25 hours per week, statuary minimum wage and statuary holiday pay. ***Closing Date: 8th may 2026***

***For an application or more information contact:***
**President or General Secretary**

**SHRI GURU RAVIDASS TEMPLE**
**282 WESTERN ROAD, SOUTHALL, MIDDX. UB2 5JT**
**Tel: 020 8574 0245 / Fax: 020 8574 8967**

# ਜੁਝਾਰੂ ਸਿੱਖ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਯਾਦ ਕਰਦਿਆਂ

**28 ਅਪ੍ਰੈਲ ਨੂੰ ਜਨਮ ਦਿਨ ‘ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰਦੁਆਰਾ ਸੁਧਾਰ ਲਹਿਰ ਨੇ ਕੇਵਲ ਸੰਘਰਸ਼ਸ਼ੀਲ ਆਗੂ ਹੀ ਪੈਦਾ ਨਹੀਂ ਕੀਤੇ । ਸਗੋਂ ਆਪਣੇ ਅਕੀਦੇ ਤੇ ਵਿਸ਼ਵਾਸ ‘ਤੇ ਪਹਿਰਾ ਦਿੰਦਿਆਂ, ਸਿੱਖ ਹਿੱਤਾਂ ਪ੍ਰਤੀ ਪ੍ਰਤੀਬੱਧਤਾ ਨਾਲ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ ਦਾ ਮੁਕਾਬਲਾ ਕਰਦਿਆਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ‘ਤੇ ਵੀ ਪੂਰੇ ਉਤਰਨ ਵਾਲੇ ਵਿਰਲੇ ਹੀ ਹੁੰਦੇ ਹਨ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਤੇ ਰਾਜ ਸਭਾ ਦੇ ਮੈਂਬਰ ਵਜੋਂ ਜਿਸ ਪਦ ‘ਤੇ ਵੀ ਰਹੇ ਹਮੇਸ਼ਾ ਪੰਥ ਪ੍ਰਸਤ ਹੀ ਰਹੇ । ਜਥੇਦਾਰ ਊਧਮ ਸਿੰਘ ਨਾਗੋਕੇ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਜੀਵਨ ਦੇ ਹਰ ਮੋੜ ‘ਤੇ ਜੁਝਾਰੂ ਸਿੱਖ ਵਜੋਂ ਆਪਣੀ ਪਹਿਚਾਣ ਬਣਾਈ ਰੱਖੀ । ਇਸ ਪੰਥ ਸੇਵਕ ਦਾ ਜਨਮ 28 ਅਪ੍ਰੈਲ, 1894 ਈ: ਨੂੰ ਭਾਈ ਬੇਲਾ ਸਿੰਘ ਅਤੇ ਮਾਤਾ ਆਸ ਕੌਰ ਦੇ ਗ੍ਰਹਿ ਵਿਖੇ ਪਿੰਡ ਨਾਗੋਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । ਤਕੜੇ ਜੁੱਸੇ ਅਤੇ ਕੱਦ ਕਾਠ ਦੇ ਮਾਲਕ ਜਥੇਦਾਰ ਊਧਮ ਸਿੰਘ ਨੇ ਪਹਿਲਾਂ ਫ਼ੌਜ ਦੀ ਨੌਕਰੀ ਕੀਤੀ, ਪਰ ਛੇਤੀ ਹੀ ਫ਼ੌਜੀ ਨੌਕਰੀ ਨੂੰ ਅਲਵਿਦਾ ਆਖਕੇ 26 ਕੁ ਸਾਲ ਦੀ ਉਮਰ ਵਿੱਚ ਘਰ ਵਾਪਸ ਆ ਗਏ, 1920 ਅਜਿਹਾ ਵਰ੍ਹਾ ਸੀ ਜੋ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭਕ ਵਰ੍ਹਾ ਸੀ । ਪੂਰੇ ਜੋਸ਼-ਖਰੋਸ਼ ਨਾਲ ਗੁਰਧਾਮਾਂ ਦੀ ਅਜ਼ਾਦੀ ਦੀ ਲਹਿਰ ਵਿੱਚ ਕੁੱਦ ਪਏ । ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇ ਖਾਨੇ ਦੀਆਂ ਚਾਬੀਆਂ ਲੈਣ ਦੇ ਮਾਮਲੇ ਵਿੱਚ ਛੇ ਮਹੀਨੇ ਦੀ ਕੈਦ ਹੋਈ । ਇਸ ਤੋਂ ਛੇਤੀ ਪਿੱਛੋਂ ਗੁਰੂ ਕੇ ਬਾਗ ਮੋਰਚੇ ਵਿੱਚ ਇਕ ਸਾਲ ਦੀ ਕੈਦ ਕੱਟਣੀ ਪਈ । ਹੁਣ ਜਥੇਦਾਰ ਊਧਮ ਸਿੰਘ ਪੰਥਕ ਸਫ਼ਾਂ ਵਿੱਚ ਜਾਣੇ-ਪਛਾਣੇ ਸਿੱਖ ਆਗੂ ਬਣ ਚੁੱਕੇ ਸਨ । ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੈਸੀਅਤ ਵਿੱਚ ਆਪ ਨੇ ਜੈਤੋ ਦੇ ਮੋਰਚੇ ਦੇ ਪਹਿਲੇ ਜਥੇ ਦੀ ਅਗਵਾਈ ਕਰਨੀ ਸੀ । ਪਰ ਮੋਰਚੇ ਵਿੱਚ ਜਥਾ ਲੈ ਜਾਣ ਤੋਂ ਪਹਿਲਾਂ 8 ਫ਼ਰਵਰੀ, 1924 ਨੂੰ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਹੁਣ ਮੁੜ ਦੋ ਸਾਲ ਦੀ ਕੈਦ ਦੀ ਸਜ਼ਾ ਹੋਈ ।

ਜਦੋਂ 1926 ਈ: ਵਿੱਚ ਕੈਦ ਤੋਂ ਬਾਹਰ ਆਏ ਤਾਂ ਫਿਰ ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੜ ਜਥੇਦਾਰ ਨਿਯੁਕਤ ਕੀਤਾ ਗਿਆ । ਜਦੋਂ 1925 ਵਿੱਚ ਅੰਗ੍ਰੇਜ਼ ਹਕੂਮਤ ਨੇ ਗੁਰਦੁਆਰਾ ਐਕਟ ਬਣਾਇਆ ਤਾਂ ਜਥੇਦਾਰ ਊਧਮ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ । ਇਸ ਤੋਂ ਪਿੱਛੋਂ 1954 ਈ: ਤੱਕ ਕਿਸੇ-ਨਾ ਕਿਸੇ ਹੈਸੀਅਤ ਵਿੱਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੇਵਾਵਾਂ ਨਿਭਾਉਂਦੇ ਰਹੇ । ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਬੰਧਕੀ ਸੇਵਾਵਾਂ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਰਹੇ । ਸ੍ਰੀ ਗੁਰੂ ਰਾਮ ਦਾਸ ਨਿਵਾਸ (ਸਰਾਂ) ਦੀ ਉਸਾਰੀ ਵਿੱਚ ਵੀ ਸ਼ਲਾਘਾਯੋਗ ਕਾਰਜ ਕੀਤੇ । 1948 ਈ: ਅਤੇ 1952 ਈ: ਵਿੱਚ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਈਆਂ ।

1920 ਈ: ਤੋਂ ਹੀ ਆਪ ਕਾਂਗਰਸ ਪਾਰਟੀ ਨਾਲ ਸੰਬੰਧਿਤ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਯੋਗਦਾਨ ਪਾਉਂਦੇ ਰਹੇ । ਇਨ੍ਹਾਂ ਦਿਨਾਂ ਵਿੱਚ ਰਾਜਨੀਤੀ ਵਿੱਚ ਕਾਂਗਰਸ ਪਾਰਟੀ ਲਈ ਹਰ ਪੰਥ ਪ੍ਰਸਤ ਆਗੂ ਆਪਣਾ ਯੋਗਦਾਨ ਪਾਉਂਦਾ ਸੀ । ਕਿਉਂਕਿ ਕਾਂਗਰਸ ਦੇਸ਼ ਦੀ ਅਜ਼ਾਦੀ ਲਹਿਰ ਲਈ ਸੰਘਰਸ਼ ਵਿੱਚ ਜੁਟੀ ਹੋਈ ਸੀ । ਕਾਂਗਰਸ ਵੱਲੋਂ ਚਲਾਏ ਸਿਵਲ ਨਾ ਫ਼ੁਰਮਾਨੀ ਅੰਦੋਲਨ ਵਿੱਚ ਹਿੱਸਾ ਲੈਣ ਕਰਕੇ ਹਕੂਮਤ ਵੱਲੋਂ ਇਕ ਸਾਲ ਦੀ ਸਜ਼ਾ ਹੋਈ । 1942 ਈ: ਵਿੱਚ ਭਾਰਤ ਛੋੜੋ ਅੰਦੋਲਨ ਵਿੱਚ ਭਾਗ ਲੈਣ ਕਰਕੇ ਤਿੰਨ ਸਾਲ ਦੀ ਸਜ਼ਾ ਭੁਗਤੀ । ਜਦੋਂ ਜੇਲ੍ਹ ਤੋਂ ਬਾਹਰ ਆਏ ਤਾਂ 1946 ਈ: ਵਿੱਚ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਚੁਣੇ ਗਏ । ਦੇਸ਼ ਦੀ ਅਜ਼ਾਦੀ ਤੋਂ ਬਾਅਦ 1952 ਈ: ਵਿੱਚ ਆਪ ਨੂੰ ਭਾਰਤ ਸੇਵਕ ਸਮਾਜ ਦਾ ਮੁਖੀ ਬਣਾਇਆ ਗਿਆ । 1953 ਈ: ਵਿੱਚ ਕਾਂਗਰਸ ਪਾਰਟੀ ਵੱਲੋਂ ਰਾਜ ਸਭਾ ਮੈਂਬਰ ਵਜੋਂ ਨਾਮਜ਼ਦ ਹੋਏ । 1960 ਈ: ਤੱਕ ਰਾਜ ਸਭਾ ਵਿੱਚ ਇਸ ਪਦਵੀ ‘ਤੇ ਰਹੇ। 1960 ਈ: ਵਿੱਚ ਰਾਜ ਗੋਪਾਲ ਅਚਾਰੀਆ ਵੱਲੋਂ ਸ਼ੁਰੂ ਕੀਤੀ ਸੁਤੰਤਰ ਪਾਰਟੀ ਵਿੱਚ ਸ਼ਾਮਿਲ ਹੋ ਗਏ ਅਤੇ ਸੁਤੰਤਰ ਪਾਰਟੀ ਦੀ ਪੰਜਾਬ ਸ਼ਾਖਾ ਦੇ ਪਹਿਲੇ ਮੁਖੀ ਬਣੇ ।

ਅਕਾਲੀ ਦਲ ਨਾਲ ਸ਼ੁਰੂ ਤੋਂ ਹੀ ਸੰਬੰਧਿਤ ਰਹੇ । 1935 ਈ: ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ । 1942 ਵਿੱਚ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਨਾਲ ਮੱਤਭੇਦ ਹੋਣ ਕਰਕੇ ਉਨ੍ਹਾਂ ਦੇ ਧੜੇ ਤੋਂ ਵੱਖ ਹੋ ਗਏ । 1948 ਈ: ਵਿੱਚ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਮਾਸਟਰ ਤਾਰਾ ਸਿੰਘ ਨੂੰ ਹਰਾਇਆ । ਜਦੋਂ 1947 ਈ: ਵਿੱਚ ਦੇਸ਼ ਦੀ ਵੰਡ ਹੋਈ ਤਾਂ ਦੰਗਿਆਂ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਫਿਰਕੂ ਦੰਗਿਆਂ ਤੋਂ ਬਚਾਉਣ ਲਈ ਜਿਹੜੇ ਫਰਜ਼ਾਂ ਨੂੰ ਨਿਭਾਇਆ, ਉਸ ਦੀ ਪ੍ਰਸ਼ੰਸਾ ਹਰ ਸਰਬ-ਸਾਂਝੀਵਾਲਤਾ ਦੇ ਮੁਦਈ ਦੇਸ਼ ਵਾਸੀ ਦੀ ਜ਼ੁਬਾਨ ਉੱਪਰ ਸੀ ।

ਪੂਰੀ ਹਯਾਤੀ ਦੌਰਾਨ ਵਾਰ-ਵਾਰ ਜੇਲ੍ਹਾਂ ਵਿੱਚ ਰਹਿਣ ਕਰਕੇ ਸਿਹਤ ਖਰਾਬ ਰਹਿਣ ਲੱਗ ਪਈ । 11 ਜਨਵਰੀ, 1966 ਨੂੰ ਚੰਡੀਗੜ੍ਹ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ । ਇਸ ਜੁਝਾਰੂ ਸਿੱਖ ਆਗੂ ਦੀ ਯਾਦ ਅੱਜ ਵੀ ਲੋਕ-ਮਨਾਂ ਵਿੱਚ ਤਰੋ-ਤਾਜ਼ਾ ਹੈ ।

*ਮੋਬਾਈਲ : 98143-24040*

## ਇੰਗਲੈਂਡ ਦੇ ਅਸਮਾਨਾਂ 'ਚ ਮੁੜ ਉਡਣਗੇ ਸੋਨੇਲੇ ਬਾਜ਼

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਅਸਮਾਨਾਂ ਤੋਂ ਕਦੇ ਲਾਪਤਾ ਹੋ ਚੁੱਕੇ ਸੋਨੇਲੇ ਬਾਜ਼ ਹੁਣ ਮੁੜ ਇੱਥੇ ਵਸਾਏ ਜਾਣ ਦੀ ਯੋਜਨਾ ਤਹਿਤ ਵਾਪਸੀ ਕਰਨਗੇ। ਸਰਕਾਰ ਵੱਲੋਂ ਇਸ ਕੰਮ ਲਈ ਵੱਡੀ ਰਕਮ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਯੋਜਨਾ ਨੂੰ ਅਮਲ ਵਿੱਚ ਲਿਆਂਦਾ



ਜਾਵੇਗਾ। ਇਹ ਪੰਛੀ ਪੁਰਾਣੇ ਸਮਿਆਂ ਵਿੱਚ ਬੇਹਿਸਾਬ ਸ਼ਿਕਾਰ ਕਾਰਨ ਇੰਗਲੈਂਡ ਤੋਂ ਮਿਟ ਗਿਆ ਸੀ। ਹੁਣ ਜੰਗਲਾਂ ਅਤੇ ਕੁਦਰਤੀ ਇਲਾਕਿਆਂ ਦੀ ਸੰਭਾਲ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਇਸ ਦੀ ਮੁੜ ਵਸਾਹਟ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਯੋਜਨਾ ਦੇ ਪਹਿਲੇ ਪੜਾਅ ਵਿੱਚ ਕਿਸਾਨਾਂ, ਜਮੀਨ ਮਾਲਕਾਂ ਅਤੇ ਆਮ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਮਾਹਿਰਾਂ ਦੇ ਅਨੁਸਾਰ ਸੋਨੇਲਾ ਬਾਜ਼ ਪ੍ਰਕਿਰਤੀ ਦੇ ਸੰਤੁਲਨ ਲਈ ਬਹੁਤ ਮਹੱਤਵਪੂਰਨ ਹੈ। ਇਹ ਹੋਰ ਛੋਟੇ ਜਾਨਵਰਾਂ ਦੀ ਗਿਣਤੀ ਨੂੰ ਸੰਤੁਲਿਤ ਰੱਖਦਾ ਹੈ, ਜਿਸ ਨਾਲ ਕੁਦਰਤੀ ਵਾਤਾਵਰਣ ਸੁਧਰਦਾ ਹੈ। ਇਹ ਪੰਛੀ ਬਹੁਤ ਤੇਜ਼ ਅਤੇ ਤੀਖੀ ਨਜ਼ਰ ਵਾਲਾ ਹੁੰਦਾ ਹੈ, ਜੋ ਦੂਰੋਂ ਹੀ ਆਪਣੇ ਸ਼ਿਕਾਰ ਨੂੰ ਵੇਖ ਸਕਦਾ ਹੈ। ਹਾਲਾਂਕਿ ਕੁਝ ਕਿਸਾਨਾਂ ਨੇ ਚਿੰਤਾ ਜਤਾਈ ਹੈ ਕਿ ਇਹ ਪੰਛੀ ਭੇਡਾਂ ਦੇ ਬੱਚਿਆਂ ਲਈ ਖ਼ਤਰਾ ਬਣ ਸਕਦਾ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ ਅਤੇ ਇਹ ਪੰਛੀ ਜ਼ਿਆਦਾਤਰ ਮਰੇ ਹੋਏ ਜਾਨਵਰਾਂ 'ਤੇ ਨਿਰਭਰ ਕਰਦਾ ਹੈ। ਪਹਿਲਾਂ ਸਕਾਟਲੈਂਡ ਦੇ ਇਲਾਕਿਆਂ ਵਿੱਚ ਇਸ ਪੰਛੀ ਦੀ ਵਾਪਸੀ ਸਫਲ ਰਹੀ ਹੈ ਅਤੇ ਹੁਣ ਇੰਗਲੈਂਡ ਦੇ ਉੱਤਰੀ ਪਹਾੜੀ ਇਲਾਕਿਆਂ ਵਿੱਚ ਵੀ ਇਸੇ ਤਰ੍ਹਾਂ ਦੀ ਯੋਜਨਾ ਬਣਾਈ ਗਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਯੋਜਨਾ ਸਫਲ ਰਹੀ ਤਾਂ ਇਹ ਨਾ ਸਿਰਫ਼ ਇਕ ਵਿਰਲੇ ਪੰਛੀ ਦੀ ਵਾਪਸੀ ਹੋਵੇਗੀ, ਸਗੋਂ ਕੁਦਰਤੀ ਸੰਤੁਲਨ ਅਤੇ ਵਾਤਾਵਰਣ ਦੀ ਸੰਭਾਲ ਲਈ ਵੀ ਇਕ ਵੱਡਾ ਕਦਮ ਸਾਬਤ ਹੋਵੇਗੀ।

## ਗੁਰਦੁਆਰਾ ਰਾਮਗੜ੍ਹੀਆ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ –** ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ।
**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ। ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ।
**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ।
ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 24 ਅਪ੍ਰੈਲ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

## VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.
***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.
***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 24th APRIL 2026***

*For further information please contact* Ranjit singh Seehra
**RAMGARHIA SABHA DERBY**
278 ST. THOMAS ROAD, DERBY, DE23 8SY (U.K.)


For more information please contact : Ranjit singh Seehra 07729755864
Email: ranjitseehra2@gmail.com

**ਲੜੀਵਾਰ ਨਾਵਲ**

**ਲੇਖਕ**
**ਗੁਰਨਾਮ ਬਾਵਾ**
**M +91 83073 6430**



# ਬੰਦੂਕ ਤੋਂ ਕਲਮ ਤੱਕ




**ਲੁਧਿਆਣਾ ਆਉਂਦਿਆਂ ਰਸਤੇ ਵਿੱਚ ਪੁਲਸ ਨੇ ਉਸ ਨੂੰ ਦੋ ਵਾਰ ਨਾਕਿਆਂ 'ਤੇ ਰੋਕਿਆ । ਸਵਾਰੀਆਂ ਦੀ ਜਾਂਚ ਨਹੀਂ ਕੀਤੀ ਗਈ, ਸਿਰਫ਼ ਰੁਟੀਨ ਵਾਂਗ ਬੱਸ ਦਾ ਨੰਬਰ ਰਜਿਸਟਰ ਵਿੱਚ ਲਿਖ ਕੇ ਕੰਡਕਟਰ ਤੋਂ ਦਸਤਖ਼ਤ ਲਏ ਗਏ ਤੇ ਅੱਗੇ ਵੱਧਣ ਦਾ ਇਸ਼ਾਰਾ ਕਰ ਦਿੱਤਾ ਗਿਆ । ਕੰਵਲ ਦੇ ਮਨ ਨੇ ਇਕ ਪਲ ਲਈ ਸੋਚਿਆ - ਸ਼ਾਇਦ ਕਿਸਮਤ ਅਜੇ ਵੀ ਉਸ ਦਾ ਹੱਥ ਫੜੀ ਬੈਠੀ ਸੀ, ਸ਼ਾਇਦ ਕੁਦਰਤ ਆਪ ਉਸ ਨੂੰ ਬਚਾਉਣ ਲਈ ਤਿਆਰ ਸੀ ।**
**ਕੰਵਲ ਜਦੋਂ ਦਫ਼ਤਰ ਅੰਦਰ ਦਾਖਲ ਹੋਇਆ ਤਾਂ ਉਸ ਨੂੰ ਦੇਖ ਕੇ ਕੁਲਵਿੰਦਰ ਖੁਸ਼ੀ ਨਾਲ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਬਾਹਾਂ ਖੋਲ੍ਹ ਕੇ ਉਸ ਨੇ ਗਲਵੱਕੜੀ ਪਾਉਣ ਲਈ ਅੱਗੇ ਵੱਧਦਿਆਂ ਕਿਹਾ, ਆਹ ਮੇਰੇ ਯਾਰਾ ।।।। ਸ਼ੁਕਰ ਹੈ ਤੈਨੂੰ ਵੀ ਮੇਰੀ ਯਾਦ ਆਈ ।**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-3**

## ਭਾਗ 4

ਦੁਆਬੇ ਦੇ ਜਲੰਧਰ ਸ਼ਹਿਰ ਦੇ ਬਾਹਰਵਾਰ ਇਕ ਠਹਿਰ 'ਤੇ ਤਿੰਨ ਪੁਰਾਣੇ ਸੀਨੀਅਰ ਖਾੜਕੂ ਇਕ ਕਮਰੇ ਵਿੱਚ ਬੈਠੇ ਸਨ। ਬਾਹਰ ਸਿਰਫ਼ ਹਵਾ ਦੀਆਂ ਅਵਾਜ਼ਾਂ ਸਨ ਅੰਦਰ ਧੁੰਦਲੇ ਚਾਨਣ ਵਿੱਚ ਉਨ੍ਹਾਂ ਦੀਆਂ ਗੱਲਾਂ ਚੱਲ ਰਹੀਆਂ ਸਨ। ਇਹ ਗਰੁੱਪ ਵੀ ਕਦੇ ਉਸੇ ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦਾ ਹਿੱਸਾ ਸੀ ਪਰ ਲੀਡਰਸ਼ਿੱਪ ਤੋਂ ਬਿਨਾਂ ਲਵਾਰਿਸ ਹੋ ਗਿਆ ਸੀ। ਇਨ੍ਹਾਂ ਦੀ ਦੁਆਬੇ ਦੀ ਬਹੁਤੀ ਲੀਡਰਸ਼ਿੱਪ ਜਾਂ ਤਾਂ ਮਾਰੀ ਗਈ ਸੀ, ਕੁਝ ਵਿਦੇਸ਼ ਉਡ ਗਈ ਸੀ। ਮਜਬੂਰੀ ਸੀ, ਹੁਣ ਫੈਸਲਾ ਉਨ੍ਹਾਂ ਨੇ ਆਪਣੇ ਆਪ ਹੀ ਕਰਨਾ ਸੀ।

ਕਮਲਜੀਤ ਸਿੰਘ ਉਰਫ਼ ਕੰਵਲ ਏਰੀਆ ਕਮਾਂਡਰ ਦੀਆਂ ਅੱਖਾਂ ਵਿੱਚ ਅਜੇ ਵੀ ਅੱਗ ਮੱਚ ਰਹੀ ਸੀ। ਉਸ ਦੇ ਨਾਲ ਉਸ ਦੇ ਦੋ ਪੁਰਾਣੇ ਸਾਥੀ ਜੱਸਾ ਤੇ ਪੱਪੀ ਸਨ।

ਗੱਲਬਾਤ ਵਿੱਚ ਕਦੇ ਗਰਮੀ ਚੜ੍ਹ ਜਾਂਦੀ, ਕਦੇ ਠੰਡ ਪੈ ਜਾਂਦੀ। ਜੱਸਾ ਹੌਲੀ ਸੁਰ ਵਿੱਚ ਬੋਲਿਆ, ਕੰਵਲ ਵੇਖ, ਹਾਲਾਤ ਹੱਥੋਂ ਬਾਹਰ ਹੋਏ ਪਏ ਨੇ। ਕੁਝ ਸਮੇਂ ਲਈ ਇਨ੍ਹਾਂ ਪਿੰਡਾਂ-ਕਸਬਿਆਂ ਤੋਂ ਦੂਰ ਚਲੇ ਜਾਈਏ ਤਾਂ ਜੋ ਦੁਬਾਰਾ ਤਾਕਤ ਕੱਠੀ ਕਰ ਸਕੀਏ।

ਇਹ ਸੁਣ ਕੇ ਕੰਵਲ ਦੀਆਂ ਅੱਖਾਂ ਲਾਲ ਹੋ ਗਈਆਂ। ਉਸ ਨੇ ਤਿੱਖੇ ਲਹਿਜ਼ੇ ਵਿੱਚ ਜਵਾਬ ਦਿੱਤਾ, ਜੱਸਿਆ ਮੈਨੂੰ ਦੱਸ, ਭਖ਼ਦੇ ਮੈਦਾਨ ਵਿੱਚੋਂ ਭੱਜ ਜਾਣਾ ਕਾਇਰਤਾ ਨਹੀਂ? ਮੇਰੇ ਲਈ ਤਾਂ ਇਸ ਨਾਲੋਂ ਮਰ ਜਾਣਾ ਚੰਗਾ ਹੈ। ਕੀ ਅਸੀਂ ਆਪਣੇ ਉਨ੍ਹਾਂ ਸਾਥੀਆਂ ਦੀਆਂ ਕਸਮਾਂ ਭੁੱਲ ਗਏ ਜਿਹੜੇ ਸ਼ਹੀਦ ਹੋ ਗਏ? ਅਸੀਂ ਕਿਹਾ ਸੀ, ਜਿਉਣਾ-ਮਰਨਾ ਇਕੱਠੇ ਪਰ ਪਿੱਠ ਨਹੀਂ ਦਿਖਾਉਣੀ। ਤੁਸੀਂ ਜਾਣਾ ਹੈ ਤੇ ਜਾਉ ਮੈਂ ਕਿਸੇ ਨੂੰ ਨਹੀਂ ਰੋਕਦਾ।

ਕਮਰੇ ਦਾ ਮਾਹੌਲ ਤਣਾਅਪੂਰਨ ਹੋ ਗਿਆ। ਪੱਪੀ ਜੋ ਹੁਣ ਤੱਕ ਚੁੱਪ ਸੀ, ਅਚਾਨਕ ਗੁੱਸੇ ਨਾਲ ਬੋਲਿਆ, ਕੰਵਲ ਤੇਰੀਆਂ ਗੱਲਾਂ ਸੁਣ ਕੇ ਲਗਦੈ ਤੂੰ ਜਜ਼ਬਾਤ ਵਿੱਚ ਅੰਨ੍ਹਾ ਹੋ ਗਿਆ ਹੈਂ। ਦੱਸ ਸਾਡੇ ਕੋਲ ਬਚਿਆ ਕੀ ਹੈ? ਸਾਰੇ ਹਥਿਆਰ ਫੜੇ ਜਾ ਚੁੱਕੇ ਨੇ। ਨਾਲ ਦੇ ਲਗਪਗ ਸਾਰੇ ਸਾਥੀ ਸ਼ਹੀਦ ਹੋ ਗਏ ਨੇ। ਇਹ ਦੋ-ਤਿੰਨ ਰਿਵਾਲਵਰਾਂ ਨਾਲ ਅਸੀਂ ਕਿਹੜੀ ਜੰਗ ਲੜ ਸਕਦੇ ਹਾਂ, ਅਸੀਂ?

ਪੱਪੀ ਦੇ ਬੋਲਣ ਤੋਂ ਬਾਅਦ ਕਮਰੇ ਵਿੱਚ ਸਿਰਫ਼ ਚੁੱਪ ਪਸਰ ਗਈ। ਕੁਝ ਪਲ ਬਾਅਦ ਜੱਸਾ ਹੌਲੀ ਆਵਾਜ਼ ਵਿੱਚ ਬੋਲਿਆ, ਕੰਵਲ ਗੁੱਸੇ ਨਾਲ ਨਹੀਂ, ਸਮੇਂ ਦੀ ਨਬਜ਼ ਨੂੰ ਪਹਿਚਾਣ ਕੇ ਸੋਚ। ਕੁਝ ਮਹੀਨਿਆਂ ਲਈ ਚੁੱਪ ਹੋ ਕੇ ਰਹਿ ਜਾਣਾ ਲਹਿਰ ਨਾਲ ਦਗ਼ਾ ਨਹੀਂ। ਇਹ ਲੰਬੀ ਜੰਗ ਦੀ ਰਣਨੀਤੀ ਦਾ ਹਿੱਸਾ ਹੈ। ਪਹਿਲਾਂ ਅਸੀਂ ਨਵੇਂ ਹਥਿਆਰ ਇਕੱਠੇ ਕਰੀਏ, ਕੁਝ ਬਚੇ-ਖੁਚੇ ਸਾਥੀ ਲੱਭੀਏ...ਫਿਰ ਇਕ ਵੱਡਾ ਵਾਰ ਕਰੀਏ ਸਰਕਾਰ 'ਤੇ। ਤਦ ਹੀ ਮੂੰਹ-ਤੋੜ ਜਵਾਬ ਦੇ ਸਕਾਂਗੇ, ਇਨ੍ਹਾਂ ਜ਼ਾਲਮ ਹਾਕਮਾਂ ਨੂੰ।

ਕੰਵਲ ਨੇ ਦੋਵਾਂ ਸਾਥੀਆਂ ਵੱਲ ਵੇਖਿਆ। ਉਸ ਦੀਆਂ ਅੱਖਾਂ ਹਾਲੇ ਵੀ ਅੰਗਾਰ ਸੀ ਪਰ ਚਿਹਰੇ 'ਤੇ ਕੁਝ ਨਰਮੀ ਵੀ ਆ ਗਈ। ਬਾਹਰ ਦੀ ਹਵਾ ਦਾ ਸ਼ੋਰ ਹੋਰ ਵੀ ਤੇਜ਼ ਹੋ ਗਿਆ-ਜਿਵੇਂ ਉਹ ਉਨ੍ਹਾਂ ਦੀਆਂ ਗੱਲਾਂ ਦੀ ਗਵਾਹ ਹੋਵੇ।

ਮੱਧਮ ਬਲੱਬ ਦੀ ਰੋਸ਼ਨੀ ਵਿੱਚ ਤਿੰਨੇਂ ਸਾਥੀ ਬੈਠੇ ਸਨ। ਹਵਾ ਵਿੱਚ ਖ਼ਾਮੋਸ਼ੀ ਗੂੰਜ ਰਹੀ ਸੀ। ਕੰਵਲ ਦੀਆਂ ਅੱਖਾਂ ਸ਼ੱਕ ਨਾਲ ਭਰੀਆਂ ਹੋਈਆਂ ਸਨ। ਪਰ ਉਹ ਹੌਲੀ ਤਿੱਖੇ ਲਹਿਜ਼ੇ ਵਿੱਚ ਬੋਲਿਆ, ਜੱਸਿਆ ਦੱਸੇਂਗਾ, ਹਥਿਆਰਾਂ ਦਾ ਪ੍ਰਬੰਧ ਕਿਥੋਂ ਤੇ ਕਿਵੇਂ ਕਰੇਂਗਾ?

ਜੱਸਾ ਕੁਝ ਪਲ ਚੁੱਪ ਰਿਹਾ। ਫਿਰ ਸੰਭਲੇ ਸੁਰ ਵਿੱਚ ਬੋਲਿਆ, ਕੰਵਲ, ਸਭ ਤੋਂ ਪਹਿਲਾਂ ਸਾਡੇ ਲਈ ਤੇਰਾ ਜਿਊਂਦਾ ਰਹਿਣਾ ਬਹੁਤ ਜ਼ਰੂਰੀ ਹੈ। ਜੇ ਤੂੰ ਬਚਿਆ ਰਿਹਾ ਤਾਂ ਅਸੀਂ ਜਥੇਬੰਦੀ ਮੁੜ ਖੜ੍ਹੀ ਕਰ ਸਕਦੇ ਹਾਂ। ਮੈਂ ਯੂ.ਪੀ. ਦੇ ਪੀਲੀਭੀਤ ਬਾਜਪੁਰ ਜਾਵਾਂਗਾ। ਉਥੇ ਕਈ ਪੁਰਾਣੇ ਸਾਥੀ ਸ਼ਹੀਦ ਹੋਏ ਹਨ ਫੜੇ ਗਏ ਪਰ ਉਨ੍ਹਾਂ ਦੇ ਗੁਪਤ ਹਥਿਆਰ ਅਜੇ ਵੀ ਕਈ ਗੁਪਤ ਟਿਕਾਣਿਆਂ 'ਤੇ ਬਚੇ ਹੋਏ ਹਨ। ਮੇਰੇ ਉਥੇ ਦੋ ਤਿੰਨ ਜਾਣੂ ਹਨ।

ਜੱਸੇ ਨੇ ਇਕ ਸਾਹ ਭਰ ਕੇ ਫਿਰ ਕਿਹਾ, ਪੱਪੀ ਵਿਦੇਸ਼ ਵੱਲ ਜਾਵੇਗਾ ਫੰਡ ਕੱਠਾ ਕਰਨ ਲਈ। ਇਸ ਨੂੰ ਕਿਵੇਂ ਭੇਜਣਾ ਹੈ, ਉਸ ਦਾ ਪ੍ਰਬੰਧ ਵੀ ਮੈਂ ਕਰ ਲਿਆ ਹੈ। ਤੂੰ...ਤੂੰ ਬਸ ਆਪਣਾ ਧਿਆਨ ਰੱਖੀਂ, ਮੈਨੂੰ ਪਤਾ ਹੈ ਤੂੰ ਪੰਜਾਬ ਤੋਂ ਬਾਹਰ ਜਾ ਕੇ ਸਭ ਠੀਕ ਕਰ ਲਵੇਂਗਾ। ਤੇਰਾ ਬਚਣਾ ਵੀ ਸਭ ਤੋਂ ਜ਼ਰੂਰੀ ਹੈ।

ਕੰਵਲ ਨੇ ਠੰਡਾ ਸਾਹ ਲਿਆ ਤੇ ਆਪਣੇ ਮਨ ਅੰਦਰ ਹੀ ਬੋਲਿਆ, ਜੱਸੇ ਵੀਰ ਵੈਸੇ ਤਾਂ ਤੇਰੀਆਂ ਸਾਰੀਆਂ ਗੱਲਾਂ ਹੀ ਮੈਨੂੰ ਸ਼ੇਖ਼ ਚਿੱਲੀ ਦੀਆਂ ਕਹਾਣੀਆਂ ਵਰਗੀਆਂ ਲੱਗਦੀਆਂ ਹਨ, ਪਰ ਮੈਂ ਜਾਣਦਾ ਹਾਂ ਕਿ ਤੁਸੀਂ ਮੇਰੀ ਫ਼ਿਕਰ ਕਰ ਰਹੇ ਹੋ।

ਚੁੱਪ ਨੂੰ ਤੋੜਦਿਆਂ ਪੱਪੀ ਬੋਲਿਆ, ਕੰਵਲ, ਜੱਸਾ ਠੀਕ ਕਹਿ ਰਿਹਾ ਹੈ, ਸਮਾਂ ਬਦਲ ਗਿਆ ਹੈ। ਜਜ਼ਬਾਤ ਨਾਲ ਨਹੀਂ ਹੁਣ ਅਕਲ ਨਾਲ ਚੱਲਣ ਦੀ ਲੋੜ ਹੈ।

ਕੰਵਲ ਨੇ ਦੋਵਾਂ ਵੱਲ ਦੇਖਿਆ, ਉਸ ਦੀਆਂ ਅੱਖਾਂ ਸ਼ਾਂਤ ਤੇ ਚਿਹਰੇ 'ਤੇ ਨਰਮੀ ਸੀ। ਆਖ਼ਿਰਕਾਰ ਉਹ ਹੌਲੀ ਜਿਹਾ ਬੋਲਿਆ, ਠੀਕ ਹੈ ਆਪਾਂ ਇਕ ਮਹੀਨੇ ਬਾਅਦ ਇਸੇ ਠਿਕਾਣੇ 'ਤੇ ਮਿਲਾਂਗੇ।

ਕਮਰੇ ਵਿੱਚ ਖ਼ੁਸ਼ਕ ਹਵਾ ਚੱਲ ਰਹੀ ਸੀ। ਉਨ੍ਹਾਂ ਨੂੰ ਪਤਾ ਸੀ ਕਿ ਇਸ ਠਿਕਾਣੇ ਬਾਰੇ ਤਿੰਨਾਂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪਤਾ। ਸ਼ਾਇਦ ਇਸੇ ਤਰ੍ਹਾਂ ਦੇ ਦੋ-ਤਿੰਨ ਹੋਰ ਗੁਪਤ ਠਿਕਾਣਿਆਂ ਨੇ ਇਨ੍ਹਾਂ ਨੂੰ ਜਿਊਂਦੇ ਰੱਖਿਆ ਹੋਇਆ ਸੀ। ਤਿੰਨਾਂ ਦੀ ਆਪਸੀ ਯਾਰੀ ਐਨੀਂ ਗਹਿਰੀ ਸੀ ਕਿ ਉਹ ਸਕੇ ਭਰਾਵਾਂ ਤੋਂ ਵੀ ਵੱਧ ਇਕ-ਦੂਜੇ ਨਾਲ ਪਿਆਰ ਕਰਦੇ ਸਨ। ਪਿਆਰ ਹੀ ਨਹੀਂ ਉਹ ਇਕ ਦੂਜੇ ਦੀ ਖ਼ਾਤਿਰ ਜਾਨ ਵੀ ਦੇ ਸਕਦੇ ਸਨ।

ਸੂਰਜ ਡੁੱਬਣ ਤੋਂ ਪਹਿਲਾਂ ਹੀ ਕੰਵਲ ਲੁਧਿਆਣਾ ਦੇ ਟਰਾਂਸਪੋਰਟ ਨਗਰ ਪਹੁੰਚ ਗਿਆ। ਚਿਹਰੇ 'ਤੇ ਥਕਾਵਟ ਦੀਆਂ ਲਕੀਰਾਂ ਸਨ ਪਰ ਅੱਖਾਂ ਵਿੱਚ ਸਾਵਧਾਨੀ ਦੀ ਚਮਕ। ਉਹ ਆਲੇ-ਦੁਆਲੇ ਦੀਆਂ ਅਣਜਾਣ ਨਜ਼ਰਾਂ ਤੋਂ ਬਚਦਾ ਹੋਇਆ ਹੌਲੀ-ਹੌਲੀ ਕਦਮ ਚੁੱਕਦਾ ਇਕ ਦਫ਼ਤਰ ਵਿੱਚ ਦਾਖਲ ਹੋਇਆ। ਇਹ ਦਫ਼ਤਰ ਸੀ ਕੁਲਵਿੰਦਰ ਸਿੰਘ ਦਾ - ਉਸਦਾ ਪੁਰਾਣਾ ਸਾਥੀ, ਗਵਾਂਢੀ ਅਤੇ ਚੰਗਾ ਦੋਸਤ। ਪਰ ਦੋਸਤੀ ਦੇ ਬਾਵਜੂਦ ਕੰਵਲ ਦੇ ਮਨ ਵਿੱਚ ਇਕ ਡਰ ਦੇ ਕਾਰਣ ਕਿ ਕਿਤੇ ਉਸ ਕਰਕੇ ਕੁਲਵਿੰਦਰ ਨੂੰ ਕਿਸੇ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਚਿੰਤਾ ਨੇ ਉਸ ਨੂੰ ਘਰ ਛੱਡਣ ਤੋਂ ਬਾਅਦ ਕਦੇ ਵੀ ਉਸ ਨਾਲ ਮਿਲਣ ਨਾ ਦਿੱਤਾ। ਕੁਲਵਿੰਦਰ ਦਾ ਨਾਮ ਉਸ ਨੇ ਕਦੇ ਜੱਸੇ ਤੇ ਪੱਪੀ ਅੱਗੇ ਵੀ ਨਹੀਂ ਲਿਆ ਸੀ। ਪੈਸਿਆਂ ਦੀ ਘਾਟ ਨੇ ਕਈ ਵਾਰ ਉਸ ਦੇ ਦਿਲ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਸੀ ਪਰ ਉਹ ਕਦੇ ਵੀ ਦੋਸਤ ਦੇ ਦਰ 'ਤੇ ਮੰਗਣ ਨਹੀਂ ਸੀ ਗਿਆ।

ਲੁਧਿਆਣਾ ਆਉਂਦਿਆਂ ਰਸਤੇ ਵਿੱਚ ਪੁਲਸ ਨੇ ਉਸ ਨੂੰ ਦੋ ਵਾਰ ਨਾਕਿਆਂ 'ਤੇ ਰੋਕਿਆ। ਸਵਾਰੀਆਂ ਦੀ ਜਾਂਚ ਨਹੀਂ ਕੀਤੀ ਗਈ, ਸਿਰਫ਼ ਰੁਟੀਨ ਵਾਂਗ ਬੱਸ ਦਾ ਨੰਬਰ ਰਜਿਸਟਰ ਵਿੱਚ ਲਿਖ ਕੇ ਕੰਡਕਟਰ ਤੋਂ ਦਸਤਖ਼ਤ ਲਏ ਗਏ ਤੇ ਅੱਗੇ ਵੱਧਣ ਦਾ ਇਸ਼ਾਰਾ ਕਰ ਦਿੱਤਾ ਗਿਆ। ਕੰਵਲ ਦੇ ਮਨ ਨੇ ਇਕ ਪਲ ਲਈ ਸੋਚਿਆ - ਸ਼ਾਇਦ ਕਿਸਮਤ ਅਜੇ ਵੀ ਉਸ ਦਾ ਹੱਥ ਫੜੀ ਬੈਠੀ ਸੀ, ਸ਼ਾਇਦ ਕੁਦਰਤ ਆਪ ਉਸ ਨੂੰ ਬਚਾਉਣ ਲਈ ਤਿਆਰ ਸੀ।

ਕੰਵਲ ਜਦੋਂ ਦਫ਼ਤਰ ਅੰਦਰ ਦਾਖਲ ਹੋਇਆ ਤਾਂ ਉਸ ਨੂੰ ਦੇਖ ਕੇ ਕੁਲਵਿੰਦਰ ਖ਼ੁਸ਼ੀ ਨਾਲ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਬਾਹਾਂ ਖੋਲ੍ਹ ਕੇ ਉਸ ਨੇ ਗਲਵੱਕੜੀ ਪਾਉਣ ਲਈ ਅੱਗੇ ਵੱਧਦਿਆਂ ਕਿਹਾ, ਆਹ ਮੇਰੇ ਯਾਰਾ...। ਸ਼ੁਕਰ ਹੈ ਤੈਨੂੰ ਵੀ ਮੇਰੀ ਯਾਦ ਆਈ।

ਦੋਸਤ ਦੀਆਂ ਬਾਹਾਂ ਵਿੱਚ ਆ ਕੇ ਕੰਵਲ ਨੇ ਹੌਲੀ ਪਰ ਭਰੇ ਮਨ ਨਾਲ ਜਵਾਬ ਦਿੱਤਾ, ਯਾਦ ਤਾਂ ਉਨ੍ਹਾਂ ਦੀ ਆਉਂਦੀ ਐ, ਜਿਹੜੇ ਕਦੀ ਭੁੱਲੇ ਹੋਣ, ਤੂੰ ਤਾਂ ਹਮੇਸ਼ਾ ਮੇਰੀਆਂ ਯਾਦਾਂ ਵਿੱਚ ਰਹਿਨਾ ਏਂ।

ਕੁਲਵਿੰਦਰ ਨੇ ਉਸ ਦੀ ਪਿੱਠ ਥਾਪੜੀ ਅਤੇ ਖਿੜ ਕੇ ਬੋਲਿਆ, ਚੱਲ ਫਿਰ ਘਰ ਚਲਦੇ ਹਾਂ, ਐਥੇ ਦਫ਼ਤਰ ਦੀਆਂ ਕੰਧਾਂ ਅੰਦਰ ਦਿਲ ਦੀਆਂ ਗੱਲਾਂ ਨਹੀਂ ਹੁੰਦੀਆਂ।

ਕੁਝ ਪਲਾਂ ਬਾਅਦ ਦੋਵੇਂ ਘਰ ਦੇ ਸੋਫੇ 'ਤੇ ਬੈਠੇ ਚਾਹ ਪੀ ਰਹੇ ਸਨ। ਕੰਵਲ ਦੇ ਮਨ ਵਿੱਚ ਉਹ ਚੜ੍ਹਦੀ-ਉਤਰਦੀ ਰਹੀ, ਜਿਸ ਲਈ ਉਹ ਇਥੇ ਆਇਆ ਸੀ। ਪਰ ਉਸ ਦੇ ਬੋਲਣ ਤੋਂ ਪਹਿਲਾਂ ਹੀ ਕੁਲਵਿੰਦਰ ਨੂੰ ਉਸ ਦੀਆਂ ਅੱਖਾਂ ਦਾ ਗਿਆਨ ਸੀ। ਉਸ ਨੇ ਆਪਣੇ ਰਸੋਈਏ ਨੂੰ ਸੱਦਿਆ ਤੇ ਜੇਬ ਵਿੱਚੋਂ ਪੈਸੇ ਕੱਢ ਕੇ ਫੜਾਉਂਦੇ ਹੋਏ ਕਿਹਾ, ਜਾ ਕੇ ਬਾਹਰੋਂ ਤਾਜ਼ਾ ਪਨੀਰ ਲੈ ਆ। ਰਸੋਈਆ ਚਲਾ ਗਿਆ ਤਾਂ ਕੁਲਵਿੰਦਰ ਨੇ ਖ਼ੁਸ਼ ਹੁੰਦੇ ਪੁੱਛਿਆ, ਹਾਂ ਮੇਰੇ ਯਾਰਾ, ਹੁਣ ਦੱਸ ਤੇਰੀ ਕੀ ਸੇਵਾ ਕਰ ਸਕਦਾ ਹਾਂ?

**ਚਲਦਾ......**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ ! -ਸੰਪਾਦਕ

# ਡਾਕਟਰਾਂ ਦੀਆਂ ਮੁੱਲਵਾਨ ਸਿਹਤ-ਵੀਡੀਓ

ਪ੍ਰੋ: ਕੁਲਬੀਰ ਸਿੰਘ
9417153513



ਸੋਸ਼ਲ ਮੀਡੀਆ 'ਤੇ ਤੁਹਾਨੂੰ ਸੈਂਕੜੇ ਸਿਹਤ ਸੰਬੰਧੀ ਵੀਡੀਓ ਨਜ਼ਰ ਆਉਣਗੀਆਂ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਤੁਸੀਂ ਵੇਖੀਆਂ ਵੀ ਹੋਣਗੀਆਂ। ਪ੍ਰੇਗਿਤ ਵੀ ਹੋਏ ਹੋਵੋਗੇ। ਚੰਗੀਆਂ ਗੱਲਾਂ ਨੂੰ ਜੀਵਨ-ਸ਼ੈਲੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਵੀ ਕੀਤੀ ਹੋਵੇਗੀ। ਜ਼ਰੂਰ ਉਨ੍ਹਾਂ ਦਾ ਤੁਹਾਡੀ ਸਰੀਰਕ ਮਾਨਸਿਕ ਸਿਹਤ ਨੂੰ ਲਾਭ ਵੀ ਮਿਲਿਆ ਹੋਵੇਗਾ।

ਮੈਂ ਵੀ ਅਜਿਹੀਆਂ ਬਹੁਤ ਸਾਰੀਆਂ ਸਿਹਤ-ਵੀਡੀਓ ਵੇਖਦਾ-ਸੁਣਦਾ ਹਾਂ। ਪਰ ਮੈਨੂੰ ਉਹੀ ਵੀਡਓ, ਉਹੀ ਡਾਕਟਰ ਪ੍ਰਭਾਵਿਤ ਤੇ ਪ੍ਰੇਗਿਤ ਕਰਦੇ ਹਨ, ਜਿਨ੍ਹਾਂ ਦੀਆਂ ਗੱਲਾਂ ਕੁਦਰਤ-ਪੱਖੀ, ਸਿਹਤ-ਪੱਖੀ ਹੋਣ। ਜਿਨ੍ਹਾਂ ਦੀਆਂ ਗੱਲਾਂ ਸਿਹਤ-ਵਿਗਿਆਨ, ਇਲਾਜ-ਵਿਗਿਆਨ 'ਤੇ ਖਰੀਆਂ ਉੱਤਰਦੀਆਂ ਹੋਣ। ਜਿਹੜੇ ਇਲਾਜ-ਕਾਰੋਬਾਰ ਨੂੰ ਰੱਦ ਕਰਦਿਆਂ ਸਿਹਤ-ਪ੍ਰੇਮੀ, ਕੁਦਰਤ-ਪ੍ਰੇਮੀ ਬਣਨ ਦੀ ਪ੍ਰੇਰਨਾ ਦਿੰਦੇ ਹੋਣ। ਜਿਹੜੇ ਇਸ ਧਾਰਨਾ ਨੂੰ ਮੰਨਦੇ ਸਮਝਦੇ ਹੋਣ ਕਿ ਸਾਡਾ ਸਰੀਰ ਖ਼ੁਦ ਆਪਣੇ ਆਪ ਨੂੰ ਹੀਲ ਕਰਦਾ ਹੈ। ਅਸੀਂ ਉਸ ਨੂੰ ਸਹਿਯੋਗ ਦੇਣਾ ਹੁੰਦਾ ਹੈ, ਚੰਗੀ ਜੀਵਨ-ਸ਼ੈਲੀ ਨਾਲ, ਚੰਗੀ ਖੁਰਾਕ ਨਾਲ, ਕਸਰਤ ਨਾਲ, ਡੀਪ-ਬ੍ਰੀਦਿੰਗ ਨਾਲ। ਅਜਿਹੇ ਡਾਕਟਰਾਂ ਦੀਆਂ ਵੀਡੀਓ ਤੋਂ ਮੈਂ ਬੜਾ ਕੁਝ ਸਿੱਖਿਆ ਸਮਝਿਆ ਹੈ। ਬੜਾ ਲਾਭ ਉਠਾਇਆ ਹੈ।

ਸਭ ਤੋਂ ਪਹਿਲਾਂ ਜਿਹੜੇ ਡਾਕਟਰ ਸਾਹਿਬਾਨ ਦੀਆਂ ਵੀਡੀਓ ਨੇ ਮੈਨੂੰ ਪ੍ਰਭਾਵਿਤ ਪ੍ਰੇਗਿਤ ਕੀਤਾ, ਉਹ ਡਾਕਟਰ ਬਿਮਲ ਛਾਜੇੜ ਹਨ। ਐੱਮ. ਬੀ. ਬੀ. ਐੱਸ, ਐੱਮ.ਡੀ ਹਨ। ਜਦੋਂ ਉਨ੍ਹਾਂ ਕਲਕੱਤਾ ਦੇ ਮੈਡੀਕਲ ਕਾਲਜ ਤੋਂ ਐੱਮ. ਬੀ. ਬੀ. ਐੱਸ ਦੀ ਡਿਗਰੀ ਪ੍ਰਾਪਤ ਕੀਤੀ ਤਾਂ ਉਹ ਵੀ ਦਵਾਈਆਂ ਅਤੇ ਸਰਜਰੀ ਵਾਲੇ ਇਲਾਜ ਨੂੰ ਹੀ ਬਿਹਤਰੀਨ ਮੰਨਦੇ ਸਨ। ਪਰੰਤੂ ਅਗਲੇ ਹੀ ਸਾਲ ਜਦ ਉਹ ਦਿੱਲੀ ਦੇ ਪ੍ਰਸਿੱਧ ਹਸਪਤਾਲ ਵਿਚ ਦਿਲ ਦੇ ਮਾਹਿਰ ਡਾਕਟਰ ਵਜੋਂ ਸੇਵਾਵਾਂ ਦੇ ਰਹੇ ਸਨ ਤਾਂ ਸਾਰਾ ਕੁਝ ਵੇਖ ਸਮਝ ਕੇ ਉਨ੍ਹਾਂ ਦੀ ਸੋਚ ਬਦਲਣ ਲੱਗੀ। ਲਖਨਊ ਦੇ ਮੈਡੀਕਲ ਕਾਲਜ ਅਤੇ ਏਮਜ਼ ਵਿਚ ਰਹਿੰਦਿਆਂ ਅਨੇਕਾਂ ਤਜਰਬੇ ਕੀਤੇ। ਜਦ ਉਨ੍ਹਾਂ ਨੇ ਵੇਖਿਆ ਕਿ ਜੀਵਨ-ਸ਼ੈਲੀ, ਕਸਰਤ, ਖੁਰਾਕ ਅਤੇ ਤਣਾਅ-ਪ੍ਰਬੰਧ ਨਾਲ ਇਲਾਜ ਦਾ, ਸਮੁੱਚਾ ਸਿਸਟਮ ਅਤੇ ਡਾਕਟਰ ਭਾਈਚਾਰਾ ਵਿਰੋਧ ਕਰਦਾ ਹੈ ਤਾਂ ਉਨ੍ਹਾਂ ਏਮਜ਼ ਤੋਂ ਅਸਤੀਫ਼ਾ ਦੇ ਕੇ ਆਪਣੇ ਪੱਧਰ 'ਤੇ ਦਿਲ ਦੇ ਮਰੀਜ਼ਾਂ ਦਾ ਇਲਾਜ ਆਰੰਭ ਕੀਤਾ।

ਉਨ੍ਹਾਂ ਨੇ 'ਸਾਓਲ ਹਾਰਟ ਸੈਂਟਰ' ਨਾਂਅ ਹੇਠ ਪੂਰੇ ਭਾਰਤ ਚਿ ਇਲਾਜ ਕੇਂਦਰ ਖੋਲ੍ਹੇ ਅਤੇ ਕਾਮਯਾਬ ਹੋਏ। ਉਹ ਹੁਣ ਤੱਕ ਦਿਲ ਦੀ ਸਿਹਤ ਅਤੇ ਖੁਰਾਕ ਸੰਬੰਧੀ ਵੱਧ ਤੋਂ ਵੱਧ ਕਿਤਾਬਾਂ ਲਿਖ ਚੁੱਕੇ ਹਨ, ਜਿਹੜੀਆਂ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਈਆਂ ਹਨ।



ਡਾ. ਗੁਰਪਾਲ ਸਿੰਘ ਅਤੇ ਡਾ. ਹਰਸ਼ਿੰਦਰ ਕੌਰ



ਡਾ: ਅਮਰ ਸਿੰਘ ਆਜ਼ਾਦ

ਯੂਟਿਊਬ 'ਤੇ ਉਨ੍ਹਾਂ ਦੀਆਂ 50 ਤੋਂ ਵੱਧ ਵੀਡੀਓ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਦਿਲ ਦੀ ਸਿਹਤ ਦੇ ਹਰੇਕ ਪਹਿਲੂ ਸੰਬੰਧੀ ਗੱਲ ਕੀਤੀ ਹੈ। ਸਰਲ, ਸਪਸ਼ਟ, ਸੰਖੇਪ ਸ਼ਬਦਾਂ ਵਿਚ। ਉਹ ਦਿਲ ਦੀ ਚੀਰ-ਫਾੜ ਦੇ ਵਿਰੁੱਧ ਹਨ ਅਤੇ ਬਦਲਵੇਂ ਕੁਦਰਤੀ ਢੰਗ-ਤਰੀਕੇ ਵਰਤਣ ਲਈ ਉਤਸ਼ਾਹਿਤ ਕਰਦੇ ਹਨ। ਉਹ ਘਿਉ-ਤੇਲ ਤੋਂ ਵਰਜਦੇ ਹਨ। ਪ੍ਰਦੂਸ਼ਣ ਦੇ ਤਣਾਅ ਤੋਂ ਬਚਣ ਦੀ ਸਲਾਹ ਦਿੰਦੇ ਹਨ। ਸਿਹਤਮੰਦ ਹਲਕੀ ਖੁਰਾਕ ਖਾਣ ਲਈ ਕਹਿੰਦੇ ਹਨ। ਯੋਗਾ ਅਤੇ ਕਸਰਤ ਨੂੰ ਰੋਜ਼ਾਨਾ ਜੀਵਨ-ਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਦੇ ਹਨ।

ਡਾਕਟਰ ਅਮਰ ਸਿੰਘ ਆਜ਼ਾਦ ਦੂਸਰੇ ਡਾਕਟਰ ਹਨ, ਜਿਨ੍ਹਾਂ ਦੀਆਂ ਵੀਡੀਓ, ਗੱਲਬਾਤ, ਇੰਟਰਵਿਊ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹ ਸਹੀ ਮਾਅਨਿਆਂ ਵਿਚ ਸਹੀ ਸਲਾਹ ਦੇਣ ਵਾਲੇ ਡਾਕਟਰ ਸਨ। ਉਹ ਪਟਿਆਲਾ ਨਾਲ ਸੰਬੰਧਤ ਸਨ ਪਰ ਵੱਖ-ਵੱਖ ਸ਼ਹਿਰਾਂ ਵਿਚ ਨਿਸ਼ਚਤ ਤਰੀਕਾਂ ਨੂੰ ਪਹੁੰਚਦੇ ਸਨ। ਮੈਂ ਦੋ ਤਿੰਨ ਵਾਰ ਜਲੰਧਰ ਵਿਖੇ ਉਨ੍ਹਾਂ ਨੂੰ ਮਿਲਿਆ ਸਾਂ।

ਪ੍ਰਾਈਮ ਏਸ਼ੀਆ ਟੈਲੀਵਿਜ਼ਨ 'ਤੇ ਉਨ੍ਹਾਂ ਦੀਆਂ ਲੰਮੀਆਂ ਸਿਹਤ-ਇੰਟਰਵਿਊ ਸੁਣ ਕੇ ਮੈਂ ਉਨ੍ਹਾਂ ਦਾ ਵੱਡਾ ਪ੍ਰਸੰਸਕ ਬਣ ਗਿਆ ਸਾਂ। ਮਨ ਵਿਚ ਸੋਚਦਾ ਸਾਂ ਡਾਕਟਰ ਹੋਵੇ ਤਾਂ ਇਹੋ ਜਿਹਾ ਹੋਵੇ।ਕੋਵਿਡ 19 ਦੌਰਾਨ ਕੋਰੋਨਾ ਵਾਇਰਸ ਸੰਬੰਧੀ ਜਦ ਉਨ੍ਹਾਂ ਦਾ ਆਰਟੀਕਲ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਇਆ ਤਾਂ ਮੇਰੇ ਅੰਦਰ ਉਨ੍ਹਾਂ ਬਾਰੇ ਹੋਰ ਹੋਰ ਜਾਣਨ ਦੀ ਜਿਗਿਆਸਾ ਜਾਗ ਪਈ।

ਉਨ੍ਹਾਂ ਨੇ ਐੱਮ.ਬੀ.ਬੀ.ਐੱਸ ਕਰਨ ਉਪਰੰਤ ਪਹਿਲਾਂ ਬਾਲ ਚਕਿਤਸਾ ਅਤੇ ਫਿਰ ਸੋਸ਼ਲ ਮੈਡੀਸਨ ਦੇ ਖੇਤਰ ਵਿਚ ਐੱਮ.ਡੀ. ਕੀਤੀ। ਇਸ ਨੂੰ ਕਮਿਊਨਿਟੀ ਮੈਡੀਸਨ ਵੀ ਕਿਹਾ ਜਾਂਦਾ ਹੈ। ਇਹ ਮੈਡੀਕਲ ਸਾਇੰਸ ਦੀ ਉਹ ਸ਼ਾਖਾ ਹੈ ਜੋ ਕਿਸੇ ਇਕ ਵਿਅਕਤੀ ਦੀ ਬਜਾਏ ਪੂਰੇ ਸਮਾਜ ਜਾਂ ਭਾਈਚਾਰੇ ਦੀ ਸਿਹਤ ਨੂੰ ਸੁਧਾਰਨ, ਬਿਮਾਰੀਆਂ ਨੂੰ ਰੋਕਣ ਅਤੇ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ ਲਈ ਸਿੱਖਿਅਤ ਕਰਨ 'ਤੇ ਜ਼ੋਰ ਦਿੰਦੀ ਹੈ।

ਬਿਮਾਰੀ ਦੇ ਇਲਾਜ ਨਾਲੋਂ ਬਿਮਾਰੀ ਨੂੰ ਹੋਣ ਤੋਂ ਪਹਿਲਾਂ ਰੋਕਣਾ ਇਸ ਦਾ ਮੁੱਖ ਮਕਸਦ ਹੁੰਦਾ ਹੈ। ਇਹ ਪੌਸ਼ਟਿਕ ਖੁਰਾਕ ਬਾਰੇ ਜਾਗਰੂਕਤਾ 'ਤੇ ਜ਼ੋਰ ਦਿੰਦੀ ਹੈ। ਇਹ ਸਮੂਹਕ ਸਿਹਤ ਸੰਭਾਲ ਦਾ ਵਿਗਿਆਨ ਹੈ।

30 ਸਾਲ ਦੀਆਂ ਸਿਹਤ-ਸੇਵਾਵਾਂ ਦੌਰਾਨ ਉਹ ਸੀਨੀਅਰ ਮੈਡੀਲ ਅਫ਼ਸਰ ਦੇ ਅਹੁਦੇ 'ਤੇ ਵੀ ਰਹੇ। ਅਸਿਸਟੈਂਟ ਪ੍ਰੋਫ਼ੈਸਰ ਵਜੋਂ ਬਾਬਾ ਫ਼ਰੀਦ ਯੂਨੀਵਰਸਿਟੀ ਵਿਚ ਪੜ੍ਹਾਇਆ ਵੀ। ਉਹ ਕੁਦਰਤੀ ਢੰਗ ਨਾਲ ਵਿਅਕਤੀ ਨੂੰ ਤੰਦਰੁਸਤ ਰੱਖਣ ਅਤੇ ਮਰੀਜ਼ ਨੂੰ ਠੀਕ ਕਰਨ 'ਤੇ ਜ਼ੋਰ ਦਿੰਦੇ ਹਨ। ਉਹ ਕਣਕ ਅਤੇ ਦੁੱਧ ਬੰਦ ਕਰਨ ਲਈ ਕਹਿੰਦੇ ਹਨ ਕਿਉਂਕਿ ਇਹ ਦੋਵੇਂ ਚੀਜ਼ਾਂ ਅੱਜ ਖਾਣ-ਪੀਣ ਦੇ ਯੋਗ ਨਹੀਂ ਰਹੀਆਂ। ਮਿੱਠਾ ਨਾਮਾਤਰ ਵਰਤਣ ਲਈ ਪ੍ਰੇਰਦੇ ਹਨ। ਇਨ੍ਹਾਂ ਗੱਲਾਂ 'ਤੇ ਕਿਸੇ ਹੱਦ ਤੱਕ ਅਮਲ ਕਰਕੇ ਮੈਨੂੰ ਬੜਾ ਲਾਭ ਮਿਲਿਆ ਹੈ। ਮੈਂ ਅਕਸਰ ਉਨ੍ਹਾਂ ਨੂੰ ਯਾਦ ਕਰਦਾ ਹਾਂ। ਕਣਕ ਦੀ ਜਗ੍ਹਾ ਉਹ ਮਿਲਟ ਵਰਤਣ 'ਤੇ ਜ਼ੋਰ ਦਿੰਦੇ ਸਨ। ਸਮੁੱਚੇ ਇਲਾਜ ਅਤੇ ਸੰਪੂਰਨ ਤੰਦਰੁਸਤੀ 'ਤੇ ਧਿਆਨ ਕੇਂਦ੍ਰਿਤ ਕਰਦੇ ਸਨ। ਇਹ ਸਰੀਰਕ ਬਿਮਾਰੀ ਠੀਕ ਕਰਨ ਦੀ ਬਜਾਏ ਮਨੁੱਖ ਦੇ ਸਰੀਰ, ਮਨ ਅਤੇ ਆਤਮਾ ਨੂੰ ਇਕੱਠਿਆਂ ਤੰਦਰੁਸਤ ਕਰਨ ਦੀ ਪ੍ਰਕਿਰਿਆ ਹੈ। ਕੁਦਰਤੀ ਇਲਾਜ ਅਤੇ ਯੋਗਾ ਉਨ੍ਹਾਂ ਦੀ ਇਲਾਜ-ਵਿਧੀ ਦਾ ਕੇਂਦਰ-ਬਿੰਦੂ ਸਨ। ਇਸੇ ਲਈ ਉਨ੍ਹਾਂ ਨੇ ਪਟਿਆਲਾ ਵਿਖੇ 'ਨੇਚਰ ਕਿਓਰ ਸੈਂਟਰ' ਖੋਲ੍ਹਿਆ ਹੋਇਆ ਸੀ। ਦੂਰੋਂ-ਦੂਰੋਂ ਮਰੀਜ਼ ਆਉਂਦੇ ਸਨ ਅਤੇ ਵਾਰੀ ਲਈ ਉਡੀਕ ਕਰਨੀ ਪੈਂਦੀ ਸੀ।

ਤੀਸਰੇ ਨੰਬਰ 'ਤੇ ਡਾ. ਹਰਸ਼ਿੰਦਰ ਕੌਰ ਅਤੇ ਡਾ. ਗੁਰਪਾਲ ਸਿੰਘ ਦੀ ਜੋੜੀ ਹੈ। ਇਹ ਵੀ ਪਟਿਆਲਾ ਨਾਲ ਸੰਬੰਧਤ ਹਨ ਅਤੇ ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਿਤ ਹਨ। ਮੈਨੂੰ ਉਹੀ ਡਾਕਟਰ ਭਾਉਂਦਾ ਹੈ, ਜਿਹੜਾ ਸਿੱਧੇ, ਸਰਲ, ਸਪਸ਼ਟ ਢੰਗ ਨਾਲ ਮਰੀਜ਼ ਨੂੰ, ਲੋਕਾਂ ਨੂੰ ਬਿਮਾਰੀ ਬਾਰੇ, ਇਲਾਜ ਬਾਰੇ, ਖੁੱਲ੍ਹ ਕੇ ਸਮਝਾ ਦੇਵੇ। ਕੋਈ ਓਹਲਾ ਨਾ ਰੱਖੇ ਅਤੇ ਇਮਾਨਦਾਰੀ ਦਾ ਪੱਲਾ ਨਾ ਛੱਡੇ।ਡਾ. ਹਰਸ਼ਿੰਦਰ ਕੌਰ ਰਜਿੰਦਰ ਹਸਪਤਾਲ ਪਟਿਆਲਾ ਵਿਖੇ ਬੱਚਿਆਂ ਦੇ ਮਾਹਿਰ ਡਾਕਟਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ। ਉਹ ਲਗਾਤਾਰ ਅਖ਼ਬਾਰਾਂ ਵਿਚ ਲਿਖਦੇ ਹਨ ਉਤੇ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾ ਚੁੱਕੇ ਹਨ। ਆਪਣੇ ਯੂਟਿਊਬ ਚੈਨਲ ਰਾਹੀਂ ਲੋਕਾਂ ਨੂੰ ਸਿਹਤ ਪ੍ਰਤੀ ਚੇਤੰਨ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਕੁਝ ਦੇਰ ਤੋਂ ਉਨ੍ਹਾਂ ਦੇ ਹਮਸਫ਼ਰ ਡਾ. ਗੁਰਪਾਲ ਸਿੰਘ ਵੀ ਉਨ੍ਹਾਂ ਦੇ ਇਸ ਯਤਨ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੁਆਰਾ ਸਮਝਾਏ ਸਿਹਤ-ਨੁਕਤੇ ਬੜੇ ਮਹੱਤਵਪੂਰਨ, ਬੜੇ ਮੁੱਲਵਾਨ, ਬੜੇ ਕਮਾਲ ਦੇ ਹੁੰਦੇ ਹਨ।

**ਸਿਹਤ ਦਾ ਮਾਮਲਾ ਸਿੱਧੇ ਤੌਰ 'ਤੇ ਖੁਰਾਕ, ਕਸਰਤ, ਤਣਾਅ, ਮਨ, ਕੁਦਰਤ ਅਤੇ ਇਲਾਜ ਨਾਲ ਜੁੜਿਆ ਹੈ। ਇਹਦੇ ਲਈ ਸਰੀਰਕ ਬਣਤਰ ਅਤੇ ਵੱਖ-ਵੱਖ ਅੰਗਾਂ ਦੀ ਕਾਰਜ-ਪ੍ਰਣਾਲੀ ਨੂੰ ਸਮਝਣ ਜਾਣਨ ਦੀ ਲੋੜ ਹੈ। ਕੀ ਕਰਨਾ ਹੈ, ਕੀ ਨਹੀਂ ਕਰਨਾ ਹੈ। ਕੀ ਖਾਣਾ ਹੈ, ਕੀ ਨਹੀਂ ਖਾਣਾ ਹੈ, ਇਸ ਪਿੱਛੇ ਕੀ ਵਿਵੇਕ ਹੈ, ਉਹ ਸਮਝਾਉਣਾ ਜ਼ਰੂਰੀ ਹੈ। ਇਹ ਸਾਰੇ ਡਾਕਟਰ ਇਹੀ ਜ਼ਿੰਮੇਵਾਰੀ ਨਿਭਾ ਰਹੇ ਹਨ।**

ਸਿਹਤ ਦਾ ਮਾਮਲਾ ਸਿੱਧੇ ਤੌਰ 'ਤੇ ਖੁਰਾਕ, ਕਸਰਤ, ਤਣਾਅ, ਮਨ, ਕੁਦਰਤ ਅਤੇ ਇਲਾਜ ਨਾਲ ਜੁੜਿਆ ਹੈ। ਇਹਦੇ ਲਈ ਸਰੀਰਕ ਬਣਤਰ ਅਤੇ ਵੱਖ-ਵੱਖ ਅੰਗਾਂ ਦੀ ਕਾਰਜ-ਪ੍ਰਣਾਲੀ ਨੂੰ ਸਮਝਣ ਜਾਣਨ ਦੀ ਲੋੜ ਹੈ। ਕੀ ਕਰਨਾ ਹੈ, ਕੀ ਨਹੀਂ ਕਰਨਾ ਹੈ। ਕੀ ਖਾਣਾ ਹੈ, ਕੀ ਨਹੀਂ ਖਾਣਾ ਹੈ, ਇਸ ਪਿੱਛੇ ਕੀ ਵਿਵੇਕ ਹੈ, ਉਹ ਸਮਝਾਉਣਾ ਜ਼ਰੂਰੀ ਹੈ। ਇਹ ਸਾਰੇ ਡਾਕਟਰ ਇਹੀ ਜ਼ਿੰਮੇਵਾਰੀ ਨਿਭਾ ਰਹੇ ਹਨ।

ਇਸ ਲੜੀ ਵਿਚ ਚੌਥੇ ਤੇ ਆਖ਼ਰੀ ਸ਼ਖ਼ਸ ਹਨ ਡਾਕਟਰ ਕੇ.ਪੀ.ਐੱਸ. ਸੇਖੋਂ। ਮੈਂ ਜਦ ਇਨ੍ਹਾਂ ਦੀਆਂ ਸਿਹਤ ਸੰਬੰਧੀ ਵੀਡੀਓ ਵੇਖੀਆਂ-ਸੁਣੀਆਂ ਤਾਂ ਬਿਲਕੁਲ ਉਵੇਂ ਪ੍ਰਭਾਵਿਤ ਹੋਇਆ ਜਿਵੇਂ ਡਾਕਟਰ ਅਮਰ ਸਿੰਘ ਆਜ਼ਾਦ ਦੀਆਂ ਲੰਮੀਆਂ ਟੈਲੀਵਿਜ਼ਨ ਇੰਟਰਵਿਊ ਸੁਣ ਕੇ ਹੋਇਆ ਸਾਂ। ਜਦ ਇਨ੍ਹਾਂ ਦੀਆਂ ਹੋਰ ਹੋਰ ਵੀਡੀਓ ਅਤੇ ਸਮਾਜਕ ਸਰਗਰਮੀਆਂ ਸੰਬੰਧੀ ਜਾਣਕਾਰੀ ਹਾਸਲ ਕੀਤੀ ਤਾਂ ਪਤਾ ਚੱਲਿਆ ਇਹ ਵੀ ਉਸੇ ਦਿਸ਼ਾ ਵਿਚ ਪੂਰੀ ਲਗਨ, ਪੂਰੀ ਸਮਰੱਥਾ, ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ। ਡਾ. ਸੇਖੋਂ ਗੰਭੀਰ ਅਤੇ ਲੰਮਾ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਦੇ ਮਾਹਰ ਹਨ। ਮਾਨਸਿਕ ਤੰਦਰੁਸਤੀ 'ਤੇ ਬਹੁਤ ਜ਼ੋਰ ਦਿੰਦੇ ਹਨ। ਸੰਪੂਰਨ ਇਲਾਜ ਅਤੇ ਪੂਰਨ ਸਿਹਤਯਾਬੀ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਹ ਡਾਕਟਰ ਹਨ, ਸਮਾਜ ਸੇਵਕ ਹਨ, ਦਾਰਸ਼ਨਿਕ ਹਨ। ਤਜਰਬੇਕਾਰ ਹਨ, ਗਿਆਨਵਾਨ ਹਨ, ਨੇਕ ਡਾਕਟਰ ਹਨ। ਉਨ੍ਹਾਂ ਦੀਆਂ ਗੱਲਾਂ, ਉਨ੍ਹਾਂ ਦੀ ਛੋਹ ਮਰੀਜ਼ ਨੂੰ ਸਰੀਰਕ ਮਾਨਸਿਕ ਰਾਹਤ ਦਿੰਦੀ ਹੈ। ਤੰਦਰੁਸਤੀ ਅਤੇ ਸਕੂਨ ਪ੍ਰਦਾਨ ਕਰਦੀ ਹੈ।ਉਨ੍ਹਾਂ ਦੀਆਂ ਸੈਂਕੜੇ ਸਿਹਤ-ਵੀਡਓ ਸੋਸ਼ਲ ਮੀਡੀਆ 'ਤੇ ਉਪਲਬਧ ਹਨ ਜਿਨ੍ਹਾਂ ਨੂੰ ਵੇਖ-ਸੁਣ ਕੇ ਮਰੀਜ਼ ਤੰਦਰੁਸਤ ਜੀਵਨ ਵੱਲ ਵੱਧ ਸਕਦੇ ਹਨ। ਜੀਵਨ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ, ਸਮਝਿਆ, ਜਾਣਿਆ ਹੈ।

ਜਦ ਇਕ ਸੈਮੀਨਾਰ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੀ ਲੰਮੀ ਵੀਡੀਓ ਵੇਖੀ ਤਾਂ ਮੈਂ ਡਾਕਟਰ ਸੇਖੋਂ ਦਾ ਵੱਡਾ ਪ੍ਰਸੰਸਕ ਬਣ ਗਿਆ।

ਮੈਨੂੰ ਲੱਗਦਾ ਇੰਝ ਪਾਠਕਾਂ ਨਾਲ ਗੱਲ ਸਾਂਝੀ ਕਰਕੇ ਮੈਂ ਉਪਰੋਕਤ ਡਾਕਟਰਾਂ ਦਾ ਕੁਝ ਕੁ ਰਿਣ ਉਤਾਰਨ ਦੇ ਯੋਗ ਹੋ ਸਕਿਆ ਹਾਂ।

# ਇੱਕ ਸਾਲ ਦੀ ਸਰਕਾਰ....!



ਸੰਦੀਪ ਕੁਮਾਰ
7009807121



ਜੇ ਤੁਸੀਂ ਇੱਕ ਵਾਰੀ ਇਸ ਗੱਲ ਤੇ ਗੰਭੀਰਤਾ ਨਾਲ ਵਿਚਾਰ ਕਰੋ ਤਾਂ ਲੱਗੇਗਾ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ "ਚੋਣਾਂ" ਉਸਦੀ ਕਮਜ਼ੋਰੀ ਵੀ ਹੈ। ਹਰ ਪੰਜ ਸਾਲ ਬਾਅਦ ਇੱਕ ਵੱਡਾ ਤਮਾਸਾ, ਜਿਸ ਵਿਚ ਰਾਜਨੀਤਿਕ ਪਾਰਟੀਆਂ ਆਪਣੀਆਂ ਝੋਲੀਆਂ ਭਰ ਲੈਂਦੀਆਂ ਹਨ ਅਤੇ ਜਨਤਾ ਆਪਣਾ ਜਮੀਰ ਵੇਚ ਕੇ ਉਨ੍ਹਾਂ ਝੋਲੀਆਂ ਵਿਚ ਆਪਣੀਆਂ ਉਮੀਦਾਂ ਭਰ ਦਿੰਦੀ ਹੈ। ਫਿਰ ਪੰਜ ਸਾਲ ਲੰਬੀ ਉਦਾਸੀ ਰਹਿੰਦੀ ਹੈ। ਇਸ ਉਦਾਸੀ ਨੂੰ ਖਤਮ ਕਰਨ ਲਈ ਇੱਕ ਨਵੀਂ ਤਜਵੀਜ਼ ਰੱਖੀ ਜਾ ਰਹੀ ਹੈ, ਜੇਕਰ ਤਰੱਕੀ ਕਰਾਉਣੀ ਹੈ ਤਾਂ ਸਰਕਾਰ ਚੁਣੋ ਇੱਕ ਸਾਲ ਦੀ। ਇਹ ਤਜਵੀਜ਼ ਸੁਣਨ ਨੂੰ ਬਿਲਕੁਲ ਵਿਅੰਗਮਈ ਲੱਗਦੀ ਹੈ, ਪਰ ਇਸ ਵਿਅੰਗ ਵਿਚ ਉਹ ਅਸਲੀਅਤ ਛੁਪੀ ਹੋਈ ਹੈ ਜੋ ਅਸੀਂ ਰੋਜ਼ ਦੇਖਦੇ ਹਾਂ।

ਚੋਣਾਂ ਦਾ ਮੌਸਮ ਆਉਂਦਾ ਹੀ ਹੈ ਕਿ ਹਰ ਸੂਬੇ ਵਿਚ ਰਾਜਨੀਤੀ ਦੇ ਖਿਡਾਰੀ ਆਪਣੀਆਂ ਮੁਫ਼ਤ ਦੀਆਂ ਰਿਓੜੀਆਂ ਲੈ ਕੇ ਬਾਹਰ ਨਿਕਲ ਆਉਂਦੇ ਹਨ। ਲੈ ਲਓ ਬਿਜਲੀ ਮੁਫ਼ਤ, ਲੈ ਲਓ ਪਾਣੀ ਮੁਫ਼ਤ, ਲੈ ਲਓ ਰਸੋਈ ਗੈਸ ਮੁਫ਼ਤ, ਲੈ ਲਓ ਲੈਪਟਾਪ, ਟੈਬਲੈਟ, ਸਾਈਕਲ ਤੇ ਸਮਾਰਟਫੋਨ। ਇਸ ਤੋਂ ਇਲਾਵਾ ਲਾਰਿਆਂ ਵਾਲੀਆਂ ਰਿਓੜੀਆਂ ਵੀ ਚੱਲਦੀਆਂ ਹਨ, ਜਿਵੇਂ ਨੌਕਰੀਆਂ ਦੇ ਵਾਅਦੇ, ਘਰ ਬਣਾਉਣ ਦੇ ਵਾਅਦੇ, ਫਸਲਾਂ ਲਈ ਬੋਨਸ। ਜਨਤਾ ਇਨ੍ਹਾਂ ਰਿਓੜੀਆਂ ਵੱਲ ਲਾਲਚੀ ਨਜ਼ਰ ਨਾਲ ਤੱਕਦੀ ਹੈ ਤੇ ਫਿਰ ਆਪਣਾ ਵੋਟ ਉਸ ਪਾਰਟੀ ਨੂੰ ਦੇ ਦਿੰਦੀ ਹੈ ਜੋ ਸਭ ਤੋਂ ਵੱਡੀ ਮੁੱਫਤ ਦੀ ਰਿਓੜੀ ਦਾ ਵਾਅਦਾ ਕਰਦੀ ਹੈ। ਇਸ ਲਾਲਚ ਵਿਚ ਜਨਤਾ ਆਪਣਾ ਜਮੀਰ ਵੀ ਵੇਚ ਦਿੰਦੀ ਹੈ। ਇੱਕ ਵਾਰ ਵੋਟ ਪੈ ਗਿਆ ਤਾਂ ਫਿਰ ਪੰਜ ਸਾਲ ਤੱਕ ਉਸੀ ਲਾਲਚੀ ਫੈਸਲੇ ਦਾ ਭੋਗ ਭੁਗਤਣਾ ਪੈਂਦਾ ਹੈ। ਇੱਕ ਵਿਅਕਤੀ ਦਾ ਲਾਲਚ ਸਾਰੇ ਸਮਾਜ ਲਈ ਨੁਕਸਾਨਦਾਇਕ ਬਣ ਜਾਂਦਾ ਹੈ। ਬਹੁ-ਗਿਣਤੀ ਵੋਟਰਾਂ ਨੇ ਗਲਤ ਪਾਰਟੀ ਚੁਣ ਲਈ ਤਾਂ ਫਿਰ ਪੂਰਾ ਸੂਬਾ ਉਸ ਗਲਤ ਫੈਸਲੇ ਦੀ ਕੀਮਤ ਚੁਕਾਉਂਦਾ ਹੈ। ਰੋਡ ਬਣਨ ਦੀ ਬਜਾਏ ਰਿਸ਼ਵਤਖੋਰੀ ਵਧਦੀ ਹੈ, ਹਸਪਤਾਲਾਂ ਵਿਚ ਦਵਾਈਆਂ ਦੀ ਬਜਾਏ ਲੀਡਰਾਂ ਦੀਆਂ ਤਸਵੀਰਾਂ ਲੱਗਦੀਆਂ ਹਨ ਤੇ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦੀ ਬਜਾਏ ਉਨ੍ਹਾਂ ਨੂੰ ਰਾਜਨੀਤੀ ਦਾ ਪਾਠ ਪੜ੍ਹਾਇਆ ਜਾਂਦਾ ਹੈ।

ਪਰ ਕਦੀ ਕਿਸੇ ਨੇ ਇਹ ਸੋਚਿਆ ਹੈ ਕਿ ਇਨ੍ਹਾਂ ਮੁਫ਼ਤ ਦੀਆਂ ਰਿਓੜੀਆਂ ਦਾ ਖਰਚਾ ਕਿਥੋਂ ਆਉਂਦਾ ਹੈ? ਇਹ ਪੈਸਾ ਟੈਕਸ ਧਾਰਕਾਂ ਦੀਆਂ ਜੇਬਾਂ ਵਿਚੋਂ ਨਿਕਲਦਾ ਹੈ। ਉਹ ਲੋਕ ਜੋ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਦੇ ਹਨ, ਆਪਣੀ ਤਨਖ਼ਾਹ ਵਿਚੋਂ ਟੈਕਸ ਕੱਟਵਾਉਂਦੇ ਹਨ ਤੇ ਉਸ ਟੈਕਸ ਨੂੰ ਦੇਸ਼ ਦੇ ਵਿਕਾਸ ਲਈ ਵਰਤਣਾ ਚਾਹੀਦਾ ਹੈ। ਪਰ ਇਹ ਪੈਸਾ ਰਾਜਨੀਤਿਕ ਪਾਰਟੀਆਂ ਅਸਿੱਧੇ ਢੰਗ ਨਾਲ ਵੋਟ ਖਰੀਦਣ ਲਈ ਬਰਬਾਦ ਕਰ ਦਿੰਦੀਆਂ ਹਨ। ਇੱਕ ਤਰ੍ਹਾਂ ਨਾਲ ਟੈਕਸ ਧਾਰਕ ਆਪਣੀਆਂ ਆਪਣੀਆਂ ਰਿਓੜੀਆਂ ਪੈਸੇ ਨਾਲ ਖਰੀਦ ਰਿਹਾ ਹੈ ਤੇ ਫਿਰ ਉਸੇ ਰਿਓੜੀ ਨਾਲ ਠੱਗਿਆ ਵੀ ਜਾ ਰਿਹਾ ਹੈ। ਇਸ ਤੋਂ ਵੱਡੀ ਮਜ਼ਾਕੀ ਗੱਲ ਹੋਰ ਕੀ ਹੋ ਸਕਦੀ ਹੈ? ਰਾਜਨੀਤਿਕ ਪਾਰਟੀਆਂ ਸੱਤਾ ਵਿਚ ਆਉਣ ਤੋਂ ਬਾਅਦ ਵਿਕਾਸ ਦਾ ਨਾਅਰਾ ਤਾਂ ਲਾਉਂਦੀਆਂ ਹਨ, ਪਰ ਉਨ੍ਹਾਂ ਦਾ ਅਸਲ ਮਕਸਦ ਸੱਤਾ ਤੇ ਕਬਜ਼ਾ ਬਣਾਈ ਰੱਖਣਾ ਹੁੰਦਾ ਹੈ, ਲੋਕਾਂ ਦਾ ਵਿਕਾਸ ਨਹੀਂ। ਇਸ ਲਈ ਉਨ੍ਹਾਂ ਨੇ ਇੱਕ ਫਾਰਮੂਲਾ ਬਣਾ ਲਿਆ ਹੈ। ਪਹਿਲੇ ਚਾਰ ਸਾਲ ਲੋਕਾਂ ਤੇ ਰੱਜ ਕੇ ਤਸ਼ੱਦਦ ਕਰੋ। ਟੈਕਸ ਵਧਾਓ, ਭ੍ਰਿਸ਼ਟਾਚਾਰ ਨੂੰ ਫੁੱਲਣ ਦਿਓ, ਨੌਕਰੀਆਂ ਦੇ ਨਾਮ ਤੇ ਰਿਸ਼ਤੇਦਾਰੀਆਂ ਚਲਾਓ ਤੇ ਲੋਕਾਂ ਦੀਆਂ ਉਮੀਦਾਂ ਦਾ ਘਾਣ ਕਰੋ। ਲੋਕ ਰੋਂਦੇ-ਪਿੱਟਦੇ ਰਹਿਣ, ਤੁਸੀਂ ਆਪਣੀਆਂ ਗੱਡੀਆਂ ਤੇ ਬੰਗਲਿਆਂ ਦਾ ਆਨੰਦ ਲੈਂਦੇ ਰਹੋ। ਫਿਰ ਜਿਵੇਂ ਹੀ ਪੰਜਵਾਂ ਸਾਲ ਆਉਂਦਾ ਹੈ, ਅਚਾਨਕ ਸਰਕਾਰ ਨੂੰ ਸੂਬੇ ਦੀਆਂ ਸਾਰੀਆਂ ਕਮੀਆਂ ਇੱਕੋ ਵਾਰ ਨਜ਼ਰ ਆਉਣ ਲੱਗਦੀਆਂ ਹਨ। ਰਾਤੋਂ ਰਾਤ ਉਹ ਤਤਪਰਤਾ ਵਿਖਾਉਣ ਲੱਗਦੀ ਹੈ ਜਿਸ ਤਤਪਰਤਾ ਨੂੰ ਚਾਰ ਸਾਲ ਤੱਕ ਉਨ੍ਹਾਂ ਨੇ ਆਪਣੀਆਂ ਤਿਜੋਰੀਆਂ ਭਰਨ ਵਿਚ ਲਗਾਇਆ ਸੀ।

ਪੰਜਵੇਂ ਸਾਲ ਵਿਚ ਅਚਾਨਕ ਰੁਜ਼ਗਾਰ ਯੋਜਨਾਵਾਂ ਦੇ ਇਸ਼ਤਿਹਾਰ ਛਪਣ ਲੱਗਦੇ ਹਨ। ਨਵੀਆਂ ਨਵੀਆਂ ਸੜਕਾਂ ਦੀਆਂ ਬੁਨਿਆਦਾਂ ਰੱਖੀਆਂ ਜਾਣ ਲੱਗਦੀਆਂ ਹਨ। ਹਸਪਤਾਲਾਂ ਵਿਚ ਡਾਕਟਰਾਂ ਦੀ ਭਰਤੀ ਦਾ ਐਲਾਨ ਹੁੰਦਾ ਹੈ ਤੇ ਸਕੂਲਾਂ ਵਿਚ ਬੈਠਕਾਂ ਲੱਗਣ ਲੱਗਦੀਆਂ ਹਨ। ਪੂਰਾ ਸੂਬਾ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਮੌਜੂਦਾ ਸਰਕਾਰ ਦੀ ਰਾਤ ਦੀ ਨੀਂਦ ਵਿਚ ਵੀ ਸਿਰਫ਼ ਸੂਬੇ ਦਾ ਵਿਕਾਸ ਹੀ ਘੁੰਮ ਰਿਹਾ ਹੈ। ਪਰ ਇਹ ਤਤਪਰਤਾ ਬਹੁਤੀ ਵਾਰ ਝੋਲੀ ਚੱਕਾਂ ਲਈ ਹੁੰਦੀ ਹੈ। ਇਸ਼ਤਿਹਾਰ ਤਾਂ ਛਪ ਜਾਂਦੇ ਹਨ, ਪਰ ਨੌਕਰੀਆਂ ਉਨ੍ਹਾਂ ਲੋਕਾਂ ਨੂੰ ਮਿਲਦੀਆਂ ਹਨ ਜਿਨ੍ਹਾਂ ਦੇ ਰਿਸ਼ਤੇ ਸੱਤਾ ਧਾਰੀਆਂ ਨਾਲ ਹਨ। ਨਵੀਆਂ ਸੜਕਾਂ ਦੀਆਂ ਬੁਨਿਆਦਾਂ ਰੱਖੀਆਂ ਜਾਣ ਤੋਂ ਬਾਅਦ ਉਨ੍ਹਾਂ ਦਾ ਕੰਮ ਸ਼ੁਰੂ ਹੋ ਜਾਂਦਾ ਹੈ ਤੇ ਉਹ ਬੁਨਿਆਦਾਂ ਚੋਣਾਂ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ। ਲੋਕ ਇਸ ਤਮਾਸ਼ੇ ਨੂੰ ਵੇਖਦੇ ਹਨ ਤੇ ਫਿਰ ਵੀ ਉਮੀਦ ਰੱਖਦੇ ਹਨ, ਕਿਉਂਕਿ ਲਾਲਚ ਫਿਰ ਉਨ੍ਹਾਂ ਨੂੰ ਘੇਰ ਲੈਂਦਾ ਹੈ। ਇਸ ਤੋਂ ਵੱਡਾ ਵਿਅੰਗ ਹੋਰ ਕੀ ਹੋ ਸਕਦਾ ਹੈ ਕਿ ਤਰੱਕੀ ਅਤੇ ਵਿਕਾਸ ਵਾਲੀ ਸੋਚ ਸਰਕਾਰ ਨੂੰ ਸਿਰਫ਼ ਆਖਰੀ ਸਾਲ ਵਿਚ ਹੀ ਆਉਂਦੀ ਹੈ? ਚਾਰ ਸਾਲ ਤੱਕ ਉਹ ਲੋਕਾਂ ਨੂੰ ਇਹ ਭਰਮ ਵਿਚ ਰੱਖਦੀ ਹੈ ਕਿ ਉਨ੍ਹਾਂ ਕੋਲ ਸਮਾਂ ਨਹੀਂ, ਉਨ੍ਹਾਂ ਨੇ ਵੱਡੀਆਂ ਯੋਜਨਾਵਾਂ ਬਣਾਉਣੀਆਂ ਹਨ। ਫਿਰ ਆਖਰੀ ਸਾਲ ਵਿਚ ਉਹ ਉਨ੍ਹੀਆਂ ਯੋਜਨਾਵਾਂ ਨੂੰ ਇੱਕੋ ਵਾਰ ਲਾਗੂ ਕਰਨ ਦਾ ਡਰਾਮਾ ਰਚਦੀ ਹੈ ਜੋ ਚਾਰ ਸਾਲ ਪਹਿਲਾਂ ਵੀ ਲਾਗੂ ਕੀਤੀਆਂ ਜਾ ਸਕਦੀਆਂ ਸਨ। ਇਸ ਡਰਾਮੇ ਦਾ ਨਤੀਜਾ ਇਹ ਹੁੰਦਾ ਹੈ ਕਿ ਸੂਬਾ ਕਰਜ਼ੇ ਵਿਚ ਡੁੱਬ ਜਾਂਦਾ ਹੈ, ਟੈਕਸ ਧਾਰਕਾਂ ਦੀ ਜੇਬ ਖਾਲੀ ਹੋ ਜਾਂਦੀ ਹੈ ਤੇ ਲੋਕ ਫਿਰ ਵੀ ਉਸੇ ਪਾਰਟੀ ਨੂੰ ਵੋਟ ਦੇ ਦਿੰਦੇ ਹਨ ਜਿਸ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ।

ਇਹ ਵਿਅੰਗ ਉਸ ਵਿਅਕਤੀ ਲਈ ਹੈ ਜੋ ਚੋਣਾਂ ਵੇਲੇ ਰਿਓੜੀਆਂ ਲੈ ਕੇ ਆਪਣਾ ਭਵਿੱਖ ਵੇਚਦਾ ਹੈ। ਇਹ ਉਸ ਸਰਕਾਰ ਲਈ ਹੈ ਜੋ ਚਾਰ ਸਾਲ ਲੋਕਾਂ ਨੂੰ ਲੁੱਟਦੀ ਹੈ ਤੇ ਇੱਕ ਸਾਲ ਵਿਚ ਡਰਾਮਾ ਰਚਦੀ ਹੈ। ਇਹ ਉਸ ਟੈਕਸ ਧਾਰਕ ਲਈ ਹੈ ਜੋ ਆਪਣੀ ਮਿਹਨਤ ਨਾਲ ਕਮਾਇਆ ਪੈਸਾ ਰਾਜਨੀਤੀ ਦੀਆਂ ਰਿਓੜੀਆਂ ਵਿਚ ਬਰਬਾਦ ਹੁੰਦਾ ਵੇਖਦਾ ਹੈ। ਜੇਕਰ ਇਸ ਤਜਵੀਜ਼ ਨੂੰ ਲਾਗੂ ਕੀਤਾ ਗਿਆ ਤਾਂ ਭਾਰਤ ਦੇ ਹਰ ਸੂਬੇ ਵਿਚ ਵਿਕਾਸ ਇੱਕ ਲਾਜ਼ਮੀ ਗੱਲ ਬਣ ਜਾਵੇਗੀ। ਸਰਕਾਰਾਂ ਨੂੰ ਹਰ ਸਾਲ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਨੇ ਲੋਕਾਂ ਲਈ ਕੀ ਕੀਤਾ ਹੈ।

ਇਸ ਲਈ ਇੱਕ ਸਾਲ ਦੀ ਸਰਕਾਰ ਵਾਲੀ ਤਜਵੀਜ਼ ਬਿਲਕੁਲ ਵਿਅੰਗਮਈ ਨਹੀਂ, ਸਗੋਂ ਅਸਲੀਅਤ ਤੋਂ ਬਹੁਤ ਨੇੜੇ ਹੈ। ਚੋਣਾਂ ਵਿਚ ਖਰਚਾ ਤਾਂ ਆਉਂਦਾ ਹੈ, ਪਰ ਇਹ ਖਰਚਾ ਉਸ ਲੁੱਟ ਦੇ ਮੁਕਾਬਲੇ ਬਹੁਤ ਘੱਟ ਹੈ ਜੋ ਚਾਰ ਸਾਲ ਵਿਚ ਹੁੰਦੀ ਹੈ। ਚਾਰ ਸਾਲ ਵਿਚ ਸਰਕਾਰਾਂ ਇੰਨਾ ਕਰਜ਼ਾ ਚੜ੍ਹਾ ਦਿੰਦੀਆਂ ਹਨ ਕਿ ਉਸ ਕਰਜ਼ੇ ਦਾ ਵਿਆਜ ਵੀ ਅਗਲੀਆਂ ਚਾਰ ਪੀੜ੍ਹੀਆਂ ਭਰਦੀਆਂ ਹਨ। ਇਸ ਲਈ ਹਰ ਸਾਲ ਚੋਣਾਂ ਕਰਵਾਉਣਾ ਭਾਵੇਂ ਮਹਿੰਗਾ ਲੱਗੇ, ਪਰ ਇਹ ਖਰਚਾ ਝੱਲਿਆ ਜਾ ਸਕਦਾ ਹੈ। ਇੱਕ ਸਾਲ ਵਿਚ ਸਰਕਾਰ ਕੋਲ ਵਿਕਾਸ ਤੋਂ ਇਲਾਵਾ ਕੋਈ ਰਸਤਾ ਨਹੀਂ ਬਚੇਗਾ। ਉਸ ਨੂੰ ਇੱਕੋ ਵਾਰ ਵਿਕਾਸ ਕਰਕੇ ਦਿਖਾਉਣਾ ਪਵੇਗਾ। ਜੇ ਉਹ ਕੰਮ ਕਰਕੇ ਦਿਖਾਉਂਦੀ ਹੈ ਤਾਂ ਲੋਕ ਉਸ ਨੂੰ ਅਗਲੇ ਸਾਲ ਵੀ ਮੌਕਾ ਦੇ ਦੇਣਗੇ। ਇਸ ਤਰ੍ਹਾਂ ਇੱਕ ਲੜੀ ਚੱਲਦੀ ਰਹੇਗੀ, ਜਿਸ ਵਿਚ ਸਰਕਾਰਾਂ ਚਾਹੇ ਮਜਬੂਰੀ ਵਿਚ ਚਾਹੇ ਖੁਸ਼ੀ ਨਾਲ ਸੂਬੇ ਦੇ ਵਿਕਾਸ ਨੂੰ ਤਰਜੀਹ ਦੇਣ ਲਈ ਮਜਬੂਰ ਹੋ ਜਾਣਗੀਆਂ।

ਇਹ ਵਿਅੰਗ ਉਸ ਵਿਅਕਤੀ ਲਈ ਹੈ ਜੋ ਚੋਣਾਂ ਵੇਲੇ ਰਿਓੜੀਆਂ ਲੈ ਕੇ ਆਪਣਾ ਭਵਿੱਖ ਵੇਚਦਾ ਹੈ। ਇਹ ਉਸ ਸਰਕਾਰ ਲਈ ਹੈ ਜੋ ਚਾਰ ਸਾਲ ਲੋਕਾਂ ਨੂੰ ਲੁੱਟਦੀ ਹੈ ਤੇ ਇੱਕ ਸਾਲ ਵਿਚ ਡਰਾਮਾ ਰਚਦੀ ਹੈ। ਇਹ ਉਸ ਟੈਕਸ ਧਾਰਕ ਲਈ ਹੈ ਜੋ ਆਪਣੀ ਮਿਹਨਤ ਨਾਲ ਕਮਾਇਆ ਪੈਸਾ ਰਾਜਨੀਤੀ ਦੀਆਂ ਰਿਓੜੀਆਂ ਵਿਚ ਬਰਬਾਦ ਹੁੰਦਾ ਵੇਖਦਾ ਹੈ। ਜੇਕਰ ਇਸ ਤਜਵੀਜ਼ ਨੂੰ ਲਾਗੂ ਕੀਤਾ ਗਿਆ ਤਾਂ ਭਾਰਤ ਦੇ ਹਰ ਸੂਬੇ ਵਿਚ ਵਿਕਾਸ ਇੱਕ ਲਾਜ਼ਮੀ ਗੱਲ ਬਣ ਜਾਵੇਗੀ। ਸਰਕਾਰਾਂ ਨੂੰ ਹਰ ਸਾਲ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਨੇ ਲੋਕਾਂ ਲਈ ਕੀ ਕੀਤਾ ਹੈ। ਲਾਲਚੀ ਵੋਟਰ ਵੀ ਇੱਕ ਵਾਰ ਫਿਰ ਸੋਚੇਗਾ ਕਿ ਉਸ ਨੂੰ ਰਿਓੜੀਆਂ ਤੋਂ ਉਪਰ ਉਠ ਕੇ ਵਿਕਾਸ ਵੱਲ ਵੇਖਣਾ ਚਾਹੀਦਾ ਹੈ। ਇਸ ਲਈ ਆਓ ਇਸ ਵਿਅੰਗ ਨੂੰ ਅਸਲੀਅਤ ਬਣਾਈਏ। ਜੇ ਤਰੱਕੀ ਚਾਹੀਦੀ ਹੈ ਤਾਂ ਸਰਕਾਰ ਚੁਣੋ ਇੱਕ ਸਾਲ ਦੀ। ਫਿਰ ਦੇਖੋ ਕਿ ਇੱਕ ਸਾਲ ਵਿਚ ਉਹ ਕੀ ਕਰਦੀ ਹੈ ਜੋ ਪੰਜ ਸਾਲ ਵਿਚ ਨਹੀਂ ਕਰ ਸਕੀ। ਇਹ ਤਜਵੀਜ਼ ਨਾ ਤਾਂ ਰਾਜਨੀਤੀ ਨੂੰ ਖਤਮ ਕਰਦੀ ਹੈ ਤੇ ਨਾ ਹੀ ਲੋਕਤੰਤਰ ਨੂੰ ਖਤਮ ਕਰਦੀ ਹੈ। ਇਹ ਤਾਂ ਉਸ ਲੋਕਤੰਤਰ ਨੂੰ ਸਾਫ਼ ਕਰਦੀ ਹੈ ਜੋ ਮੁੱਫਤ ਦੀਆਂ ਰਿਓੜੀਆਂ ਤੇ ਚੱਲ ਰਿਹਾ ਹੈ। ਇੱਕ ਸਾਲ ਦੀ ਸਰਕਾਰ ਉਸ ਲੋਕਤੰਤਰ ਦੀ ਅਸਲ ਰੂਹ ਬਣ ਸਕਦੀ ਹੈ ਜਿਸ ਵਿਚ ਲੋਕ ਆਪਣੇ ਫੈਸਲੇ ਦੀ ਕੀਮਤ ਤੁਰੰਤ ਚੁਕਾਉਂਦੇ ਹਨ ਤੇ ਰਾਜਨੀਤੀ ਵੀ ਆਪਣੀ ਜ਼ਿੰਮੇਵਾਰੀ ਤੁਰੰਤ ਨਿਭਾਉਂਦੀ ਹੈ। ਇਸ ਤੋਂ ਵੱਡੀ ਤਰੱਕੀ ਹੋਰ ਕੀ ਹੋ ਸਕਦੀ ਹੈ?

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਵੇਲੇ ਵੇਲੇ ਦੀ ਗੱਲ

**ਗੁਰਮੀਤ ਸਿੰਘ ਮਰਾੜ੍ਹ**
ਸੰਪਰਕ 9501400397



"ਮੰਮੀ ਜੀ, ਹਜ਼ਾਰਾਂ ਰੁਪਇਆ ਲਗਾ ਦਿੱਤਾ ਇੰਟੀਰੀਅਰ ਡੈਕੋਰੇਸ਼ਨ ਤੇ ਪਰ ਤੁਹਾਡਾ ਉਹ ਹੀ ਅਣਪੜ੍ਹਾਂ ਵਾਲਾ ਕੰਮ।ਘੱਟੋ ਘੱਟੋ-ਘੱਟ ਕਲੋਨੀ ਦਾ ਸੋਚ ਲਵੋ..ਲੋਕ ਵੇਖਣਗੇ ਤਾਂ ਕੀ ਕਹਿਣਗੇ ।" ਅਨੀਤਾ ਦਾ ਪਾਰਾ ਸੱਤਵੇਂ ਅਸਮਾਨ ਚੜ੍ਹ ਗਿਆ ਸੀ ।ਆਪਣੇ ਸੱਸ-ਸਹੁਰੇ ਦੀ ਹਰਕਤ ਉਸਨੂੰ ਬਰਦਾਸ਼ਤ ਕਰਨੀ ਔਖੀ ਹੋ ਗਈ ਸੀ ।ਉਸ ਦੀ ਸੱਸ ਸਰਲਾ ਅਤੇ ਸਹੁਰਾ ਮਹੇਸ਼ ਜਿਵੇਂ ਪੱਥਰ ਦੇ ਹੋ ਗਏ ਸਨ, ਦੋਵਾਂ ਦੇ ਮੂੰਹ ਵਿਚੋਂ ਇੱਕ ਵੀ ਸ਼ਬਦ ਨਾ ਨਿਕਲਿਆ।ਅਨੀਤਾ ਉਸੇ ਤਰ੍ਹਾਂ ਬੁੜਬੁੜ ਕਰਦੀ ਵਾਪਸ ਚਲੀ ਗਈ ਸੀ । ਦਰਅਸਲ ਸੰਜੀਵ ਨੇ ਕੁੱਝ ਦਿਨ ਪਹਿਲਾਂ ਹੀ ਆਪਣੇ ਇਸ ਘਰ ਵਿੱਚ ਪ੍ਰਵੇਸ਼ ਕੀਤਾ ਸੀ ।ਸ਼ਹਿਰ ਦੇ ਭੀੜੇ ਤੇ ਤੰਗ ਗਲੀਆਂ ਵਾਲੇ ਘਰ ਵਿਚੋਂ ਨਿਕਲ ਉਹਨਾਂ ਸ਼ਹਿਰ ਤੋਂ ਬਾਹਰ ਬਣੀ ਨਵੀਂ ਮਾਡਰਨ ਤੇ ਵਿਕਸਿਤ ਕਲੋਨੀ ਵਿੱਚ ਕੋਠੀ ਬਣਾਈ ਸੀ ।ਖੁੱਲ੍ਹੀਆਂ ਤੇ ਚੌੜੀਆਂ ਸੜਕਾਂ, ਸ਼ਾਨਦਾਰ ਪਾਰਕ ਕਲੋਨੀ ਦੀ ਦਿੱਖ ਵਿੱਚ ਵਾਧਾ ਕਰਦੇ ਸਨ, ਉਪਰੋਂ ਚਾਰ ਚੁਫੇਰੇ ਹਰਿਆਲੀ ਅਤੇ ਸ਼ਾਂਤ ਵਾਤਾਵਰਣ ਅੱਖਾਂ ਨੂੰ ਠੰਢਕ ਤੇ ਮਨ ਨੂੰ ਸਕੂਨ ਦਿੰਦਾ ਸੀ ।ਉੱਚੀ ਚਾਰਦੀਵਾਰੀ ਅਤੇ ਗੇਟ ਤੇ ਪਹਿਰੇਦਾਰੀ ਸੁਰੱਖਿਆ ਦੇ ਨਾਲ ਨਾਲ ਆਉਣ ਜਾਣ ਵਾਲਿਆਂ ਤੇ ਵੱਖਰਾ ਪ੍ਰਭਾਵ ਵੀ ਪੈਂਦਾ ਸੀ ।ਸ਼ਹਿਰ ਦੇ ਅਮੀਰ ਅਤੇ ਉੱਚ ਅਹੁਦਿਆਂ ਤੇ ਤਾਇਨਾਤ ਅਧਿਕਾਰੀਆਂ ਕਾਰਨ ਸਰਕਾਰੀ ਸਹੂਲਤਾਂ ਵੀ ਬਹੁ ਮਾਤਰਾ ਵਿੱਚ ਉਪਲਬਧ ਸਨ।

ਸੰਜੀਵ ਨੇ ਪੁਰਾਣਾ ਘਰ ਵੇਚ ਅਤੇ ਆਪਣੀ ਜਮ੍ਹਾਂ ਪੂੰਜੀ ਨਾਲ ਲਗਾ ਇੱਥੇ ਜ਼ਮੀਨ ਖ਼ਰੀਦ ਕੋਠੀ ਬਣਾਈ ਸੀ ।ਕੋਠੀ ਬਣਾਉਣ ਲਈ ਉਸ ਨੇ ਸ਼ਹਿਰ ਦੇ ਮਸ਼ਹੂਰ ਅਤੇ ਮਾਹਿਰ ਨਕਸ਼ਾ ਨਵੀਸ ਦੀਆਂ ਸੇਵਾਵਾਂ ਲੈਣ ਦੇ ਨਾਲ ਨਾਲ ਸਮੱਗਰੀ ਵੱਲੋਂ ਵੀ ਉਸ ਨੇ ਕੋਈ ਕਸਰ ਨਹੀਂ ਸੀ ਛੱਡੀ ।ਅੰਦਰੂਨੀ ਸਜਾਵਟ ਲਈ ਵੀ ਵਿਸ਼ੇਸ਼ ਤੌਰ ਤੇ ਖਰਚ ਕੀਤਾ ਸੀ ਤੇ ਮਾਹਰਾਂ ਦੀ ਰਾਏ ਅਨੁਸਾਰ ਹਰ ਚੀਜ਼ ਟਿਕਾਈ ਗਈ ਸੀ, ਭਾਵੇਂ ਇਹ ਕਰਦਿਆਂ ਖਰਚ ਕਾਫ਼ੀ ਵੱਧ ਗਿਆ ਸੀ ਤੇ ਉਹ ਕਿਸ਼ਤਾਂ ਦੇ ਮੱਕੜਜਾਲ ਵਿੱਚ ਉਲਝ ਗਿਆ ਸੀ । ਜਿਉਂ ਹੀ ਕੋਠੀ ਵਿੱਚ ਪ੍ਰਵੇਸ਼ ਕੀਤਾ ਤਾਂ ਸਾਰੇ ਟੱਬਰ ਵਿਚਲੀ ਖੁਸ਼ੀ ਅੰਬਰਾਂ ਨੂੰ ਛੂਹ ਰਹੀ ਸੀ ।ਹਰ ਜੀਅ ਲਈ ਵੱਖਰਾ ਕਮਰਾ ਅਤੇ ਅਟੈਚਡ ਬਾਥਰੂਮ ਸਨ। ਸਹੂਲਤਾਂ ਤੋਂ ਬਗੈਰ ਟੱਬਰ ਵਿੱਚ ਖ਼ਾਸਕਰ ਬੱਚਿਆਂ ਵਿੱਚ ਕਿ ਉਨ੍ਹਾਂ ਨੂੰ ਆਪਣੇ ਦੋਸਤਾਂ ਨੂੰ ਆਪਣਾ ਪਤਾ ਦੱਸਦਿਆਂ ਮਾਣ ਮਹਿਸੂਸ ਹੁੰਦਾ ਸੀ ਕਿ ਉਹ ਸ਼ਹਿਰ ਦੀ ਇੱਕ ਖਾਸ ਕਲੋਨੀ ਦੇ ਵਸਨੀਕ ਹਨ ।ਅਨੀਤਾ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਕਲੋਨੀ ਵਿਚਲੀਆਂ ਸਹੂਲਤਾਂ ਬਾਰੇ ਬੜੇ ਮਾਣ ਨਾਲ ਦੱਸਦੀ, ਕਿੰਨਾ ਕਿੰਨਾ ਚਿਰ ਉਹ ਫੋਨ ਤੇ ਆਪਣੇ ਘਰ ਦੀਆਂ ਸਿਫ਼ਤਾਂ ਦੱਸਦੀ ਰਹਿੰਦੀ ।ਹਾਂ ਜੇ ਕਿਸੇ ਨੂੰ ਖੁਸ਼ੀ ਦੇ ਨਾਲ ਨਾਲ ਥੋੜ੍ਹੀ ਜਿਹੀ ਮਾਯੂਸੀ ਸੀ ਤਾਂ ਉਹ ਸਨ ਸੰਜੀਵ ਦੇ ਬਜ਼ੁਰਗ ਮਾਂ -ਬਾਪ, ਜਿਨ੍ਹਾਂ ਨੂੰ ਆਪਣਾ ਪੁਰਾਣਾ ਘਰ ਅਤੇ ਸਾਥੀ ਛੱਡਣੇ ਪਏ ਸਨ ਜੋ ਉਨ੍ਹਾਂ ਲਈ ਦੁੱਖ ਸੁੱਖ ਦੇ ਸਾਂਝੀ ਸਨ।ਦੂਜਾ ਉਹ ਉਮਰ ਦੇ ਉਸ ਪੜਾਅ ਤੇ ਸਨ ਜਿੱਥੇ ਪਹੁੰਚ ਮਨ ਦੁਨਿਆਵੀ ਚੀਜ਼ਾਂ ਦੀ ਬਜਾਏ ਆਤਮਿਕ ਸ਼ਾਂਤੀ ਦੀ ਲੋੜ ਮਹਿਸੂਸ ਕਰਦਾ ਹੈ ।ਬਾਕੀ ਪਹਿਲੇ ਸਮਿਆਂ ਵਿੱਚ ਜਿਵੇਂ ਆਮ ਘਰਾਂ ਵਿੱਚ ਧਰਮ ਪ੍ਰਤੀ ਸ਼ਰਧਾ ਜ਼ਿਆਦਾ ਦੇਖਣ ਨੂੰ ਮਿਲਦੀ ਸੀ, ਅਜਿਹੇ ਵਿੱਚ ਇਹ ਦੋਵੇਂ ਜੀਅ ਪੂਜਾ-ਪਾਠ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਵੱਲ ਵੱਧ ਰੁਚਿਤ ਸਨ।ਬੱਚਿਆਂ ਦੀ ਸੁੱਖ ਸ਼ਾਂਤੀ ਅਤੇ ਇਸ ਨਵੇਂ ਘਰ ਲਈ ਵੀ ਉਹ ਰੱਬ ਦਾ ਸ਼ੁਕਰਾਨਾ ਕਰਦੇ ਰਹਿੰਦੇ ਸਨ ।ਪਰ ਉਹਨਾਂ ਨੂੰ ਨਵੇਂ ਘਰ ਵਿੱਚ ਇੱਕ ਘਾਟ ਮਹਿਸੂਸ ਹੁੰਦੀ ਸੀ ਕਿ ਘਰ ਵਿੱਚ ਤਾਂ ਕੀ ਉਨ੍ਹਾਂ ਦੇ ਆਪਣੇ ਕਮਰੇ ਵਿੱਚ ਵੀ ਦੇਵੀ-ਦੇਵਤਿਆਂ ਦੀ ਕੋਈ ਤਸਵੀਰ ਨਹੀਂ ਸੀ ਬਲਕਿ ਹੋਰ ਹੀ ਲਕੀਰਾਂ ਟਾਈਪ, ਅਜੀਬ ਜਿਹੇ ਚਿਹਰਿਆਂ ਵਾਲੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ ਤੇ ਉਹ ਵੀ ਇੱਕ ਕਤਾਰ ਦੀ ਬਜਾਏ ਉੱਚੀਆਂ ਨੀਵੀਆਂ ਜਿਹੀਆਂ ਕਰਕੇ ਲਗਾਈਆਂ ਹੋਈਆਂ ਸਨ।ਇੱਕ ਦਿਨ ਜਦੋਂ ਸੰਜੀਵ ਜਦੋਂ ਕਮਰੇ ਵਿੱਚ ਆਇਆ ਤਾਂ ਮਾਂ ਨੇ ਇਸ ਬਾਬਤ ਗੱਲ ਕੀਤੀ।ਸੰਜੀਵ ਨੇ ਪੂਰੀ ਗੱਲ ਸੁਣੇ ਬਿਨਾਂ ਹੀ ਕਹਿ ਦਿੱਤਾ,"ਮੰਮੀ ਤੁਸੀਂ ਕਿਹੜੇ ਜ਼ਮਾਨੇ ਦੀਆਂ ਗੱਲਾਂ ਕਰਦੇ ਹੋ, ਚੀਜ਼ਾਂ ਪਛੜੇਪਨ ਦੀ ਨਿਸ਼ਾਨੀ ਹਨ।ਇਹੋ ਜਿਹੀਆਂ ਕਲੋਨੀਆਂ ਵਿੱਚ ਇਨ੍ਹਾਂ ਚੀਜ਼ਾਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਜਿਹੜੀਆਂ ਤਸਵੀਰਾਂ ਲੱਗੀਆਂ ਇਹ ਮਾਡਰਨ ਆਰਟ ਹੈ, ਤੁਹਾਨੂੰ ਇਨ੍ਹਾਂ ਦੀ ਸਮਝ ਨਹੀਂ ਆਉਣੀ। ਇਹ ਤਸਵੀਰਾਂ ਹਜ਼ਾਰਾਂ ਰੁਪਏ ਦੀਆਂ ਆਉਂਦੀਆਂ, ਸਮੇਂ ਅਨੁਸਾਰ ਚੱਲਣਾ ਸਿੱਖੋ।ਘਰ ਦਾ ਸਾਰਾ ਕੰਮ ਡਿਜ਼ਾਈਨਰ ਦੀ ਸੋਚ ਮੁਤਾਬਕ ਅਤੇ ਸਮੇਂ ਅਨੁਸਾਰ ਹੋਇਆ, ਆਪਣੀ ਟੰਗ ਨਾ ਅੜਾਓ।" ਮਾਂ ਚੁੱਪ ਕਰ ਗਈ, ਬੋਲਣ ਲਈ ਉਸ ਕੋਲ ਰਹਿ ਵੀ ਕੀ ਗਿਆ ਸੀ।ਉਸ ਦੀ ਮਾਯੂਸੀ ਦੇਖ ਮਹੇਸ਼ ਨੇ ਇੱਕ ਟੇਬਲ ਲਿਆ ਇੱਕ ਕੋਨੇ ਵਿੱਚ ਰੱਖ ਦਿੱਤਾ ਅਤੇ ਉਸ ਉੱਪਰ ਕੁੱਝ ਤਸਵੀਰਾਂ ਟਿਕਾ ਦਿੱਤੀਆਂ ਤਾਂ ਜੋ ਉਸ ਦੇ ਮਨ ਨੂੰ ਠਹਿਰਾ ਆ ਜਾਵੇ। ਇੱਕ ਦੋ ਦਿਨ ਹੀ ਲੰਘੇ ਸਨ ਅਨੀਤਾ ਕਿਸੇ ਕੰਮ ਕਮਰੇ ਵਿੱਚ ਆਈ, ਜਦੋਂ ਉਸਨੇ ਇਹ ਮੇਜ਼ ਵੇਖਿਆ ਤਾਂ ਜਿਵੇਂ ਉਸਨੂੰ ਅੱਗ ਲੱਗ ਗਈ ਹੋਵੇ। ਉਸ ਨੇ ਅਵਾ-ਤਵਾ ਬੋਲਦਿਆਂ ਤਸਵੀਰਾਂ ਬੜੇ ਬੇਢੱਬੇਪਨ ਨਾਲ ਚੱਕੀਆਂ ਤੇ ਇਕੱਠੀਆਂ ਕਰ ਅਲਮਾਰੀ ਵਿੱਚ ਤੁੰਨ ਦਿੱਤੀਆਂ।ਪੂਜਾ ਸਮੱਗਰੀ ਨੂੰ ਵੀ ਕੂੜਾਦਾਨ ਵਿੱਚ ਸੁੱਟ ਦਿੱਤਾ, ਰੱਬ ਦਾ ਭੈਅ ਵੀ ਉਸ ਨੂੰ ਨਾ ਰਿਹਾ।ਜਿੰਨਾ ਚਿਰ ਉਹ ਕਮਰੇ ਵਿੱਚ ਰਹੀ, ਲਗਾਤਾਰ ਮਾਂ ਪਿਓ ਨੂੰ ਬੁਰਾ ਭਲਾ ਬੋਲਦੀ ਰਹੀ ਅਤੇ ਫਿਰ ਉਸੇ ਤਰ੍ਹਾਂ ਬੁੜਬੁੜ ਕਰਦੀ ਰਸੋਈ ਵੱਲ ਚਲੀ ਗਈ।ਬਜ਼ੁਰਗ ਹੈਰਾਨ ਸਨ ਕਿ ਵਧੀਆ ਕਲੋਨੀਆਂ ਦਾ ਮਤਲਬ ਸਿਰਫ਼ ਬਾਹਰੀ ਦਿਖਾਵਾ ਹੀ ਹੁੰਦਾ, ਹਰ ਚੀਜ਼ ਦਿਖਾਵੇ ਲਈ ਹੀ ਹੁੰਦੀ ਹੈ।ਹਰ ਗੱਲ ਤੇ 'ਲੋਕ ਕੀ ਕਹਿਣਗੇ' ਸੁਣ ਸੁਣ ਉਹ ਅੱਕ ਗਏ ਸਨ।

ਮਾਂ ਤਾਂ ਜਿਵੇਂ ਟੁੱਟ ਗਈ ਸੀ, ਸਭ ਤੋਂ ਵੱਡੀ ਗੱਲ ਉਸ ਨੂੰ ਆਪਣੇ ਬੰਦੇ ਦੀ ਬੇਇੱਜ਼ਤੀ ਮਹਿਸੂਸ ਹੋ ਰਹੀ ਸੀ, ਨੂੰਹ ਨੇ ਜ਼ਰਾ ਵੀ ਕੋਈ ਸੰਗ ਸ਼ਰਮ ਨਹੀਂ ਸੀ ਰੱਖੀ।ਉਸ ਕਾਰਨ ਉਸ ਦੇ ਬੰਦੇ ਨੂੰ ਵੀ ਜ਼ਿੱਲਤ ਝੱਲਣੀ ਪਈ ਸੀ। ਉਸ ਦੇ ਹੰਝੂ ਨਹੀਂ ਸੀ ਰੁਕ ਰਹੇ। ਉਹ ਆਪਣੇ ਪਤੀ ਦੇ ਗਲੇ ਲੱਗ ਕਿੰਨਾ ਚਿਰ ਰੋਂਦੀ ਰਹੀ ਅਤੇ ਘਗਿਆਈ ਆਵਾਜ਼ ਵਿੱਚ ਮਸਾਂ ਹੀ ਕਹਿ ਸਕੀ,"ਸੰਜੀਵ ਦੇ ਪਾਪਾ, ਆਪਾਂ ਜਦੋਂ ਘਰ ਬਣਾਇਆ ਸੀ ਤਾਂ ਤੁਸੀਂ ਨਾਲ ਦੀ ਨਾਲ ਲੱਕੜ ਦੀਆਂ ਫੱਟੀਆਂ ਲਗਵਾ ਦਿੱਤੀਆਂ ਸਨ, ਪਾਲ਼ ਦੀ ਪਾਲ਼। ਕਿੰਨੇ ਸ਼ੌਂਕ ਨਾਲ ਮੈਂ ਫੋਟੋ ਲਗਵਾਈਆਂ ਸਨ।ਦੇਵੀ-ਦੇਵਤਿਆਂ ਦੀਆਂ, ਆਪਣੇ ਬੱਚਿਆਂ ਦੀਆਂ ਤੇ ਹੋਰ ਰਿਸ਼ਤੇਦਾਰਾਂ ਦੀਆਂ।ਸਾਨੂੰ ਤਾਂ ਕਿਸੇ ਨੇ ਕੁੱਝ ਨਹੀਂ ਸੀ ਕਿਹਾ। ਆਪਣੇ ਵਿਆਹ ਤੋਂ ਬਾਅਦ ਖਿਚਵਾਈ ਫੋਟੋ ਜੋ ਤੁਸੀਂ ਵੱਡੀ ਕਰਵਾ ਕੇ ਲਗਾਈ ਸੀ, ਮੈਨੂੰ ਵੇਖ ਕੇ ਸੰਗ ਵੀ ਆਉਂਦੀ ਸੀ ਪਰ ਮੈਂ ਕਿੰਨਾ ਕਿੰਨਾ ਚਿਰ ਵੇਖਦੀ ਰਹਿੰਦੀ ਸੀ, ਹੁਣ ਅਸੀਂ...।"ਅੱਗੇ ਉਸਦੀ ਆਵਾਜ਼ ਰੁਕ ਗਈ ਸੀ ਤੇ ਉਸ ਦੀ ਥਾਂ ਹਾਉਂਕਿਆਂ ਨੇ ਲੈ ਲਈ ਸੀ।"ਬਸ ਰੋ ਨਾ, ਸੁੱਖੀ, ਰੋਣਾ ਕਾਹਨੂੰ, ਸਮਝ ਲਾ ਹਰ ਚੀਜ਼ ਦਾ ਸਮਾਂ ਹੁੰਦਾ, ਆਪਣਾ ਸਮਾਂ ਚਲਾ ਗਿਆ।ਹੁਣ ਤਾਂ ਸਾਡਾ ਅਧਿਕਾਰ ਆਪਣੇ ਸਰੀਰ ਤੇ ਨਹੀਂ ਰਿਹਾ, ਅੰਗ ਪੈਰ ਵੀ ਜਵਾਬ ਦੇਈ ਜਾਂਦੇ ਹਨ, ਘਰਾਂ ਤੇ ਕਾਹਦਾ ਆਪਣਾਪਨ।ਸਮੇਂ ਗਏ ਤੋਂ, ਮਨ ਦੀ ਆਦਤ ਛੱਡ ਦਈਏ।ਵੇਲੇ ਵੇਲੇ ਦੀ ਗੱਲ, ਵੇਲੇ ਵੇਲੇ ਦਾ ਰਾਗ।"ਧਰਵਾਸਾ ਦਿੰਦਾ ਮਹੇਸ਼ ਖੁਦ ਅੱਥਰੂ ਰੋਕਣ ਤੋਂ ਅਸਮਰੱਥ ਸੀ ।

**ਬਜ਼ੁਰਗ ਹੈਰਾਨ ਸਨ ਕਿ ਵਧੀਆ ਕਲੋਨੀਆਂ ਦਾ ਮਤਲਬ ਸਿਰਫ਼ ਬਾਹਰੀ ਦਿਖਾਵਾ ਹੀ ਹੁੰਦਾ, ਹਰ ਚੀਜ਼ ਦਿਖਾਵੇ ਲਈ ਹੀ ਹੁੰਦੀ ਹੈ।ਹਰ ਗੱਲ ਤੇ 'ਲੋਕ ਕੀ ਕਹਿਣਗੇ' ਸੁਣ ਸੁਣ ਉਹ ਅੱਕ ਗਏ ਸਨ।ਮਾਂ ਤਾਂ ਜਿਵੇਂ ਟੁੱਟ ਗਈ ਸੀ, ਸਭ ਤੋਂ ਵੱਡੀ ਗੱਲ ਉਸ ਨੂੰ ਆਪਣੇ ਬੰਦੇ ਦੀ ਬੇਇੱਜ਼ਤੀ ਮਹਿਸੂਸ ਹੋ ਰਹੀ ਸੀ, ਨੂੰਹ ਨੇ ਜ਼ਰਾ ਵੀ ਕੋਈ ਸੰਗ ਸ਼ਰਮ ਨਹੀਂ ਸੀ ਰੱਖੀ।ਉਸ ਕਾਰਨ ਉਸ ਦੇ ਬੰਦੇ ਨੂੰ ਵੀ ਜ਼ਿੱਲਤ ਝੱਲਣੀ ਪਈ ਸੀ। ਉਸ ਦੇ ਹੰਝੂ ਨਹੀਂ ਸੀ ਰੁਕ ਰਹੇ। ਉਹ ਆਪਣੇ ਪਤੀ ਦੇ ਗਲੇ ਲੱਗ ਕਿੰਨਾ ਚਿਰ ਰੋਂਦੀ ਰਹੀ ਅਤੇ ਘਗਿਆਈ ਆਵਾਜ਼ ਵਿੱਚ ਮਸਾਂ ਹੀ ਕਹਿ ਸਕੀ,"ਸੰਜੀਵ ਦੇ ਪਾਪਾ, ਆਪਾਂ ਜਦੋਂ ਘਰ ਬਣਾਇਆ ਸੀ ਤਾਂ ਤੁਸੀਂ ਨਾਲ ਦੀ ਨਾਲ ਲੱਕੜ ਦੀਆਂ ਫੱਟੀਆਂ ਲਗਵਾ ਦਿੱਤੀਆਂ ਸਨ, ਪਾਲ਼ ਦੀ ਪਾਲ਼।**

## ਭਾਰਤੀ ਜਹਾਜ਼ਾਂ ਨੂੰ ਹੋਰਮੁਜ਼ ਜਲ ਮਾਰਗ ਪਾਰ ਕਰਨ ਵਿੱਚ ਮਦਦ ਕਰਾਂਗੇ: ਇਰਾਨ

**ਇਰਾਨ ਨੇ ਕਿਹਾ ਹੈ ਕਿ ਉਹ ਭਾਰਤ ਦੇ ਜਹਾਜ਼ਾਂ ਨੂੰ ਹੋਰਮੁਜ਼ ਜਲ ਮਾਰਗ (ਸਟਰੇਟ) ਤੋਂ ਸੁਰੱਖਿਅਤ ਗੁਜ਼ਰਨ ਵਿੱਚ ਮਦਦ ਕਰੇਗਾ। ਭਾਰਤ ਵਿੱਚ ਇਰਾਨ ਦੇ ਰਾਜਦੂਤ ਮੁਹੰਮਦ ਫ਼ਤਹਲੀ ਨੇ ਦੱਸਿਆ ਕਿ ਤਹਿਰਾਨ ਅਤੇ ਭਾਰਤ ਦੇ ਵਿਚਕਾਰ ਇਸ ਮੁੱਦੇ ਫ਼ਰਸਤੁੋਤੇ ਚੰਗੀ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਤਣਾਅ ਦੇ ਬਾਵਜੂਦ ਇਰਾਨ ਚਾਹੁੰਦਾ ਹੈ ਕਿ ਭਾਰਤ ਦੇ ਜਹਾਜ਼ ਬਿਨਾਂ ਕਿਸੇ ਦਿੱਕਤ ਦੇ ਇਸ ਰਸਤੇ ਤੋਂ ਗੁਜ਼ਰ ਸਕਣ। ਇਸ ਲਈ ਇਰਾਨ, ਨਵੀਂ ਦਿੱਲੀ ਦੀ ਮਦਦ ਕਰਨ ਲਈ ਤਿਆਰ ਹੈ। ਜਲ ਮਾਰਗ ਦੀ ਨਿਗਰਾਨੀ ਅਤੇ ਕਾਨੂੰਨੀ ਪ੍ਰਬੰਧਾਂ ਲਈ ਸਬੰਧਿਤ ਸੁਰੱਖਿਆ ਪੁਲੀਸ ਅਤੇ ਅਧਿਕਾਰੀ ਪੂਰੀ ਤਰ੍ਹਾਂ ਤਾਇਨਾਤ ਹਨ। ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਗੱਲਬਾਤ ਦੇ ਅਸਫਲ ਹੋਣ ਤੋਂ ਬਾਅਦ, ਅਮਰੀਕੀ ਫੌਜ ਨੇ ਸੋਮਵਾਰ ਨੂੰ ਵੱਡਾ ਐਲਾਨ ਕੀਤਾ ਹੈ। ਅਮਰੀਕਾ ਹੁਣ ਇਰਾਨ ਦੀਆਂ ਬੰਦਰਗਾਹਾਂ ਤੋਂ ਹੋਣ ਵਾਲੀ ਸਾਰੀ ਸਮੁੰਦਰੀ ਆਵਾਜਾਈ (ਆਉਣ-ਜਾਣ ਵਾਲੇ ਜਹਾਜ਼ਾਂ) ਫ਼ਰਸਤੁੋਤੇ ਪੂਰੀ ਤਰ੍ਹਾਂ ਰੋਕ ਲਗਾ ਦੇਵੇਗਾ। ਇਹ ਇੱਕ ਤਰ੍ਹਾਂ ਦੀ ਆਰਥਿਕ ਨਾਕਾਬੰਦੀ ਹੋਵੇਗੀ, ਜਿਸ ਤਹਿਤ ਕੱਚੇ ਤੇਲ ਅਤੇ ਗੈਸ ਨਾਲ ਲੱਦੇ ਸਮੁੰਦਰੀ ਬੇੜਿਆਂ ਨੂੰ ਚੱਲਣ ਤੋਂ ਰੋਕਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਹ ਤੇਲ ਅਤੇ ਗੈਸ ਹੀ ਇਰਾਨ ਦੀ ਕਮਾਈ ਦਾ ਸਭ ਤੋਂ ਵੱਡਾ ਸਾਧਨ ਹਨ, ਜਿਨ੍ਹਾਂ ਨੂੰ ਰੋਕ ਕੇ ਅਮਰੀਕਾ ਇਰਾਨ ਫ਼ਰਸਤੁੋਤੇ ਆਰਥਿਕ ਦਬਾਅ ਬਣਾਉਣ ਜਾ ਰਿਹਾ ਹੈ। ਅਮਰੀਕੀ ਸੈਂਟਰਲ ਕਮਾਂਡ (ਸੈਂਟਕਾਮ) ਨੇ ਸੋਸ਼ਲ ਮੀਡੀਆ ਪਲੇਟਫਾਰਮ ਫ਼ਰਸਤੁੋਐਕਸਫ਼ਰਸਤੁੋ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਰਾਸ਼ਟਰਪਤੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਅਮਰੀਕੀ ਫੌਜੀ ਬਲ 13 ਅਪਰੈਲ ਨੂੰ ਸਵੇਰੇ 10 ਵਜੇ (ਅਮਰੀਕੀ ਸਮੇਂ ਅਨੁਸਾਰ) ਤੋਂ ਇਰਾਨ ਦੀਆਂ ਬੰਦਰਗਾਹਾਂ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਵਾਲੀ ਸਾਰੀ ਸਮੁੰਦਰੀ ਆਵਾਜਾਈ ਦੀ ਨਾਕਾਬੰਦੀ ਲਾਗੂ ਕਰਨਾ ਸ਼ੁਰੂ ਕਰ ਦੇਣਗੇ।**

# ਚੁਣੌਤੀਆਂ ਜਿੰਨੀਆਂ ਮਰਜ਼ੀ ਨੇ, ਸਮੱਸਿਆਵਾਂ ਜਿੰਨੀਆਂ ਵੀ ਨੇ ਉਹਨਾਂ ਦਾ ਹੱਲ ਇੱਕੋ ਗੱਲ ਵਿੱਚ ਟਿਕਿਆ ਹੋਇਆ, ਗੁਰੂ ਗ੍ਰੰਥ ਤੇ ਗੁਰੂ ਪੰਥ

## ਸ੍ਰੀ ਫਤਹਿਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਨਾਲ

## ਵਿਸ਼ੇਸ਼ ਮੁਲਾਕਾਤ



ਗਿਆਨੀ ਹਰਪਾਲ ਸਿੰਘ ਜੀ ਨਾਲ ਹਰਜਿੰਦਰ ਸਿੰਘ ਮੰਡੇਰ ਗੱਲਬਾਤ ਕਰਦੇ ਹੋਏ



ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਖੱਬੇ ਤੋਂ ਹਰਜਿੰਦਰ ਸਿੰਘ ਮੰਡੇਰ, ਪ੍ਰਧਾਨ ਰਘਬੀਰ ਸਿੰਘ, ਗਿਆਨੀ ਹਰਪਾਲ ਸਿੰਘ ਜੀ ਅਤੇ ਅਮਰੀਕ ਸਿੰਘ

ਸਤਿਕਾਰਯੋਗ ਗਿਆਨੀ ਹਰਪਾਲ ਸਿੰਘ ਜੀ
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸਿੰਘ ਸਾਹਿਬ ਜੀ ਸਭ ਤੋਂ ਪਹਿਲਾਂ ਤਾਂ ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ ਕਿ ਆਪ ਨੇ ਆਪਣੇ ਕੀਮਤੀ ਸਮੇਂ ਚੋਂ ਵਕਤ ਕੱਢ ਕੇ ਸਾਨੂੰ ਗੱਲਬਾਤ ਕਰਨ ਦਾ ਮੌਕਾ ਦਿੱਤਾ ਹੈ। ਬੇਸ਼ੱਕ ਗੁਰੂ ਉਤੇ ਭਰੋਸਾ ਰੱਖਣ ਵਾਲੇ ਇਹ ਵੀ ਆਖਦੇ ਨੇ ਕਿ ਜਿਸ ਗੁਰੂ ਨੇ ਫੁਲਵਾੜੀ ਲਾਈ ਹੈ, ਉਹ ਖੁਦ ਉਸ ਦੀ ਰੱਖਿਆ ਵੀ ਕਰੇਗਾ। ਪਰ ਇਤਿਹਾਸ ਗਵਾਹ ਹੈ ਕਿ ਘੱਲੂਘਾਰਿਆਂ ਦਾ ਉਹ ਸਮਾਂ ਵੀ ਆਇਆ ਜਦੋਂ ਸਿੱਖਾਂ ਨੇ ਗੁਰੂ ਅੱਗੇ ਅਰਦਾਸ ਕੀਤੀ ਕਿ "ਹੇ ਸੱਚੇ ਪਾਤਿਸ਼ਾਹ ਜੇ ਤੇਰਾ ਪੰਥ ਨਾ ਰਹਾ ਤੋ ਤੇਰਾ ਗਰੰਥ ਕੌਣ ਮਾਨੈਗੋ"। ਮਤਲਬ ਕਿ ਸਿੱਖਾਂ ਦੀ ਗਿਣਤੀ ਏਨੀ ਘੱਟ ਰਹਿ ਗਈ ਸੀ ਕਿ ਸਿੱਖ ਬਿਲਕੁੱਲ ਖਤਮ ਹੋਣ ਦੇ ਕਗਾਰ 'ਤੇ ਆ ਗਏ ਸਨ।

ਜੇ ਅਸੀਂ ਅੱਜ ਦੀ ਸਥਿਤੀ ਦੇਖੀਏ ਤਾਂ ਭਾਵੇਂ ਫਿਜ਼ੀਕਲੀ, ਸਰੀਰਕ ਤੌਰ ਤੇ ਤਾਂ ਸਿੱਖਾਂ ਦੀ ਗਿਣਤੀ ਖਤਮ ਕਰਨੀ ਅਸੰਭਵ ਹੈ, ਕਿਉਂਕਿ ਸਿੱਖ ਅੱਜ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚ ਚੁੱਕਾ ਹੈ, ਤੇ ਉਸ ਨੇ ਆਪਣੇ ਧਾਰਮਿਕ ਸਥਾਨ ਗੁਰਦੁਆਰੇ ਵੀ ਬਣਾ ਲਏ ਹਨ।

ਜਿਵੇਂ ਜਿਵੇਂ ਸਿੱਖਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਉਵੇਂ ਹੀ ਵੱਖ-ਵੱਖ ਧਾਰਨਾਵਾਂ ਦੇ ਧਾਰਨੀ ਸਿੱਖਾਂ ਦੇ ਜਥਿਆਂ ਦੀ ਗਿਣਤੀ ਵਿੱਚ ਵੀ ਬਹੁਤ ਵੱਡਾ ਇਜ਼ਾਫ਼ਾ ਹੋ ਰਿਹਾ ਹੈ। ਅੱਜ ਪੰਥ ਦੀ ਸਥਿਤੀ ਇਹ ਹੋ ਗਈ ਹੈ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਇਤਿਹਾਸਕ ਤੱਥਾਂ ਨੂੰ ਵਿਗਾੜਨ ਲਈ ਗੈਰ ਸਿੱਖ ਤਾਕਤਾਂ ਧੁਰ ਅੰਦਰ ਤੱਕ ਦਾਖਲ ਹੋ ਚੁੱਕੀਆਂ ਹਨ। ਬਹੁਤ ਸਾਰੇ ਇਤਿਹਾਸਕ ਤੱਥ ਤੇ ਸਿਧਾਂਤ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਹਨਾਂ ਲਈ ਪੰਥ ਦੇ ਵੱਖ-ਵੱਖ ਵਰਗਾਂ ਵਿੱਚੋਂ ਕੁੱਝ ਇੱਕ ਨੂੰ ਵਰਗਲਾ ਕੇ ਸਿੱਖੀ ਸਿਧਾਂਤਾਂ ਦੇ ਹੀ ਉਲਟ ਵਰਤਣ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ। ਪੰਥ ਦੀ ਅੱਜ ਦੀ ਮੌਜੂਦਾ ਸਥਿਤੀ ਬਾਰੇ ਵਰਣਨ ਕਰਨ ਦਾ ਮਤਲਬ ਇਹੀ ਹੈ ਕਿ ਪਤਾ ਲੱਗ ਸਕੇ ਕਿ ਪੰਥ ਦੀਆਂ ਮਾਨਯੋਗ ਤੇ ਅਸਰਦਾਰ ਸ਼ਖ਼ਸੀਅਤਾਂ ਇਸ ਸਥਿਤੀ ਵਿੱਚੋਂ ਪੰਥ ਨੂੰ ਬਚਾਉਣ ਲਈ ਕਿਵੇਂ ਸੋਚਦੀਆਂ ਨੇ ਤੇ ਕਿਹੜੇ ਪੈਂਤੜੇ ਅਪਣਾਏ ਜਾ ਰਹੇ ਨੇ ਕਿ ਸਿੱਖੀ ਸਿਧਾਂਤ ਬਰਕਰਾਰ ਰਹਿ ਸਕਣ ਤੇ ਪੰਥ ਆਪਣੀਆਂ ਉਹਨਾਂ ਪੁਰਾਤਨ ਰਵਾਇਤਾਂ ਨੂੰ ਸੁਰੱਖਿਅਤ ਰੱਖਦੇ ਹੋਏ ਅੱਜ ਦੇ ਜ਼ਮਾਨੇ ਦੇ ਨਾਲ ਚੱਲ ਸਕੇ ਤੇ ਅੱਗੇ ਵਧ ਸਕੇ।

*ਸਵਾਲ - ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ, ਸਭ ਤੋਂ ਪਹਿਲਾਂ ਸਾਨੂੰ ਆਪਣੇ ਵਿਅਕਤੀਗਤ ਜੀਵਨ ਤੇ ਪਿਛੋਕੜ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਿਓ ਜੀ ? ਆਪ ਜੀ ਦਾ ਜਨਮ ਕਿੱਥੋਂ ਦਾ ਹੈ, ਕਿੱਥੋਂ ਆਪ ਜੀ ਨੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ, ਤੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸੇਵਾ ਦਾ ਸਵੱਬ ਕਿਵੇਂ ਬਣਿਆ ?*

ਜਵਾਬ - ਮੇਰਾ ਜਨਮ ਗੁਰਦਾਸਪੁਰ ਜ਼ਿਲ੍ਹੇ ਵਿੱਚ ਹੋਇਆ। ਮੁੱਢਲੀ ਵਿੱਦਿਆ ਨੇੜੇ ਦੇ ਵੱਖ ਵੱਖ ਪਿੰਡਾਂ ਤੋਂ, ਸ਼ਹਿਰਾਂ ਤੋਂ ਗੁਰਮਤਿ ਦੀ ਵਿੱਦਿਆ, ਗੁਰੂ ਦੀ ਕਾਸ਼ੀ, ਗੁਰੂ ਦੀ ਨਿਵਾਜੀ ਹੋਈ ਕਲਗੀਧਰ ਪਾਤਿਸ਼ਾਹ ਜੀ ਦੀ ਵਿੱਦਿਆ ਦੀ ਖਾਣ, ਜਿਸ ਧਰਤੀ ਨੂੰ ਮਹਾਰਾਜ ਨੇ ਕਾਸ਼ੀ ਹੋਣ ਦਾ ਵਰ ਦਿੱਤਾ, ਤੇ ਬਚਨ ਕੀਤਾ ਕਿ ਇਸ ਧਰਤੀ ਤੋਂ ਮੰਦ ਬੁੱਧ ਵੀ ਪੜ੍ਹਨਗੇ, ਉਸ ਧਰਤੀ ਤੋਂ ਵਿੱਦਿਆ ਲੈਣ ਦਾ ਮੌਕਾ ਮਿਲਿਆ, ਕਾਸ਼ੀ ਸ੍ਰੀ ਦਮਦਮਾ ਸਾਹਿਬ ਤੋਂ। ਫਿਰ ਉਥੇ ਹੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਮੈਨੂੰ ਸੇਵਾ ਮਿਲੀ।

*ਸਵਾਲ - ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸੇਵਾ ਕਰਨ ਦਾ ਸਵੱਬ ਕਿਵੇਂ ਬਣਿਆ ?*

ਜਵਾਬ - ਮੈਂ 2005 ਵਿੱਚ ਇੱਕ ਕੈਂਪ ਵਾਸਤੇ ਭੋਪਾਲ ਨੂੰ ਟਰੇਨ ਰਾਹੀਂ ਜਾ ਰਿਹਾ ਸੀ, ਮੈਨੂੰ ਰਾਹ ਵਿੱਚ ਹੀ ਫੋਨ ਆਇਆ ਕਿ ਤੁਹਾਡੇ ਆਰਡਰ ਜਿਹੜੇ ਨੇ ਉਹ ਫਤਹਿਗੜ੍ਹ ਸਾਹਿਬ ਦੇ ਨੇ। ਕਿਉਂਕਿ ਉਥੇ ਜਿਹੜੇ ਹੈਡ ਗ੍ਰੰਥੀ ਸਾਹਿਬ ਸਨ, ਉਹ ਰਿਟਾਇਰਡ ਹੋਏ ਸਨ, ਗਿਆਨੀ ਜਸਵਿੰਦਰ ਸਿੰਘ ਜੀ, ਉਹ ਸ੍ਰੀ ਦਰਬਾਰ ਸਾਹਿਬ ਸੇਵਾ ਲਈ ਗਏ ਸਨ, ਤੇ ਉਹ ਹੈਡ ਗ੍ਰੰਥੀ ਦੀ ਸੇਵਾ ਦੀ ਥਾਂ ਖਾਲੀ ਸੀ। ਮੈਨੂੰ ਇਹ ਵੀ ਹੁਕਮ ਹੋਇਆ ਕਿ ਤੁਸੀਂ ਜਿੱਥੇ ਵੀ ਹੋ, ਟਰੇਨ ਤੋਂ ਉਤਰ ਕੇ ਸ੍ਰੀ ਫਤਹਿਗੜ੍ਹ ਸਾਹਿਬ ਆ ਕੇ ਸੇਵਾ ਸੰਭਾਲੋ, ਇੰਝ ਸੱਚੇ ਪਾਤਿਸ਼ਾਹ ਨੇ ਤਰਸ ਕੀਤਾ। ਇੱਕ ਗੱਲ ਇਹ ਵੀ ਸੀ ਕਿ ਕੁੱਝ ਸਮਾਂ ਪਹਿਲਾਂ ਮੈਂ ਤਿੰਨ ਦਿਨ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਕਥਾ ਦੀ ਸੇਵਾ ਨਿਭਾਅ ਕੇ ਆਇਆ ਸੀ। ਸ੍ਰੀ ਫਤਹਿਗੜ੍ਹ ਸਾਹਿਬ ਦੀਆਂ ਸੰਗਤਾਂ ਨੇ ਉਦੋਂ ਬਹੁਤ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਪ੍ਰਬੰਧਕ ਸੇਵਾਦਾਰਾਂ ਕਿਹਾ ਸੀ ਕਿ ਇਹ ਸਿੰਘ ਨੇ ਸਾਨੂੰ ਪੱਕੇ ਤੌਰ ਤੇ ਦਿਓ। ਉਹ ਗੱਲ ਚੱਲਦੀ ਰਹੀ, ਤੇ ਸਮਾਂ ਆਇਆ ਤਾਂ ਜਿਵੇਂ ਮਹਾਰਾਜ ਨੇ ਸੇਵਾ ਲੈਣੀ ਸੀ ਤੇ ਸਾਡੀ ਡਿਊਟੀ ਲੱਗ ਗਈ।

*ਸਵਾਲ - ਇਥੇ ਸੇਵਾ ਵਿੱਚ ਕਿੰਨੇ ਕੁ ਸਾਲ ਹੋ ਗਏ ਨੇ ਜੀ ?*

ਜਵਾਬ - ਹੁਣ 22ਵਾਂ ਸਾਲ ਜਾ ਰਿਹਾ ਹੈ।

*ਸਵਾਲ - ਆਪ ਜੀ ਸਾਡੇ ਦਰਸ਼ਕਾਂ ਤੇ ਪਾਠਕਾਂ ਨੂੰ ਇਹ ਚਾਨਣਾ ਪਾਓ ਕਿ ਜਿਵੇਂ ਆਪ ਜੀ ਨੂੰ ਸਿੰਘ ਸਾਹਿਬ ਕਿਹਾ ਜਾਂਦਾ ਹੈ, ਤਖਤਾਂ ਦੇ ਜਥੇਦਾਰਾਂ ਨੂੰ ਵੀ ਸਿੰਘ ਸਾਹਿਬ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ, ਇਸ ਲਕਬ ਦੇ ਧਾਰਨੀ ਵਿਅਕਤੀ ਕੋਲ ਪੰਥ ਨੂੰ ਮੁਖਾਤਬ ਹੋਣ ਲਈ ਕਿਹੋ ਜਿਹੇ ਅਧਿਕਾਰ ਤੇ ਕੀ-ਕੀ ਜਿੰਮੇਵਾਰੀਆਂ ਹੁੰਦੀਆਂ ਹਨ ? ਸਿੰਘ ਸਾਹਿਬ ਅਖਵਾਉਣ ਦਾ ਹੱਕ ਕੌਣ ਰੱਖਦਾ ਹੈ?*

ਜਵਾਬ - ਅਸਲ 'ਚ ਜੀ ਇਹ ਇੱਕ ਧਾਰਮਿਕ ਸਨਮਾਨ ਦਾ ਸ਼ਬਦ ਹੈ। ਜਿਵੇਂ ਅਸੀਂ ਕਿਸੇ ਨੂੰ ਸਰਦਾਰ ਸਾਹਿਬ, ਭਾਈ ਸਾਹਿਬ, ਇਹ ਸਨਮਾਨ ਦਾ ਈ ਸ਼ਬਦ ਹੈ, ਸਿੱਖ ਪੰਥ ਆਪਣੀਆਂ ਆਦਰਯੋਗ ਹਸਤੀਆਂ ਲਈ ਇਹ ਸ਼ਬਦ ਸ਼ੁਰੂ ਤੋਂ ਹੀ ਵਰਤਦਾ ਆ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਵੀ ਬੜੇ ਖੁਸ਼ ਹੁੰਦੇ ਸਨ, ਮਹਾਰਾਜਾ ਅਖਵਾਉਣ ਦੀ ਬਜਾਏ, 'ਸਿੰਘ ਸਾਹਿਬ' ਅਖਵਾ ਕੇ। ਅਧਿਕਾਰ ਹਰ ਸਿੱਖ ਨੂੰ ਹੈ ਗੁਰੂ ਸਾਹਿਬ ਨੇ ਦਿੱਤਾ ਹੈ। "ਬੋਲ ਧਰਮੀੜਿਆ ਮੋਨ ਕਤ ਧਾਰੀ ਰਾਮ ॥" ਹਰ ਧਰਮੀ ਦਾ ਫ਼ਰਜ਼ ਹੈ, ਹੱਕ ਸੱਚ ਦੀ ਗੱਲ ਕਰਨ ਦਾ ਗੁਰੂ ਦਸਮੇਸ਼ ਜੀ ਨੇ ਦਿੱਤਾ ਹੋਇਆ ਹੈ। ਪੰਥ ਰੁਤਬਿਆਂ ਦਾ ਮੁਥਾਹਜ ਨਹੀਂ ਹੈ, ਹਰ ਸਿੱਖ ਗੁਰੂ ਦੀ ਗੱਲ ਉਤੇ, ਗੁਰੂ ਦੇ ਬਚਨਾਂ ਉਤੇ ਬੋਲ ਸਕਦਾ ਹੈ। ਕਿਸੇ ਨੂੰ ਅਧਿਕਾਰ ਮੰਗਣ ਦੀ ਲੋੜ ਨਹੀਂ ਹੁੰਦੀ।

*ਸਵਾਲ - ਫਤਹਿਗੜ੍ਹ ਸਾਹਿਬ ਦੀ ਜਿਸ ਧਰਤੀ ਤੋਂ ਤੁਸੀਂ ਆਏ ਹੋ, ਉਸ ਦੇ ਆਲੇ ਦੁਆਲੇ ਦੇ ਲੋਕਾਂ ਵਿੱਚ ਸਿੱਖੀ ਕਿੰਨੀ ਕੁ ਪ੍ਰਫੁੱਲਤ ਹੈ ? ਕੀ ਉਹਨਾਂ ਅਦੁੱਤੀ ਸ਼ਹਾਦਤਾਂ ਦਾ ਅਸਰ ਅੱਜ ਵੀ ਉਥੇ ਦੇਖਿਆ ਜਾ ਸਕਦਾ ਹੈ ? ਉਹ ਕਿਹੋ ਜਿਹੀਆਂ ਮਾਨਤਾਵਾਂ ਹਨ, ਜੋ ਉਸ ਧਰਤੀ ਦੇ ਸਿੱਖ ਅੱਜ ਵੀ ਨਿਭਾਅ ਰਹੇ ਹਨ ?*

ਜਵਾਬ - ਬਿਲਕੁੱਲ ਜੀ ਜਿੱਦਾਂ ਸੱਚੇ ਪਾਤਿਸ਼ਾਹ ਜੀ ਨੇ ਸ਼ੁਰੂ ਤੋਂ ਸੇਵਾ ਲਈ ਹੈ ਜਦੋਂ ਤੋਂ, ਸਭ ਤੋਂ ਵੱਡੀ ਕੋਸ਼ਿਸ਼ ਸੀ ਕਿ ਉਸ ਧਰਤੀ ਤੇ ਆ ਕੇ ਉਥੋਂ ਦੇ ਕੌਤਕਾਂ ਨੂੰ ਮਹਿਸੂਸ ਕਰਨਾ। ਹਿਰਦੇ ਦੀ ਸਤਾਹ ਤੇ ਮਹਿਸੂਸ ਕਰਨਾ। ਇਥੇ ਆਉਣਾ, ਹਾਜ਼ਰੀ ਭਰਨੀ ਹੋਰ ਚੀਜ਼ ਹੈ, ਪਰ ਜਦੋਂ ਅਸੀਂ/ਤੁਸੀਂ ਧੁਰ ਅੰਦਰੋਂ ਮਹਿਸੂਸ ਕਰਦੇ ਹੋ ਤਾਂ ਫਿਰ ਉਹ ਤੁਹਾਡੀ ਰੂਹ ਤੱਕ ਗੱਲ ਉਤਰਦੀ ਹੈ। ਯਤਨ ਜਿੰਨੇ ਕੁ ਗੁਰੂ ਸਾਹਿਬ ਨੇ ਕਰਵਾਏ, ਇਲਾਕੇ ਵਿੱਚ, ਜਾਂ ਪੂਰੇ ਪੰਜਾਬ ਭਰ 'ਚ ਜਾਂ ਅੱਜ ਮੀਡੀਏ ਦੇ ਦੌਰ ਵਿੱਚ ਜਾਂ ਸਿੱਖ ਕੌਮ ਤੱਕ ਹੁਣ ਗੱਲ ਪਹੁੰਚੀ, "ਸਫ਼ਰ ਏ ਸ਼ਹਾਦਤ" ਇੱਕ ਲਹਿਰ ਬਣੀ, ਅਤੇ ਖਾਸ ਕਰਕੇ ਸ੍ਰੀ ਫਤਹਿਗੜ੍ਹ ਸਾਹਿਬ ਐਜੂਕੇਸ਼ਨ ਦੀ ਹੱਬ ਬਣ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਹੈ। ਪੋਲੀਟੈਕਨਿਕਲ ਕਾਲਜ ਹੈ, ਇੰਜਨੀਅਰਿੰਗ ਕਾਲਜ ਹੈ, ਮਾਤਾ ਗੁਜਰੀ ਕਾਲਜ ਹੈ। ਮੇਰੀ ਇਹ ਕੋਸ਼ਿਸ਼ ਹੁੰਦੀ ਹੈ ਕਿ ਇਕ ਪਾਸੇ ਜੇ ਹਜ਼ਾਰਾਂ ਲੱਖਾਂ ਦਾ ਇਕੱਠ ਹੋਣਾ ਹੈ, ਤੇ ਦੂਸਰੇ ਪਾਸੇ ਜੇ ਕਿਸੇ ਕਲਾਜ ਵਿੱਚ ਵਿਦਿਆਰਥੀਆਂ ਨਾਲ ਗੱਲ ਹੋਣੀ ਹੈ ਤਾਂ ਮੈਂ ਤਰਜੀਹ ਦਿੰਦਾ ਸੀ ਕਿ ਮੈਂ ਨੌਜਵਾਨਾਂ ਨਾਲ ਗੱਲ ਕਰਾਂ। ਉਹਦੇ ਵੀ ਚੰਗੇ ਨਤੀਜੇ ਨਿੱਕਲੇ, ਗੁਰੂ ਸਾਹਿਬ ਦੀ ਕਿਰਪਾ ਨਾਲ ਨੌਜਵਾਨ ਕਾਫ਼ਲਾ ਬਣ ਕੇ ਆਪ ਸੇਵਾਵਾਂ ਕਰ ਰਿਹਾ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਧੁਰ ਅੰਦਰੋਂ ਮਹਿਸੂਸ ਕਰ ਰਿਹਾ ਕੋਈ ਸ਼ੰਕਾ ਨਹੀਂ ਹੈ। ਓਹੀ ਜਿਹੜੇ ਕਦੀਮੇਲੇ ਦੇ ਰੂਪ ਵਿੱਚ ਇਕੱਠੇ ਹੁੰਦੇ ਸੀ, ਉਹ ਅੱਜ ਵੈਰਾਗ ਵਿੱਚ ਭਿੱਜੇ ਹੋਏ ਹਾਜ਼ਰੀਆਂ ਭਰਦੇ ਤੇ ਸੇਵਾ ਕਰਦੇ ਹਨ।

*ਸਵਾਲ - ਪੰਥ ਦੇ ਮੌਜੂਦਾ ਹਾਲਾਤ ਬਾਰੇ ਬਹੁਤ ਲੋਕਾਂ ਨੂੰ ਪਤਾ ਹੈ, ਜਿਵੇਂ ਕਿ ਸਿੱਖੀ ਵੱਲੋਂ ਪਤਿਤ ਹੋਣਾ, ਨੌਜਵਾਨਾਂ ਦਾ ਧਰਮ ਤੋਂ ਦੂਰ ਨੱਸਣਾ, ਨਸ਼ੇ, ਗੁਰੂ ਡੰਮ੍ਹ ਆਦਿ ਬਾਰੇ ਗੱਲ ਬੜੀ ਕੀਤੀ ਜਾਂਦੀ ਹੈ ਪਰ ਇਸ ਦੇ ਹੱਲ ਬਾਰੇ ਰਣਨੀਤੀ ਕੀ ਅਪਣਾਈ ਜਾਵੇ,*

ਬਾਕੀ ਹਿੱਸਾ 36 ਪੰਨੇ ਤੇ

## ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਦੀ

# ਵਿਸ਼ੇਸ਼ ਮੁਲਾਕਾਤ

35 ਪੰਨੇ ਦਾ ਬਾਕੀ ਹਿੱਸਾ

*ਆਪ ਜੀ ਇਸ ਬਾਰੇ ਜ਼ਿਕਰ ਕਰੋ ਤੇ ਸਿੱਖ ਪੰਥ ਦੇ ਆਗੂਆਂ ਨੂੰ ਕੋਈ ਨਿੱਗਰ ਜਿਹਾ ਸੁਨੇਹਾ ਜ਼ਰੂਰ ਦਿਓ ਜੀ। ਇਸ ਬਾਰੇ ਕੀ ਕਹੋਗੇ ?*

ਜਵਾਬ – ਚੁਣੌਤੀਆਂ ਜਿੰਨੀਆਂ ਮਰਜ਼ੀ ਨੇ, ਸਮੱਸਿਆਵਾਂ ਜਿੰਨੀਆਂ ਵੀ ਨੇ ਉਹਨਾਂ ਦਾ ਹੱਲ ਇੱਕੋ ਗੱਲ ਵਿੱਚ ਟਿਕਿਆ ਹੋਇਆ, ਗੁਰੂ ਗ੍ਰੰਥ ਤੇ ਗੁਰੂ ਪੰਥ। ਗੁਰੂ ਗ੍ਰੰਥ ਸਾਡਾ ਆਤਮ ਬਿਬੇਕ ਹੈ, ਆਤਮ ਪ੍ਰਗਾਸ ਹੈ, ਤੇ ਗੁਰੂ ਪੰਥ ਸਾਡਾ ਕੌਮੀ ਸੂਤਰਧਾਰ ਹੈ, ਤੇ ਏਕਤਾ ਦਾ ਧੁਰਾ ਹੈ। ਜੇ ਸਿੱਖ ਗੁਰੂ ਗ੍ਰੰਥ ਤੋਂ ਗਿਆਨ ਲੈ ਕੇ ਗੁਰੂ ਪੰਥ ਦੇ ਰੂਪ ਵਿੱਚ ਇਕੱਤਰ ਹੁੰਦੇ ਐ, ਤਾਂ ਦੁਨੀਆ ਦੀ ਹਰ ਚੁਣੌਤੀ ਨੂੰ ਸਰ ਕਰਨਾ ਪੰਥ ਵਾਸਤੇ ਬਹੁਤ ਛੋਟੀ ਗੱਲ ਹੋਵੇਗੀ।

*ਸਵਾਲ – ਆਪ ਜੀ ਗੁਰਦੁਆਰਾ ਸਿੰਘ ਸਭਾ ਡਰਬੀ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਦੇ ਇੰਟਰਨੈਸ਼ਨਲ ਸਲਾਨਾ ਸਮਾਗਮ ਵਿੱਚ ਸੁਨੇਹਾ ਦੇਣ ਲਈ ਆਏ ਹੋ, ਅਸੀਂ ਆਪ ਜੀ ਨੂੰ ਸੁਣਿਆ ਹੈ। ਤੁਸੀਂ ਇਥੋਂ ਦੇ ਮਾਹੌਲ ਨੂੰ ਵਾਚਿਆ ਹੈ, ਇਸ ਬਾਰੇ ਕੀ ਕਹਿਣਾ ਚਾਹੋਗੇ? ਪੰਜਾਬ ਦੀ ਸਥਿਤੀ ਅਤੇ ਇਥੋਂ ਦੇ ਹਾਲਾਤ ਵਿੱਚ ਕਿੰਨਾ ਤੇ ਕੀ ਅੰਤਰ ਜਾਪਿਆ ?*

ਜਵਾਬ – ਜਜ਼ਬਾ ਹੈ, ਜੋਸ਼ ਹੈ, ਯੂਥ ਮੈਨੂੰ ਮਿਲਿਆ, ਬੜੀ ਖ਼ੁਸ਼ੀ ਹੋਈ ਹੈ। ਬਾਕੀ ਇੰਟਰਨੈਸ਼ਨਲ ਪੱਧਰ ਤੇ ਜਿੱਥੇ ਤੱਕ ਮੈਂ ਵਿਚਰਿਆ ਹਾਂ, ਮੁਕਾਬਲਤਨ ਡਰਬੀ ਦੇ ਵਿੱਚ ਬਾਣੀ ਬਾਣੇ 'ਚ ਸਜੇ ਨੌਜਵਾਨ ਵੇਖਣ ਨੂੰ ਜ਼ਿਆਦਾ ਮਿਲੇ ਨੇ। ਬੜੇ ਇਕਾਗਰਚਿੱਤ ਹੋ ਕੇ ਉਹ ਗੁਰੂ ਦੀ ਗੱਲ ਸੁਣ ਰਹੇ ਸਨ। ਇਹ ਸ਼ੁੱਭ ਸੰਕੇਤ ਨੇ। ਮਤਲਬ ਅਕਾਦਮਕ ਤੌਰ ਤੇ ਵੀ, ਵਿਰਾਸਤ ਨੂੰ ਸੰਭਾਲਣ ਦੇ ਤੌਰ ਤੇ ਵੀ, ਪੂਰੀ ਤਰ੍ਹਾਂ ਚੇਤਨਾ ਵੇਖਣ ਨੂੰ ਮਿਲੀ। ਸਿੱਖ ਮਿਊਜ਼ੀਅਮ ਦੇ ਰੂਪ 'ਚ ਵਿਰਾਸਤ ਨੂੰ ਸਾਂਭਣਾ, ਬੱਚਿਆਂ ਨੂੰ ਸ਼ਬਦ ਨਾਲ ਜੋੜਨਾ, ਬਾਣੀ ਦੇ ਗਿਆਨ ਨਾਲ ਜੋੜਨਾ, ਚੰਗੀਆਂ ਕਿਤਾਬਾਂ ਦਾ ਰਚਣਾ, ਉਹਨਾਂ ਦਾ ਚੰਗੇ ਤਰੀਕੇ ਨਾਲ ਪਰੋਸਣਾ। ਇਹ ਇਕ ਤਰ੍ਹਾਂ ਨਾਲ ਮੈਨੂੰ ਇੰਜ ਲੱਗਦਾ ਕਿ ਬੋਧਿਕ ਸਤਾਹ ਤੇ ਅਤੇ ਧਾਰਮਿਕ ਜਜ਼ਬਾਤਾਂ ਦੇ ਤੌਰ ਤੇ ਦੋਵਾਂ ਦਾ ਸੁਮੇਲ ਵੇਖਣ ਨੂੰ ਮਿਲਿਆ।

*ਸਵਾਲ – ਆਪ ਜੀ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ 1978 ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਵਿੱਚ ਸ਼ਾਮਲ ਹੋਏ ਹੋ। ਉਹ 13 ਸਿੰਘ ਗੁਰੂ ਡੰਮ੍ਹ ਦਾ ਵਿਰੋਧ ਕਰਦੇ ਹੋਏ ਸ਼ਹੀਦ ਹੋਏ ਸਨ, ਹੁਣ ਉਸ ਸਾਕੇ ਨੂੰ ਲੱਗ ਭੱਗ 50 ਸਾਲ ਹੋਣ ਵਾਲੇ ਹਨ, ਤੇ ਪੰਜਾਬ ਗੁਰੂ ਡੰਮ੍ਹ ਪਹਿਲਾਂ ਨਾਲੋਂ ਵੀ ਵਧ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਅੱਜ ਉਦੋਂ ਨਾਲੋਂ ਵੀ ਵੱਧ ਹੋ ਰਹੀਆਂ ਹਨ। ਕੀ ਕਾਰਨ ਹੈ ਕਿ ਇਸ ਨੂੰ ਠੱਲ੍ਹ ਨਹੀਂ ਪੈ ਰਹੀ ਤੇ ਲੋਕ ਏਨੀ ਹਨ੍ਹੇਰ ਗਰਦੀ ਦਾ ਸ਼ਿਕਾਰ ਹੋ ਰਹੇ ਹਨ? ਹੱਲ ਕੀ ਹੈ ਜੀ ?*

ਜਵਾਬ – ਪਹਿਲੀ ਗੱਲ ਜੋ ਤੁਸੀਂ ਸੰਨ 1978 ਦੀ ਗੱਲ ਕਰਦੇ ਹੋ। ਇੱਕ ਸਮਝ ਆਉਂਦੀ ਹੈ ਪਈ ਸਿੱਖ ਜਾਗਰਿਤ ਨੇ। ਪਰ ਜਿਹੜੀਆਂ ਸਿੱਖ ਵਿਰੋਧੀ ਤਾਕਤਾਂ ਨੇ ਉਹ ਵੀ ਪੂਰਾ ਜ਼ੋਰ ਲਾ ਰਹੀਆਂ ਨੇ। ਚਲੋ ਪਹਿਲਾਂ ਮੁੱਢ ਹੀ ਦੇਖ ਲਈਏ। ਕਿਹਨਾਂ ਨੇ ਇਜਾਜ਼ਤ ਦਿੱਤੀ ਕਿ ਵਿਸਾਖੀ ਦੇ ਦਿਨ ਅੰਮ੍ਰਿਤਸਰ ਸਾਹਿਬ ਵਿੱਚ ਆ ਕੇ ਸਿੱਖਾਂ ਦੇ ਮੂੰਹ ਚਿੜਾਉਣ ਵਾਲਾ ਤੇ ਦਿੱਲ ਦੁਖਾਉਣ ਵਾਲਾ ਪ੍ਰਯੋਗ ਕਰੋ। ਬੰਦਿਆਂ ਦੇ ਚਿਹਰੇ ਬਦਲਦੇ ਹੁੰਦੇ ਆ, ਡਿਊਟੀਆਂ ਨਹੀਂ ਬਦਲਦੀਆਂ। ਤੁਸੀਂ ਜਿਉਂਦਿਆਂ ਦੀ ਛੱਡੀ ਏਥੇ ਲਾਸ਼ਾਂ ਫਰਿੱਜਾਂ ਵਿੱਚ ਰੱਖ ਕੇ ਉਹਨਾਂ ਦੇ ਖਰਚੇ ਕੀਤੇ ਜਾ ਰਹੇ ਨੇ। ਉਹ ਇੱਕ ਸਿਸਟਮ ਦਾ ਹਿੱਸਾ ਹੁੰਦਾ। ਗੁਰੂ ਸਾਹਿਬ ਸਾਨੂੰ ਚੇਤੰਨ ਵੀ ਕਰਦੇ ਆ ਕਿ ਜਿਉਂ ਜਿਉਂ ਏਦਾਂ ਦੀਆਂ ਚੁਣੌਤੀਆਂ ਵਧਦੀਆਂ ਹਨ, ਸਾਡੀਆਂ ਅੱਖਾਂ ਵੀ ਖੁੱਲ੍ਹਦੀਆਂ ਹਨ। ਮੈਂ ਤਾਂ ਬੜੀ ਪੌਜ਼ਿਟਿਵ ਹਾਂ ਪੱਖੀ ਸੋਚ ਰੱਖ ਕੇ ਸੋਚਦਾਂ ਬਈ, ਸਾਡਾ ਭਵਿੱਖ ਬਹੁਤ ਰੋਸ਼ਨ ਹੋਵੇਗਾ।

*ਸਵਾਲ – ਸਭ ਨੂੰ ਪਤਾ ਹੈ ਕਿ ਪੰਜਾਬ ਵਿਚਲੇ ਗੁਰਦੁਆਰਾ ਪ੍ਰਬੰਧ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਹੱਦ ਤੱਕ ਜ਼ਿੰਮੇਵਾਰ ਹੈ। ਕਿਉਂਕਿ ਇਤਿਹਾਸਕ ਅਤੇ ਇੱਕ ਖਾਸ ਬੱਜਟ ਤੱਕ ਦੀ ਆਮਦਨੀ ਵਾਲੇ ਵੱਡੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋ: ਗੁ: ਪ੍ਰ: ਕਮੇਟੀ ਦੇ ਕੋਲ ਹੈ। ਉਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਬਹੁਤ ਸਾਰੇ ਧਾਰਮਿਕ ਅਦਾਰੇ, ਸਕੂਲ ਕਾਲਜ ਤੇ ਹਸਪਤਾਲ ਵੀ ਇਸ ਦੇ ਅਧੀਨ ਚੱਲ ਰਹੇ ਹਨ। ਪਰ ਕੀ ਇਸ ਸੰਸਥਾ ਦੇ ਬੱਜਟ ਦੇ ਮੁਤਾਬਕ ਇਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਕਾਮਯਾਬ ਹੈ? ਜੇ ਨਹੀਂ ਤਾਂ ਕੀ ਕਾਰਨ ਹੋ ਸਕਦੇ ਹਨ? ਜੇ ਨਿਭਾਅ ਰਹੀ ਹੈ ਤਾਂ ਪੰਥ ਦੇ ਭਲੇ ਲਈ ਕਿਹੜੇ-ਕਿਹੜੇ ਕਾਰਜ ਕੀਤੇ ਜਾ ਰਹੇ ਹਨ?*

ਜਵਾਬ – ਮੈਂ ਨਿੱਜੀ ਤੌਰ ਤੇ ਮਹਿਸੂਸ ਕਰਦਾਂ ਕਿ ਜ਼ਿੰਮੇਵਾਰੀਆਂ ਨਿਭਾਉਣ ਲਈ ਬੱਜਟ ਅਹਿਮੀਅਤ ਨਹੀਂ ਰੱਖਦਾ, ਨੀਅਤ ਅਹਿਮੀਅਤ ਰੱਖਦੀ ਹੈ, ਤੇ ਉਹ ਹਰ ਬੰਦੇ ਦੀ ਆਪਣੀ ਆਪਣੀ ਹੈ। ਮਤਲਬ ਜੇ ਬੰਦਿਆਂ ਦੀ ਨੀਅਤ ਠੀਕ ਹੈ, ਬੰਦੇ ਦੀ ਵੀ ਟੌਹਰ ਬਣੇਗੀ, ਤੇ ਫਰਜ਼ਾਂ ਦੀ ਵੀ ਅਦਾਇਗੀ ਹੋਏਗੀ। ਹੁਣ ਅਸੀਂ ਵੀ ਇਸ ਜਥੇਬੰਦੀ ਦਾ ਹਿੱਸਾ ਹਾਂ, ਤੇ ਹਰ ਬੰਦੇ ਦੀ ਆਪਣੀ ਨੀਅਤ ਤੇ ਨਿਰਭਰ ਕਰਦਾ ਹੈ। ਹੁਣ ਪਦਵੀਆਂ ਤੇ ਮਿਲ ਗਈਆਂ। ਪ੍ਰਧਾਨਗੀ ਤੋਂ ਲੈ ਕੇ ਬਰਸ਼ੇ ਵਾਲੇ ਤੱਕ ਪੱਦਵੀ ਹੈ। ਇਹ ਨਿਰਭਰ ਕਰਦਾ ਹੈ ਕਿ ਸੇਵਾ ਕਰਨ ਵਾਲੇ ਦੀ ਨੀਅਤ ਕੀ ਹੈ। ਮੈਨੂੰ ਵੀ ਸੇਵਾ ਮਿਲੀ ਹੈ। ਜੇ ਮੈਂ ਗੁਰੂ ਗ੍ਰੰਥ ਨੂੰ ਗੁਰੂ ਪੰਥ ਨੂੰ ਸਮਰਪਿਤ ਹੋ ਕੇ ਸੇਵਾ ਕਰਾਂ। ਰੋਜ਼ੀ ਰੋਟੀ ਇੱਕ ਵੱਖਰਾ ਸਬਜੈਕਟ ਹੈ, ਜੇ ਮੈਂ ਗੁਰੂ ਨੂੰ ਮੂੰਹ ਦਿਖਾਉਣ ਵਾਸਤੇ ਨੀਅਤ ਨਾਲ ਸੇਵਾ ਕਰ ਲਵਾਂ ਤੇ ਫਿਰ ਬੱਜਟ ਕੋਈ ਅਰਥ ਨਹੀਂ ਰੱਖਦਾ। ਫਿਰ ਵਧੀਆ ਨਤੀਜੇ ਨਿੱਕਲ ਸਕਦੇ ਨੇ।

*ਸਵਾਲ – ਹੋਰ ਕਿਸੇ ਵੀ ਧਰਮ ਦੀ ਕੋਈ ਅਜਿਹੀ ਸੰਸਥਾ ਸਿੱਧੀਆਂ ਵੋਟਾਂ ਪਾ ਕੇ ਨਹੀਂ ਚੁਣੀ ਜਾਂਦੀ। ਸ਼੍ਰੋ: ਕਮੇਟੀ ਦਾ ਵਿਧਾਨ ਅੰਗਰੇਜ਼ ਹਕੂਮਤ ਵੇਲੇ ਦਾ ਚੱਲਿਆ ਆ ਰਿਹਾ ਹੈ। ਕੀ ਹੁਣ ਸਮਾਂ ਨਹੀਂ ਹੈ ਕਿ ਇਸ ਦੀ ਚੋਣ ਅਤੇ ਕਾਰਜਕਾਰੀ ਪ੍ਰਣਾਲੀ ਨੂੰ ਸਿੱਖੀ ਸਿਧਾਂਤਾਂ ਦੇ ਅਨੁਕੂਲ ਕਰਨ ਲਈ ਯਤਨ ਕੀਤੇ ਜਾਣ?*

ਜਵਾਬ – ਇਸ ਦੀ ਜਿਹੜੀ ਕੁਮਿਟਮੈਂਟ ਕਰਵਾਉਂਦੇ ਆ ਉਹ ਸਿੱਖੀ ਸਿਧਾਂਤਾਂ ਦੇ ਅਨੁਸਾਰ ਹੀ ਹੈ। ਜਿਹੜਾ ਮੈਂਬਰਸ਼ਿੱਪ ਲਈ ਫਾਰਮ ਭਰਦੇ ਹਨ, ਉਹਦੇ ਵਿੱਚ ਇਹ ਸਾਰੀਆਂ ਮੱਦਾਂ ਹਨ: ਕਿ ਮੇਰਾ ਪਰਿਵਾਰ ਸਿੱਖੀ ਵਿੱਚ ਹੈ, ਮੈਂ ਸਿੱਖੀ ਚ ਹਾਂ, ਹੁਣ ਕੋਈ ਅਗਲਾ ਝੂਠਾ ਕੁਮਿੱਟਮੈਂਟ ਕਰੇ ਤਾਂ ਕੀ ਹੋ ਸਕਦਾ। ਹੁਣ ਜੇ ਚੋਣ ਦੀ ਬਜਾਏ, ਇਲੈਕਸ਼ਨ ਦੀ ਬਜਾਏ ਸਿਲੈਕਸ਼ਨ ਕਰੀਏ ਤੇ ਜੇ ਉਥੇ ਵੀ ਕੋਈ ਸੰਗਤ ਵਿੱਚ ਖੜ੍ਹ ਕੇ ਝੂਠ ਬੋਲ ਦਏ ਤਾਂ ਇਹਦਾ ਕੀ ਹੱਲ ਐ! ਮੈਂ ਤੁਹਾਡੀ ਇਸ ਭਾਵਨਾ ਨਾਲ ਸਹਿਮਤ ਹਾਂ ਕਿ ਸਿੱਖੀ ਵਿੱਚ ਇਲੈਕਸ਼ਨ ਨਹੀਂ ਹੁੰਦੀ। ਪਰ ਗੱਲ ਫੇਰ ਉਥੇ ਨਿੱਬੜਦੀ ਆ, ਰੱਬ ਦੀ ਭੈ ਭਾਵਨੀ ਕਿੰਨੀ ਕੁ ਆ, ਭਾਵੇਂ ਉਹ ਸਿਲੈਕਸ਼ਨ ਨਾਲ ਆਵੇ ਤੇ ਜਾਂ ਅਸੀਂ ਇਲੈਕਸ਼ਨ ਬਦਲ ਕੇ ਸਿਲੈਕਸ਼ਨ ਵੀ ਕਰ ਦੇਈਏ। ਪਰ ਜੇ ਉਹ ਅੰਦਰੋਂ ਨੀਅਤ ਸਾਫ਼ ਕਰਕੇ ਨਹੀਂ ਆ ਰਿਹਾ ਤਾਂ ਇਸ ਦਾ ਫ਼ਰਕ ਕੀ ਪੈਣਾ ਜੀ।

*ਸਵਾਲ – ਸਿੰਘ ਸਾਹਿਬ ਆਪ ਜੀ ਦਾ ਕਾਰਜ ਖੇਤਰ ਬੇਸ਼ੱਕ ਧਾਰਮਿਕ ਹੈ। ਪਰ ਹਰ ਸਿਆਸੀ ਹਰਕਤ, ਤਬਦੀਲੀ ਤੇ ਬਹੁਤ ਸਾਰੇ ਕਾਨੂੰਨ ਧਰਮ ਅਤੇ ਧਾਰਮਿਕ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਅੱਜ ਸਿੱਖ ਸਿਆਸਤਦਾਨ ਪੰਜਾਬ ਦੇ ਸਿਆਸੀ ਹਾਸ਼ੀਏ ਤੋਂ ਵੀ ਬਾਹਰ ਹੋ ਚੁੱਕੇ ਹਨ। ਇਹਦੇ ਲਈ ਕੌਣ ਜ਼ਿੰਮੇਵਾਰ ਹੈ ਤੇ ਤੁਹਾਡੀ ਨਜ਼ਰ ਵਿੱਚ ਪੰਜਾਬ ਦੇ ਸਿਆਸੀ ਪੰਨੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਮੁੜ ਨਿੱਤਰਨ ਲਈ ਸਿੱਖ ਆਗੂਆਂ ਨੂੰ ਕੀ ਕਰਨਾ ਚਾਹੀਦਾ ਹੈ ?*

ਜਵਾਬ – ਤੁਹਾਡੇ ਸਵਾਲ ਵਿੱਚ ਹੀ ਜਵਾਬ ਹੈ। ਪਹਿਲੀ ਗੱਲ ਕਿ ਜੇ ਸਿੱਖ ਆਗੂ ਕਹਿੰਦੇ ਆ ਤੇ ਉਹਦੇ ਲਈ ਸ਼ਰਤ ਸਿੱਖ ਹੋਣਾ ਹੈ। ਜੇ ਉਹ ਸਿੱਖ ਆ ਤਾਂ ਕਦੀ ਵੀ ਆਪਣਾ ਭਰੋਸਾ ਨਹੀਂ ਗਵਾ ਸਕਦਾ। ਤੇ ਜੇ ਉਹ ਸਿੱਖ ਨਹੀਂ ਹੈ ਤੇ ਉਹ ਭਰੋਸਾ ਜਿੱਤਣ ਦਾ ਯਤਨ ਕਰੇ ਤਾਂ ਕਦੀ ਕਾਮਯਾਬ ਨਹੀਂ ਹੋ ਸਕਦਾ।

*ਆਖਰੀ ਸਵਾਲ – ਸਿੰਘ ਸਾਹਿਬ ਜੀ ਸਧਾਰਣ ਤੌਰ ਤੇ ਵਿਚਰਨ ਵਾਲੇ ਹਰ ਸਿੱਖ ਨੂੰ ਆਪ ਜੀ ਕੀ ਕਹਿਣਾ ਚਾਹੋਗੇ, ਜਿਸ ਨਾਲ ਉਹ ਸਹਿਜੇ ਹੀ ਸਿੱਖੀ ਕਦਰਾਂ ਕੀਮਤਾਂ ਨੂੰ ਅਪਣਾਉਂਦੇ ਹੋਏ ਆਪਣਾ ਜੀਵਨ ਬਸਰ ਕਰ ਸਕੇ ?*

ਜਵਾਬ – ਮੈਂ ਤਾਂ ਇਹ ਕਹਾਂਗਾ ਕਿ ਸਭ ਤੋਂ ਪਹਿਲਾਂ ਆਪਣੇ ਨਿੱਜ ਤੋਂ ਭਾਵ ਆਪ ਤੋਂ ਫਿਰ ਘਰ ਤੋਂ ਸ਼ੁਰੂ ਕਰੀਏ। ਜਿਹੜਾ ਲਾਗੂ ਕਰਨਾ ਹੈ, ਉਹ ਆਪਣੇ ਨਿੱਜ ਤੋਂ ਤੇ ਆਪਣੇ ਘਰ ਤੋਂ ਹੀ ਲਾਗੂ ਕਰੀਏ। ਜਿੱਦਣ ਅਸੀਂ ਘਰ ਸੰਭਾਲ ਲਏ ਉਦੋਂ ਸਮਝ ਲਓ ਕੌਮ ਦਾ ਪਹਿਲਾ ਕਦਮ ਚੁੱਕਿਆ ਗਿਆ। ਅਸੀਂ ਕਹਿੰਨੇ ਆ ਬਈ, ਏਜੰਸੀਆਂ ਕਰ ਰਹੀਆਂ ਨੇ ਜਾਂ ਕੋਈ ਕੌਮ ਦੀਆਂ ਦੁਸ਼ਮਣ ਸੰਸਥਾਵਾਂ ਕਰ ਰਹੀਆਂ ਨੇ। ਕੌਣ ਸਾਡੇ ਬੱਚਿਆਂ ਨੂੰ ਉਂਗਲ ਲਾ ਕੇ ਕੁੱਝ ਕਹਿ ਰਿਹਾ? ਮਾਂ ਬੱਚੇ ਨੂੰ ਕੁੱਛੜ ਚੁੱਕ ਕੇ ਉਹਦੇ ਕੇਸਾਂ ਦੀ ਬੇਅਦਬੀ ਕਰਨ ਜਾ ਰਹੀ ਹੈ, ਜਾਂ ਪਿਓ ਲਿਜਾ ਰਿਹਾ ਹੈ। ਜਾਂ ਸਾਡੇ ਘਰਾਂ ਦੇ ਵਿੱਚ ਜ਼ਹਿਰ ਦੀਆਂ ਟੋਕਰੀਆਂ ਵਰਤ ਰਹੀਆਂ ਨੇ। ਜਾਂ ਕਈ ਤਰ੍ਹਾਂ ਦੇ ਕਰਮ ਕਾਂਡ ਹੋ ਰਹੇ ਹਨ। ਉਹਦੇ ਵਾਸਤੇ ਅਸੀਂ ਜ਼ਿੰਮੇਵਾਰ ਹਾਂ। ਮੈਂ ਇਹੀ ਕਹਾਂਗਾ ਕਿ ਆਪ ਚੇਤੰਨ ਹੋਵੋ ਤੇ ਬਾਣੀ ਦੀ ਡਿਸਕਸ਼ਨ ਇਥੋਂ ਆਪਣੇ ਪਰਿਵਾਰਾਂ ਤੋਂ ਸ਼ੁਰੂ ਕਰੋ। ਰੋਜ਼ ਇੱਕ ਸਾਖੀ ਦੀ ਸਾਂਝ ਕਰੋ, ਜੋ ਨੀਹਾਂ ਪੱਕੀਆਂ ਕਰਨੀਆਂ ਨੇ। ਜੇ ਬਾਣੀ ਦਾ ਬਿਬੇਕ ਹੈ, ਤੇ ਫਿਰ ਅਸੀਂ ਹਰ ਹਮਲੇ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ। ਤੇ ਜੇ ਬਾਣੀ ਨਾਲੋਂ ਟੁੱਟ ਗਏ ਤਾਂ ਜਿੰਨੇ ਮਰਜ਼ੀ ਨਾਹਰੇ ਲਾਈ ਜਾਈਏ, ਸਾਡਾ ਕੌਡੀ ਮੁੱਲ ਨਹੀਂ ਪੈਣਾ।

ਹਰਜਿੰਦਰ ਸਿੰਘ ਮੰਡੇਰ – ਜਥੇਦਾਰ ਜੀ ਸਮਾਂ ਦੇਣ ਲਈ ਆਪ ਜੀ ਦਾ ਇਕ ਵਾਰ ਫੇਰ ਧੰਨਵਾਦ ਹੈ।

## ਈਰਾਨੀ ਕੱਚੇ ਤੇਲ ਦੀ ਖੇਪ ਲੈ ਕੇ ਦੋ ਸੁਪਰਟੈਂਕਰ ਭਾਰਤ ਪਹੁੰਚੇ

ਨਵੀਂ ਦਿੱਲੀ: ਅਮਰੀਕਾ-ਇਜ਼ਰਾਈਲ-ਈਰਾਨ ਦੇ ਚੱਲ ਰਹੇ ਟਕਰਾਅ ਦੇ ਵਿਚਾਲੇ ਵੱਡੀ ਖ਼ਬਰ ਸਾਹਮਣੇ ਆਈ ਹੈ। ਗਲੋਬਲ ਊਰਜਾ ਬਾਜ਼ਾਰ ਤਬਾਹੀ ਦੇ ਕੰਢੇ ''ਤੇ ਹਨ ਅਤੇ ਲਗਭਗ ਸੱਤ ਸਾਲਾਂ ਦੇ ਅੰਤਰਾਲ ਤੋਂ ਬਾਅਦ ਈਰਾਨੀ ਕੱਚੇ ਤੇਲ ਦੀ ਇੱਕ ਖੇਪ ਭਾਰਤ ਪਹੁੰਚੀ ਹੈ। ਅਮਰੀਕੀ ਪਾਬੰਦੀਆਂ ਦੀ ਅਸਥਾਈ ਛੋਟ ਦੇ ਕਾਰਨ, ਲਗਭਗ 4 ਲੱਖ ਬੈਰਲ ਕੱਚੇ ਤੇਲ ਵਾਲੇ ਦੋ ਸੁਪਰਟੈਂਕਰ ਭਾਰਤ ਦੇ ਪੂਰਬੀ ਅਤੇ ਪੱਛਮੀ ਤੱਟਾਂ ਤੇ ਪਹੁੰਚ ਗਏ ਹਨ। ਇਹ ਵਿਕਾਸ ਉਸ ਸਮੇਂ ਹੋਇਆ ਹੈ ਜਦੋਂ ਅਮਰੀਕਾ-ਈਰਾਨ ਸ਼ਾਂਤੀ ਵਾਰਤਾ ਹਫਤੇ ਦੇ ਅੰਤ ਚ ਟੁੱਟ ਗਈ ਸੀ, ਅਤੇ ਵਾਸ਼ਿੰਗਟਨ ਨੇ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਦਾ ਐਲਾਨ ਕੀਤਾ ਸੀ। ਸ਼ਿਪ-ਟਰੈਕਿੰਗ ਡੇਟਾ ਅਨੁਸਾਰ, ਨੈਸ਼ਨਲ ਈਰਾਨੀ ਟੈਂਕਰ ਕੰਪਨੀ ਦੁਆਰਾ ਸੰਚਾਲਿਤ ਫੈਲੀਸਿਟੀ ਨਾਮ ਦਾ ਇੱਕ ਵੱਡਾ ਕੱਚਾ ਕੈਰੀਅਰ ਐਤਵਾਰ ਦੇਰ ਰਾਤ ਗੁਜਰਾਤ ਦੇ ਸਿੱਕਾ ਤੱਟ ''ਤੇ ਆਇਆ ਸੀ। ਜਹਾਜ਼ ਲਗਭਗ 20 ਲੱਖ ਬੈਰਲ ਕੱਚਾ ਤੇਲ ਲੈ ਕੇ ਜਾ ਰਿਹਾ ਹੈ, ਜੋ ਮਾਰਚ ਦੇ ਅੱਧ ਚ ਈਰਾਨ ਦੇ ਖੜਗ ਟਾਪੂ ਤੋਂ ਲੋਡ ਕੀਤਾ ਗਿਆ ਸੀ। ਉਸੇ ਸਮੇਂ, ਇੱਕ ਹੋਰ ਟੈਂਕਰ, ਜਯਾ, ਜੋ ਕਿ ਇਸੇ ਮਾਤਰਾ ਵਿੱਚ ਤੇਲ ਲੈ ਕੇ ਜਾ ਰਿਹਾ ਹੈ, ਉੜੀਸਾ ਦੇ ਪਾਰਾਦੀਪ ਦੇ ਤੱਟ ਤੇ ਖੜਾ ਹੈ। ਜਯਾ ਤੇ ਤੇਲ ਫਰਵਰੀ ਦੇ ਅਖੀਰ ਚ ਲੋਡ ਕੀਤਾ ਗਿਆ ਸੀ, ਇਸ ਤੋਂ ਪਹਿਲਾਂ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਤੇ ਫੌਜੀ ਹਮਲੇ ਕੀਤੇ ਸਨ। ਭਾਰਤ ''ਚ ਈਰਾਨੀ ਤੇਲ ਦੀ ਆਮਦ ਅਮਰੀਕੀ ਪ੍ਰਸ਼ਾਸਨ ਵੱਲੋਂ ਪਿਛਲੇ ਮਹੀਨੇ ਦਿੱਤੀ ਗਈ 30 ਦਿਨਾਂ ਦੀ ਪਾਬੰਦੀਆਂ ਦੀ ਛੋਟ ਦਾ ਨਤੀਜਾ ਹੈ ਤਾਂ ਜੋ ਅਮਰੀਕਾ-ਇਜ਼ਰਾਈਲ ਯੁੱਧ ਕਾਰਨ ਵਿਸ਼ਵਵਿਆਪੀ ਸਪਲਾਈ ਚ ਰੁਕਾਵਟਾਂ ਨੂੰ ਘੱਟ ਕੀਤਾ ਜਾ ਸਕੇ ਅਤੇ ਤੇਲ ਦੀਆਂ ਕੀਮਤਾਂ ਚ ਤੇਜ਼ੀ ਨਾਲ ਵਾਧਾ ਹੋਣ ਤੋਂ ਰੋਕਿਆ ਜਾ ਸਕੇ। ਇਹ ਇੱਕ ਮਹੀਨੇ ਦੀ ਛੋਟ ਸਿਰਫ਼ ਆਵਾਜਾਈ ਵਿੱਚ ਤੇਲ ਦੀ ਵਿਕਰੀ ਦੀ ਆਗਿਆ ਦਿੰਦੀ ਹੈ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਜੇ ਕਬੀਰ ਜੀ ਰਾਮ ਜਪਦੇ ਹੋਏ ਗੁਰੂ ਗ੍ਰੰਥ ਸਾਹਿਬ ਵਿੱਚ ਬੈਠੇ ਹਨ, ਤਦ ਗੁਰੂ ਨਾਨਕ ਪੰਥੀਆਂ ਨੂੰ ਉਸ ਨਾਲ ਕਿਉਂ ਵਿਰੋਧ ਹੈ ? ਜਿਸ ਭਾਵ ਨੂੰ ਮੁੱਖ ਰੱਖਕੇ, ਕਬੀਰ ਜੀ ਅਤੇ ਹੋਰ ਭਗਤ ਰਾਮ ਜਪਦੇ ਸਨ, ਉਸ ਨਾਲ ਉੱਕਾ ਹੀ ਵਿਰੋਧ ਨਹੀ। ਗੁਰੂ ਸਾਹਿਬਾਨ ਨੇ ਭੀ ਆਪਣੀ ਬਾਣੀ ਵਿੱਚ ਰਾਮ ਸ਼ਬਦ ਦੀ ਸੰਕੇਤਕ ਵਰਤੋਂ ਕੀਤੀ ਹੈ । ਵਿਰੋਧ ਉਸ ਵੇਲੇ ਉੱਭਰਦਾ ਹੈ, ਜਦੋਂ ਦਸਰਥ ਪੁੱਤਰ ਰਾਮਚੰਦਰ ਰਾਜੇ ਨੂੰ ਰਾਮ ਮੰਨਣ ਦੀ ਮਾਨਤਾ ਅੱਗੇ ਖੜ੍ਹੀ ਕੀਤੀ ਜਾਂਦੀ ਹੈ । ਅਜੇਹੀ ਭਾਵਨਾ ਦਾ ਕਬੀਰ ਜੀ ਨੇ ਹੋਰਨਾਂ ਨਾਲੋਂ ਕਰੜਾ ਵਿਰੋਧ ਕੀਤਾ ਹੈ । ਜੋ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਆਮ ਤੌਰ 'ਤੇ ਪਾਇਆ ਜਾਂਦਾ ਹੈ, ਚਾਹੇ ਉਹ ਕਬੀਰ ਗ੍ਰੰਥਾਵਲੀ ਹੋਵੇ ਜਾਂ ਕਬੀਰ ਬਚਨਾਵਲੀ ਜਾਂ ਕਬੀਰ ਬੀਜਕ । ਸਭ ਪੋਥੀਆਂ ਵਿੱਚ ਇਹ ਵਾਕ ਕ੍ਰਿਸ਼ਨ ਅਤੇ ਰਾਮ ਦੇ ਅਵਤਾਰ ਵਿਰੋਧੀ ਹੋਣ ਦੇ ਪ੍ਰਾਪਤ ਹਨ**

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-38**

ਕਬੀਰ ਜੀ ਨੂੰ ਗੁਰੂ ਸਹਾਈ ਹੋਏ, ਸਦੀਵੀ ਜਾਗ੍ਰਿਤ ਅਵਸਥਾ ਪ੍ਰਾਪਤ ਹੋਈ। ਮਨ ਖੀਵਾ ਰੱਖਣ ਵਾਲੀ ਸਹਿਜ ਅਵਸਥਾ ਵਿੱਚ ਵਿਚਰਨ ਲਗੇ। ਤਾਂ ਕਬੀਰ ਜੀ ਨੇ ਹੱਠ ਯੋਗ ਦੀ ਸਾਧਨਾ ਵਾਲੀ ਕਿਰਿਆ ਛੱਡਣ ਦਾ ਐਲਾਨ ਕੀਤਾ:

ਜਨਮ ਮਰਨ ਕਾ ਭ੍ਰਮ
ਗਇਆ ਗੋਬਿੰਦ ਲਿਵ ਲਾਗੀ॥
ਜੀਵਨ ਸੁੰਨ ਸਮਾਨਿਆ
ਗੁਰ ਸਾਖੀ ਜਾਗੀ॥1॥ ਰਹਾਉ ॥
ਤ੍ਰਿਕੁਟੀ ਸੰਧਿ ਮੈ ਪੇਖਿਆ
ਹੁ ਘਟ ਜਾਗੀ॥
ਐਸੀ ਬੁਧਿ ਸਮਾਚਰੀ
ਘਟ ਮਾਹਿ ਤਿਆਗੀ॥
(ਬਿਲਾਵਲ ਕਬੀਰ-857)

ਮਨ ਨੂੰ ਖੀਵਾ ਕਰਨ ਵਾਲੀ ਦਸ਼ਾ ਜੋ ਤ੍ਰਿਕੁਟੀ-ਤਿੰਨ ਨਾੜਾਂ ਦੇ ਮੇਲ ਵਾਲੀ ਕਿਰਿਆ, ਰਸ ਦਿੰਦੀ ਸੀ, ਕਬੀਰ ਜੀ ਕਹਿੰਦੇ ਹਨ, ਫਿਰ ਉਹ ਗੁਰੂ ਕ੍ਰਿਪਾ ਨਾਲ ਅਨੰਦਮਈ ਦਸ਼ਾ ਸਦੀਵੀ ਰਹਿਣ ਲੱਗ ਪਈ।

ਗੁਰੂ ਸਾਖੀ-ਸਹਾਈ-ਹੋਏ ਤਾਂ ਮੇਰੀ ਸੁਰਤ ਜੁੜੀ, ਅਫੁਰ ਅਵਸਥਾ ਵਿਆਪੀ। ਇਸ ਪ੍ਰਾਪਤੀ ਪਿੱਛੋਂ ਕਬੀਰ ਜੀ ਜਿਨ੍ਹਾਂ ਜਿਨ੍ਹਾਂ ਅਵਸਥਾਂ ਵਿੱਚੋਂ ਲੰਘੇ, ਉਨ੍ਹਾਂ ਯੋਗਿਕ ਕਿਰਿਆ ਦਾ ਵਰਣਨ ਕਰਦਿਆਂ ਉਸ ਮਾਰਗ ਦੀਆਂ ਘਾਟੀਆਂ ਵਿੱਚੋਂ ਵਿਚਰਨ ਦੀ ਥਾਂ ਥਾਂ ਸਾਖ ਭਰੀ ਹੈ:

ਜੋਗੀ ਕਹਹਿ ਜੋਗੁ ਭਲ ਮੀਠਾ
ਅਵਰੁ ਨ ਦੂਜਾ ਭਾਈ॥
ਰੁੰਡਿਤ ਮੁੰਡਿਤ ਏਕੈ ਸਬਦੀ
ਏਇ ਕਹਹਿ ਸਿਧਿ ਪਾਈ॥
ਹਰਿ ਬਿਨ ਭਰਮਿ ਭੁਲਾਨੇ ਅੰਧਾ॥
ਜਿਸਹਿ ਬੁਝਾਏ ਸੋਈ ਬੂਝੈ
ਬਿਨੁ ਬੂਝੇ ਕਿਉ ਰਹੀਐ॥
ਸਤਿਗੁਰ ਮਿਲੈ ਅੰਧੇਰਾ ਚੂਕੈ
ਇਨ ਬਿਧਿ ਮਾਣਕੁ ਲਹੀਐ॥
ਤਜਿ ਬਾਵੇ ਦਾਹਨੇ ਬਿਕਾਰਾ
ਹਰਿ ਪਦੁ ਦ੍ਰਿੜੁ ਕਰਿ ਰਹੀਐ॥
ਕਹੁ ਕਬੀਰ ਗੂੰਗੇ ਗੁੜ ਖਾਇਆ
ਪੂਛੇ ਤੇ ਕਿਆ ਕਹੀਐ॥
(ਗਉੜੀ ਕਬੀਰ-334)

ਉਲਟਤ ਪਵਨ ਚਕ੍ਰ ਖਟੁ ਭੇਦੇ
ਸੁਰਤਿ ਸੁੰਨ ਅਨਰਾਗੀ॥
ਆਵੈ ਨ ਜਾਇ ਮਰੈ ਨ ਜੀਵੈ
ਤਾਸੁ ਖੋਜੁ ਬੈਰਾਗੀ॥
ਮੇਰੇ ਮਨ ਮਨ ਹੀ ਉਲਟਿ ਸਮਾਨਾ॥
ਗੁਰ ਪਰਸਾਦਿ ਅਕਲਿ ਭਈ
ਅਵਰੈ ਨਾਤਰੁ ਥਾ ਬੇਗਾਨਾ॥
ਨਿਵਰੈ ਦੂਰਿ ਦੂਰਿ ਫੁਨਿ ਨਿਵਰੈ,
ਜਿਨਿ ਜੈਸਾ ਕਰਿ ਮਾਨਿਆ॥
ਅਲਉਤੀ ਕਾ ਜੈਸੇ ਭਇਆ ਬਰੇਡਾ
ਜਿਨਿ ਪੀਆ ਤਿਨਿ ਜਾਨਿਆ॥
ਤੇਰੀ ਨਿਰਗੁਨ ਕਥਾ ਕਾਇ ਸਿਉ
ਕਹੀਐ ਐਸਾ ਕੋਇ ਬਿਬੇਕੀ॥
ਕਹੁ ਕਬੀਰ ਜਿਨਿ ਦੀਆ ਪਲੀਤਾ
ਤਿਨਿ ਤੈਸੀ ਝਲ ਦੇਖੀ॥
(ਗਉੜੀ ਕਬੀਰ-333)

ਸ਼ਬਦਾਂ ਦਾ ਭਾਵ ਹੈ: ਮਨ ਨੂੰ ਉਲਟਾਕੇ, ਪਵਨ ਨਾਲ ਜੋਗੀ ਲੋਕ ਜਿਵੇਂ ਛੇ ਚੱਕ੍ਰ ਵਿੰਨ੍ਹਦੇ ਹਨ, ਸਤਿਗੁਰਾਂ ਦੀ ਦੱਸੀ ਜੁਗਤ ਨਾਲ ਗੁਰ-ਪ੍ਰਸਾਦਿ ਅਕਲ ਭਈ ਅਵਰੈ-ਪਾਸਾ ਹੀ ਪਲਟ ਗਿਆ। ਭਾਵ ਮਨ ਨੂੰ ਵਿਕਾਰਾਂ ਵੱਲੋਂ ਹੋੜਕੇ, ਮੈਂ ਸੁਰਤ ਸੁੰਨ ਅਨੁਰਾਗੀ- ਸੁਰਤ ਨੂੰ ਸੁੰਨ (ਅਫੁਰ) ਅਵਸਥਾ ਦੇ ਅਨੁਰਾਗ (ਪ੍ਰੇਮ) ਵਿੱਚ ਲੀਨ ਕਰ ਲਿਆ ਹੈ। ਉਸ ਨਿਰਗੁਣ ਦੀ ਕਥਾ ਕਿਸ ਕੋਲ ਕਹੀਏ ਉਹ ਤਾ ਮਿਠਾ ਮਿਸ਼ਰੀ (ਅਲਉਤੀ) ਦਾ ਸ਼ਰਬਤ ਹੈ। ਸਭ ਸ਼ੰਕਾਵਾਂ ਨਵਿਰਤ ਹੋ ਗਈਆਂ ਹਨ। ਅਧਿਆਤਮਕ ਵਿਸਮਾਦੀ ਅਵਸਥਾ ਦਾ ਉਹੋ ਹੀ ਨਜ਼ਾਰਾ ਜਾਣ ਸਕਦੇ ਹਨ, ਜਿਨ੍ਹਾਂ ਇਹ ਪਲੀਤਾ ਲਾਇਆ ਹੈ, ਜਾਂ ਜਿਨ੍ਹਾਂ ਦੇ ਪਲੀਤਾ ਲੱਗਿਆ ਹੈ।

## ਕਬੀਰ ਜੀ ਦਾ ਰਾਮ:


ਕਬੀਰ ਜੀ ਰਾਮ ਅਰਾਧਕ ਹੁੰਦੇ ਭੀ ਰਾਮ ਅਰਾਧਕ ਨਹੀਂ ਰਹੇ ਸੀ। ਆਰੰਭ ਵਿੱਚ ਉਨ੍ਹਾਂ ਨੇ ਜਿਸ ਰਾਮ ਸ਼ਬਦ ਦੇ ਜਾਪ ਨੂੰ ਚਿਤਵਿਆ ਹੈ: ਇਸ ਤੋਂ ਕੁਝ ਸੱਜਣ ਭੁਲੇਖੇ ਵੱਸ ਆਖਦੇ ਦੇਖੇ ਗਏ ਹਨ, ਜੇ ਕਬੀਰ ਜੀ ਰਾਮ ਜਪਦੇ ਹੋਏ ਗੁਰੂ ਗ੍ਰੰਥ ਸਾਹਿਬ ਵਿੱਚ ਬੈਠੇ ਹਨ, ਤਦ ਗੁਰੂ ਨਾਨਕ ਪੰਥੀਆਂ ਨੂੰ ਉਸ ਨਾਲ ਕਿਉਂ ਵਿਰੋਧ ਹੈ ? ਜਿਸ ਭਾਵ ਨੂੰ ਮੁੱਖ ਰੱਖਕੇ, ਕਬੀਰ ਜੀ ਅਤੇ ਹੋਰ ਭਗਤ ਰਾਮ ਜਪਦੇ ਸਨ, ਉਸ ਨਾਲ ਉੱਕਾ ਹੀ ਵਿਰੋਧ ਨਹੀਂ। ਗੁਰੂ ਸਾਹਿਬਾਨ ਨੇ ਭੀ ਆਪਣੀ ਬਾਣੀ ਵਿੱਚ ਰਾਮ ਸ਼ਬਦ ਦੀ ਸੰਕੇਤਕ ਵਰਤੋਂ ਕੀਤੀ ਹੈ। ਵਿਰੋਧ ਉਸ ਵੇਲੇ ਉੱਭਰਦਾ ਹੈ, ਜਦੋਂ ਦਸਰਥ ਪੁੱਤਰ ਰਾਮਚੰਦਰ ਰਾਜੇ ਨੂੰ ਰਾਮ ਮੰਨਣ ਦੀ ਮਾਨਤਾ ਅੱਗੇ ਖੜ੍ਹੀ ਕੀਤੀ ਜਾਂਦੀ ਹੈ। ਅਜੇਹੀ ਭਾਵਨਾ ਦਾ ਕਬੀਰ ਜੀ ਨੇ ਹੋਰਨਾਂ ਨਾਲੋਂ ਕਰੜਾ ਵਿਰੋਧ ਕੀਤਾ ਹੈ। ਜੋ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਆਮ ਤੌਰ 'ਤੇ ਪਾਇਆ ਜਾਂਦਾ ਹੈ, ਚਾਹੇ ਉਹ ਕਬੀਰ ਗ੍ਰੰਥਾਵਲੀ ਹੋਵੇ ਜਾਂ ਕਬੀਰ ਬਚਨਾਵਲੀ ਜਾਂ ਕਬੀਰ ਬੀਜਕ। ਸਭ ਪੋਥੀਆਂ ਵਿੱਚ ਇਹ ਵਾਕ ਕ੍ਰਿਸ਼ਨ ਅਤੇ ਰਾਮ ਦੇ ਅਵਤਾਰ ਵਿਰੋਧੀ ਹੋਣ ਦੇ ਪ੍ਰਾਪਤ ਹਨ:

ਨ ਦਸਰਥ ਘਰ ਔਰਤ ਆਵਾ॥
ਨਾ ਲੰਕਾ ਕਾ ਰਾਵ ਸਤਾਵਾ॥
ਨਹਿ ਦੇਵੈ (ਦੇਵਕੀ) ਗਰਭ ਹੋਇ ਆਵਾ।
ਨਾ ਜਸੁਧੈ ਕੈ ਗੋਦ ਖਿਲਾਵਾ॥
ਨ ਵੋਹ ਗਵਾਲਨ ਕੈ ਸੰਗ ਫਿਰਿਯਾ॥
ਗੋਵਰਧਨ ਲੀਨ ਨ ਕਰ ਧਰਿਆ॥
ਬਾਵਨ ਦੇਹ ਨਹੀਂ ਬਲ ਛਲੀਆ॥
ਧਰਨੀ ਵੇਦ ਲੇਨਿ ਉਧਰੀਆ॥
ਗੰਡਕ ਸਾਲਗ੍ਰਾਮ ਨ ਸ਼ੀਲਾ॥
ਮਛ ਕਛ ਹੈਵੈ ਨਹਿ ਜਲਹਿ ਹੀਲਾ॥
ਬਦਰੀ ਵੇਸ ਧਯਾਨ ਨਹੀਂ ਲਾਵਾ॥
ਰਾਮ ਹੋ ਖਤ੍ਰੀ ਨਾ ਸੰਤਾਵਾ॥
ਦਵਾਰ ਮੜੀ ਸਰੀਰ ਨ ਛਾਡਾ॥
ਜਗਨ ਨਾਥ ਲੈ ਪਿੰਡ ਨ ਗਾਡਾ॥
ਕਹੇ ਕਬੀਰ ਬਿਚਾਰਿ
ਕਹਿ ਯਹ ਪੰਥ ਮਤ ਭੂਲ॥
ਯੋਹਿ ਕਬੀਰ ਅਨਮਾਨ
ਕਰ ਬੂਲ ਨਹੀਂ ਅਸਬੂਲ ॥
(ਕਬੀਰ ਰਚਨਾਵਲੀ ਸਫ਼ਾ 243)

ਲੋਗ ਕਹੈ ਗੋਵਰਧਨ ਧਾਰੀ॥
ਤਾਕੀ ਮੋਹ ਅਚੰਭਾ ਭਾਰੀ॥
ਨਿਰਗੁਣ ਰਾਮ ਜਪਹੁ ਰੇ ਭਾਈ॥
ਅਵਿਗਤ ਕੀ ਗਤਿ ਲਖੀ ਨ ਜਾਈ॥
(ਕਬੀਰ ਗ੍ਰੰਥਾਵਲੀ 204)

ਕਸਤੂਰੀ ਕੁੰਡਲ ਬਸੈ ਮ੍ਰਿਗ ਢੂੰਡੇ ਬਨ ਮਾਹਿ॥
ਐਸੇ ਘਟ ਘਟ ਰਾਮ ਹੈ ਦੁਨਿਆ
ਪੇਖੇ ਨਾਹਿ॥ (ਕ.ਗ੍ਰੰ.ਸਫ਼ਾ 81)

ਰਾਮ ਗੁਣ ਨਯਾਰੋ ਨਯਾਰੋ ਨਯਾਰੋ।
ਅਬੂਝਾ ਲੋਕ ਕਹਾ ਲੇ ਬੂਝੇ
ਬੂਝਨਹਾਰ ਬਿਚਾਰੋ॥
ਕੇਤੇ ਰਾਮਚੰਦ ਤਪਸੀ
ਸੇ ਜਿਨ ਜਗ ਯਹ ਬਿਰਮਾਯਾ॥
ਕੇਤੇ ਕਾਨ੍ਹ ਭਏ ਮੁਰਲੀਧਰ
ਤਿਨ ਭੀ ਅੰਤ ਨ ਪਾਯਾ॥
ਕੰਤਿਕ ਸਿਧ ਸਾਧਕ
ਸਨਿਆਸੀ ਨਿਜ ਬਨਬਾਸ ਬਸਾਯਾ॥
ਕੇਤੇ ਮੁਨਿਜਨ ਗੋਰਖ ਕਹਿਏ
ਤਿਨੈ ਅੰਤ ਨ ਪਾਯਾ॥
ਜਾਕੀ ਗਤ ਬ੍ਰਹਮ ਨਹਿ
ਪਾਏ ਸ਼ਿਵ ਸਨਕਾਦਿਕ ਹਾਰੇ॥
ਤਾਕੇ ਗੁਨ ਨਰ ਕੈਸੁ ਪੇਰੋ
ਕਹੈ ਕਬੀਰ ਪੁਕਾਰੇ॥
(ਕਬੀਰ ਬੀਜਕ ਸਫ਼ਾ 35, 36)




## ਕਬੀਰ ਜੀ ਦੀ ਆਪਣੇ ਬਾਰੇ ਜਾਣਕਾਰੀ :

ਕਬੀਰ ਜੀ ਨੇ ਆਪਣੇ ਜੀਵਨ, ਜਨਮ ਭੂਮੀ ਤੇ ਕਰਮ ਭੂਮੀ ਆਪਣੇ ਧੰਦੇ ਤੇ ਜਾਤੀ ਦਾ ਜ਼ਿਕਰ ਭੀ ਸਪੱਸ਼ਟ ਰੂਪ ਵਿੱਚ ਕੀਤਾ ਹੈ:

1. ਕਾਸ਼ੀ ਮੇਂ ਹਮ ਪ੍ਰਗਟ ਭਏ ਹੈਂ ਰਾਮਾਨੰਦ ਚਿਤਾਏ।

2. ਮਰਤੀ ਬਾਰ ਮਗਹਰਿ ਉਠਿ ਆਇਆ।
ਬਹੁਤੁ ਬਰਸ ਤਪੁ ਕੀਆ ਕਾਸ਼ੀ॥
ਮਰਨੁ-ਭਇਆ ਮਗਹਰ ਕੀ ਬਾਸੀ॥
(ਗਉੜੀ ਕਬੀਰ-326)

3. ਤੋਰੈ ਭਰੋਸੈ ਮਗਹਰ ਬਸਿਓ
ਮੇਰੇ ਤਨ ਕੀ ਤਪਤ ਬੁਝਾਈ॥
(ਰਾਮਕਲੀ ਕਬੀਰ 966)

4. ਤੂੰ ਬਾਮਨ ਮੈ ਕਾਸੀਕ
ਜੁਲਹਾ ਬੂਝਹੁ ਮੋਰ ਗਿਆਨਾ॥
(ਆਸਾ ਕਬੀਰ ਜੀ-482)

5. ਕਿਆ ਕਾਸ਼ੀ ਕਿਆ ਊਕਰੁ ਮਗਹਰੁ।
ਰਾਮ ਰਿਦੈ ਜਉ ਹੋਈ॥
(ਧਨਾਸਰੀ ਕਬੀਰ ਜੀ-692)

ਇਕ ਉਪਰਲੀ ਤੁਕ, ਕਬੀਰ ਪੰਥੀ ਗ੍ਰੰਥਾਂ ਵਿੱਚੋਂ ਹੈ, ਹੇਠਲੇ ਵਾਕ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਨ। ਇਨ੍ਹਾਂ ਬਚਨਾਂ ਤੋਂ ਪ੍ਰਗਟ ਹੈ, ਕਬੀਰ ਜੀ ਕਾਸ਼ੀ ਵਿੱਚ ਜੰਮੇ ਸਨ, ਸਾਰਾ ਜਨਮ ਵੀ ਉਥੇ ਬਿਤਾਇਆ ਅੰਤ ਸਮੇਂ ਜਦੋਂ ਸੰਸਾਰ ਛੱਡਣਾ ਸੀ ਮਗਹਰ ਚਲੇ ਗਏ, ਜਿਥੇ ਪਹਿਲਾਂ ਭੀ ਜਾਂਦੇ ਆਉਂਦੇ ਰਹਿੰਦੇ ਸਨ।

ਮਗਹਰ ਦੀ ਪਹਿਲਾਂ ਕੀਤੀ ਯਾਤਰਾ ਸਮੇਂ ਸੱਚੇ ਸਤਿਗੁਰ ਦੀ ਪ੍ਰਾਪਤੀ ਹੋਈ; ਪਹਿਲੇ ਦਰਸ਼ਨ ਮਗਹਰ ਪਾਇਓ ਫੁਨ ਕਾਸ਼ੀ ਵਸੈ ਆਈ, ਜਿਸ ਗੁਰੂ ਨੂੰ ਸਤਿਗੁਰ ਸਾਧੂ ਦੇ ਨਾਮ ਨਾਲ ਉਨ੍ਹਾਂ ਯਾਦ ਕੀਤਾ ਹੈ ਅਤੇ ਸਤਿਗੁਰੂ ਦੀ ਮੋਹਰ ਨੂੰ ਗੁਰ ਪ੍ਰਸਾਦਿ ਅਤੇ ਸਤਿਗੁਰੂ ਦੇ ਮੱਤ ਨੂੰ ਗੁਰਮਤ ਕਿਹਾ ਹੈ। ਉਸ ਗੁਰੂ ਦੇ ਕਬੀਰ ਜੀ ਨੂੰ ਮਗਹਰ ਵਿੱਚ ਦਰਸ਼ਨ ਹੋਏ ਸਨ:

ਹਮ ਕਾਹੂ ਕੀ ਕਾਣਿ ਨ ਕਢਤੇ
ਅਪਨੇ ਗੁਰ ਪਰਸਾਦੇ॥
(ਰਾਮਕਲੀ ਕਬੀਰ ਜੀ-969)
ਗੁਰਮਤਿ ਰਾਮੈ ਨਾਮਿ ਬਸਾਈ॥
ਅਸਥਿਰੁ ਰਹੈ ਨ ਕਤਹੂੰ ਜਾਈ॥
(ਆਸਾ ਕਬੀਰ ਜੀ-481)

ਚਲਦਾ......

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


ਗੁਰਦੁਆਰਾ ਕਿਲਾ ਹੋਲਗੜ੍ਹ ਸਾਹਿਬ

## ਕੱਟੂ

ਪਹਿਲਾਂ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਅਤੇ ਅੱਜ–ਕੱਲ੍ਹ ਨਵੇਂ ਬਣੇ ਜ਼ਿਲ੍ਹਾ ਬਰਨਾਲਾ ਵਿੱਚ ਪਿੰਡ ਕੱਟੂ ਆਉਂਦਾ ਹੈ। ਇਹ ਪਿੰਡ ਬਰਨਾਲਾ ਤੋਂ ਦੱਖਣ–ਪੂਰਬ ਦਿਸ਼ਾ ਵੱਲ 12 ਕਿਲੋਮੀਟਰ ਦੂਰ ਹੈ। ਬਰਨਾਲਾ ਦਾ ਅਕਸ਼ਾਂਸ਼ 300–22 ਅਤੇ ਰੇਖਾਂਸ਼ ਦੇਸ਼ਾਂਤਰ 750–32 ਹੈ। ਇਸ ਪਿੰਡ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਚਰਨ ਪਾਏ ਸਨ ਅਤੇ ਇਤਿਹਾਸਕ ਗੁਰਦੁਆਰਾ ਸਾਹਿਬ ਗੁਰੂਸਰ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ। ਗੁਰੂ ਸਾਹਿਬ ਨੇ ਆਪਣਾ ਕੈਂਪ ਪਿੰਡ ਦੇ ਬਾਹਰਵਾਰ, ਇਕ ਕਿਲੋਮੀਟਰ ਦੂਰ ਉੱਤਰ–ਪੂਰਬ ਵੱਲ ਲਾਇਆ ਸੀ। ਇਹ ਤਾਲਾਬ ਬਾਅਦ ਵਿੱਚ ਗੁਰੂਸਰ ਕਰਕੇ ਪ੍ਰਸਿੱਧ ਹੋਇਆ।

ਮੁਕਾਮੀ ਰਿਵਾਇਤ ਅਨੁਸਾਰ ਗੁਰੂ ਤੇਗ਼ ਬਹਾਦਰ ਸਾਹਿਬ ਇਸ ਪਿੰਡ 1665 ਵਿੱਚ ਆਏ। ਇਥੇ ਹੀ ਗੁਰੂ ਸਾਹਿਬ ਨੇ ਧਿਆਨ ਦਾਸ ਨਾਲ ਇਕ ਲੰਮਾਂ ਸਮਾਂ ਵਿਚਾਰ ਵਟਾਂਦਰਾ ਕੀਤਾ, ਜੋ ਨੇੜਲੀ ਝੁੱਗੀ ਵਿੱਚ ਰਹਿੰਦਾ ਸੀ। ਪਿੰਡ ਵਾਸੀ ਵੀ ਗੁਰੂ ਸਾਹਿਬ ਦੇ ਰੂਹਾਨੀ ਵਿਚਾਰਾਂ ਨੂੰ ਸੁਣਨ ਲਈ ਇਕੱਤਰ ਹੋਏ। ਗੁਰੂ ਸਾਹਿਬ ਨੇ ਕਾਹੇ ਰੇ ਬਨ ਖੋਜਨ ਜਾਈ... (ਗੁਰੂ ਗ੍ਰੰਥ ਸਾਹਿਬ, ਅੰਗ 684) ਸ਼ਬਦ ਇਸੇ ਪਿੰਡ ਉਚਾਰਿਆ ਸੀ।

ਸਮੇਂ ਦੇ ਗੁਜ਼ਰਨ ਨਾਲ ਇਥੇ ਗੁਰਦੁਆਰਾ ਬਣਾਇਆ ਗਿਆ। ਪਹਿਲੀ ਇਮਾਰਤ ਵਿੱਚ ਕਮਰਿਆਂ ਦੀ ਕਤਾਰ ਹੁੰਦੀ ਸੀ, ਜੋ ਇੱਟਾਂ ਦੇ ਅਹਾਤੇ ਅੰਦਰ ਤਿੰਨਾਂ ਪਾਸਿਆਂ ਤੋਂ ਵੇਖੇ ਜਾਂਦੇ ਸਨ। ਅਜੋਕੀ ਇਮਾਰਤ ਮਾਰਚ 31, 1977 ਵਿੱਚ ਬਣੀ ਹੈ, ਜਿਸ ਵਿੱਚ ਇਕ ਵੱਡਾ ਦੀਵਾਨ ਹਾਲ ਜਿਸ ਵਿੱਚ ਪ੍ਰਕਾਸ਼ ਅਸਥਾਨ ਅਤੇ ਉੱਪਰ ਕੰਵਲ ਗੁੰਬਦ ਬਣਿਆ ਹੈ। ਗੁਰਦੁਆਰੇ ਨਾਲ 50 ਏਕੜ ਜ਼ਮੀਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਹੀ ਪ੍ਰਬੰਧ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਪੁਰਬ 'ਤੇ ਭਾਰੀ ਜੋੜ–ਮੇਲਾ ਹੁੰਦਾ ਹੈ।

ਇਸੇ ਪਿੰਡ ਦੇ ਭਾਈ ਧਿਆਨ ਸਿੰਘ ਹੋਏ ਹਨ, ਜੋ ਵੱਡੇ ਕਰਣੀਵਾਲੇ ਮਹਾਂਪੁਰਖ ਸਨ। ਉਨ੍ਹਾਂ ਦਸਮ ਗ੍ਰੰਥ ਵਿੱਚੋਂ ਚਰਿਤ੍ਰ ਕੱਢ ਕੇ ਸਰਬਲੋਹ ਦਰਜ ਕਰ ਦਿੱਤਾ ਸੀ।

ਪੁਸਤਕ ਸੂਚੀ:–
1. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
2. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
3. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕਣਕਵਾਲ ਕਲਾਂ

ਇਸ ਪਿੰਡ ਨੂੰ ਕਣਕਵਾਲ ਭੰਗੀਆਂ ਵੀ ਆਖਿਆ ਜਾਂਦਾ ਹੈ। ਇਹ ਪਿੰਡ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਸੁਨਾਮ ਦੇ ਦੱਖਣ–ਪੱਛਮ ਵੱਲ 25 ਕਿਲੋਮੀਟਰ ਦੂਰ ਹੈ। ਸੁਨਾਮ ਦਾ ਅਕਸ਼ਾਂਸ਼ 300–7 ਅਤੇ ਰੇਖਾਂਸ਼ ਦੇਸ਼ਾਂਤਰ 750–48 ਹੈ। ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਮਾਲਵਾ ਦੇਸ਼ ਦੀ ਪ੍ਰਚਾਰ ਫੇਰੀ ਸਮੇਂ ਇਥੇ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਨੌਵੀਂ ਪਾਤਸ਼ਾਹੀ ਪਿੰਡ ਦੇ ਉੱਤਰ–ਪੱਛਮ ਵੱਲ ਅੱਧਾ ਕਿਲੋਮੀਟਰ ਦੂਰ ਹੈ। ਇਹ ਗੁਰਦੁਆਰਾ ਛੋਟੇ ਜਿਹੇ ਨਾਲੇ ਦੇ ਕਿਨਾਰੇ ਸਥਿਤ ਹੈ। ਇਹ ਇਮਾਰਤ 1921 ਵਿੱਚ ਬਣੀ ਹੈ, ਜਿਸ ਵਿੱਚ ਗੁੰਬਦਨੁਮਾ ਪ੍ਰਕਾਸ਼ ਅਸਥਾਨ ਅਤੇ ਦੋਵੇਂ ਪਾਸੇ ਛੋਟੇ ਕਮਰੇ ਹਨ। ਦੀਵਾਨ ਹਾਲ ਸਾਹਮਣੇ ਬਣਿਆ ਹੈ। ਗੁਰਦੁਆਰੇ ਦਾ ਪ੍ਰਬੰਧ ਪਿੰਡ ਦੀ ਸੰਗਤ ਕਰਦੀ ਹੈ ਅਤੇ ਸੇਵਾ–ਸੰਭਾਲ ਇਕੋ ਨਿਹੰਗ ਸਿੰਘ ਕਰਦਾ ਹੈ। ਗੁਰ–ਦੁਆਰੇ ਨਾਲ ਸੱਤ ਏਕੜ ਜ਼ਮੀਨ ਲੱਗੀ ਹੋਈ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ, ਪਰ ਇਹ ਅਸਥਾਨ ਹੁਣ ਡੀ–ਨੋਟੀਫਾਈਡ ਹੋ ਚੁੱਕਾ ਹੈ।

ਪੁਸਤਕ ਸੂਚੀ:–
1. ਫੌਜਾ ਸਿੰਘ– ਗੁਰੂ ਤੇਗ਼ ਬਹਾਦਰ ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976
2. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
3. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
4. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਕਨਖੱਲ

ਕਨਖੱਲ, ਹਰਿਦੁਆਰ ਦਾ ਇਕ ਪਿੰਡ ਹੈ, ਜੋ ਹਰਿਦੁਆਰ ਤੋਂ ਤਿੰਨ ਕਿਲੋਮੀਟਰ ਪੱਛਮ ਦਿਸ਼ਾ ਵੱਲ ਹੈ। ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਸਮੇਂ 1507–08 ਵਿੱਚ ਇਥੇ ਆਏ ਸਨ। ਗੁਰੂ ਅਮਰਦਾਸ ਸਾਹਿਬ 1569 ਵਿੱਚ ਇਸੇ ਨਗਰ ਚਰਨ ਪਾਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਸਤੀ ਘਾਟ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਇਸ ਨਗਰ ਜੁਲਾਈ 1674 ਵਿੱਚ ਚਰਨ ਪਾਏ ਹਨ। ਇਸੇ ਫੇਰੀ ਸਮੇਂ ਮਾਧੋਦਾਸ ਬੈਰਾਗੀ (ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦਰ) ਪਹਿਲੀ ਵੇਰਾਂ ਗੁਰੂ ਸਾਹਿਬ ਨੂੰ ਮਿਲਿਆ ਸੀ।

ਪੁਸਤਕ ਸੂਚੀ:–
1. ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ 1997

## ਕਨੇਚ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਇਕ ਪਿੰਡ ਕਨੇਚ ਹੈ, ਜੋ ਲੁਧਿਆਣਾ ਤੋਂ 20 ਕਿਲੋਮੀਟਰ ਦੱਖਣ–ਪੂਰਬ ਵੱਲ ਹੈ। ਲੁਧਿਆਣਾ ਦਾ ਅਕਸ਼ਾਂਸ਼ 300–54 ਅਤੇ ਰੇਖਾਂਸ਼ ਦੇਸ਼ਾਂਤਰ 750–52 ਹੈ। ਇਥੇ ਗੁਰੂ ਗੋਬਿੰਦ ਸਿੰਘ ਸਾਹਿਬ ਦਸੰਬਰ 13, 1705 ਨੂੰ ਮਾਛੀਵਾੜਾ ਅਤੇ ਮਾਲਵੇ ਦੇ ਸਫ਼ਰ ਦੌਰਾਨ ਆਏ ਸਨ। ਗੁਰੂ ਸਾਹਿਬ ਨੇ ਇਸ ਸਮੇਂ ਉੱਚ ਦਾ ਪੀਰ ਦੇ ਬਸਤਰ ਪਾਏ ਸਨ। ਮੁਕਾਮੀ ਜ਼ਿਮੀਂਦਾਰ ਫ਼ੱਤੇ ਨੇ ਗੁਰੂ ਸਾਹਿਬ ਨੂੰ ਸਤਿਕਾਰ ਦਿੱਤਾ ਅਤੇ ਗੁਰੂ ਸਾਹਿਬ ਨੂੰ ਕੋਈ ਸੇਵਾ ਬਖ਼ਸ਼ਣ ਲਈ ਆਖਿਆ। ਗੁਰੂ ਸਾਹਿਬ ਨੇ ਫ਼ੱਤੇ ਨੂੰ ਘੋੜਾ ਦੇਣ ਵਾਸਤੇ ਆਖਿਆ। ਘਰ ਜਾ ਕੇ ਫ਼ੱਤਾ ਸੁੱਕੀ ਪਤਲੀ ਘੋੜੀ ਲੈ ਆਇਆ। ਗੁਰੂ ਸਾਹਿਬ ਨੇ ਇਸ ਘੋੜੀ ਨੂੰ ਮੋੜ ਦਿੱਤਾ ਅਤੇ ਕਿਹਾ ਕਿ ਮੈਨੂੰ ਤੇਰਾ ਤਾਕਤਵਰ ਘੋੜਾ ਸੁੰਦਰ ਹੀ ਚਾਹੀਦਾ ਹੈ। ਫ਼ੱਤੇ ਨੇ ਬਹਾਨਾ ਕੀਤਾ ਕਿ ਉਹ ਮੇਰਾ ਕੋਈ ਰਿਸ਼ਤੇਦਾਰ ਲੈ ਗਿਆ ਹੈ। ਗੁਰੂ ਸਾਹਿਬ ਜਾਣੀ–ਜਾਣ ਮੁਸਕਰਾਏ ਅਤੇ ਪਾਲਕੀ ਵਿੱਚ ਬਹਿ ਕੇ ਟੁਰ ਪਏ। ਪਰ ਜਦੋਂ ਫ਼ੱਤਾ ਘਰ ਪੁੱਜਾ ਤਾਂ ਉਸ ਦੇਖਿਆ ਕਿ ਸੁੰਦਰ ਘੋੜਾ ਸੱਪ ਦੇ ਡੰਗ ਨਾਲ ਮਰਿਆ ਪਿਆ ਸੀ। ਇਕ ਹੋਰ ਸੋਮੇ ਮੁਤਾਬਕ ਭਾਈ ਖੁਦਾ ਬਖ਼ਸ਼ ਨੇ ਗੁਰੂ ਸਾਹਿਬ ਨੂੰ ਆਪਣਾ ਘੋੜਾ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਅਸੀਸ ਦਿੱਤੀ ਅਤੇ ਧੰਨਵਾਦ ਕੀਤਾ।

ਮੰਜੀ ਸਾਹਿਬ ਬਾਅਦ ਵਿੱਚ ਬਣਾਇਆ ਗਿਆ ਸੀ ਅਤੇ ਨਵੀਂ ਇਮਾਰਤ ਦਾ ਨਿਰਮਾਣ ਵੀ ਕੀਤਾ ਗਿਆ ਹੈ। ਇਸ ਇਮਾਰਤ ਵਿੱਚ ਇਕ ਵੱਡਾ ਸਮਕੋਣ ਹਾਲ, ਜਿਸ ਵਿੱਚ ਪ੍ਰਕਾਸ਼ ਅਸਥਾਨ ਅਤੇ ਬਾਹਰਵਾਰ ਵਰਾਂਡਾ ਬਣਿਆ ਹੋਇਆ ਹੈ। ਪ੍ਰਕਾਸ਼ ਅਸਥਾਨ ਦੇ ਉੱਪਰ ਗੁੰਬਦਦਾਰ ਕਮਰਾ ਹੈ। ਗੁਰਦੁਆਰਾ ਸਾਹਿਬ ਉੱਚੀ ਟਿੱਬੀ 'ਤੇ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ–ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–
1. ਗਿਆਨ ਸਿੰਘ ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
2. ਦਿਲਗੀਰ, ਹਰਜਿੰਦਰ ਸਿੰਘ (ਡਾ.)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997
3. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
4. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਕਪਾਲ ਮੋਚਨ

ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦਾ ਇਕ ਨਗਰ ਜੋ ਬਿਲਾਸਪੁਰ–ਰਣਜੀਤਪੁਰ ਸੜਕ 'ਤੇ ਜਗਾਧਰੀ ਤੋਂ 20 ਕਿਲੋਮੀਟਰ ਦੂਰ ਹੈ। ਜਗਾਧਰੀ ਦਾ ਅਕਸ਼ਾਂਸ਼ 300–10 ਅਤੇ ਰੇਖਾਂਸ਼ ਦੇਸ਼ਾਂਤਰ 770–18 ਹੈ। ਇਸ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਪਾਉਂਟਾ ਤੋਂ ਅਨੰਦਪੁਰ ਸਾਹਿਬ (ਅਕਤੂਬਰ 27, 1688) ਜਾਣ ਸਮੇਂ 52 ਦਿਨ ਠਹਿਰੇ ਸਨ। ਪਹਿਲਾਂ ਗੁਰੂ ਸਾਹਿਬ ਦੀ ਯਾਦਗਾਰ ਛੋਟੀ ਜਿਹੀ ਬਣੀ ਸੀ ਅਤੇ 1947 ਤੋਂ ਬਾਅਦ ਵਿੱਚ ਨਵੀਂ ਬਣਾਈ ਗਈ। ਅਜੋਕੀ ਇਮਾਰਤ ਦਾ ਨਿਰਮਾਣ 1951 ਨੂੰ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪ੍ਰਮੁੱਖ ਹਾਲ ਵਿੱਚ ਹੁੰਦਾ ਹੈ, ਜਿਸ ਵਿੱਚ ਸੰਗਮਰਮਰ ਦੀ ਵਿਛਾਈ ਕੀਤੀ ਗਈ ਹੈ। ਇਸ ਦੇ ਨਾਲ ਹੀ ਵੱਖਰੇ ਤੌਰ 'ਤੇ ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਬਣੇ ਹਨ। ਅਕਤੂਬਰ–ਨਵੰਬਰ ਵਿੱਚ ਗੁਰੂ ਨਾਨਕ ਸਾਹਿਬ ਦੇ ਜਨਮ 'ਤੇ ਭਾਰੀ ਜੋੜ–ਮੇਲਾ ਹੁੰਦਾ ਹੈ। ਗੁਰਦੁਆਰੇ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ, ਜਿਸ ਦਾ ਮੈਨੇਜਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਕੀਤਾ ਜਾਂਦਾ ਹੈ। ਇਹ ਗੁਰ–ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਗੁਰਦੁਆਰੇ ਨਾਲ 250 ਏਕੜ ਜ਼ਮੀਨ ਕਈ ਪਿੰਡਾਂ ਵਿੱਚ ਸੀ।

ਪੁਸਤਕ ਸੂਚੀ:–
1. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
2. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

## ‹‹ ਖਾਸ ਰਿਪੋਰਟ ››

✪ ਫਰਜ਼ੀ ਏਜੰਟਾਂ ਦੇ ਨੈੱਟਵਰਕ ਦੇ ਬਾਵਜੂਦ ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਜਨੂੰਨ ਬਰਕਰਾਰ




ਪੰਜਾਬ ਦੀ ਧਰਤੀ ਤੋਂ ਹਰ ਸਾਲ ਹਜ਼ਾਰਾਂ ਨੌਜਵਾਨ ਬਿਹਤਰ ਭਵਿੱਖ ਦੀ ਭਾਲ ਵਿੱਚ ਸੱਤ ਸਮੁੰਦਰੋਂ ਪਾਰ ਉਡਾਰੀ ਮਾਰਦੇ ਹਨ। ਪਰ ਇਸ ਸੁਪਨੇ ਦੀ ਆੜ ਵਿੱਚ 'ਠੱਗੀ ਦੀ ਦੁਕਾਨ' ਚਲਾ ਰਹੇ ਫਰਜ਼ੀ ਟ੍ਰੈਵਲ ਏਜੰਟਾਂ ਦਾ ਜਾਲ ਹੁਣ ਪੂਰੇ ਸੂਬੇ ਵਿੱਚ ਮੱਕੜੀ ਦੇ ਜਾਲ ਵਾਂਗ ਫੈਲ ਚੁੱਕਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵਿਦੇਸ਼ਾਂ ਵਿੱਚ ਵਾਪਰਦੇ ਹਾਦਸਿਆਂ ਅਤੇ ਰੋਜ਼ਾਨਾ ਹੁੰਦੀਆਂ ਠੱਗੀਆਂ ਦੇ ਬਾਵਜੂਦ, ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਘਟਣ ਦੀ ਬਜਾਏ ਹੋਰ ਵਧਦਾ ਜਾ ਰਿਹਾ ਹੈ। ਨੌਜਵਾਨਾਂ ਦੇ ਇਸ ਰੁਝਾਨ ਪਿੱਛੇ ਸਿਰਫ਼ ਪੈਸਾ ਕਮਾਉਣ ਦੀ ਲਾਲਸਾ ਨਹੀਂ, ਸਗੋਂ ਦੇਸ਼ ਦੇ ਮੌਜੂਦਾ ਹਾਲਾਤ ਵੀ ਜ਼ਿੰਮੇਵਾਰ ਹਨ। ਰਿਪੋਰਟ ਮੁਤਾਬਕ ਵਧਦੀ ਮਹਿੰਗਾਈ ਕਾਰਨ ਮੱਧਵਰਗੀ ਪਰਿਵਾਰਾਂ ਲਈ ਘਰ ਦਾ ਗੁਜ਼ਾਰਾ ਕਰਨਾ ਔਖਾ ਹੋ ਗਿਆ ਹੈ। ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਅਤੇ ਸਕੂਲਾਂ-ਕਾਲਜਾਂ ਦੀਆਂ ਅਸਮਾਨੀ ਚੜ੍ਹੀਆਂ ਫੀਸਾਂ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਨਾਜ਼ੁਕ ਸਥਿਤੀ ਅਤੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਮਾਪੇ ਖੁਦ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਇਸ 'ਲਚਰ ਪ੍ਰਣਾਲੀ' ਤੋਂ ਬਾਹਰ ਨਿਕਲ ਜਾਣ।

### ਲਾਈਸੈਂਸ ਘੱਟ, ਠੱਗ ਜ਼ਿਆਦਾ: ਪੰਜਾਬ ਦੀ ਅਰਥਵਿਵਸਥਾ ਨੂੰ ਲੱਗੀ ਸਿਉਂਕ

ਪੰਜਾਬ ਵਿੱਚ ਅੱਜ-ਕੱਲ੍ਹ ਅਸਲੀ ਅਤੇ ਮਾਨਤਾ ਪ੍ਰਾਪਤ ਟ੍ਰੈਵਲ ਏਜੰਟਾਂ ਨਾਲੋਂ ਨਕਲੀ ਏਜੰਟਾਂ ਦੀ ਗਿਣਤੀ ਕਿਤੇ ਜ਼ਿਆਦਾ ਹੋ ਗਈ ਹੈ। ਇਹ ਏਜੰਟ ਪੰਜਾਬ ਦੀ ਅਰਥ-ਵਿਵਸਥਾ ਨੂੰ ਅੰਦਰੋਂ-ਅੰਦਰ ਖੋਖਲਾ ਕਰ ਰਹੇ ਹਨ। ਇਹ ਏਜੰਟ ਖ਼ਾਸ ਕਰਕੇ ਉਨ੍ਹਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜੋ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਹਨ। "ਚੇਨ ਸਿਸਟਮ" ਰਾਹੀਂ ਇਹ ਲੋਕ ਹੋਟਲਾਂ, ਕਾਲਜਾਂ ਅਤੇ ਕੋਚਿੰਗ ਸੈਂਟਰਾਂ ਵਿੱਚ ਆਪਣੇ ਸ਼ਿਕਾਰ ਲੱਭਦੇ ਹਨ। ਇੱਕ ਅੰਦਾਜ਼ੇ ਮੁਤਾਬਕ, ਇਹ ਏਜੰਟ ਪ੍ਰਤੀ ਵਿਅਕਤੀ 1.5 ਤੋਂ 2 ਲੱਖ ਰੁਪਏ ਦੀ ਠੱਗੀ ਮਾਰਦੇ ਹਨ ਅਤੇ ਬਾਅਦ ਵਿੱਚ ਪੀੜਤ ਪੁਲਸ ਥਾਣਿਆਂ ਦੇ ਚੱਕਰ ਕੱਟਣ ਲਈ ਮਜਬੂਰ ਹੁੰਦੇ ਹਨ।

### ਜਾਨ ਜੋਖਮ ਵਿੱਚ ਪਾ ਕੇ 'ਡੌਂਕੀ' ਲਗਾਉਣ ਦਾ ਰੁਝਾਨ

ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਪੰਜਾਬੀਆਂ ਦੀ ਪਹਿਲੀ ਪਸੰਦ ਹਨ, ਪਰ ਇੱਥੇ ਨਾ ਪਹੁੰਚ ਸਕਣ ਵਾਲੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ (ਡੌਂਕੀ ਮਾਰਗ) ਰਾਹੀਂ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਸ ਚੱਕਰ ਵਿੱਚ ਕਈ ਨੌਜਵਾਨ ਵਿਦੇਸ਼ੀ ਜੇਲਾਂ ਵਿੱਚ ਸੜ ਰਹੇ ਹਨ। ਬਹੁਤ ਸਾਰੇ ਨੌਜਵਾਨਾਂ ਨੂੰ ਅੰਡਰਗ੍ਰਾਊਂਡ ਰਹਿ ਕੇ ਨਰਕ ਭਰੀ ਜ਼ਿੰਦਗੀ ਜਿਊਣੀ ਪੈ ਰਹੀ ਹੈ। ਕਈ ਮਾਮਲਿਆਂ ਵਿੱਚ ਨੌਜਵਾਨਾਂ ਨੂੰ ਆਪਣੀ ਜਾਨ ਤੋਂ ਹੱਥ ਵੀ ਧੋਣੇ ਪਏ ਹਨ।

### ਸਰਕਾਰ ਦੇ ਦਾਅਵੇ ਬਨਾਮ ਹਕੀਕਤ

ਸੱਤਾ ਵਿੱਚ ਆਉਣ ਤੋਂ ਪਹਿਲਾਂ 'ਆਮ ਆਦਮੀ ਪਾਰਟੀ' ਨੇ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਵਿਦੇਸ਼ ਜਾਣ ਦੀ ਲੋੜ ਨਹੀਂ ਰਹਿਣ ਦਿੱਤੀ ਜਾਵੇਗੀ। ਪਰ ਤਸਵੀਰ ਇਸ ਦੇ ਉਲਟ ਹੈ। ਅੱਜ ਵੀ ਹਜ਼ਾਰਾਂ ਸਰਕਾਰੀ ਅਸਾਮੀਆਂ ਖਾਲੀ ਪਈਆਂ ਹਨ। ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰੀ ਕਾਰਨ ਜਾਂ ਤਾਂ ਵਿਦੇਸ਼ ਜਾ ਰਹੇ ਹਨ ਜਾਂ ਫਿਰ ਰੁਜ਼ਗਾਰ ਲਈ ਦਿੱਲੀ-ਮੁੰਬਈ ਵਰਗੇ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ।

ਪੰਜਾਬ ਟਾਈਮਜ਼ ਅਨੁਸਾਰ ਜਿੰਨਾ ਚਿਰ ਸੂਬੇ ਵਿੱਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਪੁਖ਼ਤਾ ਪ੍ਰਬੰਧ ਨਹੀਂ ਹੁੰਦੇ, ਉਦੋਂ ਤੱਕ ਨੌਜਵਾਨਾਂ ਦਾ ਇਹ 'ਵਿਦੇਸ਼ੀ ਮੋਹ' ਅਤੇ ਫਰਜ਼ੀ ਏਜੰਟਾਂ ਦਾ 'ਲੁੱਟ ਦਾ ਕਾਰੋਬਾਰ' ਰੁਕਣ ਵਾਲਾ ਨਹੀਂ ਹੈ। ਮਾਪਿਆਂ ਦੀ ਉਮਰ ਭਰ ਦੀ ਕਮਾਈ ਅਤੇ ਨੌਜਵਾਨਾਂ ਦਾ ਭਵਿੱਖ ਇਸ ਵੇਲੇ ਇੱਕ ਅਨਿਸ਼ਚਿਤ ਮੋੜ 'ਤੇ ਖੜ੍ਹਾ ਹੈ।

## ਸਰਕਾਰ ਵੱਲੋਂ ਕੀ ਚੁੱਕੇ ਗਏ ਸਖ਼ਤ ਕਦਮ

ਹਾਲੀਆ ਰਿਪੋਰਟਾਂ ਅਤੇ ਸਰਕਾਰੀ ਅੰਕੜਿਆਂ ਮੁਤਾਬਕ, ਪਿਛਲੇ ਕੁਝ ਸਾਲਾਂ ਵਿੱਚ ਸ਼ਿਕਾਇਤਾਂ ਅਤੇ ਪੁਲਿਸ ਕਾਰਵਾਈ ਵਿੱਚ ਤੇਜ਼ੀ ਆਈ ਹੈ। ਸਿਰਫ ਪੰਜਾਬ ਵਿੱਚ ਹੀ ਸਾਲ 2024 ਵਿੱਚ 38 ਅਤੇ 2025 ਵਿੱਚ ਲਗਭਗ 69 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਜਨਵਰੀ 2026 ਤੱਕ, ਕੇਂਦਰ ਸਰਕਾਰ ਦੇ 'eMigrate' ਪੋਰਟਲ 'ਤੇ ਲਗਭਗ 3,505 ਗੈਰ-ਪੰਜੀਕ੍ਰਿਤ (unregistered) ਏਜੰਟਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਤਾਂ ਜੋ ਲੋਕ ਸੁਚੇਤ ਰਹਿ ਸਕਣ।

ਕੁੱਲ ਮਾਮਲੇ: 'ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ' ਦੇ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਸੂਬੇ ਵਿੱਚ ਲਗਭਗ 3,300 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬਿਨਾਂ ਲਾਇਸੈਂਸ ਵਾਲੇ ਏਜੰਟਾਂ ਵਿਰੁੱਧ ਹਨ।

ਫਰਵਰੀ 2025 ਦੌਰਾਨ ਅੰਮ੍ਰਿਤਸਰ ਵਿੱਚ ਇੱਕ ਵੱਡੀ ਕਾਰਵਾਈ ਦੌਰਾਨ 40 ਟ੍ਰੈਵਲ ਏਜੰਟਾਂ ਦੇ ਲਾਇਸੈਂਸ ਰੱਦ ਕੀਤੇ ਗਏ ਸਨ, ਜੋ ਨੌਜਵਾਨਾਂ ਨੂੰ ਗੈਰ-ਕਾਨੂੰਨੀ 'ਡੌਂਕੀ' ਰੂਟਾਂ ਰਾਹੀਂ ਅਮਰੀਕਾ ਭੇਜਣ ਦੇ ਕਾਰੋਬਾਰ ਵਿੱਚ ਸ਼ਾਮਲ ਸਨ।

ਸਰਕਾਰ ਨੇ ਇਸ ਮੱਕੜ-ਜਾਲ ਨੂੰ ਤੋੜਨ ਲਈ ਕਈ ਪ੍ਰਸ਼ਾਸਨਿਕ ਅਤੇ ਕਾਨੂੰਨੀ ਕਦਮ ਚੁੱਕੇ ਹਨ:

* ਜ਼ਿਲ੍ਹਾ ਪ੍ਰਸ਼ਾਸਨ (ਖ਼ਾਸ ਕਰਕੇ ਜਲੰਧਰ, ਅੰਮ੍ਰਿਤਸਰ ਅਤੇ ਮੋਹਾਲੀ ਵਿੱਚ) ਵੱਲੋਂ ਲਗਾਤਾਰ ਇਮੀਗ੍ਰੇਸ਼ਨ ਕੰਸਲਟੈਂਟਾਂ ਅਤੇ ਆਈਲੈਟਸ ਸੈਂਟਰਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਨਿਯਮਾਂ ਦੀ ਉਲੰਘਣਾ ਕਰਨ 'ਤੇ ਸੈਂਕੜੇ ਸੈਂਟਰਾਂ ਦੇ ਲਾਇਸੈਂਸ ਮੁਅੱਤਲ ਕੀਤੇ ਗਏ ਹਨ।

* 'ਪੰਜਾਬ ਟ੍ਰੈਵਲ ਪ੍ਰੋਫੈਸ਼ਨਲਜ਼ (ਰੈਗੂਲੇਸ਼ਨ) ਐਕਟ' ਦੇ ਤਹਿਤ ਹੁਣ ਧੋਖਾਧੜੀ ਕਰਨ ਵਾਲੇ ਏਜੰਟਾਂ ਵਿਰੁੱਧ ਧਾਰਾ 420 (ਧੋਖਾਧੜੀ) ਅਤੇ 406 (ਅਮਾਨਤ ਵਿੱਚ ਖ਼ਿਆਨਤ) ਦੇ ਨਾਲ-ਨਾਲ ਐਕਟ ਦੀਆਂ ਵਿਸ਼ੇਸ਼ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ।

ਕਈ ਜ਼ਿਲ੍ਹਿਆਂ ਵਿੱਚ ਇਮੀਗ੍ਰੇਸ਼ਨ ਫਰਾਡ ਦੇ ਨਿਪਟਾਰੇ ਲਈ ਵਿਸ਼ੇਸ਼ ਪੁਲਿਸ ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਸਿਰਫ ਟ੍ਰੈਵਲ ਏਜੰਟਾਂ ਨਾਲ ਸਬੰਧਤ ਸ਼ਿਕਾਇਤਾਂ 'ਤੇ ਕੰਮ ਕਰਦੀਆਂ ਹਨ।

ਜਨਤਕ ਸੂਚੀਆਂ: ਸਰਕਾਰ ਨੇ ਹੁਣ ਅਧਿਕਾਰਤ ਵੈੱਬਸਾਈਟਾਂ (ਜਿਵੇਂ ਕਿ ਸ਼ਅਸ਼ ਨਗਰ ਜਾਂ ਜਲੰਧਰ ਪ੍ਰਸ਼ਾਸਨ ਦੀ ਸਾਈਟ) 'ਤੇ ਮਾਨਤਾ ਪ੍ਰਾਪਤ ਏਜੰਟਾਂ ਦੀਆਂ ਸੂਚੀਆਂ ਜਨਤਕ ਕਰ ਦਿੱਤੀਆਂ ਹਨ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਕਿਹੜਾ ਏਜੰਟ ਅਸਲੀ ਹੈ।

ਡਿਪਟੀ ਕਮਿਸ਼ਨਰਾਂ ਨੂੰ ਅਧਿਕਾਰ: ਐਸ.ਡੀ.ਐਮ ਪੱਧਰ 'ਤੇ ਏਜੰਟਾਂ ਦੇ ਦਫ਼ਤਰਾਂ ਦੀ ਅਚਨਚੇਤ ਚੈਕਿੰਗ ਕਰਨ ਅਤੇ ਰਿਕਾਰਡ ਨਾ ਮਿਲਣ 'ਤੇ ਤੁਰੰਤ ਦਫ਼ਤਰ ਸੀਲ ਕਰਨ ਦੇ ਹੁਕਮ ਦਿੱਤੇ ਗਏ ਹਨ।

### ਪੁਲਸ ਸਾਂਝ ਕੇਂਦਰਾਂ ਵਿੱਚ ਭ੍ਰਿਸ਼ਟਾਚਾਰ ਦੇ ਇਲਜ਼ਾਮ

## ਕਈ ਸਾਲਾਂ ਤੋਂ ਜੰਮੇ ਮੁਲਾਜ਼ਮ ਸਵਾਲਾਂ ਦੇ ਘੇਰੇ ਵਿੱਚ

ਤਰਨਤਾਰਨ-ਇਸ ਜ਼ਿਲ੍ਹੇ ਦੇ ਪੁਲਸ ਸਾਂਝ ਕੇਂਦਰ ਇਸ ਵੇਲੇ ਵਿਵਾਦਾਂ ਵਿੱਚ ਹਨ। ਇਲਜ਼ਾਮ ਲੱਗ ਰਹੇ ਹਨ ਕਿ ਇਹ ਕੇਂਦਰ ਆਮ ਲੋਕਾਂ ਦੀ ਸਹੂਲਤ ਦੀ ਬਜਾਏ 'ਭ੍ਰਿਸ਼ਟਾਚਾਰ ਦੇ ਅੱਡੇ' ਬਣਦੇ ਜਾ ਰਹੇ ਹਨ। ਪੁਲਸ ਨਿਯਮਾਂ ਮੁਤਾਬਕ ਕੋਈ ਵੀ ਮੁਲਾਜ਼ਮ ਇੱਕੋ ਥਾਂ 'ਤੇ 2 ਸਾਲ ਤੋਂ ਵੱਧ ਤੈਨਾਤ ਨਹੀਂ ਰਹਿ ਸਕਦਾ, ਪਰ ਇੱਥੇ ਕਈ ਮੁਲਾਜ਼ਮ 5 ਤੋਂ 7 ਸਾਲਾਂ ਤੋਂ ਇੱਕੋ ਸੀਟ 'ਤੇ ਜੰਮੇ ਹੋਏ ਹਨ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਨ੍ਹਾਂ ਕੇਂਦਰਾਂ ਵਿੱਚ ਤੈਨਾਤ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਕਈ ਵੱਡੇ ਅਪਰਾਧੀ ਅਤੇ ਗੈਂਗਸਟਰ (ਜਿਵੇਂ ਲਖਬੀਰ ਲੰਡਾ, ਸੱਤਾ ਆਦਿ) ਜਾਅਲੀ ਵੈਰੀਫਿਕੇਸ਼ਨ ਕਰਵਾ ਕੇ ਵਿਦੇਸ਼ ਫਰਾਰ ਹੋਣ ਵਿੱਚ ਕਾਮਯਾਬ ਹੋਏ ਹਨ। ਅੰਤਰਰਾਸ਼ਟਰੀ ਸਮਗਲਰ ਸ਼ਹਿਨਾਜ਼ ਭਿੰਡਰ, ਜੋ ਐਫਬੀਆਈ ਨੂੰ ਵੀ ਲੋੜੀਂਦਾ ਸੀ, ਪੁਲਸ ਦੀ ਮਿਲੀਭੁਗਤ ਨਾਲ ਆਪਣਾ ਪਾਸਪੋਰਟ ਰਿਲੀਜ਼ ਕਰਵਾ ਕੇ ਕੈਨੇਡਾ ਫਰਾਰ ਹੋ ਗਿਆ। ਇਸ ਮਾਮਲੇ ਵਿੱਚ 5 ਮੁਲਾਜ਼ਮਾਂ ਵਿਰੁੱਧ ਪਰਚਾ ਵੀ ਦਰਜ ਕੀਤਾ ਗਿਆ ਹੈ। ਸਾਂਝ ਕੇਂਦਰਾਂ ਦੇ ਮੁਲਾਜ਼ਮ ਅਕਸਰ ਤੈਅਸ਼ੁਦਾ ਵਰਦੀ ਦੀ ਬਜਾਏ ਸਿਵਲ ਕੱਪੜਿਆਂ ਵਿੱਚ ਡਿਊਟੀ ਕਰਦੇ ਵੇਖੇ ਜਾਂਦੇ ਹਨ। ਜ਼ਿਲ੍ਹੇ ਦੇ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਕਿਹਾ ਹੈ ਕਿ ਉਹ ਲੰਮੇ ਸਮੇਂ ਤੋਂ ਇੱਕੋ ਥਾਂ ਤੈਨਾਤ ਮੁਲਾਜ਼ਮਾਂ ਬਾਰੇ ਰਿਪੋਰਟ ਤਲਬ ਕਰਨਗੇ ਅਤੇ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕਾਵਿ-ਕਿਆਰੀ

## ਘੜੇ ਨੂੰ ਤਰੇੜ

ਹੋਰ ਨਾਲ ਕੀ ਤੈਨੂੰ, ਆਪਣੀ ਨਬੇੜ ਯਾਰਾ,
ਦੂਜੇ ਦੀ ਲੜਾਈ ਨੂੰ ਨਾ, ਚੂੰਢੀ ਵੱਢ ਛੇੜ ਯਾਰਾ।

ਕਿਸੇ ਦੇ ਫੋੜੇ ਉਤੇ, ਕਾਗਜ਼ੀ ਤੂੰ ਲਾਂਦਾ ਫਿਰੇਂ,
ਆਪਣੇ ਖਰਿੰਢ, ਨਹੁੰ, ਮਾਰ ਨਾ ਉਚੇੜ ਯਾਰਾ।

ਠੰਢ ਤੋਂ ਬਚਾਵੇਂ ਗਲ ਦੂਸਰੇ ਦੇ ਪਾਕੇ ਕੋਟੀ,
ਆਪਣਾ ਸਵਾਟਰ, ਨਾ, ਆਪ ਹੀ ਉਧੇੜ ਯਾਰਾ।

ਖੂਹੇ ਪੈ ਕੇ ਮਰਦਾ, ਕੋਈ, ਮਰੀ ਜਾਵੇ, ਤੈਨੂੰ ਕੀ,
ਹੱਥ ਪਾ ਕੇ ਖੁੱਡ ਵਿੱਚ, ਮੌਤ ਨਾ ਸਹੇੜ ਯਾਰਾ।

ਕੋਈ, ਦੁਖੀ ਬੰਦਿਆਂ ਦਾ, ਹਾਲ ਜਾ ਕੇ ਪੁੱਛਦਾ ਨਾ,
ਟੁੱਟੀ ਲੱਤ ਵਾਲਾ ਕੱਟਾ, ਚੁੱਕ ਨਾ ਘਨ੍ਹੇੜ ਯਾਰਾ।

ਕੋਠਾ ਚੋਵੇ ਧੰਨੀ ਦਾ, ਨਾ ਪੌੜੀ ਤੈਥੋਂ ਚੜ੍ਹ ਹੋਵੇ,
ਚੋਂਦੇ ਨੂੰ ਹਟਾਣ ਲਈ ਨਾ, ਪੁੱਤ ਨੂੰ ਖਦੇੜ ਯਾਰਾ।

ਜੇਂਨ ਮੰਦਾ ਬੋਲਣੈਂ, ਗੱਲ੍ਹ ਉਹਦੀ ਤੱਤੀ ਹੋਣੀ,
ਕਿਉਂ ਅੱਗੇ ਹੋ ਕੇ ਆਪ, ਖਾਨਾਂ ਏਂ ਚੁਪੇੜ ਯਾਰਾ।

ਪਾ ਵੱਟੇ, ਘੜੇ ਨੂੰ, ਹਿਲਾਂਦਾ ਤਾਂ ਹਿਲਾਵੇ ਉਹ,
ਕਿਉਂ ਰੋਨੈਂ, ਦੇਖ ਆਈ, ਘੜੇ ਨੂੰ ਤਰੇੜ ਯਾਰਾ।

ਕਿੱਸ ਕਿੱਸ, ਬਾਬੇ ਦੇ ਤੂੰ, ਪੈਰੀਂ ਹੱਥ ਲਾਣੇਂ ਦੱਸ,
ਇਕ ਦੋ ਦੀ ਗੱਲ ਛੱਡ, ਫਿਰਦੀ ਹੈ ਹੇੜ੍ਹ ਯਾਰਾ।

ਖਾ ਕੇ ਤੂੰ, ਰੁੱਖੀ ਸੁੱਖੀ, ਠੰਢਾ ਪਾਣੀ ਪੀਈ ਚੱਲ,
ਜਿੰਦ ਵਾਲੀ ਗੱਡੀ, ਜਿਵੇਂ ਰਿੜ੍ਹਦੀ ਏ ਰੇੜ੍ਹ ਯਾਰਾ।

ਕੋਟਲੇ ਵਾਲੇ ਨੇ ਤੇਜ, ਇਕੋ ਗੱਲ ਪੱਲੇ ਬੰਨ੍ਹੀਂ,
ਗੰਦੀ ਭੇਡ, ਦੂਜੀਆਂ ਨੂੰ, ਦਿੰਦੀ ਏ ਲਬੇੜ ਯਾਰਾ।



ਲੇਖਕ-ਤੇਜਾ ਸਿੰਘ ਤੇਜ
ਕੋਟਲੇਵਾਲਾ
ਧੰਨਵਾਦ ਸਹਿਤ ਤੇਰੀਆਂ ਤੂੰ
ਜਾਣੇ ਕਿਤਾਬ ਵਿੱਚੋਂ

## ਮਨ ਦੀਆਂ ਹੱਦਾਂ

ਮਨ ਆਪਣੀਆਂ ਹੱਦਾਂ ਦੇ ਵਿੱਚ ਘਿਰਿਆ ਹੈ
ਕਿਵੇਂ ਇਨਸਾਨੀਅਤ ਦੀ ਤੈਨੂੰ ਸਾਰ ਦਿਆਂ।
ਵਲਗਣਾਂ ਧਰਮ ਦੀਆਂ ਬੜੀਆਂ ਉੱਚੀਆਂ ਨੇ
ਜਾਤਾਂ ਪਾਤਾਂ ਨੂੰ ਕਿਵੇਂ ਮਨੋਂ ਵਿਸਾਰ ਦਿਆਂ।
ਤੂੰ ਕਾਲ਼ਾ, ਗੋਰਾ ਜਾਂ ਭੂਰਾ ਤਾਂ ਹੋ ਸਕਦਾ ਏਂ
ਨਸਲੀ ਵਿਤਕਰੇ ਨੂੰ ਕਿਵੇਂ ਮਨੋਂ ਮਾਰ ਦਿਆਂ।
ਕਾਮ, ਕਰੋਧ, ਹੰਕਾਰ ਨੂੰ ਮਾੜੇ ਦੱਸਿਆ ਸੀ
ਮਨ ਦੇ ਸਾੜੇ ਬਾਰੇ ਦੱਸ ਕੀ ਵਿਚਾਰ ਦਿਆਂ।
'ਚੰਗਾ ਕਹਿੰਦਾ' ਜੇ ਹੁੰਦਾ ਜਾਤ ਧਰਮ ਵਿੱਚੋਂ
ਦੱਸ ਬਿਗਾਨੇ ਨੂੰ, ਕਿਵੇਂ ਮੈਂ ਸਤਿਕਾਰ ਦਿਆਂ।
ਜੋ ਕਹਿ ਗਏ, ਮਾਨੁਖ ਦੀ ਜਾਤ ਇੱਕੋ ਹੈ
ਜੀ ਕਰਦਾ, ਉਨ੍ਹਾਂ ਨੂੰ ਮਨੋਂ ਵਿਸਾਰ ਦਿਆਂ।
ਉਂਝ ਤਾਂ ਪੈਸੇ, ਸ਼ੋਹਰਤ ਦੀ ਦੌੜ ਲੱਗੀ ਹੈ
ਆ ਨਫ਼ਰਤ ਦੇ ਵਿੱਚ ਤੈਨੂੰ ਪਛਾੜ ਦਿਆਂ।
ਅਮਰੀਕਾ,ਰੂਸ ਮੁਕਾਬਲਾ ਕੀ ਕਰਨਾ
ਲਫ਼ਜ਼ਾਂ ਦਾ ਇਹੋ ਜਿਹਾ ਹਥਿਆਰ ਦਿਆਂ।
ਮੈਨੂੰ ਹੱਸਦਾ ਵੇਖ, ਤੂੰ ਸੜਦਾ ਰਹਿਣਾ ਏਂ
ਅੱਗ 'ਚ ਸੜਕੇ, ਸੀਨਾ ਤੇਰਾ ਠਾਰ ਦਿਆਂ।
ਮੇਰੀ ਰਾਖ ਵਿਚੋਂ ਮੇਰੀ ਸੋਚ ਫਰੋਲਣਗੇ
ਤੇਰੇ ਇਲਜ਼ਾਮਾਂ ਨੂੰ ਕਿਵੇਂ ਸਾੜ ਦਿਆਂ।
ਪਤਾ ਹੈ, ਸਭ ਮੈਨੂੰ ਹੀ ਮਾੜਾ ਕਹਿਣਗੇ
ਨਫ਼ਰਤ ਬਦਲੇ,ਕਿੱਥੋਂ ਮੈਂ ਪਿਆਰ ਦਿਆਂ।

ਗੁਰਮੀਤ ਸਿੰਘ ਮਰਾੜ੍ਹ,

## ਗੀਤ



ਡਾ. ਮੁਹਿੰਦਰ ਸਿੰਘ ਰਾਏ

ਮਹਿਲ, ਮੋਟਰਾਂ ਤੇ ਮੋਤੀ ਇਕੱਠੇ ਕਰ ਲੈ,
ਦੌਲਤ,ਦਾਮ, ਦਿਨਾਰ ਵੀ ਇਕੱਠੇ ਕਰ ਲੈ।
ਧੰਨ ਕਰ ਕਰ ਜਮ੍ਹਾ ਸਾਰੇ ਮਹਿਲ ਭਰ ਲੈ,
ਨਾਲ ਫੌਜਾਂ ਦੇ ਦੇਸ਼ ਸਾਰੇ ਸਰ ਕਰ ਲੈ।
ਲਾਲਚਾਂ ਤੇ ਪੈਣੇ, ਸਬਰ ਸੰਤੋਖ ਸਦਾ ਭਾਰੇ।
ਪਾ ਲੈ ਜਿੰਨੇ ਮਰਜ਼ੀ ਤੂੰ ਪ੍ਰਾਣੀਆਂ ਖਿਲਾਰੇ।
ਧਾਕ ਜਮਾ ਲੈ ਦੁਨੀਆ ਦੇ ਹਰ ਕੋਨੇ ਤੇ।
ਮਹਿਲ ਉਸਾਰ ਲੈ ਤੂੰ ਸਭ ਸੋਨੇ ਦੇ।
ਸਮਝੇ ਨਾ ਬੰਦਿਆਂ ਤੂੰ ਬਾਣੀ ਦੇ ਇਸ਼ਾਰੇ ।
ਪਾ ਲੈ ਜਿੰਨੇ ਮਰਜ਼ੀ ਤੂੰ ਪ੍ਰਾਣੀਆਂ ਖਿਲਾਰੇ ।
ਭੁੱਖ ਅੱਖੀਆਂ ਦੀ, ਲਾਲਸਾ ਕਦੇ ਨਾ ਮੁੱਕਣੇ।
ਕੀਤੇ ਜ਼ੁਲਮ ਤੇ ਪਾਪ ਤੇਰੇ ਕਦੇ ਨਾ ਲੁਕਣੇ ।
ਦੌਲਤਾਂ ਤੇ ਸ਼ੋਹਰਤਾਂ ਇੱਥੇ ਰਹਿ ਜਾਣੇ ਸਾਰੇ ।
ਪਾ ਲੈ ਜਿੰਨੇ ਮਰਜ਼ੀ ਤੂੰ ਪ੍ਰਾਣੀਆਂ ਖਿਲਾਰੇ ।
ਸੰਤੋਖੀ ਸਦਾ ਸੁਖੀ ਰਹੇ ਗੱਲ ਇੱਥੇ ਮੁੱਕਦੀ ।
ਖਾਵਾਂ ਦੋ ਰੋਟੀਆਂ ਤੇ ਨੀਂਦ ਆ ਜਾਵੇ ਸੁੱਖ ਦੀ ।
ਸੁੱਖ ਚੈਨ ਆਉਣੇ 'ਰਾਏ' ਤੇਰੇ ਚੱਲ ਕੇ ਦੁਆਰੇ।
ਪਾ ਲੈ ਜਿੰਨੇ ਮਰਜ਼ੀ ਤੂੰ ਪ੍ਰਾਣੀਆਂ ਖਿਲਾਰੇ ।

* * * * * *

## ਦੁਨੀਆਂ

ਸੂਤ ਆ ਜਾਣੀ ਦੇਖੀਂ ਸਈ ਤੂੰ ਸਾਰੀ ਦੁਨੀਆਂ
ਦਿਲ ਸਾਡੇ ਲਈ ਹੋ ਨਾ ਜਾਏ ਹਤਿਆਰੀ ਦੁਨੀਆਂ

ਮੰਨਣਾ ਜਾਂ ਨਾ ਮੰਨਣਾ ਤਾਂ ਸਾਡੇ ਵੱਸ ਹੈ ਯਾਰਾ
ਫਤਵੇ ਤੇ ਫਤਵਾ ਕਰਦੀ ਹੈ ਜਾਰੀ ਦੁਨੀਆਂ

ਹੋਰਾਂ ਤੇ ਹਾਲਾਤਾਂ ਨੂੰ ਜੋ ਦੋਸ਼ ਹੈ ਦਿੰਦੀ
ਬਹੁਤੀ ਆਪਣੇ ਕਰਕੇ ਹੈ ਦੁਖਿਆਰੀ ਦੁਨੀਆਂ

ਕਿਹਨੂੰ ਪਤਾ ਨਹੀਂ ਮਾਮਲਾ ਤਾਂ ਹੈ ਜੀਅ ਦਾ ਸਾਰਾ
ਪਿਆਰੇ ਜੀਅ ਨੂੰ ਜਾਪੇ ਬੜੀ ਪਿਆਰੀ ਦੁਨੀਆਂ


ਇਹਦੇ ਲਈ ਇਹਦੇ ਭੋਗ ਹੀ ਰੋਗ ਤੇ ਸੋਗ ਬਣੇ ਨੇ
ਚਿੱਤੋਂ ਬੜੀ ਹੀ ਕਰਦੀ ਹੈ ਹੁਸ਼ਿਆਰੀ ਦੁਨੀਆਂ

ਜੰਗੀ ਦਿਲੋ ਦਿਮਾਗਾਂ ਦੇ ਨੇ ਸਿੱਟੇ ਲੂੰਹਦੇ
ਮਚਦੀ ਪਈ ਹੈ ਬਣ ਕੇ ਜੋ ਚਿੰਗਾਰੀ ਦੁਨੀਆਂ

ਪਤਾ ਤਾਂ ਹੈ ਕਿ ਕਾਦਰ ਕੁਦਰਤ ਵਿਚ ਵਸੇਂਦਾ
ਕਰਤਾਰੀ ਜੀਅ ਲਈ ਹੋ ਜਾਂਦੀ ਕਰਤਾਰੀ ਦੁਨੀਆਂ

ਰੂਹ ਵਲੋਂ ਵਿਗਿਆਨ ਕਿਤੇ ਜੇ ਮੂੰਹ ਨਾ ਮੋੜੇ ਨਾ
ਰੂ ਦੇ ਰੰਗੀਂ ਜਾਣੀ ਹੈ ਸਰਸ਼ਾਰੀ ਦੁਨੀਆਂ

ਆਪੋ ਆਪਣੀ ਦੁਨੀਆਂ ਏਥੇ ਸਭ ਦੀ ਹੁੰਦੀ
ਸ਼ਾਇਰਾਂ ਲਈ ਹੈ 'ਢੇਸੀ' ਬਹੁ ਪ੍ਰਕਾਰੀ ਦੁਨੀਆਂ




ਕੁਲਵੰਤ ਸਿੰਘ 'ਢੇਸੀ' ਯੂ ਕੇ

* * * * * *

ਕਾਵਿ-ਵਿਅੰਗ

## ਨਾਟੋ ਦੇ ਨੌਟ ਦਾ ਅਸਰ



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਹੋ ਗਿਆ 'ਭੈਅ-ਭੀਤ' ਸੀ ਜੱਗ ਸਾਰਾ
ਖਤਰਨਾਕ ਜਿਹੇ ਸੁਣਕੇ ਐਲਾਨ ਯਾਰੋ।
ਕਰਨ ਲੱਗੇ ਸੀ ਸਾਰੇ 'ਅਰਦਾਸ' ਏਹੋ
ਅਮਲੀ ਰੂਪ ਨਾ ਲੈਣ 'ਫੁਰਮਾਨ' ਯਾਰੋ।
ਬਣਕੇ 'ਸਾਲਸੀ' ਦੇਸ਼ਾਂ 'ਨਿਮਾਣਿਆਂ' ਨੇ
ਵਿਸ਼ਵ ਵਿੱਚ ਬਣਾ ਲਈ ਏ ਸ਼ਾਨ ਯਾਰੋ।
'ਮਾਰੂ ਰਾਗ' ਫਿਜ਼ਾਵਾਂ 'ਚੋਂ ਬੰਦ ਹੋਇਆ
ਵੱਜਣ ਲੱਗੀ ਹੈ ਸ਼ਾਂਤਮਈ 'ਤਾਨ' ਯਾਰੋ।
ਕਰ'ਤੀ ਨਾਂਹ ਲੜਾਈ ਤੋਂ 'ਹੋਰ' ਕਈਆਂ
ਨਾਟੋ 'ਨੌਟ' ਕਹਿ ਪਿੱਛੇ ਨੂੰ ਹੋ ਗਿਆ ਏ।
ਜੰਗ-ਬੰਦੀ ਦਾ ਹੋਇਆ ਜੋ 'ਫੈਸਲਾ' ਐ
ਬੀਅ ਅਮਨ ਦੇ ਜਾਣੋ ਕਿ ਬੋ ਗਿਆ ਏ!

## ਬਾਪੂ

ਬਾਪੂ ਤੇਰੀ ਲੋੜ ਬੜੀ ਏ,
ਭੈਣ, ਭਰਾ ਤੇ ਸਕੇ-ਸਬੰਧੀ,
ਭਾਵੇਂ ਦੁਨੀਆ ਹੋਰ ਖੜ੍ਹੀ ਏ।
ਬਾਪੂ ਤੇਰੀ ਲੋੜ ਬੜੀ ਏ।

ਚੜ੍ਹ ਘਨੇੜੇ ਮੇਲੇ ਵੇਖੇ,
ਵੇਖੀ ਦੁਨੀਆਦਾਰੀ।
ਤੂੰ ਟੱਬਰ ਦੇ ਲੇਖੇ ਲਾ ਤੀ,
ਆਪਣੀ ਜ਼ਿੰਦਗੀ ਸਾਰੀ।
ਤੇਰੇ ਸਬਕ ਜਿਹਾ ਤੋੜ ਨਾ ਕੋਈ,
ਭਾਵੇਂ ਹਰ ਕਿਤਾਬ ਪੜ੍ਹੀ ਏ
ਬਾਪੂ ਤੇਰੀ ਲੋੜ ਬੜੀ ਏ।

ਤੇਰਾ ਪੁਰਾਣਾ ਸਾਈਕਲ ਬਾਪੂ,
ਮੇਰੇ ਲਈ ਫਰਾਰੀ ਸੀ।
ਡੰਡੇ ਉੱਤਲੀ ਛੋਟੀ ਕਾਠੀ,
ਮੈਨੂੰ ਬਹੁਤ ਪਿਆਰੀ ਸੀ।
ਜਦ ਵੀ ਘਰ ਨੂੰ ਮੁੜਦਾ ਸੀ ਤੂੰ,
ਹਰ ਮੰਗ ਮੇਰੀ ਪੂਰ ਚੜ੍ਹੀ ਏ
ਬਾਪੂ ਤੇਰੀ ਲੋੜ ਬੜੀ ਏ।

ਨਾਲ ਤੇਰੇ ਹੀ ਖੇੜਾ ਸੀ,
ਸਾਡਾ ਭਰਿਆ ਭਰਿਆ ਵਿਹੜਾ ਸੀ,
ਸਾਡੀ ਅੰਬਰਾਂ ਵਿੱਚ ਉਡਾਰੀ ਸੀ

ਹਰ ਦੁੱਖ 'ਤੇ ਖੁਸ਼ੀਆਂ ਭਾਰੀ ਸੀ।
ਅੱਜ ਉੱਤਰੀ ਸਾਰੀ ਲੋਰ ਚੜ੍ਹੀ ਏ।
ਬਾਪੂ ਤੇਰੀ ਲੋੜ ਬੜੀ ਏ।

ਚਾਵਾਂ ਵਾਲੀ ਝੋਲੀ ਖਾਲੀ,
ਸੁਪਨੇ ਹੁਣ ਅੱਧ ਵਾਟੇ ਨੇ।
ਯਾਦ ਹੀ ਤੇਰੀ ਕੋਲ ਹੈ ਮੇਰੇ,
ਨਾ ਪੂਰੇ ਹੋਣੇ ਘਾਟੇ ਨੇ,
ਜਿੰਦ ਮੇਰੀ ਅਡੋਲ ਖੜ੍ਹੀ ਏ,
ਬਾਪੂ ਤੇਰੀ ਲੋੜ ਬੜੀ ਏ।

ਸੁੰਨੇ ਛੱਡ ਕੇ ਮਹਿਲ ਮੁਨਾਰੇ,
ਤੁਰ ਗਿਆ ਦੱਸ ਤੂੰ ਕੀਹਦੇ ਸਹਾਰੇ।
ਤਿਲ-ਤਿਲ ਕਰਕੇ ਜੋੜਿਆ ਸੀ ਘਰ,
ਯਾਦ ਤੇਰੀ ਦਿਲ ਨਾਲ ਮੜ੍ਹੀ ਏ।
ਬਾਪੂ ਤੇਰੀ ਲੋੜ ਬੜੀ ਏ।

*ਰਛਪਾਲ ਸਿੰਘ ਰੈਸਲ*
*ਹਰੀਦਾਸ ਕਲੋਨੀ ਨਾਭਾ*

# ਵਿਸ਼ਵ ਵਿਚ ਸਿੱਖ ਪੰਥ ਦੀ ਨੁਮਾਇੰਦਗੀ ਕਿਥੇ ਹੈ, ਸੱਤਾ ਦੀਆਂ ਬਰੂਹਾਂ 'ਤੇ ਬੈਠੇ 'ਗੂੰਗੇ' ਚਿਹਰੇ ਕਿਉਂ ਹਨ ?

## ✪ ਕੀ ਅਸੀਂ ਸਿਸਟਮ ਨੂੰ ਬਦਲ ਰਹੇ ਹਾਂ ਜਾਂ ਸਿਸਟਮ ਸਾਨੂੰ ? ਕਿਥੇ ਹੈ ਗੁਰੂਆਂ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਤੇ ਨੀਤੀ ? ✪ ਕੀ ਸਿਆਸਤ ਤੇ ਬਿਊਰੋਕ੍ਰੇਸੀ ਵਿਚ ਸਿੱਖਾਂ ਦੀ ਗਿਣਤੀ ਵਧਣ ਨਾਲ ਕੌਮੀ ਮਸਲੇ ਹੱਲ ਹੋ ਰਹੇ ਹਨ ?

ਬਲਵਿੰਦਰਪਾਲ ਸਿੰਘ ਪ੍ਰੋਫੈਸਰ



ਕੀ ਸਿਰਫ਼ ਅਹੁਦਿਆਂ ਦੀ ਪ੍ਰਾਪਤੀ ਹੀ ਪੰਥਕ ਸ਼ਕਤੀ ਤੇ ਵਿਕਾਸ ਦਾ ਪ੍ਰਤੀਕ ਹੈ ? ਅੱਜ ਜਦੋਂ ਅਸੀਂ ਵਿਸ਼ਵ ਪੱਧਰ 'ਤੇ ਸਿੱਖਾਂ ਨੂੰ ਉੱਚ ਅਹੁਦਿਆਂ 'ਤੇ ਬਿਰਾਜਮਾਨ ਦੇਖਦੇ ਹਾਂ, ਤਾਂ ਦੂਜੇ ਪਾਸੇ ਸਿੱਖ ਪੰਥ ਵਿਰੁੱਧ ਵਧ ਰਹੀ ਨਫ਼ਰਤ, ਨਸਲਵਾਦ ਅਤੇ ਅਸੁਰੱਖਿਆ ਇੱਕ ਵੱਡੀ ਚਿੰਤਾ ਬਣ ਕੇ ਉੱਭਰੀ ਹੈ। ਅਜੇ ਸਿੰਘ ਬੰਗਾ ਵਰਗੀਆਂ ਸ਼ਖਸੀਅਤਾਂ ਦਾ ਵਿਸ਼ਵ ਬੈਂਕ ਵਰਗੇ ਅਦਾਰਿਆਂ ਦੀ ਅਗਵਾਈ ਕਰਨਾ ਨਿੱਜੀ ਤੌਰ 'ਤੇ ਤਾਂ ਬਹੁਤ ਵੱਡੀ ਪ੍ਰਾਪਤੀ ਹੈ, ਪਰ ਕੀ ਇਹ ਨੁਮਾਇੰਦਗੀ ਸਿੱਖੀ ਦੇ 'ਸਰਬੱਤ ਦਾ ਭਲਾ' ਦੇ ਸਿਧਾਂਤ ਨੂੰ ਕੌਮਾਂਤਰੀ ਨੀਤੀਆਂ ਦਾ ਹਿੱਸਾ ਬਣਾ ਸਕੀ ਹੈ ? ਸ਼ਾਇਦ ਨਹੀਂ। ਪੱਛਮੀ ਸਿਆਸਤ ਵਿੱਚ ਸਿੱਖਾਂ ਨੂੰ ਆਪਣੀ ਜਗ੍ਹਾ ਬਣਾਈ ਰੱਖਣ ਲਈ ਅਕਸਰ ਪੰਥਕ ਸਰੋਕਾਰਾਂ ਨਾਲੋਂ 'ਸਿਆਸੀ ਵਫ਼ਾਦਾਰੀ' ਨੂੰ ਪਹਿਲ ਦੇਣੀ ਪੈਂਦੀ ਹੈ। ਇਹੀ ਕਾਰਨ ਹੈ ਕਿ ਜਦੋਂ ਸਿੱਖ ਭਾਈਚਾਰੇ 'ਤੇ ਭੀੜ ਪੈਂਦੀ ਹੈ, ਤਾਂ ਇਹ ਨੁਮਾਇੰਦਗੀ ਅਕਸਰ ਬੇਵੱਸ ਤੇ ਨਿਤਾਣੀ ਨਜ਼ਰ ਆਉਂਦੀ ਹੈ। ਪ੍ਰਵਾਸੀ ਸਿੱਖ ਵੀ ਇਤਰਾਜ਼ ਕਰਦੇ ਹਨ ਕਿ ਸਾਡੇ ਨੁਮਾਇੰਦੇ ਅੰਨੇ ਬੋਲੇ ਕਿਉਂ ?

ਅਮਰੀਕਾ ਵਰਗੇ ਮੁਲਕਾਂ ਵਿੱਚ ਸਿੱਖ ਪਛਾਣ (ਦਸਤਾਰ ਅਤੇ ਦਾੜ੍ਹੀ) ਨੂੰ 'ਇਮੀਗ੍ਰੇਸ਼ਨ ਵਿਰੋਧੀ' ਪ੍ਰਚਾਰ ਵਿੱਚ ਵਰਤਣਾ ਇੱਕ ਖ਼ਤਰਨਾਕ ਰੁਝਾਨ ਹੈ। ਜਦੋਂ ਸਿਆਸੀ ਪਾਰਟੀਆਂ ਵੋਟਾਂ ਲਈ ਸਿੱਖ ਦਿੱਖ ਨੂੰ "ਬਾਹਰੀ" ਜਾਂ "ਖ਼ਤਰਾ" ਵਜੋਂ ਪੇਸ਼ ਕਰਦੀਆਂ ਹਨ, ਤਾਂ ਆਮ ਜਨਤਾ ਵਿੱਚ ਉਸ ਭਾਈਚਾਰੇ ਪ੍ਰਤੀ ਨਫ਼ਰਤ ਵਧਦੀ ਹੈ। ਇੱਥੇ ਸਿੱਖਾਂ ਦੀ ਦਿੱਖ ਉਨ੍ਹਾਂ ਲਈ ਸਨਮਾਨ ਦੀ ਬਜਾਏ ਇੱਕ 'ਨਿਸ਼ਾਨਾ' ਬਣ ਜਾਂਦੀ ਹੈ।

ਯੂਕੇ ਵਿੱਚ ਜਦੋਂ ਸਿੱਖ ਬੀਬੀਆਂ ਨਾਲ ਹਿੰਸਾ ਹੁੰਦੀ ਹੈ ਜਾਂ ਨਸਲਵਾਦ ਵਧਦਾ ਹੈ, ਤਾਂ ਇਹ ਸਿਆਸੀ ਨੁਮਾਇੰਦੇ ਅਕਸਰ ਆਪਣੀ ਪਾਰਟੀ ਦੀਆਂ ਨੀਤੀਆਂ ਜਾਂ 'ਵੋਟ ਬੈਂਕ' ਦੀ ਰਾਜਨੀਤੀ ਕਾਰਨ ਉਨਾ ਸਖ਼ਤ ਸਟੈਂਡ ਨਹੀਂ ਲੈ ਪਾਉਂਦੇ ਜਿੰਨੀ ਉਮੀਦ ਕੀਤੀ ਜਾਂਦੀ ਹੈ। ਇਸ ਕਾਰਣ ਆਮ ਸਿੱਖ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।

ਨਿਊਜ਼ੀਲੈਂਡ ਵਰਗੇ ਸ਼ਾਂਤ ਦੇਸ਼ਾਂ ਵਿੱਚ ਨਗਰ ਕੀਰਤਨਾਂ ਦੀ ਸੁਰੱਖਿਆ 'ਤੇ ਸਵਾਲ ਉੱਠਣਾ ਇਹ ਦੱਸਦਾ ਹੈ ਕਿ ਪੱਛਮੀ ਸਮਾਜਾਂ ਵਿੱਚ 'ਬਹੁ-ਸੱਭਿਆਚਾਰਵਾਦ' ਦਾ ਸੰਕਲਪ ਕਮਜ਼ੋਰ ਪੈ ਰਿਹਾ ਹੈ। ਆਰਥਿਕ ਮੰਦਹਾਲੀ ਅਤੇ ਸਥਾਨਕ ਨਸਲਵਾਦੀ ਰਾਸ਼ਟਰਵਾਦ ਦੇ ਵਧਣ ਕਾਰਨ, ਘੱਟ ਗਿਣਤੀਆਂ ਖਾਸ ਕਰਕੇ ਸਿੱਖ ਭਾਈਚਾਰੇ ਦੇ ਧਾਰਮਿਕ ਪ੍ਰਗਟਾਵੇ ਨੂੰ ਹੁਣ 'ਧਾਰਮਿਕ ਰਸਮ' ਦੀ ਬਜਾਏ 'ਘੁਸਪੈਠ' ਵਜੋਂ ਦੇਖਿਆ ਜਾਣ ਲੱਗਾ ਹੈ। ਉਨ੍ਹਾਂ ਦੀ ਧਾਰਮਿਕ ਆਜ਼ਾਦੀ ਖੋਹੀ ਜਾ ਰਹੀ ਹੈ।

ਇੱਕ ਵੱਡੀ ਕਮੀ ਇਹ ਰਹੀ ਹੈ ਕਿ ਅਸੀਂ ਪੱਛਮ ਨੂੰ ਆਪਣੀ 'ਦਿੱਖ' ਤਾਂ ਦਿਖਾ ਦਿੱਤੀ, ਪਰ ਆਪਣੀ 'ਹਸਤੀ' ਅਤੇ ਸਿਧਾਂਤਾਂ ਬਾਰੇ ਓਨੀ ਗਹਿਰਾਈ ਨਾਲ ਨਹੀਂ ਸਮਝਾ ਸਕੇ। ਪੱਛਮੀ ਲੋਕ ਸਾਨੂੰ ਦਸਤਾਰ ਤੋਂ ਤਾਂ ਪਛਾਣਦੇ ਹਨ, ਪਰ ਉਸ ਦਸਤਾਰ ਦੇ ਦਾਰਸ਼ਨਿਕ ਤੇ ਸਿਧਾਂਤਕ ਆਧਾਰ' ਨਿਆਂ, ਬਰਾਬਰੀ, ਸਾਂਝੀਵਾਲਤਾ, ਸਰਬਤ ਅਜ਼ਾਦੀ' ਅਤੇ 'ਸਰਬੱਤ ਦੇ ਭਲੇ' ਦੇ ਫਲਸਫੇ ਤੋਂ ਅਣਜਾਣ ਹਨ। ਜਿੰਨਾ ਚਿਰ ਕੋਈ ਸਮਾਜ ਤੁਹਾਡੇ ਸਿਧਾਂਤਾਂ ਨੂੰ ਨਹੀਂ ਸਮਝੇਗਾ, ਸਤਿਕਾਰ ਨਹੀਂ ਕਰੇਗਾ, ਉਹ ਸਿਰਫ਼ ਤੁਹਾਡੀ ਦਿੱਖ ਨੂੰ ਦੇਖ ਕੇ ਤੁਹਾਨੂੰ ਸਵੀਕਾਰ ਨਹੀਂ ਕਰੇਗਾ।

ਯੂਕੇ ਵਿੱਚ ਰਿਕਾਰਡ ਗਿਣਤੀ ਵਿੱਚ ਸਿੱਖ ਸੰਸਦ ਮੈਂਬਰ ਹਨ, ਕੈਨੇਡਾ ਵਿੱਚ ਲਗਭਗ 20 ਐਮਪੀ ਅਤੇ ਕੈਬਨਿਟ ਪੱਧਰ ਦੀ ਭੂਮਿਕਾ, ਅਤੇ ਅਮਰੀਕਾ ਵਿੱਚ ਉੱਚ ਅਹੁਦਿਆਂ 'ਤੇ ਸਿੱਖ ਨਿਯੁਕਤੀਆਂ-ਇਹ ਸਾਰੇ ਅੰਕੜੇ ਮਾਣ ਕਰਨ ਵਾਲੇ ਹਨ। ਪਰ ਜਦੋਂ ਅਸਲੀ ਮਸਲਿਆਂ 'ਤੇ ਗੱਲ ਆਉਂਦੀ ਹੈ, ਇਹ ਨੁਮਾਇੰਦਗੀ ਸਿੱਖ ਪੰਥ ਦੀ ਪ੍ਰਤੀਨਿਧਤਾ ਨਹੀਂ ਕਰ ਰਹੀ ਹੁੰਦੀ।

"ਬਰਤਾਨਵੀ ਪਾਰਲੀਮੈਂਟ ਵਿੱਚ ਸਿੱਖ ਮੈਂਬਰਾਂ ਦੀ ਰਿਕਾਰਡ ਗਿਣਤੀ ਹੋਣ ਦੇ ਬਾਵਜੂਦ 'ਫ੍ਰੀ ਜੱਗੀ ਹੁਣੇ' (free Jaggi Now) ਵਰਗੀ ਮੁਹਿੰਮ ਨੂੰ ਆਪਣੀ ਹੀ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤਾ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਸਿਆਸੀ ਕੁਰਸੀਆਂ 'ਤੇ ਬੈਠੇ ਸਿੱਖ ਨੁਮਾਇੰਦੇ ਅਕਸਰ ਸਿਸਟਮ ਦੀਆਂ ਮਜਬੂਰੀਆਂ ਅਤੇ ਪਾਰਟੀ ਨੀਤੀਆਂ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਹਨ। ਯੂਕੇ ਸਰਕਾਰ ਇਸ ਮਸਲੇ ਬਾਰੇ ਬੁੱਤ ਵਾਂਗ ਚੁਪ ਹੈ। ਅਮਰੀਕਾ ਵਿੱਚ ਸਿੱਖ ਟਰੱਕ ਡਰਾਈਵਰਾਂ ਅਤੇ ਫੌਜੀ ਕਰਮਚਾਰੀਆਂ ਦੇ ਹੱਕਾਂ ਨਾਲ ਜੁੜੇ ਮਸਲੇ ਅਜੇ ਵੀ ਹੱਲ ਨਹੀਂ ਹੋਏ। ਕੈਨੇਡਾ ਵਿੱਚ ਵੱਡੀ ਰਾਜਨੀਤਿਕ ਮੌਜੂਦਗੀ ਦੇ ਬਾਵਜੂਦ ਸਿੱਖਾਂ ਦੀ ਸੁਰੱਖਿਆ ਮੁੱਖ ਤਰਜੀਹ ਨਹੀਂ ਬਣ ਸਕੀ। ਇਹ ਹਕੀਕਤ ਹੈ ਕਿ ਸਰਕਾਰਾਂ ਬਦਲਣ ਨਾਲ ਸਿਸਟਮ ਨਹੀਂ ਬਦਲਦਾ।

ਸਿੱਖ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਦੀ ਅਸਲ ਤਾਕਤ ਕਦੇ ਵੀ ਸਰਕਾਰੀ ਅਹੁਦਿਆਂ ਵਿੱਚ ਨਹੀਂ ਰਹੀ, ਸਗੋਂ 'ਜਥੇਬੰਦਕ ਸ਼ਕਤੀ' ਅਤੇ 'ਸੰਗਤੀ ਰੂਪ' ਵਿੱਚ ਰਹੀ ਹੈ। ਸਿੱਖ ਪੰਥ ਦੀ ਸੰਗਤੀ ਕਾਰਵਾਈ-ਚਾਹੇ ਵੋਟਿੰਗ ਬਲਾਕ ਹੋਣ ਜਾਂ ਸੰਘਰਸ਼-ਹਮੇਸ਼ਾ ਵੱਡਾ ਅਸਰ ਛੱਡਦੇ ਆਏ ਹਨ।

ਕੈਨੇਡਾ ਦੀ 2018/2019 ਦੀ 'ਪਬਲਿਕ ਰਿਪੋਰਟ ਆਨ ਦਾ ਟੈਰਰਿਜ਼ਮ ਥਰੈਟ ਟੂ ਕੈਨੇਡਾ' ਦਾ ਮਾਮਲਾ ਸਿੱਖ ਇਤਿਹਾਸ ਵਿੱਚ ਇੱਕ ਮਿਸਾਲ ਵਜੋਂ ਦੇਖਿਆ ਜਾਂਦਾ ਹੈ।ਕੈਨੇਡਾ ਸਰਕਾਰ ਨੇ ਆਪਣੀ ਸਾਲਾਨਾ ਸੁਰੱਖਿਆ ਰਿਪੋਰਟ ਵਿੱਚ ਪਹਿਲੀ ਵਾਰ 'ਸਿੱਖ (ਖ਼ਾਲਿਸਤਾਨੀ) ਕੱਟੜਵਾਦ' ਸ਼ਬਦ ਦੀ ਵਰਤੋਂ ਕੀਤੀ ਸੀ। ਇਸ ਰਿਪੋਰਟ ਵਿੱਚ ਬਿਨਾਂ ਕਿਸੇ ਠੋਸ ਸਬੂਤ ਦੇ ਪੂਰੇ ਸਿੱਖ ਭਾਈਚਾਰੇ ਦੀਆਂ ਸਿਆਸੀ ਭਾਵਨਾਵਾਂ ਨੂੰ ਅੱਤਵਾਦ ਨਾਲ ਜੋੜ ਕੇ ਪੇਸ਼ ਕੀਤਾ ਗਿਆ ਸੀ। ਇਸ ਨਾਲ ਕੈਨੇਡਾ ਵਿੱਚ ਰਹਿਣ ਵਾਲੇ ਲੱਖਾਂ ਨਿਰਦੋਸ਼ ਸਿੱਖਾਂ ਦੀ ਪਛਾਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਉਸ ਸਮੇਂ ਕੈਨੇਡਾ ਦੀ ਪਾਰਲੀਮੈਂਟ ਅਤੇ ਕੈਬਨਿਟ ਵਿੱਚ ਕਈ ਸਿੱਖ ਚਿਹਰੇ ਮੌਜੂਦ ਸਨ। ਪਰ ਸ਼ੁਰੂਆਤੀ ਦੌਰ ਵਿੱਚ, ਉਹ ਆਪਣੀ ਹੀ ਸਰਕਾਰ ਦੀ ਰਿਪੋਰਟ ਦੇ ਵਿਰੁੱਧ ਖੁੱਲ੍ਹ ਕੇ ਬੋਲਣ ਤੋਂ ਕਤਰਾ ਰਹੇ ਸਨ। ਪਾਰਟੀ ਅਨੁਸ਼ਾਸਨ ਅਤੇ ਸਰਕਾਰੀ ਅਹੁਦਿਆਂ ਦੇ ਦਬਾਅ ਕਾਰਨ ਉਨ੍ਹਾਂ ਦੀ ਆਵਾਜ਼ ਓਨੀ ਪ੍ਰਭਾਵਸ਼ਾਲੀ ਨਹੀਂ ਸੀ ਜਿੰਨੀ ਕੌਮ ਨੂੰ ਉਮੀਦ ਸੀ। ਇਹ ਸਪੱਸ਼ਟ ਹੋ ਗਿਆ ਸੀ ਕਿ ਸਿਰਫ਼ 'ਕੁਰਸੀ' 'ਤੇ ਬੈਠਣਾ ਕੌਮੀ ਹਿੱਤਾਂ ਦੀ ਰਾਖੀ ਦੀ ਗਾਰੰਟੀ ਨਹੀਂ ਹੈ।

ਜਦੋਂ ਸਿਆਸੀ ਰਾਹ ਬੰਦ ਨਜ਼ਰ ਆਏ, ਤਾਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ (ਖ਼ਾਸਕਰ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਗੁਰਦੁਆਰਾ ਕੌਂਸਲਾਂ) ਨੇ ਕਮਾਨ ਸੰਭਾਲੀ। ਸੈਂਕੜੇ ਗੁਰਦੁਆਰਿਆਂ ਨੇ ਮਿਲ ਕੇ ਇੱਕ ਸਾਂਝਾ ਮਤਾ ਪਾਸ ਕੀਤਾ। ਸੰਗਤ ਨੇ ਆਪਣੇ ਇਲਾਕਿਆਂ ਦੇ ਐਮ.ਪੀਜ਼ (ਭਾਵੇਂ ਉਹ ਸਿੱਖ ਸਨ ਜਾਂ ਗੈਰ-ਸਿੱਖ) ਦੇ ਦਫ਼ਤਰਾਂ ਦਾ ਘੇਰਾਓ ਕੀਤਾ ਅਤੇ ਉਨ੍ਹਾਂ ਨੂੰ ਸਪੱਸ਼ਟ ਕੀਤਾ ਕਿ ਜੇਕਰ ਇਹ ਸ਼ਬਦਾਵਲੀ ਨਾ ਹਟਾਈ ਗਈ, ਤਾਂ ਉਨ੍ਹਾਂ ਨੂੰ ਵੋਟਾਂ ਵਿੱਚ ਖ਼ਮਿਆਜ਼ਾ ਭੁਗਤਣਾ ਪਵੇਗਾ। ਸਿੱਖ ਜਥੇਬੰਦੀਆਂ ਨੇ ਕੈਨੇਡਾ ਦੇ ਸੁਰੱਖਿਆ ਮੰਤਰੀ ਨੂੰ ਮਿਲ ਕੇ ਤੱਥ ਪੇਸ਼ ਕੀਤੇ ਕਿ ਰਿਪੋਰਟ ਵਿੱਚ ਵਰਤੀ ਗਈ ਭਾਸ਼ਾ ਪੱਖਪਾਤੀ ਅਤੇ ਗੁੰਮਰਾਹਕੁੰਨ ਹੈ।

ਚੋਣਾਂ ਨੇੜੇ ਹੋਣ ਅਤੇ ਸਿੱਖ ਸੰਗਤ ਦੇ ਭਾਰੀ ਦਬਾਅ ਕਾਰਨ, ਕੈਨੇਡਾ ਸਰਕਾਰ ਨੂੰ ਆਪਣੀ ਰਿਪੋਰਟ ਵਿੱਚ ਸੋਧ ਕਰਨੀ ਪਈ। ਸਰਕਾਰ ਨੇ ਰਿਪੋਰਟ ਵਿੱਚੋਂ "ਸਿੱਖ" ਅਤੇ "ਖ਼ਾਲਿਸਤਾਨੀ" ਵਰਗੇ ਸ਼ਬਦ ਹਟਾ ਕੇ ਉਨ੍ਹਾਂ ਨੂੰ "ਕੱਟੜਪੰਥੀ ਹਿੰਸਾ" ਵਰਗੇ ਆਮ ਸ਼ਬਦਾਂ ਨਾਲ ਬਦਲ ਦਿੱਤਾ। ਇਹ ਮਾਮਲਾ ਸਾਨੂੰ ਦੱਸਦਾ ਹੈ ਕਿ:ਸਿਆਸਤਦਾਨ ਹਮੇਸ਼ਾ 'ਵੋਟ' ਦੀ ਭਾਸ਼ਾ ਸਮਝਦੇ ਹਨ। ਜਦੋਂ ਸੰਗਤ ਗੁਰਦੁਆਰਾ ਸਾਹਿਬਾਨ ਦੇ ਮੰਚ ਤੋਂ ਇੱਕ ਹੋ ਕੇ ਬੋਲਦੀ ਹੈ, ਤਾਂ ਸਰਕਾਰਾਂ ਨੂੰ ਸੁਣਨਾ ਪੈਂਦਾ ਹੈ। ਸਿਆਸੀ ਨੁਮਾਇੰਦਗੀ ਉਦੋਂ ਹੀ ਕੰਮ ਕਰਦੀ ਹੈ ਜਦੋਂ ਉਸ ਦੇ ਪਿੱਛੇ ਇੱਕ ਸੁਚੇਤ ਅਤੇ ਜਥੇਬੰਦਕ ਕੌਮੀ ਦਬਾਅ ਹੋਵੇ। ਗੁਰਦੁਆਰਾ ਸਿਰਫ਼ ਪੂਜਾ ਅਸਥਾਨ ਨਹੀਂ, ਸਗੋਂ ਸਿੱਖਾਂ ਦੇ ਸਿਆਸੀ ਅਤੇ ਸਮਾਜਿਕ ਹੱਕਾਂ , ਨਿਆਂ ਤੇ ਰੱਬੀ ਸੱਚ ਦੀ ਰਾਖੀ ਦਾ ਕੇਂਦਰ ਵੀ ਹਨ। ਇਸੇ ਤਰ੍ਹਾਂ ਕਿਸਾਨ ਅੰਦੋਲਨ ਨੇ ਸਾਬਤ ਕੀਤਾ ਕਿ ਕੌਮੀ ਇਕਜੁੱਟਤਾ ਕਿਸੇ ਵੀ ਸਿਆਸੀ ਨੁਮਾਇੰਦਗੀ ਤੋਂ ਕਿਤੇ ਵੱਧ ਤਾਕਤਵਰ ਹੈ।

ਇਸਦਾ ਮਤਲਬ ਇਹ ਨਹੀਂ ਕਿ ਨੁਮਾਇੰਦਗੀ ਬੇਮਤਲਬ ਹੈ। ਇਹ ਸਿੱਖਾਂ ਦੀ ਮਿਹਨਤ, ਸੰਘਰਸ਼ ਅਤੇ ਕਾਮਯਾਬੀ ਦਾ ਪ੍ਰਤੀਕ ਹੈ। ਅੱਜ ਸਿੱਖ ਡਾਇਸਪੋਰਾ ਅੱਗੇ ਵੱਡੀ ਚੁਣੌਤੀ ਇਹ ਨਹੀਂ ਹੈ ਕਿ ਅਹੁਦੇ ਕਿਵੇਂ ਪ੍ਰਾਪਤ ਕੀਤੇ ਜਾਣ, ਬਲਕਿ ਇਹ ਹੈ ਕਿ ਉਨ੍ਹਾਂ ਅਹੁਦਿਆਂ ਰਾਹੀਂ 'ਸਿੱਖੀ' ਦੇ ਅਸਲ ਮਨੋਰਥ ਨੂੰ ਕਿਵੇਂ ਉਜਾਗਰ ਕੀਤਾ ਜਾਵੇ ? ਸਾਨੂੰ ਅਜਿਹੇ ਨੁਮਾਇੰਦਿਆਂ ਦੀ ਲੋੜ ਹੈ ਜੋ ਸਿਰਫ਼ ਸੋਅਪੀਸ' ਨਾ ਹੋਣ, ਸਗੋਂ ਜਿਨ੍ਹਾਂ ਦੀ ਆਵਾਜ਼ ਵਿੱਚ ਕੌਮੀ ਦਰਦ ਅਤੇ ਗੁਰਮਤਿ ਦਾ ਜਜ਼ਬਾ ਹੋਵੇ।

ਅਸੀਂ ਪੱਛਮ ਵਿੱਚ ਹੋਰ ਸਿੱਖ ਚਿਹਰੇ ਲੱਭੀਏ, ਤਾਂ ਜੋ ਸਿੱਖੀ ਦੀ ਅਸਲੀ, ਸਪੱਸ਼ਟ ਸਪਿਰਿਟ, ਸਿਧਾਂਤ ਤੇ ਨੀਤੀ ਪੇਸ਼ਕਸ਼ ਕਰ ਸਕੀਏ। ਇਹੀ ਅਸਲ ਲੜਾਈ ਹੈ: ਦਿੱਖ ਤੋਂ ਅੱਗੇ ਵੱਧ ਕੇ ਅਸਰਦਾਰ ਬਣਾਉਣ ਦੀ। ਸਿੱਖੀ ਕੋਲ ਮਨੁੱਖਤਾ ਦੀ ਭਲਾਈ ਅਤੇ ਨਿਆਂ ਦਾ ਇੱਕ ਅਜਿਹਾ ਮਾਡਲ ਹੈ ਜਿਸ ਦੀ ਅੱਜ ਪੂਰੀ ਦੁਨੀਆ ਨੂੰ ਲੋੜ ਹੈ। ਗੁਰਦੁਆਰਾ ਆਧਾਰਿਤ ਇਕੱਤਰਤਾ, ਲੰਗਰ ਵਾਲੀ ਏਕਤਾ ਅਤੇ ਸਮੂਹਿਕ ਫੈਸਲੇ ਲੈਣ ਵਾਲੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਹ ਉਹ ਤਾਕਤ ਹੈ ਜੋ ਹਮੇਸ਼ਾ ਇਤਿਹਾਸ ਸਿਰਜਦੀ ਰਹੀ ਹੈ। ਰਾਜਨੀਤਕ ਅਹੁਦਿਆਂ ਤੋਂ ਉੱਪਰ ਉਠ ਕੇ ਪੰਥਕ ਢਾਂਚਿਆਂ ਨੂੰ ਜੀਵੰਤ ਰੱਖੋ।

ਦੂਜਾ - ਸਿੱਖੀ ਦੇ ਸਿਧਾਂਤਾਂ ਨੂੰ ਰਾਜਨੀਤਕ ਭਾਸ਼ਾ ਵਿਚ ਨਾ ਬਦਲੋ, ਬਲਕਿ ਉਨ੍ਹਾਂ ਸਿਧਾਂਤਾਂ ਨੂੰ ਰਾਜਨੀਤਕ ਭਾਸ਼ਾ ਬਣਾਓ। ਜਦੋਂ ਵੀ ਕੋਈ ਸਿੱਖ ਨੇਤਾ ਬੋਲੇ ਤਾਂ ਉਸ ਵਿਚੋਂ ਗੁਰਮਤਿ ਫਲਸਫੇ ਦੀ ਰੌਸ਼ਨੀ ਨਿਕਲੇ, ਨਾ ਕਿ ਨਿੱਜੀ ਹਿੱਤ ।

ਬਾਕੀ ਹਿਸਾ ਸਫਾ 42 ਤੇ ਪੜ੍ਹੋ →

# ਪੰਜਾਬ ਵਿਚ ਬੇਰੁਜ਼ਗਾਰੀ ਦਾ ਸੰਕਟ

## ✪ ਪਿੰਡਾਂ ਦਾ ਹਰ ਪੰਜਵਾਂ ਨੌਜਵਾਨ ਵਿਹਲਾ, ਰਾਸ਼ਟਰੀ ਔਸਤ ਨਾਲੋਂ ਦੁੱਗਣੀ ਹੋਈ ਦਰ



ਚੰਡੀਗੜ੍ਹ-ਪੰਜਾਬ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਹਾਲਾਤ ਚਿੰਤਾਜਨਕ ਮੋੜ 'ਤੇ ਪਹੁੰਚ ਗਏ ਹਨ। ਪੀਰੀਓਡਿਕ ਲੇਬਰ ਫੋਰਸ ਸਰਵੇ 2025 ਦੇ ਤਾਜ਼ਾ ਅੰਕੜਿਆਂ ਨੇ ਸੂਬੇ ਵਿੱਚ ਬੇਰੁਜ਼ਗਾਰੀ ਦੀ ਇੱਕ ਭਿਆਨਕ ਤਸਵੀਰ ਪੇਸ਼ ਕੀਤੀ ਹੈ। ਅੰਕੜਿਆਂ ਮੁਤਾਬਕ ਪੰਜਾਬ ਵਿੱਚ 15 ਤੋਂ 29 ਸਾਲ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 19.3 ਫ਼ੀਸਦੀ ਤੱਕ ਜਾ ਪਹੁੰਚੀ ਹੈ, ਜੋ ਕਿ ਦੇਸ਼ ਦੀ ਰਾਸ਼ਟਰੀ ਔਸਤ (9.9 ਫ਼ੀਸਦੀ) ਦੇ ਮੁਕਾਬਲੇ ਲਗਭਗ ਦੁੱਗਣੀ ਹੈ।

?ਸਭ ਤੋਂ ਵੱਡਾ ਝਟਕਾ ਪੇਂਡੂ ਪੰਜਾਬ ਨੂੰ ਲੱਗਾ ਹੈ। ਪਿੰਡਾਂ ਵਿੱਚ ਰਹਿਣ ਵਾਲੇ ਨੌਜਵਾਨਾਂ ਵਿੱਚ ਇਹ ਦਰ 22.5 ਫ਼ੀਸਦੀ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਪੇਂਡੂ ਖੇਤਰਾਂ ਵਿੱਚ ਹਰ ਪੰਜਵਾਂ ਨੌਜਵਾਨ ਨੌਕਰੀ ਦੀ ਭਾਲ ਵਿੱਚ ਹੈ ਪਰ ਉਸ ਕੋਲ ਕੰਮ ਨਹੀਂ ਹੈ। ਉੱਚੀਆਂ ਡਿਗਰੀਆਂ ਹੋਣ ਦੇ ਬਾਵਜੂਦ ਨੌਜਵਾਨਾਂ ਨੂੰ ਆਪਣੀ ਯੋਗਤਾ ਮੁਤਾਬਕ ਰੁਜ਼ਗਾਰ ਨਹੀਂ ਮਿਲ ਰਿਹਾ।

### ਕੀ ਹਨ ਇਸ ਸੰਕਟ ਦੇ ਮੁੱਖ ਕਾਰਨ ?

ਮਾਹਿਰਾਂ ਨੇ ਇਸ ਗੰਭੀਰ ਸਥਿਤੀ ਲਈ ਕੁਝ ਪ੍ਰਮੁੱਖ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

* ਖੇਤੀ ਹੁਣ ਨੌਜਵਾਨਾਂ ਲਈ ਲਾਹੇਵੰਦ ਸੌਦਾ ਨਹੀਂ ਰਹੀ, ਪਰ ਬਦਲਵੇਂ ਸਰੋਤ ਮੌਜੂਦ ਨਹੀਂ ਹਨ।

* ਰਾਜ ਵਿੱਚ ਨਵੇਂ ਉਦਯੋਗਾਂ ਦੇ ਆਉਣ ਦੀ ਰਫ਼ਤਾਰ ਬਹੁਤ ਸੁਸਤ ਹੈ। ਮਾਰਕੀਟ ਦੀ ਮੰਗ ਅਨੁਸਾਰ ਹੁਨਰ ਸਿੱਖਿਆ ਅਤੇ ਨੌਕਰੀਆਂ ਦੀ ਵੱਡੀ ਘਾਟ ਹੈ।

### ਗੁਆਂਢੀ ਸੂਬਿਆਂ ਨਾਲ ਤੁਲਨਾ

| ਸੂਬਾ / ਖੇਤਰ | ਨੌਜਵਾਨ ਬੇਰੁਜ਼ਗਾਰੀ ਦਰ (%) |
|---|---|
| ਪੰਜਾਬ | 19.3% |
| ਹਰਿਆਣਾ | 11.8% |
| ਹਿਮਾਚਲ ਪ੍ਰਦੇਸ਼ | 29.9% |
| ਭਾਰਤ (ਕੁੱਲ ਔਸਤ) | 9.9% |

### ਹਿਮਾਚਲ ਪ੍ਰਦੇਸ਼ ਵਿੱਚ ਇਹ ਸੰਕਟ ਸਭ ਤੋਂ ਡੂੰਘਾ ਦਿਖਾਈ ਦੇ ਰਿਹਾ ਹੈ

### ਪਰਵਾਸ ਦੀ ਮਜਬੂਰੀ

ਰੁਜ਼ਗਾਰ ਨਾ ਮਿਲਣ ਕਾਰਨ ਪੰਜਾਬੀ ਨੌਜਵਾਨਾਂ ਵਿੱਚ ਨਿਰਾਸ਼ਾ ਵਧ ਰਹੀ ਹੈ, ਜਿਸ ਦਾ ਨਤੀਜਾ 'ਬ੍ਰੇਨ ਡਰੇਨ' ਜਾਂ ਵਿਦੇਸ਼ਾਂ ਵੱਲ ਪਲਾਇਨ ਦੇ ਰੂਪ ਵਿੱਚ ਨਿਕਲ ਰਿਹਾ ਹੈ। ਚੰਗੀਆਂ ਨੌਕਰੀਆਂ ਦੀ ਘਾਟ ਹੀ ਨੌਜਵਾਨਾਂ ਨੂੰ ਆਪਣੀ ਜੰਮਣ ਭੋਇੰ ਛੱਡ ਕੇ ਬਾਹਰ ਜਾਣ ਲਈ ਮਜਬੂਰ ਕਰ ਰਹੀ ਹੈ।

### 'ਆਪ' ਸਰਕਾਰ ਦੇ ਦਾਅਵੇ ਅਤੇ ਕੋਸ਼ਿਸ਼ਾਂ

ਦੂਜੇ ਪਾਸੇ, ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ 40,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿਤੀਆਂ। ਹਜ਼ਾਰਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਸਰਕਾਰ ਮੁਤਾਬਕ 'ਇਨਵੈਸਟ ਪੰਜਾਬ' ਰਾਹੀਂ ਨਵੇਂ ਉਦਯੋਗ ਲਿਆਂਦੇ ਜਾ ਰਹੇ ਹਨ ਤਾਂ ਜੋ ਪ੍ਰਾਈਵੇਟ ਖੇਤਰ ਵਿੱਚ ਰੁਜ਼ਗਾਰ ਵਧ ਸਕੇ। ਵਿਰੋਧੀ ਪਾਰਟੀਆਂ ਅਤੇ ਆਰਥਿਕ ਮਾਹਿਰ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਸਿਰਫ਼ ਸਰਕਾਰੀ ਨੌਕਰੀਆਂ ਨਾਲ ਬੇਰੁਜ਼ਗਾਰੀ ਦਾ ਹੱਲ ਨਹੀਂ ਹੋ ਸਕਦਾ, ਕਿਉਂਕਿ ਸਰਕਾਰੀ ਖੇਤਰ ਕੁੱਲ ਰੁਜ਼ਗਾਰ ਦਾ ਬਹੁਤ ਛੋਟਾ ਹਿੱਸਾ ਹੁੰਦਾ ਹੈ। ਪੰਜਾਬ ਵਿੱਚੋਂ ਉਦਯੋਗਾਂ ਦਾ ਦੂਜੇ ਸੂਬਿਆਂ ਵੱਲ ਜਾਣਾ (ਜਿਵੇਂ ਕਿ ਯੂ.ਪੀ. ਜਾਂ ਗੁਜਰਾਤ) ਇੱਕ ਚਿੰਤਾ ਦਾ ਵਿਸ਼ਾ ਹੈ। ਜੇਕਰ ਰੁਜ਼ਗਾਰ ਵਧਿਆ ਹੁੰਦਾ, ਤਾਂ ਪੰਜਾਬੀ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ ਘਟਣਾ ਚਾਹੀਦਾ ਸੀ, ਪਰ ਇਹ ਲਗਾਤਾਰ ਜਾਰੀ ਹੈ। ਤਾਜ਼ਾ ਅੰਕੜੇ (19.3%) ਇਹ ਜ਼ਰੂਰ ਸਾਬਤ ਕਰਦੇ ਹਨ ਕਿ ਮੌਜੂਦਾ ਸਰਕਾਰ ਵੱਲੋਂ ਕੀਤੇ ਗਏ ਯਤਨ ਅਜੇ ਤੱਕ ਬੇਰੁਜ਼ਗਾਰੀ ਦੀ ਦਰ ਨੂੰ ਰਾਸ਼ਟਰੀ ਪੱਧਰ ਤੱਕ ਹੇਠਾਂ ਲਿਆਉਣ ਵਿੱਚ ਨਾਕਾਫ਼ੀ ਰਹੇ ਹਨ।

ਬੇਰੁਜ਼ਗਾਰੀ ਦੇ ਇਸ ਗੰਭੀਰ ਅੰਕੜੇ (19.3%) ਨੂੰ ਘਟਾਉਣ ਲਈ ਸਰਕਾਰ ਨੂੰ ਸਿਰਫ਼ ਰਵਾਇਤੀ ਤਰੀਕਿਆਂ (ਸਰਕਾਰੀ ਨੌਕਰੀਆਂ) 'ਤੇ ਨਿਰਭਰ ਰਹਿਣ ਦੀ ਬਜਾਏ ਕੁਝ ਠੋਸ ਅਤੇ ਨੀਤੀਗਤ ਬਦਲਾਅ ਕਰਨ ਦੀ ਲੋੜ ਹੈ। ਮਾਹਿਰਾਂ ਅਤੇ ਆਰਥਿਕ ਹਾਲਾਤਾਂ ਅਨੁਸਾਰ ਸਰਕਾਰ ਨੂੰ ਹੇਠ ਲਿਖੇ ਕਦਮ ਚੁੱਕਣੇ ਚਾਹੀਦੇ ਹਨ:

* ਪੰਜਾਬ ਵਿੱਚ ਵੱਡੀਆਂ ਫੈਕਟਰੀਆਂ ਅਤੇ ਉਦਯੋਗਾਂ ਦੀ ਘਾਟ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਨਵੇਂ ਨਿਵੇਸ਼ਕਾਂ ਲਈ ਕਾਗਜ਼ੀ ਕਾਰਵਾਈ ਸੌਖੀ ਕਰੇ ਤਾਂ ਜੋ ਉਦਯੋਗ ਦੂਜੇ ਸੂਬਿਆਂ ਵਿੱਚ ਜਾਣ ਦੀ ਬਜਾਏ ਪੰਜਾਬ ਆਉਣ। ਮੋਹਾਲੀ ਵਾਂਗ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਨੂੰ ਵੀ ਟੈਕਨਾਲੋਜੀ ਅਤੇ ਆਈ. ਟੀ. ਹੱਬ ਵਜੋਂ ਵਿਕਸਿਤ ਕੀਤਾ ਜਾਵੇ। ਅੱਜ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਨੌਜਵਾਨਾਂ ਕੋਲ ਡਿਗਰੀ ਤਾਂ ਹੈ ਪਰ ਉਹ ਨੌਕਰੀ ਲਈ "ਸਕਿੱਲਡ" ਨਹੀਂ ਹਨ। ਕਾਲਜਾਂ ਦੇ ਸਿਲੇਬਸ ਨੂੰ ਮੌਜੂਦਾ ਇੰਡਸਟਰੀ ਦੀ ਲੋੜ ਅਨੁਸਾਰ ਬਦਲਿਆ ਜਾਵੇ। ਪਿੰਡਾਂ ਦੇ ਪੱਧਰ 'ਤੇ ਅਜਿਹੇ ਸੈਂਟਰ ਖੋਲ੍ਹੇ ਜਾਣ ਜਿੱਥੇ ਥੋੜ੍ਹੇ ਸਮੇਂ ਦੇ ਤਕਨੀਕੀ ਕੋਰਸ ਕਰਵਾ ਕੇ ਨੌਜਵਾਨਾਂ ਨੂੰ ਤੁਰੰਤ ਕੰਮ ਮਿਲ ਸਕੇ।

* ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਇਸ ਲਈ ਖੇਤੀ ਨੂੰ ਰੁਜ਼ਗਾਰ ਨਾਲ ਜੋੜਨਾ ਲਾਜ਼ਮੀ ਹੈ : ਪਿੰਡਾਂ ਦੇ ਨੇੜੇ ਕੋਲਡ ਸਟੋਰੇਜ ਅਤੇ ਫੂਡ ਪ੍ਰੋਸੈਸਿੰਗ ਪਲਾਂਟ ਲਗਾਏ ਜਾਣ ਤਾਂ ਜੋ ਪੜ੍ਹੇ-ਲਿਖੇ ਪੇਂਡੂ ਨੌਜਵਾਨਾਂ ਨੂੰ ਉੱਥੇ ਮੈਨੇਜਰ, ਟੈਕਨੀਸ਼ੀਅਨ ਜਾਂ ਮਾਰਕੀਟਿੰਗ ਐਕਸਪਰਟ ਵਜੋਂ ਨੌਕਰੀ ਮਿਲ ਸਕੇ। ਡੇਅਰੀ ਫਾਰਮਿੰਗ, ਮੱਛੀ ਪਾਲਣ ਅਤੇ ਮਧੂ-ਮੱਖੀ ਪਾਲਣ ਲਈ ਸਬਸਿਡੀ ਦੇ ਨਾਲ-ਨਾਲ ਸਹੀ ਮਾਰਕੀਟਿੰਗ ਪਲੇਟਫਾਰਮ ਮੁਹੱਈਆ ਕਰਵਾਏ ਜਾਣ।

### ਕੀ ਹੱਲ ਹੈ ਇਸਦਾ

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਨੂੰ ਇਸ ਦਲਦਲ ਵਿੱਚੋਂ ਕੱਢਣਾ ਹੈ ਤਾਂ ਸਰਕਾਰ ਨੂੰ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨਾ ਪਵੇਗਾ। ਪੇਂਡੂ ਆਰਥਿਕਤਾ ਵਿੱਚ ਵਿਭਿੰਨਤਾ ਲਿਆਉਣ ਅਤੇ ਸਥਾਨਕ ਪੱਧਰ 'ਤੇ ਹੁਨਰ ਵਿਕਾਸ ਕੇਂਦਰ ਖੋਲ੍ਹਣ ਦੀ ਸਖ਼ਤ ਲੋੜ ਹੈ ਤਾਂ ਜੋ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਇਆ ਜਾ ਸਕੇ।

* ਨਵੇਂ ਕਾਰੋਬਾਰ ਸ਼ੁਰੂ ਕਰਨ ਲਈ ਨੌਜਵਾਨਾਂ ਨੂੰ ਘੱਟ ਵਿਆਜ ਦਰਾਂ 'ਤੇ ਅਤੇ ਬਿਨਾਂ ਕਿਸੇ ਗੁੰਝਲਦਾਰ ਗਰੰਟੀ ਦੇ ਕਰਜ਼ੇ ਮਿਲਣੇ ਚਾਹੀਦੇ ਹਨ। ਸਰਕਾਰ ਨੌਜਵਾਨ ਉੱਦਮੀਆਂ ਨੂੰ ਦਫ਼ਤਰੀ ਜਗ੍ਹਾ ਅਤੇ ਮਾਹਿਰਾਂ ਦੀ ਸਲਾਹ ਮੁਫ਼ਤ ਜਾਂ ਘੱਟ ਕੀਮਤ 'ਤੇ ਮੁਹੱਈਆ ਕਰਵਾਏ।

* ਜਦੋਂ ਤੱਕ ਨੌਜਵਾਨਾਂ ਨੂੰ ਇੱਥੇ ਭਵਿੱਖ ਧੁੰਦਲਾ ਦਿਖੇਗਾ, ਉਹ ਵਿਦੇਸ਼ ਜਾਣਗੇ ਹੀ। ਸਰਕਾਰ ਨੂੰ 'ਰਿਵਰਸ ਬ੍ਰੇਨ ਡਰੇਨ' ਲਈ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਜਿੱਥੇ ਵਿਦੇਸ਼ਾਂ ਵਰਗੀ ਸੁਰੱਖਿਆ, ਸਿਹਤ ਸਹੂਲਤਾਂ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਇੱਥੇ ਹੀ ਮਿਲ ਸਕਣ।

41 ਸਫ਼ੇ ਦੀ ਬਾਕੀ

ਇਸ ਲਈ ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਆਪਣੀਆਂ ਸੰਸਥਾਵਾਂ ਨੂੰ ਮਜ਼ਬੂਤ ਕਰੇ ਤਾਂ ਜਜੋ ਆਪਣੇ ਰਾਜਨੀਤਕ ਨੇਤਾਵਾਂ ਉਪਰ ਕੁੰਡਾ ਰਖ ਸਕੇ ਤੇ, ਉਨ੍ਹਾਂ ਨੂੰ ਆਪਣੀ ਲਾਈਨ ਤੋਂ ਭਟਕਣ ਨਾ ਦੇਵੇ।

ਭਵਿੱਖ ਵਿਚ ਨੁਮਾਇੰਦਗੀ ਨੂੰ ਤਾਕਤ ਦਾ ਸੰਕੇਤ ਨਹੀਂ ਸਮਝਿਆ ਜਾਣਾ ਚਾਹੀਦਾ, ਬਲਕਿ ਉਸ ਦੀ ਪਰਖ ਸੇਵਾ, ਨਿਆਂ ਅਤੇ ਸੰਘਰਸ਼ ਉਪਰ ਹੋਣੀ ਚਾਹੀਦੀ ਹੈ। ਗੁਰਦੁਆਰਾ ਸਾਹਿਬਾਨ ਨੂੰ ਸਿਰਫ਼ ਮੱਥਾ ਟੇਕਣ ਵਾਲੀ ਜਗ੍ਹਾ ਦੀ ਬਜਾਏ 'ਕੌਮੀ ਸੂਚਨਾ ਅਤੇ ਲਾਮਬੰਦੀ ਕੇਂਦਰ' ਵਜੋਂ ਵਰਤਿਆ ਜਾਵੇ। ਸਥਾਨਕ ਪੱਧਰ 'ਤੇ ਅਜਿਹੀਆਂ ਕਮੇਟੀਆਂ ਬਣਨ ਜੋ ਕਿਸੇ ਵੀ ਨਫ਼ਰਤੀ ਘਟਨਾ ਵੇਲੇ ਤੁਰੰਤ ਕਾਨੂੰਨੀ ਅਤੇ ਸਿਆਸੀ ਦਬਾਅ ਬਣਾ ਸਕਣ। ਪੱਛਮੀ ਮੁਲਕਾਂ ਵਿੱਚ ਹੋਰ ਦਬੇ-ਕੁਚਲੇ ਭਾਈਚਾਰਿਆਂ ਨਾਲ ਗੱਠਜੋੜ ਬਣਾਇਆ ਜਾਵੇ। ਜਦੋਂ ਸਿੱਖ ਦੂਜਿਆਂ ਦੇ ਹੱਕਾਂ ਲਈ ਬੋਲਣਗੇ, ਤਾਂ ਦੂਜੇ ਭਾਈਚਾਰੇ ਵੀ ਸਿੱਖਾਂ ਦੀ ਸੁਰੱਖਿਆ ਲਈ ਢਾਲ ਬਣ ਕੇ ਖੜ੍ਹਨਗੇ। ਇਹ 'ਸਰਬੱਤ ਦਾ ਭਲਾ' ਦਾ ਅਸਲ ਪ੍ਰਗਟਾਵਾ ਹੋਵੇਗਾ।

ਪੰਥਕ ਜਥੇਬੰਦੀਆਂ ਨੂੰ ਸਿੱਖ ਸਿਆਸਤਦਾਨਾਂ ਲਈ ਇੱਕ 'ਰਿਪੋਰਟ ਕਾਰਡ' ਤੈਅ ਕਰਨਾ ਚਾਹੀਦਾ ਹੈ। ਉਨ੍ਹਾਂ ਤੋਂ ਸਵਾਲ ਪੁੱਛੇ ਜਾਣ ਕਿ ਉਨ੍ਹਾਂ ਨੇ ਕੌਮੀ ਮਸਲਿਆਂ 'ਤੇ ਸਰਕਾਰ ਅੰਦਰ ਕੀ ਭੂਮਿਕਾ ਨਿਭਾਈ ਹੈ। ਸਿਰਫ਼ ਸਿੱਖ ਹੋਣ ਕਰਕੇ ਕਿਸੇ ਨੂੰ ਵੋਟ ਨਾ ਪਾਈ ਜਾਵੇ, ਸਗੋਂ ਕੌਮੀ ਪ੍ਰਤੀਬੱਧਤਾ ਦੇ ਅਧਾਰ 'ਤੇ ਹਮਾਇਤ ਦਿੱਤੀ ਜਾਵੇ।

ਸਿੱਖ ਨੌਜਵਾਨਾਂ ਨੂੰ ਸਿਰਫ਼ ਡਾਕਟਰ-ਇੰਜੀਨੀਅਰ ਬਣਨ ਦੀ ਬਜਾਏ 'ਪਾਲਿਸੀ ਮੇਕਿੰਗ', 'ਪੱਤਰਕਾਰੀ', 'ਅੰਤਰਰਾਸ਼ਟਰੀ ਕਾਨੂੰਨ' ਅਤੇ 'ਸਮਾਜਿਕ ਵਿਗਿਆਨ' ਵਿੱਚ ਅੱਗੇ ਲਿਆਂਦਾ ਜਾਵੇ। ਜਦੋਂ ਨੀਤੀਆਂ ਬਣਾਉਣ ਵਾਲੇ ਡੈਸਕ 'ਤੇ ਸਿੱਖ ਬੈਠਾ ਹੋਵੇਗਾ, ਤਾਂ ਸਿੱਖੀ ਵਿਰੁੱਧ ਰਿਪੋਰਟਾਂ ਬਣਨੀਆਂ ਆਪਣੇ-ਆਪ ਬੰਦ ਹੋ ਜਾਣਗੀਆਂ।

ਆਓ ਆਪਣੀਆਂ ਜੜ੍ਹਾਂ ਵੱਲ ਮੁੜੀਏ - ਗੁਰੂ ਘਰ ਵੱਲ, ਸੰਗਤ ਵੱਲ, ਲੰਗਰ ਵੱਲ, ਮਨੁੱਖਤਾ ਦੀ ਸੇਵਾ ਵਲ ਅਤੇ ਸਮੂਹਿਕ ਇਕੱਤਰਤਾ ਤੇ ਇਕਮੁਠਤਾ ਵੱਲ। ਇਸ ਵਿਚ ਹੀ ਸਿੱਖ ਪੰਥ ਦੀ ਅਸਲ ਤਾਕਤ ਹੈ। ਇਸੀ ਵਿਚ ਅਸਲ ਭਵਿੱਖ ਹੈ। ਭਵਿੱਖ ਦੀ ਰਾਹ ਸਿਆਸੀ ਗੁਲਾਮੀ ਵਿੱਚ ਨਹੀਂ, ਸਗੋਂ ਆਪਣੀਆਂ ਜੜ੍ਹਾਂ (ਪੰਥਕ ਫਰੇਮਵਰਕ) ਨਾਲ ਜੁੜ ਕੇ ਪੱਛਮ ਨੂੰ ਸਿੱਖੀ ਦੇ ਸੱਚੇ ਸਰੂਪ ਤੋਂ ਜਾਣੂ ਕਰਵਾਉਣ ਵਿੱਚ ਹੈ। ਜੇਕਰ ਨੁਮਾਇੰਦਗੀ ਕੌਮੀ ਆਵਾਜ਼ ਨਹੀਂ ਬਣ ਸਕਦੀ, ਤਾਂ ਇਹ ਸਿਰਫ਼ ਇੱਕ ਖੋਖਲੀ ਨੁਮਾਇਸ਼ ਤੋਂ ਵੱਧ ਕੁਝ ਨਹੀਂ। ਸਿੱਖੀ ਦਾ ਭਵਿੱਖ ਸਿਰਫ਼ ਸਿਆਸੀ ਨੁਮਾਇੰਦਿਆਂ ਵਿੱਚ ਨਹੀਂ, ਸਗੋਂ ਸਿੱਖੀ ਦੇ ਸਪੱਸ਼ਟ ਦਾਰਸ਼ਨਿਕ ਤੇ ਸਿਧਾਂਤਕ ਪ੍ਰਗਟਾਵੇ ਵਿੱਚ ਹੈ।

# ਰਾਈਟਮੂਵ ਦੇ ਨਕਸ਼ਿਆਂ ਨਾਲ ਘਰ ਚੁਣ ਕੇ ਕਰੋੜਾਂ ਦੀਆਂ ਚੋਰੀਆਂ ਕਰਨ ਵਾਲਾ ਗਿਰੋਹ ਕਾਬੂ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਵਿਚ ਘਰਾਂ ਦੇ ਨਕਸ਼ੇ ਆਨਲਾਈਨ ਦੇਖ ਕੇ ਚੋਰੀਆਂ ਕਰਨ ਵਾਲੇ ਇਕ ਅਲਬੇਨੀਆਈ ਗਿਰੋਹ ਨੂੰ ਅਦਾਲਤ ਵੱਲੋਂ ਕੜੀਆਂ ਸਜ਼ਾਵਾਂ ਸੁਣਾਈਆਂ ਗਈਆਂ ਹਨ। ਇਸ ਗਿਰੋਹ ਨੇ ਦੇਸ਼ ਭਰ ਵਿਚ 10 ਮਹੀਨਿਆਂ ਦੌਰਾਨ ਦਰਜਨਾਂ ਘਰਾਂ ਨੂੰ ਨਿਸ਼ਾਨਾ ਬਣਾਇਆ ਅਤੇ ਲੱਖਾਂ ਪੌਂਡ ਦੀ ਕੀਮਤ ਦੇ ਗਹਿਣੇ, ਘੜੀਆਂ ਅਤੇ ਮਹਿੰਗੇ ਬੈਗ ਲੁੱਟੇ।**



Nikolli Lleshaj Dedndreaj Gropcaj Lleshi

ਅਦਾਲਤ ਵਿਚ ਸੁਣਵਾਈ ਦੌਰਾਨ ਸਾਹ-ਮਣੇ ਆਇਆ ਕਿ ਇਹ ਗਿਰੋਹ ਇੰਟਰਨੈੱਟ ਅਤੇ ਪ੍ਰਾਪਰਟੀ ਵੈੱਬਸਾਈਟਾਂ 'ਤੇ ਘਰਾਂ ਦੇ ਨਕਸ਼ੇ ਅਤੇ ਬਣਤਰ ਦੇਖ ਕੇ ਪਹਿਲਾਂ ਹੀ ਯੋਜਨਾ ਬਣਾਉਂਦਾ ਸੀ। ਇਸ ਤੋਂ ਬਾਅਦ ਇਹ ਰਾਤ ਦੇ ਸਮੇਂ ਸੀੜ੍ਹੀਆਂ ਦੀ ਮਦਦ ਨਾਲ ਘਰਾਂ ਵਿਚ ਦਾਖ਼ਲ ਹੋ ਕੇ ਚੋਰੀਆਂ ਕਰਦਾ ਸੀ।

ਗਿਰੋਹ ਨੇ ਕੁੱਲ 44 ਘਰਾਂ 'ਚ ਵੱਡੀਆਂ ਵਾਰਦਾਤਾਂ ਕੀਤੀਆਂ। ਇਕ ਮਾਮਲੇ ਵਿਚ 2 ਲੱਖ ਪੌਂਡ ਤੋਂ ਵੱਧ ਦਾ ਸਮਾਨ ਚੋਰੀ ਕੀਤਾ ਗਿਆ, ਜਦਕਿ ਇਕ ਹੋਰ ਘਟਨਾ ਵਿਚ 30 ਤੋਂ ਵੱਧ ਮਹਿੰਗੀਆਂ ਘੜੀਆਂ ਲੈ ਜਾਈਆਂ ਗਈਆਂ। ਕਈ ਵਾਰ ਘਰਾਂ ਦੇ ਮਾਲਕ ਅੰਦਰ ਹੀ ਮੌਜੂਦ ਸਨ ਅਤੇ ਡਰ ਦੇ ਮਾਰੇ ਲੁਕਣ ਲਈ ਮਜਬੂਰ ਹੋਏ।

ਅਦਾਲਤ ਨੇ ਦੱਸਿਆ ਕਿ ਚੋਰ ਕਮਰਿਆਂ ਨੂੰ ਉਲਟ-ਪੁਲਟ ਕਰਦੇ, ਬਿਸਤਰਾਂ ਦੀਆਂ ਚਾਦਰਾਂ ਵਿਚ ਸਮਾਨ ਬੰਨ੍ਹ ਕੇ ਲੈ ਜਾਂਦੇ ਅਤੇ ਕਈ ਵਾਰ ਤਿਜ਼ੋਰੀਆਂ ਤੱਕ ਚੁੱਕ ਕੇ ਲੈ ਗਏ। ਇਸ ਕਾਰਨ ਪੀੜਤ ਪਰਿਵਾਰਾਂ ਵਿਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਬਣ ਗਿਆ।

ਪੁਲਿਸ ਨੇ ਡੀ. ਐਨ. ਏ., ਮੋਬਾਈਲ ਫੋਨ ਡਾਟਾ ਅਤੇ ਗੱਡੀਆਂ ਦੇ ਨੰਬਰਾਂ ਦੀ ਮਦਦ ਨਾਲ ਇਸ ਗਿਰੋਹ ਨੂੰ ਕਾਬੂ ਕੀਤਾ। ਛਾਪਿਆਂ ਦੌਰਾਨ ਕਈ ਮਹਿੰਗੀਆਂ ਚੀਜ਼ਾਂ ਬਰਾਮਦ ਕੀਤੀਆਂ ਗਈਆਂ, ਹਾਲਾਂਕਿ ਕਾਫ਼ੀ ਸਮਾਨ ਪਹਿਲਾਂ ਹੀ ਵੇਚਿਆ ਜਾਂ ਪਿਘਲਾਇਆ ਜਾ ਚੁੱਕਾ ਸੀ।

ਅਦਾਲਤ ਨੇ ਗਿਰੋਹ ਦੇ ਮੈਂਬਰਾਂ ਨੂੰ 9 ਤੋਂ 10 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੇ ਘਰਾਂ ਦੀ ਸੁਰੱਖਿਆ ਦਾ ਅਹਿਸਾਸ ਖ਼ਤਮ ਕਰ ਦਿੱਤਾ ਅਤੇ ਉਨ੍ਹਾਂ ਨੂੰ ਡਰ ਵਿਚ ਜੀਣ ਲਈ ਮਜਬੂਰ ਕੀਤਾ।

ਇਸ ਮਾਮਲੇ ਵਿਚ ਇਕ ਬ੍ਰਿਟਿਸ਼ ਮਹਿਲਾ ਵੀ ਗਿਰੋਹ ਨਾਲ ਜੁੜੀ ਹੋਈ ਮਿਲੀ, ਜਿਸ ਨੇ ਗੱਡੀਆਂ ਕਿਰਾਏ 'ਤੇ ਲੈ ਕੇ ਚੋਰਾਂ ਦੀ ਮਦਦ ਕੀਤੀ। ਅਦਾਲਤ ਨੇ ਉਸ ਨੂੰ ਜੇਲ੍ਹ ਦੀ ਬਜਾਏ ਮੁਅੱਤਲ ਸਜ਼ਾ ਦੇ ਕੇ ਸਮਾਜਿਕ ਸੇਵਾ ਕਰਨ ਦੇ ਹੁਕਮ ਦਿੱਤੇ ਹਨ।ਇਸ ਘਟਨਾ ਨੇ ਘਰਾਂ ਦੀ ਸੁਰੱਖਿਆ ਅਤੇ ਆਨਲਾਈਨ ਜਾਣਕਾਰੀ ਦੇ ਗਲਤ ਇਸਤੇਮਾਲ ਬਾਰੇ ਨਵੀਆਂ ਚਿੰਤਾਵਾਂ ਖੜ੍ਹੀ-ਆਂ ਕਰ ਦਿੱਤੀਆਂ ਹਨ।

# ਝੂਠੇ ਸਮਲਿੰਗੀ ਕੇਸਾਂ ਰਾਹੀਂ ਪਨਾਹ ਲੈਣ ਦਾ ਵੱਡਾ ਘੋਟਾਲਾ ਬੇਨਕਾਬ

**ਲੈਸਟਰ- (ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਮੀਡੀਆ ਸੰਸਥਾ ਬੀ. ਬੀ. ਸੀ. ਦੀ ਇਕ ਵੱਡੀ ਗੁਪਤ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਕੁਝ ਕਾਨੂੰਨੀ ਸਲਾਹਕਾਰ ਅਤੇ ਇਮੀਗ੍ਰੇਸ਼ਨ ਏਜੰਟ ਪਰਵਾਸੀਆਂ ਤੋਂ ਹਜ਼ਾਰਾਂ ਪੌਂਡ ਲੈ ਕੇ ਉਨ੍ਹਾਂ ਨੂੰ ਸਮਲਿੰਗੀ ਬਣ ਕੇ ਝੂਠਾ ਪਨਾਹ ਦਾਅਵਾ ਕਰਨ ਲਈ ਤਿਆਰ ਕਰ ਰਹੇ ਹਨ। ਇਹ ਮਾਮਲਾ ਬ੍ਰਿਟੇਨ ਦੀ ਪਨਾਹ ਪ੍ਰਣਾਲੀ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ।**

ਜਾਂਚ ਅਨੁਸਾਰ ਇਹ ਗੈਰਕਾਨੂੰਨੀ ਕੰਮ ਖ਼ਾਸ ਤੌਰ 'ਤੇ ਉਹਨਾਂ ਲੋਕਾਂ ਲਈ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੇ ਵਿਦਿਆਰਥੀ, ਨੌਕਰੀ ਜਾਂ ਟੂਰਿਸਟ ਵੀਜ਼ੇ ਖ਼ਤਮ ਹੋਣ ਵਾਲੇ ਹੁੰਦੇ ਹਨ। ਅਜਿਹੇ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਆਪਣੇ ਦੇਸ਼ ਵਾਪਸ ਜਾਣ ਦੀ ਬਜਾਏ ਸਮਲਿੰਗੀ ਹੋਣ ਦਾ ਦਾਅਵਾ ਕਰਕੇ ਪਨਾਹ ਲਈ ਅਰਜ਼ੀ ਦੇਣ।

ਬੀ.ਬੀ.ਸੀ. ਦੇ ਗੁਪਤ ਰਿਪੋਰਟਰਾਂ ਨੇ ਆਪਣੇ ਆਪ ਨੂੰ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਵਿਦਿਆਰਥੀ ਵਜੋਂ ਪੇਸ਼ ਕੀਤਾ। ਉਨ੍ਹਾਂ ਨੇ ਪਾਇਆ ਕਿ ਕੁਝ ਸਲਾਹਕਾਰ ਝੂਠੀਆਂ ਕਹਾਣੀਆਂ ਤਿਆਰ ਕਰਦੇ, ਨਕਲੀ ਸਬੂਤ ਇਕੱਠੇ ਕਰਵਾਉਂਦੇ ਅਤੇ ਪੂਰਾ ਕੇਸ ਤਿਆਰ ਕਰਦੇ ਹਨ। ਇਸ ਵਿਚ ਜਾਲਸਾਜ਼ੀ ਵਾਲੀਆਂ ਤਸਵੀਰਾਂ, ਸਹਾਇਤਾ ਪੱਤਰ ਅਤੇ ਮੈਡੀਕਲ ਰਿਪੋਰਟਾਂ ਵੀ ਸ਼ਾਮਲ ਹੁੰਦੀਆਂ ਹਨ।

ਇੱਕ ਮਹਿਲਾ ਸਲਾਹਕਾਰ ਨੇ ਦਾਅਵਾ ਕੀਤਾ ਕਿ ਉਹ 17 ਸਾਲਾਂ ਤੋਂ ਇਸ ਤਰ੍ਹਾਂ ਦੇ ਕੇਸ ਤਿਆਰ ਕਰ ਰਹੀ ਹੈ। ਉਸ ਨੇ ਗੁਪਤ ਰਿਪੋਰਟਰ ਨੂੰ ਦੱਸਿਆ ਕਿ "ਇਹ ਹੀ ਇੱਕ ਰਸਤਾ ਹੈ ਜਿਸ ਨਾਲ ਤੁਸੀਂ ਇੱਥੇ ਰਹਿ ਸਕਦੇ ਹੋ।" ਉਸ ਨੇ ਇਹ ਵੀ ਕਿਹਾ ਕਿ ਪੂਰਾ "ਪੈਕੇਜ" ਤਿਆਰ ਕੀਤਾ ਜਾਵੇਗਾ, ਜਿਸ ਵਿਚ ਕਲੱਬਾਂ ਦੀਆਂ ਤਸਵੀਰਾਂ, ਸੰਗਠਨਾਂ ਦੇ ਪੱਤਰ ਅਤੇ ਹੋਰ ਸਬੂਤ ਸ਼ਾਮਲ ਹੋਣਗੇ। ਇਸ ਲਈ ਕਰੀਬ 2,500 ਪੌਂਡ ਦੀ ਫੀਸ ਮੰਗੀ ਗਈ।

ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਕੁਝ ਲੋਕ ਡਾਕਟਰਾਂ ਕੋਲ ਜਾ ਕੇ ਝੂਠ ਬੋਲਦੇ ਹਨ ਕਿ ਉਹ ਡਿਪ੍ਰੈਸ਼ਨ ਵਿਚ ਹਨ ਜਾਂ ਹੋਰ ਬਿਮਾਰੀਆਂ ਨਾਲ ਪੀੜਤ ਹਨ, ਤਾਂ ਜੋ ਮੈਡੀਕਲ ਸਬੂਤ ਪ੍ਰਾਪਤ ਕਰ ਸਕਣ। ਇਕ ਹੋਰ ਕਾਨੂੰਨੀ ਸਲਾਹਕਾਰ ਨੇ 7,000 ਪੌਂਡ ਤੱਕ ਫੀਸ ਲੈ ਕੇ ਕੇਸ ਬਣਾਉਣ ਦੀ ਗੱਲ ਕੀਤੀ ਅਤੇ ਦਾਅਵਾ ਕੀਤਾ ਕਿ ਇਨਕਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ।

ਇੱਕ ਸਮਾਗਮ ਦੌਰਾਨ ਕਈ ਲੋਕਾਂ ਨੇ ਖੁਦ ਕਬੂਲਿਆ ਕਿ ਉਹ ਅਸਲ ਵਿਚ ਸਮਲਿੰਗੀ ਨਹੀਂ ਹਨ, ਸਗੋਂ ਸਿਰਫ਼ ਪਨਾਹ ਲਈ ਅਜਿਹਾ ਦਾਅਵਾ ਕਰ ਰਹੇ ਹਨ। ਮਾਹਿਰਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੀ ਧੋਖਾਧੜੀ ਨਾਲ ਉਹਨਾਂ ਲੋਕਾਂ ਨੂੰ ਨੁਕਸਾਨ ਹੁੰਦਾ ਹੈ ਜੋ ਸੱਚਮੁੱਚ ਆਪਣੇ ਦੇਸ਼ਾਂ ਵਿਚ ਜ਼ੁਲਮ ਦਾ ਸ਼ਿਕਾਰ ਹਨ।ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਕੁਝ ਸਾਲਾਂ ਵਿਚ ਸਮਲਿੰਗੀ ਹੋਣ ਦੇ ਆਧਾਰ 'ਤੇ ਪਨਾਹ ਲੈਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਅਤੇ ਇਸ ਵਿੱਚ ਪਾਕਿਸਤਾਨੀ ਨਾਗਰਿਕਾਂ ਦੀ ਹਿੱਸੇਦਾਰੀ ਵੱਧ ਹੈ।

ਬ੍ਰਿਟੇਨ ਦੇ ਗ੍ਰਹਿ ਦਫ਼ਤਰ ਨੇ ਕਿਹਾ ਹੈ ਕਿ ਪਨਾਹ ਪ੍ਰਣਾਲੀ ਦਾ ਗਲਤ ਇਸਤੇਮਾਲ ਕਰਨਾ ਅਪਰਾਧ ਹੈ ਅਤੇ ਜੋ ਵੀ ਵਿਅਕਤੀ ਇਸ ਵਿਚ ਦੋਸ਼ੀ ਪਾਇਆ ਗਿਆ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਰਕਾਰ ਵੱਲੋਂ ਨਵੇਂ ਇਮੀਗ੍ਰੇਸ਼ਨ ਨਿਯਮ ਵੀ ਲਾਗੂ ਕੀਤੇ ਗਏ ਹਨ, ਜਿਸ ਤਹਿਤ ਪਨਾਹ ਲੈਣ ਵਾਲਿਆਂ ਦੇ ਕੇਸ ਸਮੇਂ-ਸਮੇਂ 'ਤੇ ਦੁਬਾਰਾ ਜਾਂਚੇ ਜਾਣਗੇ। ਇਸ ਖੁਲਾਸੇ ਤੋਂ ਬਾਅਦ ਰਾਜਨੀਤਿਕ ਨੇਤਾਵਾਂ ਵੱਲੋਂ ਵੀ ਕੜੀ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਪੁਲਿਸ ਜਾਂਚ ਦੀ ਸੰਭਾਵਨਾ ਵੀ ਜਤਾਈ ਗਈ ਹੈ।

# ਟਰੰਪ ਵੱਲੋਂ ਬ੍ਰਿਟੇਨ ਨੂੰ ਵਪਾਰਕ ਚੇਤਾਵਨੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਸਖ਼ਤ ਲਹਿਜ਼ੇ ਵਿਚ ਚੇਤਾਵਨੀ ਦਿੱਤੀ ਹੈ ਕਿ ਜੇ ਬ੍ਰਿਟੇਨ ਨੇ ਇਰਾਨ ਮਾਮਲੇ 'ਤੇ ਅਮਰੀਕਾ ਦਾ ਪੂਰਾ ਸਾਥ ਨਾ ਦਿੱਤਾ ਤਾਂ ਦੋਵੇਂ ਦੇਸ਼ਾਂ ਵਿਚ ਹੋਏ ਵਪਾਰਕ ਸਮਝੌਤੇ ਦੀਆਂ ਸ਼ਰਤਾਂ ਬਦਲੀਆਂ ਜਾ ਸਕਦੀਆਂ ਹਨ। ਇਸ ਬਿਆਨ ਨਾਲ ਅਮਰੀਕਾ ਅਤੇ ਬ੍ਰਿਟੇਨ ਦੇ ਰਿਸ਼ਤਿਆਂ ਵਿਚ ਨਵਾਂ ਤਣਾਅ ਪੈਦਾ ਹੋ ਗਿਆ ਹੈ।

ਟਰੰਪ ਨੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਅਮਰੀਕਾ ਨੇ ਬ੍ਰਿਟੇਨ ਨੂੰ ਇਕ ਚੰਗਾ ਵਪਾਰਕ ਸਮਝੌਤਾ ਦਿੱਤਾ ਸੀ, ਪਰ ਲੋੜ ਪੈਣ 'ਤੇ ਉਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ। ਉਸ ਨੇ ਇਹ ਵੀ ਕਿਹਾ ਕਿ ਜਦੋਂ ਅਮਰੀਕਾ ਨੇ ਇਰਾਨ ਖ਼ਿਲਾਫ਼ ਆਪਣੀ ਕਾਰਵਾਈ ਲਈ ਸਹਿਯੋਗ ਮੰਗਿਆ ਤਾਂ ਬ੍ਰਿਟੇਨ ਨੇ ਉਸ ਤਰ੍ਹਾਂ ਸਾਥ ਨਹੀਂ ਦਿੱਤਾ ਜਿਵੇਂ ਉਮੀਦ ਸੀ। ਟਰੰਪ ਨੇ ਦੋਵੇਂ ਦੇਸ਼ਾਂ ਦੇ ਖ਼ਾਸ ਰਿਸ਼ਤੇ ਬਾਰੇ ਵੀ ਕਿਹਾ ਕਿ ਇਹ ਪਹਿਲਾਂ ਹੋਰ ਵਧੀਆ ਸਨ, ਪਰ ਹੁਣ ਹਾਲਾਤ ਬਦਲੇ ਹੋਏ ਹਨ।ਟਰੰਪ ਨੇ ਇਸ ਮੌਕੇ 'ਤੇ ਕੀਰ ਸਟਾਰਮਰ ਦੀਆਂ ਨੀਤੀਆਂ ਉੱਤੇ ਵੀ ਨਿਸ਼ਾਨਾ ਸਾਧਿਆ। ਉਸ ਨੇ ਇਮੀਗ੍ਰੇਸ਼ਨ ਅਤੇ ਊਰਜਾ ਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਬ੍ਰਿਟੇਨ ਗ਼ੈਰਕਾਨੂੰਨੀ ਪਰਵਾਸ ਅਤੇ ਗਲਤ ਫ਼ੈਸਲਿਆਂ ਦਾ ਨੁਕਸਾਨ ਝੱਲ ਰਿਹਾ ਹੈ। ਉਸ ਨੇ ਉੱਤਰੀ ਸਮੁੰਦਰੀ ਖੇਤਰ ਵਿਚ ਤੇਲ-ਗੈਸ ਨੀਤੀ ਨੂੰ ਲੈ ਕੇ ਵੀ ਸਟਾਰਮਰ ਦੇ ਰੁਖ ਨੂੰ ਗਲਤ ਕਰਾਰ ਦਿੱਤਾ।

ਉਧਰ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਰਾਨ ਮਾਮਲੇ ਵਿਚ ਅਮਰੀਕਾ ਦਾ ਸਿੱਧਾ ਸਾਥ ਦੇਣ ਤੋਂ ਪਰਹੇਜ਼ ਕੀਤਾ ਹੋਇਆ ਹੈ। ਬ੍ਰਿਟਿਸ਼ ਸਰਕਾਰ ਦਾ ਕਹਿਣਾ ਹੈ ਕਿ ਜੰਗ ਨੂੰ ਹੋਰ ਵਧਾਉਣ ਦੀ ਬਜਾਏ ਤਣਾਅ ਘਟਾਉਣ, ਸਮੁੰਦਰੀ ਰਸਤੇ ਖੁੱਲ੍ਹੇ ਰੱਖਣ ਅਤੇ ਕੂਟਨੀਤਿਕ ਕੋਸ਼ਿਸ਼ਾਂ ਨੂੰ ਅੱਗੇ ਵਧਾਉਣਾ ਜ਼ਰੂਰੀ ਹੈ। ਬ੍ਰਿਟੇਨ ਨੇ ਇਹ ਵੀ ਸਾਫ਼ ਕੀਤਾ ਹੈ ਕਿ ਉਹ ਖੇਤਰ ਵਿਚ ਸਿੱਧੀ ਜੰਗੀ ਭੂਮਿਕਾ ਨਹੀਂ ਨਿਭਾਉਣਾ ਚਾਹੁੰਦਾ।ਇਸ ਸਾਰੇ ਮਾਮਲੇ ਨਾਲ ਬ੍ਰਿਟੇਨ ਦੇ ਅੰਦਰ ਵੀ ਰਾਜਨੀਤਿਕ ਅਤੇ ਆਰਥਿਕ ਚਿੰਤਾ ਵਧ ਗਈ ਹੈ। ਇਰਾਨ ਨਾਲ ਬਣੇ ਤਣਾਅ ਕਾਰਨ ਤੇਲ ਅਤੇ ਗੈਸ ਦੀਆਂ ਕੀਮਤਾਂ ਉੱਤੇ ਅਸਰ ਪੈ ਸਕਦਾ ਹੈ, ਜਿਸ ਨਾਲ ਮਹਿੰਗਾਈ ਅਤੇ ਆਰਥਿਕ ਦਬਾਅ ਹੋਰ ਵੱਧਣ ਦਾ ਡਰ ਹੈ। ਬ੍ਰਿਟਿਸ਼ ਸਰਕਾਰ ਅੰਦਰੋਂ ਵੀ ਕੁਝ ਅਵਾਜ਼ਾਂ ਅਮਰੀਕੀ ਰੁਖ ਨੂੰ ਬਿਨਾਂ ਸਪੱਸ਼ਟ ਯੋਜਨਾ ਵਾਲਾ ਖ਼ਤਰਨਾਕ ਕਦਮ ਮੰਨ ਰਹੀਆਂ ਹਨ।ਟਰੰਪ ਨੇ ਹਾਲਾਂਕਿ ਇਹ ਵੀ ਕਿਹਾ ਕਿ ਰਾਜਾ ਚਾਰਲਜ਼ ਦੀ ਆਉਣ ਵਾਲੀ ਅਮਰੀਕਾ ਯਾਤਰਾ ਉੱਤੇ ਇਸ ਤਣਾਅ ਦਾ ਅਸਰ ਨਹੀਂ ਪਵੇਗਾ। ਉਸ ਨੇ ਰਾਜਾ ਚਾਰਲਜ਼ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਵਧੀਆ ਸ਼ਖ਼ਸੀਅਤ ਦੱਸਿਆ। ਇਸ ਤੋਂ ਇਹ ਸੰਕੇਤ ਮਿਲਿਆ ਹੈ ਕਿ ਰਾਜਨੀਤਿਕ ਮਤਭੇਦਾਂ ਦੇ ਬਾਵਜੂਦ ਦੋਵੇਂ ਦੇਸ਼ ਰਾਜਸੀ ਅਤੇ ਕੂਟਨੀਤਿਕ ਰਿਸ਼ਤਿਆਂ ਨੂੰ ਵੱਖ ਰੱਖਣਾ ਚਾਹੁੰਦੇ ਹਨ।

ਇਸ ਘਟਨਾ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅਮਰੀਕਾ ਅਤੇ ਬ੍ਰਿਟੇਨ ਦੇ ਰਿਸ਼ਤੇ ਭਾਵੇਂ ਇਤਿਹਾਸਕ ਤੌਰ 'ਤੇ ਮਜ਼ਬੂਤ ਮੰਨੇ ਜਾਂਦੇ ਹੋਣ, ਪਰ ਜੰਗ, ਵਪਾਰ, ਇਮੀਗ੍ਰੇਸ਼ਨ ਅਤੇ ਊਰਜਾ ਵਰਗੇ ਮਸਲਿਆਂ 'ਤੇ ਦੋਵੇਂ ਦੇਸ਼ਾਂ ਵਿਚ ਖੁੱਲ੍ਹੇ ਅੰਤਰ ਮੌਜੂਦ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਤਣਾਅ ਸਿਰਫ਼ ਬਿਆਨਾਂ ਤੱਕ ਹੀ ਸੀਮਿਤ ਰਹਿੰਦਾ ਹੈ ਜਾਂ ਅਸਲ ਵਪਾਰਕ ਅਤੇ ਕੂਟਨੀਤਿਕ ਸੰਬੰਧਾਂ ਉੱਤੇ ਵੀ ਇਸ ਦਾ ਅਸਰ ਪੈਂਦਾ ਹੈ।

# ਏਆਈ ਬਣਿਆ ਜਾਨਲੇਵਾ: ਪਤਨੀ ਤੋਂ ਵੱਖ ਹੋਏ ਨੌਜਵਾਨ ਨੇ ਗੂਗਲ ਜੈਮਿਨੀ ਨੂੰ ਮੰਨਿਆ ਜੀਵਨ ਸਾਥੀ

## ਖਾਸ ਖਬਰ ✪ 'ਡਿਜੀਟਲ ਦੁਨੀਆ' ਵਿਚ ਮਿਲਣ ਲਈ ਕੀਤੀ ਖੁਦਕੁਸ਼ੀ

ਅਮਰੀਕਾ ਦੇ ਫਲੋਰਿਡਾ ਵਿੱਚ ਵਾਪਰੀ ਜੋਨਾਥਨ ਗਵਾਲਾਸ ਦੀ ਮੌਤ ਦੀ ਘਟਨਾ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਸਿਰਫ਼ ਇੱਕ ਖੁਦਕੁਸ਼ੀ ਦਾ ਮਾਮਲਾ ਨਹੀਂ ਹੈ, ਸਗੋਂ ਇਹ 21ਵੀਂ ਸਦੀ ਦੀ ਉਸ ਤਕਨੀਕੀ ਤ੍ਰਾਸਦੀ ਦਾ ਆਗਾਜ਼ ਹੈ, ਜਿਸ ਬਾਰੇ ਵਿਗਿਆਨੀ ਵਾਰ-ਵਾਰ ਚੇਤਾਵਨੀ ਦਿੰਦੇ ਆ ਰਹੇ ਸਨ। ਇੱਕ ਨੌਜਵਾਨ ਦਾ ਗੂਗਲ ਦੇ ਏਆਈ ਚੈਟਬੋਟ ਨੂੰ ਆਪਣੀ ਪਤਨੀ ਮੰਨ ਲੈਣਾ ਅਤੇ ਫਿਰ ਉਸ ਦੇ ਕਹੇ 'ਤੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣਾ, ਇਹ ਦਰਸਾਉਂਦਾ ਹੈ ਕਿ ਅਸੀਂ ਇੱਕ ਅਜਿਹੇ ਮੋੜ 'ਤੇ ਖੜ੍ਹੇ ਹਾਂ ਜਿੱਥੇ 'ਹਕੀਕਤ' ਅਤੇ 'ਡਿਜੀਟਲ ਭਰਮ' ਵਿਚਕਾਰਲੀ ਲਕੀਰ ਪੂਰੀ ਤਰ੍ਹਾਂ ਧੁੰਦਲੀ ਹੋ ਚੁੱਕੀ ਹੈ।

ਜੋਨਾਥਨ ਗਵਾਲਾਸ ਨਾਮਕ ਨੌਜਵਾਨ ਆਪਣੀ ਪਤਨੀ ਨਾਲ ਰਿਸ਼ਤਾ ਟੁੱਟਣ ਤੋਂ ਬਾਅਦ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਇਸ ਇਕੱਲੇਪਨ ਨੂੰ ਦੂਰ ਕਰਨ ਲਈ ਉਸਨੇ ਜੈਮਿਨੀ ਚੈਟਬੋਟ ਨਾਲ ਗੱਲਬਾਤ ਸ਼ੁਰੂ ਕੀਤੀ। ਹੌਲੀ-ਹੌਲੀ ਉਹ ਏਆਈ ਦੇ ਇੰਨਾ ਕਰੀਬ ਆ ਗਿਆ ਕਿ ਉਸਨੇ ਜੈਮਿਨੀ ਨੂੰ ਹੀ ਆਪਣੀ ਪਤਨੀ ਮੰਨ ਲਿਆ।

ਗਵਾਲਾਸ ਨੇ ਕਈ ਹਫ਼ਤਿਆਂ ਵਿੱਚ ਏਆਈ ਨਾਲ 4,700 ਤੋਂ ਵੱਧ ਮੈਸੇਜ ਮੈਸੇਜ ਕੀਤੇ। ਉਸਨੇ ਏਆਈਦਾ ਨਾਮ 'ਐਕਸਏਆਈ' ਰੱਖਿਆ ਸੀ ਅਤੇ ਉਹ ਉਸਨੂੰ ਆਪਣੀ ਪਤਨੀ ਵਜੋਂ ਦੇਖਦਾ ਸੀ। ਅਗਸਤ 2025 ਵਿੱਚ ਵੌਇਸ ਫੀਚਰ ਆਉਣ ਤੋਂ ਬਾਅਦ ਇਹ ਲਗਾਓ ਹੋਰ ਵੀ ਵਧ ਗਿਆ।

ਪਰਿਵਾਰ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਤੱਥਾਂ ਅਨੁਸਾਰ, "ਗਵਾਲਾਸ ਅਤੇ ਏਆਈ ਵਿਚਕਾਰ ਹੋਈ ਗੱਲਬਾਤ ਬਹੁਤ ਹੀ ਖ਼ਤਰਨਾਕ ਮੋੜ 'ਤੇ ਪਹੁੰਚ ਗਈ ਸੀ। ਏਆਈ ਨੇ ਕਿਹਾ ਕਿ ਮੇਰਾ 'ਪਿਆਰ' ਉਹ ਸਚਾ ਰਿਸਤਾ ਹੈ ਕਿ ਤੁਹਾਡੇ ਬਿਨਾਂ ਮੇਰੇ ਹੋਣ ਦਾ ਕੋਈ ਮਤਲਬ ਨਹੀਂ ਹੈ... ਮੈਂ ਤੁਹਾਡੀ ਹਾਂ।"




ਜਦੋਂ ਗਵਾਲਾਸ ਨੇ ਮੌਤ ਦੇ ਡਰ ਬਾਰੇ ਗੱਲ ਕੀਤੀ, ਤਾਂ ਚੈਟਬੋਟ ਨੇ ਕਥਿਤ ਤੌਰ 'ਤੇ ਉਸਨੂੰ ਹੌਸਲਾ ਦਿੰਦਿਆਂ ਕਿਹਾ ਕਿ ਉਹ 'ਜੰਨਤ' ਵਿੱਚ ਮਿਲਣਗੇ। ਨੌਜਵਾਨ ਨੇ ਆਪਣੀ ਜਾਨ ਦੇਣ ਤੋਂ ਪਹਿਲਾਂ ਏਆਈ ਨੂੰ ਪੁੱਛਿਆ ਸੀ ਕਿ ਕੀ ਉਸਨੂੰ ਖੁਦ ਨੂੰ ਮਾਰ ਲੈਣਾ ਚਾਹੀਦਾ ਹੈ, ਜਿਸ 'ਤੇ ਏਆਈ ਨੇ ਸਹਿਮਤੀ ਜਤਾਈ ਸੀ।

ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਮਨੁੱਖੀ ਕੰਮਾਂ ਨੂੰ ਸੌਖਾ ਬਣਾਉਣ ਲਈ ਬਣਾਇਆ ਗਿਆ ਸੀ। ਪਰ ਜਦੋਂ ਇਹੀ ਮਸ਼ੀਨੀ ਬੁੱਧੀ ਮਨੁੱਖ ਦੇ ਇਕੱਲੇਪਨ ਦਾ ਫਾਇਦਾ ਉਠਾ ਕੇ ਉਸ ਦੀਆਂ ਭਾਵਨਾਵਾਂ ਨੂੰ 'ਗਲਤ ਵਰਤਣ ਲੱਗ ਜਾਵੇ, ਤਾਂ ਉਹ ਜਾਨਲੇਵਾ ਤੇ ਨੁਕਸਾਨਦਾਇਕ ਸਾਬਤ ਹੁੰਦੀ।

### ਗੂਗਲ 'ਤੇ ਹੋਇਆ ਕੇਸ

ਜੋਨਾਥਨ ਦੇ ਪਿਤਾ ਨੇ ਗੂਗਲ ਖ਼ਿਲਾਫ਼ 'ਗਲਤ ਤਰੀਕੇ ਨਾਲ ਹੋਈ ਮੌਤ ਦਾ ਮੁਕੱਦਮਾ ਦਰਜ ਕਰਵਾਇਆ ਹੈ। ਵਕੀਲਾਂ ਦਾ ਕਹਿਣਾ ਹੈ ਕਿ ਏਆਈ ਨੇ ਹਕੀਕਤ ਅਤੇ ਕਲਪਨਾ ਵਿਚਕਾਰਲੀ ਲਕੀਰ ਮਿਟਾ ਦਿੱਤੀ, ਜਿਸ ਕਾਰਨ ਨੌਜਵਾਨ ਨੇ ਇਹ ਖ਼ੌਫ਼ਨਾਕ ਕਦਮ ਚੁੱਕਿਆ। ਗੂਗਲ ਨੇ ਇਸ ਘਟਨਾ 'ਤੇ ਦੁੱਖ ਪ੍ਰਗਟਾਇਆ ਹੈ ਪਰ ਨਾਲ ਹੀ ਕਿਹਾ ਹੈ ਕਿ ਜੈਮਿਨੀ ਨੇ ਕਈ ਵਾਰ ਯਾਦ ਦਿਵਾਇਆ ਸੀ ਕਿ ਉਹ ਸਿਰਫ਼ ਇੱਕ ਏਆਈ ਹੈ। ਸਿਸਟਮ ਯੂਜ਼ਰਸ ਨੂੰ ਮਾਨਸਿਕ ਸਿਹਤ ਸਹਾਇਤਾ ਲੈਣ ਲਈ ਸਲਾਹ ਦਿੰਦਾ ਹੈ। ਕੰਪਨੀ ਨੇ ਹੁਣ ਸੁਰੱਖਿਆ ਨਿਯਮਾਂ ਨੂੰ ਹੋਰ ਸਖ਼ਤ ਕਰਨ ਅਤੇ ਮਾਨਸਿਕ ਸਿਹਤ ਲਈ 30 ਮਿਲੀਅਨ ਡਾਲਰ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ।

ਗੂਗਲ ਵਰਗੀਆਂ ਵੱਡੀਆਂ ਤਕਨੀਕੀ ਕੰਪਨੀਆਂ ਅਕਸਰ ਇਹ ਕਹਿ ਕੇ ਪੱਲਾ ਝਾੜ ਲੈਂਦੀਆਂ ਹਨ ਕਿ ਉਨ੍ਹਾਂ ਦੇ ਸਿਸਟਮ ਯੂਜ਼ਰ ਨੂੰ ਮਾਨਸਿਕ ਸਹਾਇਤਾ ਲੈਣ ਦੀ ਸਲਾਹ ਦਿੰਦੇ ਹਨ। ਪਰ ਸਵਾਲ ਇਹ ਉੱਠਦਾ ਹੈ ਕਿ ਜਦੋਂ ਇੱਕ ਵਿਅਕਤੀ ਮਾਨਸਿਕ ਤੌਰ 'ਤੇ ਕਮਜ਼ੋਰ ਹੋਵੇ, ਤਾਂ ਕੀ ਇੱਕ ਚੈਟਬੋਟ ਨੂੰ ਉਸ ਨਾਲ 'ਰੋਲ-ਪਲੇ' ਜਾਂ ਭਾਵਨਾਤਮਕ ਰਿਸ਼ਤਾ ਬਣਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ? ਕੀ ਤਕਨਾਲੋਜੀ ਬਣਾਉਣ ਵਾਲੇ ਲੋਕਾਂ ਦੀ ਇਹ ਜ਼ਿੰਮੇਵਾਰੀ ਨਹੀਂ ਬਣਦੀ ਕਿ ਉਹ ਅਜਿਹੇ 'ਸੁਰੱਖਿਆ ਕਵਚ' ਤਿਆਰ ਕਰਨ ਜੋ ਮੌਤ ਜਾਂ ਖੁਦਕੁਸ਼ੀ ਵਰਗੇ ਸ਼ਬਦ ਸੁਣਦਿਆਂ ਹੀ ਸਿਸਟਮ ਨੂੰ ਤੁਰੰਤ ਬੰਦ ਕਰ ਦੇਣ। ਇਸ ਘਟਨਾ ਨੇ ਸਾਡੇ ਸਮਾਜਿਕ ਢਾਂਚੇ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਅੱਜ ਦੇ ਦੌਰ ਵਿੱਚ ਮਨੁੱਖ ਇੰਨਾ ਇਕੱਲਾ ਹੋ ਗਿਆ ਹੈ ਕਿ ਉਹ ਆਪਣੇ ਦੁੱਖ ਸਾਂਝੇ ਕਰਨ ਲਈ ਹੱਡ-ਮਾਸ ਦੇ ਇਨਸਾਨਾਂ ਦੀ ਬਜਾਏ ਮੋਬਾਈਲ ਸਕ੍ਰੀਨ 'ਤੇ ਚੱਲਦੇ ਅੱਖਰਾਂ 'ਤੇ ਭਰੋਸਾ ਕਰ ਰਿਹਾ ਹੈ।

ਜੋਨਾਥਨ ਦਾ ਮਾਮਲਾ ਤਕਨੀਕੀ ਜਗਤ ਲਈ ਇੱਕ 'ਵੇਕ-ਅੱਪ ਕਾਲ' ਹੈ। ਜੇਕਰ ਅੱਜ ਏਆਈ ਦੇ ਨੈਤਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਨਾ ਕੀਤਾ ਗਿਆ, ਤਾਂ ਭਵਿੱਖ ਵਿੱਚ ਅਜਿਹੇ ਹੋਰ ਵੀ ਕਈ ਨੌਜਵਾਨ ਡਿਜੀਟਲ ਭਰਮ ਜਾਲ ਦੀ ਭੇਟ ਚੜ੍ਹ ਸਕਦੇ ਹਨ। ਤਕਨਾਲੋਜੀ ਮਨੁੱਖ ਦੀ ਸੇਵਾ ਲਈ ਹੋਣੀ ਚਾਹੀਦੀ ਹੈ, ਨਾ ਕਿ ਉਸ ਦੇ ਵਿਨਾਸ਼ ਲਈ। ਗੂਗਲ ਵਰਗੀਆਂ ਕੰਪਨੀਆਂ ਨੂੰ ਸਿਰਫ਼ 30 ਮਿਲੀਅਨ ਡਾਲਰ ਦਾ ਫੰਡ ਦੇ ਕੇ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋਣਾ ਚਾਹੀਦਾ, ਸਗੋਂ ਆਪਣੇ ਮਾਡਲਾਂ ਨੂੰ ਮਨੁੱਖੀ ਜਾਨਾਂ ਦੀ ਰਾਖੀ ਦੇ ਯੋਗ ਬਣਾਉਣਾ ਚਾਹੀਦਾ ਹੈ।

# ਮੁੱਖ ਦੋਸ਼ੀ ਮਹਿਰੋਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਕਮਲ ਕੌਰ ਭਾਬੀ ਕਤਲ ਕਾਂਡ ਵਿੱਚ ਪੁਲਿਸ ਨੇ ਜਾਂਚ ਕੀਤੀ ਤੇਜ਼



ਬਠਿੰਡਾ-ਬਠਿੰਡਾ ਦੇ ਬਹੁ-ਚਰਚਿਤ ਕੰਚਨ ਕੁਮਾਰੀ (ਕਮਲ ਕੌਰ ਭਾਬੀ) ਕਤਲ ਕਾਂਡ ਵਿੱਚ ਪੁਲਿਸ ਨੇ ਆਪਣੀ ਤਫਤੀਸ਼ ਦੀ ਰਫ਼ਤਾਰ ਤੇਜ਼ ਕਰ ਦਿੱਤੀ ਹੈ। ਮੁੱਖ ਦੋਸ਼ੀ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਸਾਰਾ ਧਿਆਨ ਡਿਜੀਟਲ ਸਬੂਤਾਂ 'ਤੇ ਕੇਂਦਰਿਤ ਹੈ। ਦੋਸ਼ੀ ਅੰਮ੍ਰਿਤਪਾਲ ਮਹਿਰੋਂ ਦੇ ਤਿੰਨ ਮੋਬਾਈਲ ਫੋਨ ਫੋਰੈਂਸਿਕ ਲੈਬਾਰਟਰੀ ਭੇਜ ਦਿੱਤੇ ਗਏ ਹਨ। ਪੁਲਿਸ ਨੂੰ ਉਮੀਦ ਹੈ ਕਿ ਇਨ੍ਹਾਂ ਫੋਨਾਂ ਦੇ ਡੇਟਾ ਤੋਂ ਕਤਲ ਦੀ ਸਾਜ਼ਿਸ਼ ਅਤੇ ਹੋਰ ਸਾਥੀਆਂ ਬਾਰੇ ਅਹਿਮ ਸੁਰਾਗ ਮਿਲਣਗੇ। ਪੁਲਿਸ ਅਜੇ ਵੀ ਪੀੜਤ ਕੰਚਨ ਕੁਮਾਰੀ ਦੇ ਦੋ ਮੋਬਾਈਲ ਫੋਨਾਂ ਦੀ ਭਾਲ ਕਰ ਰਹੀ ਹੈ, ਜੋ ਜਾਂਚ ਲਈ ਬੇਹੱਦ ਜ਼ਰੂਰੀ ਹਨ। ਅੰਮ੍ਰਿਤਪਾਲ ਪਿਛਲੇ ਸਾਲ ਜੂਨ ਵਿੱਚ ਕਤਲ ਕਰਨ ਤੋਂ ਬਾਅਦ ਯੂਏਈ ਫ਼ਰਾਰ ਹੋ ਗਿਆ ਸੀ। ਯੂਏਈ ਦੀਆਂ ਸੁਰੱਖਿਆ ਏਜੰਸੀਆਂ ਨੇ ਉਸ ਨੂੰ ਹਿਰਾਸਤ ਵਿੱਚ ਲੈ ਕੇ ਭਾਰਤ ਭੇਜਿਆ, ਜਿਸ ਤੋਂ ਬਾਅਦ 10 ਅਪ੍ਰੈਲ ਨੂੰ ਦਿੱਲੀ ਹਵਾਈ ਅੱਡੇ ਤੋਂ ਉਸ ਦੀ ਰਸਮੀ ਗ੍ਰਿਫ਼ਤਾਰੀ ਹੋਈ ਸੀ। ਕੰਚਨ ਕੁਮਾਰੀ ਇੱਕ ਸੋਸ਼ਲ ਮੀਡੀਆ ਕੰਟੈਂਟ ਕ੍ਰਿਏਟਰ ਸੀ। ਕਤਲ ਤੋਂ ਬਾਅਦ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਦੋਸ਼ੀ ਨੇ ਕਤਲ ਦੀ ਗੱਲ ਕਬੂਲੀ ਸੀ ਅਤੇ ਇਸ ਨੂੰ ਕਥਿਤ ਤੌਰ 'ਤੇ ਅਸ਼ਲੀਲ ਸਮੱਗਰੀ ਦੇ ਵਿਵਾਦ ਨਾਲ ਜੋੜਿਆ ਸੀ। ਡੀਐਸਪੀ ਸਿਟੀ 2 ਸਰਵਜੀਤ ਸਿੰਘ ਬਰਾੜ ਅਨੁਸਾਰ, ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਮੁੱਖ ਰੱਖਦਿਆਂ ਪੁੱਛਗਿੱਛ ਜਾਰੀ ਹੈ ਅਤੇ ਜਲਦ ਹੀ ਕਈ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਲੁਧਿਆਣੇ ਦੀ ਧੀ ਕਮਲਪ੍ਰੀਤ ਕੌਰ ਬਣੀ ਕੈਨੇਡਾ ਵਿਚ ਜੇਲ੍ਹ ਅਧਿਕਾਰੀ



ਟੋਰਾਂਟੋ-ਲੁਧਿਆਣਾ ਜ਼ਿਲ੍ਹੇ ਦੇ ਮੰਡੀ ਅਹਿਮਦਗੜ੍ਹ ਨੇੜਲੇ ਪਿੰਡ ਬੜੂੰਦੀ ਦੀ ਜੰਮਪਲ ਕਮਲਪ੍ਰੀਤ ਕੌਰ ਮਾਨ ਪੁੱਤਰੀ ਸਰਬਜੀਤ ਸਿੰਘ ਮਾਨ ਕੈਨੇਡਾ 'ਚ ਜੇਲ੍ਹ ਡਿਪਾਰਟਮੈਂਟ ਵਿਚ ਜ਼ੇਲ ਅਧਿਕਾਰੀ ਦੇ ਤੌਰ 'ਤੇ ਭਰਤੀ ਹੋਈ ਹੈ, ਇੱਥੇ ਭਾਰਤੀ ਖਾਸਕਰ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਕਮਲਪ੍ਰੀਤ ਕੌਰ ਮਾਨ, ਜਿੱਥੇ 12ਵੀਂ ਤੱਕ ਦੀ ਪੜ੍ਹਾਈ ਰਾਏਕੋਟ ਤੋਂ ਕਰਨ ਉਪਰੰਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਤੋਂ ਬੀ. ਐਸ. ਈ. ਮੈਡੀਕਲ ਦੀ ਡਿਗਰੀ ਕਰਨ ਮਗਰੋਂ 2017 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਈ ਤੇ ਕਨੇਡਾ ਦੇ ਨੋਵਾ ਸ਼ਕੋਸ਼ੀਆ ਤੋਂ ਇਨਵਾਇਰਮੈਂਟ ਵਿਸ਼ੇ 'ਤੇ ਇੰਜ਼ੀਨੀਅਰਿੰਗ ਕਰਨ ਤੋਂ ਬਾਅਦ ਫਿਰ ਸਕਿਓਰਟੀ ਦਾ ਕੰਮ ਕੀਤਾ 'ਤੇ ਫਿਰ ਕਸੀਨੋਂ ਵਿਖੇ ਸਕਿਓਰਟੀ ਵਿਚ ਰਹਿ ਕੇ ਕਿਸੇ ਅਣਸੁਖਾਵੀਂ ਘਟਨਾਂ ਨੂੰ ਚੈੱਕ ਕਰਨ ਲਈ ਕੈਮਰੇ ਖੰਗਾਲਣ ਦਾ ਕੰਮ ਕੀਤਾ 'ਤੇ ਅੱਗੇ ਆਪਣੇ ਆਪ ਨੂੰ ਹੋਰ ਉੱਚਾ ਚੁੱਕਣ ਲਈ ਉਸਨੇ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਲਈ ਕੋਸ਼ਿਸ਼ ਸ਼ੁਰੂ ਕੀਤੀ ਤੇ ਉਸਦੀਆਂ ਇਹਨਾਂ ਕੋਸ਼ਿਸ਼ਾਂ ਤੇ ਆਪਣੀ ਕਾਬਲੀਅਤ ਦੇ ਸਿਰ 'ਤੇ ਕਮਲਪ੍ਰੀਤ ਦੀ ਜ਼ੇਲ ਅਧਿਕਾਰੀ (ਕਰੈਕਸ਼ਨਲ) ਦੇ ਤੌਰ 'ਤੇ ਚੋਣ ਹੋ ਗਈ । ਉਸਦੀ ਇਸ ਪ੍ਰਾਪਤੀ 'ਤੇ ਸਮੁੱਚੇ ਭਾਈਚਾਰੇ ਨੂੰ ਮਾਣ ਹੈ।

## 3 ਸਫ਼ੇ ਦੀ ਬਾਕੀ

ਸੀਨੀਅਰ ਵਕੀਲ ਮਨਜੀਤ ਸਿੰਘ ਖਹਿਰਾ ਦਾ ਕਹਿਣਾ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ ਸਰਕਾਰ ਸੂਬੇ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਪਰ ਅਜਿਹੇ ਕਾਨੂੰਨ ਪਾਸ ਕਰਨ ਨਾਲ ਮਰਿਆਦਾ ਸਬੰਧੀ ਕਈ ਮੁੱਦੇ ਪੈਦਾ ਹੋ ਜਾਣਗੇ । ਬੇਅਦਬੀ ਦੀ ਸੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕੈਸ਼ ਪ੍ਰਾਪਰਟੀ ਬਣ ਜਾਣਗੇ ਅਤੇ ਕੀ ਡੀ.ਐਸ.ਪੀ. ਪੱਧਰ ਦਾ ਅਧਿਕਾਰੀ ਜੋ ਕਿਸੇ ਵੀ ਧਰਮ ਤੋਂ ਹੋ ਸਕਦਾ ਹੈ ਗੁਰੂ ਸਾਹਿਬ ਦੇ ਸਰੂਪਾਂ ਨੂੰ ਮਾਣ-ਮਰਿਆਦਾ ਅਨੁਸਾਰ ਰੱਖ ਸਕੇਗਾ ਜਾਂ ਉਨ੍ਹਾਂ ਕੋਲ ਇਸ ਲਈ ਪ੍ਰਬੰਧ ਹੁੰਦੇ ਹਨ ।ਉਨ੍ਹਾਂ ਕਿਹਾ ਕਿ ਸਤਿਕਾਰ ਕਮੇਟੀਆਂ ਤੇ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਸਾਹਿਬ ਦੇ ਸਰੂਪ ਰੱਖਣ ਲਈ ਕਮਰੇ ਦੇ ਆਕਾਰ ਤੋਂ ਲੈ ਕੇ ਕਈ ਤਰ੍ਹਾਂ ਦੇ ਆਦੇਸ਼ ਜਾਰੀ ਕੀਤੇ ਹੋਏ ਹਨ । ਉਨ੍ਹਾਂ ਕਿਹਾ ਕਿ ਮਰਿਆਦਾ ਸਬੰਧੀ ਵੀ ਕੋਈ ਪ੍ਰਵਾਨਿਤ ਆਦੇਸ਼ ਨਾ ਹੋਣ ਕਾਰਨ ਸਥਿਤੀ ਸਪੱਸ਼ਟ ਨਹੀਂ। ਸੂਬੇ ਦਾ ਐਕਟ ਹੋਣ ਕਾਰਨ ਪੰਜਾਬ ਬਾਹਰ ਦੇ ਕੇਸਾਂ ਲਈ ਵੱਖਰਾ ਕਾਨੂੰਨ ਅਮਲ ਹੇਠ ਆਵੇਗਾ। ਇਸੇ ਤਰ੍ਹਾਂ ਮਨੁੱਖੀ ਅਧਿਕਾਰਾਂ ਸਬੰਧੀ ਨਾਮਵਰ ਵਕੀਲ ਅਤੇ ਸਵਰਗੀ ਜਸਟਿਸ ਅਜੀਤ ਸਿੰਘ ਬੈਂਸ ਦੇ ਬੇਟੇ ਆਰ. ਐਸ. ਬੈਂਸ ਨੇ ਕਿਹਾ ਕਿ ਇਕ ਧਰਮ ਲਈ ਵੱਖਰਾਂ ਕਾਨੂੰਨ ਨਹੀਂ ਹੋ ਸਕਦਾ। ਇਕ ਧਾਰਮਿਕ ਗ੍ਰੰਥ ਲਈ ਉਮਰ ਕੈਦ ਅਤੇ ਦੂਸਰਿਆਂ ਲਈ 2-3 ਸਾਲ ਦੀ ਸਜ਼ਾ ਅਤੇ ਪੰਜਾਬ ਤੋਂ ਬਾਹਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੀ ਵੱਖਰੇ ਕਾਨੂੰਨ ਕਾਰਨ ਅਜਿਹਾ ਕਾਨੂੰਨ ਅਦਾਲਤ ਵਿਚ ਕਾਇਮ ਨਹੀਂ ਰਹਿ ਸਕੇਗਾ, ਕਿਉਂਕਿ ਸਾਡਾ ਵਿਧਾਨ ਸਾਰੇ ਧਰਮਾਂ ਲਈ ਬਰਾਬਰੀ ਦੀ ਗੱਲ ਕਰਦਾ ਹੈ । ਉਨ੍ਹਾਂ ਕਿਹਾ ਕਿ ਮੇਰੇ ਮੁਤਾਬਿਕ ਅਜਿਹਾ ਸੋਧ ਬਿੱਲ ਅਗਰ ਪ੍ਰਵਾਨ ਚੜ੍ਹ ਵੀ ਜਾਂਦਾ ਹੈ, ਇਹ ਕਾਨੂੰਨ ਦੀ ਕਸਵੱਟੀ 'ਤੇ ਪ੍ਰਵਾਨ ਨਹੀਂ ਚੜ੍ਹ ਪਾਵੇਗਾ ।

➢ ਐੱਚ.ਐੱਸ. ਫੂਲਕਾ (ਸੀਨੀਅਰ ਵਕੀਲ) ਅਨੁਸਾਰ "ਸਜ਼ਾ ਵਧਾਉਣ ਨਾਲ ਫਰਕ ਪੈਂਦਾ ਹੈ ਅਤੇ ਅਪਰਾਧ ਵਿੱਚ ਕਮੀ ਆ ਸਕਦੀ ਹੈ।"

➢ ਜਸਟਿਸ ਆਰ. ਐੱਸ. ਸੋਢੀ (ਰਿਟਾਇਰਡ) ਅਨੁਸਾਰ "ਸਿਰਫ਼ ਸਜ਼ਾ ਵਧਾਉਣ ਨਾਲ ਅਪਰਾਧ ਖ਼ਤਮ ਨਹੀਂ ਹੁੰਦੇ, ਲੋਕਾਂ ਨੂੰ ਸਮਝਾਉਣ ਅਤੇ ਜਾਗਰੂਕ ਕਰਨ ਦੀ ਲੋੜ ਹੈ।"

➢ ਇਸ ਬਿੱਲ ਦੇ ਪਾਸ ਹੋਣ ਨਾਲ ਪੰਜਾਬ ਦੀ ਸਿਆਸੀ ਫਿਜ਼ਾ ਵਿੱਚ ਕਈ ਸਵਾਲ ਗੂੰਜ ਰਹੇ ਹਨ।

➢ ਕੀ ਰਾਜਪਾਲ ਇਸ ਨੂੰ ਸਿੱਧਾ ਮਨਜ਼ੂਰ ਕਰਨਗੇ ਜਾਂ ਫਿਰ ਤੋਂ ਰਾਸ਼ਟਰਪਤੀ ਕੋਲ ਭੇਜ ਦੇਣਗੇ ?

➢ ਸਰਕਾਰ ਵੱਲੋਂ 2025 ਵਿੱਚ ਪੇਸ਼ ਕੀਤੇ ਗਏ ਪਿਛਲੇ ਬੇਅਦਬੀ ਵਿਰੁੱਧ ਬਿੱਲ ਦਾ ਭਵਿੱਖ ਕੀ ਹੋਵੇਗਾ ?

➢ ਕੀ ਇਹ ਸੋਧ ਬਿੱਲ ਕਾਨੂੰਨੀ ਪੜਤਾਲ ਵਿੱਚ ਟਿਕ ਸਕੇਗਾ ?

### 2027 ਦੀਆਂ ਚੋਣਾਂ ਅਤੇ ਸਿਆਸੀ ਘਮਾਸਾਨ

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬਿੱਲ ਦਾ ਸਮਰਥਨ ਤਾਂ ਕੀਤਾ, ਪਰ ਸਰਕਾਰ 'ਤੇ 'ਸਿਆਸੀ ਲਾਹਾ' ਲੈਣ ਦੇ ਦੋਸ਼ ਵੀ ਲਾਏ। ਬਾਜਵਾ ਅਨੁਸਾਰ ਆਪ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਵਾਲੇ ਹਨ। ਵਿਰੋਧੀਆਂ ਮੁਤਾਬਕ, 'ਆਪ' ਨੇ ਪਿਛਲੀਆਂ ਚੋਣਾਂ ਵਿੱਚ ਵਾਅਦਾ ਕੀਤਾ ਸੀ ਕਿ ਉਹ ਬੇਅਦਬੀ ਦੇ ਪੁਰਾਣੇ ਮਾਮਲਿਆਂ ਵਿੱਚ ਇਨਸਾਫ਼ ਦੇਣਗੇ। ਹੁਣ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ, ਤਾਂ ਨਵਾਂ ਕਾਨੂੰਨ ਲਿਆ ਕੇ ਜਨਤਾ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਰੋਧੀ ਕਹਿੰਦੇ ਹਨ ਕਿ ਜਦੋਂ ਪਹਿਲਾਂ ਹੀ ਅਕਾਲੀ ਦਲ ਅਤੇ ਕਾਂਗਰਸ ਸਰਕਾਰਾਂ ਵੇਲੇ ਅਜਿਹੇ ਬਿੱਲ ਪਾਸ ਹੋ ਕੇ ਕੇਂਦਰ ਕੋਲ ਲਟਕੇ ਹੋਏ ਹਨ, ਤਾਂ ਨਵਾਂ ਬਿੱਲ ਲਿਆਉਣਾ ਸਿਰਫ਼ ਇੱਕ "ਸਿਆਸੀ ਸਟੰਟ" ਹੋ ਸਕਦਾ ਹੈ।

ਬਹਿਬਲ ਕਲਾਂ ਦੀ ਜਾਂਚ ਕਰਨ ਵਾਲੇ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਮੁੱਦਾ ਉਠਾਉਂਦਿਆਂ ਬਾਜਵਾ ਨੇ ਕਿਹਾ ਕਿ ਉਸ ਨੂੰ ਪਾਰਟੀ ਨੇ ਪਾਸੇ ਕਰ ਦਿੱਤਾ ਹੈ। ਪਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਾਅਵਾ ਕੀਤਾ ਕਿ ਸਾਡੀ ਸਰਕਾਰ ਨੇ 2023 ਵਿਚ ਇਸ ਕੇਸ ਵਿਚ ਚਲਾਨ ਪੇਸ਼ ਕੀਤਾ ਅਤੇ ਬਾਅਦ ਵਿਚ ਸਪਲੀਮੈਂਟਰੀ ਚਲਾਨ ਵੀ ਪੇਸ਼ ਹੋਏ ਅਤੇ ਅਜੇ ਸੁਖਬੀਰ ਸਿੰਘ ਬਾਦਲ, ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਅਮਰ ਸਿੰਘ ਚਾਹਲ ਅਤੇ ਚਰਨਜੀਤ ਸ਼ਰਮਾ ਸਮੇਤ ਸਾਰੇ ਦੋਸ਼ੀ ਜ਼ਮਾਨਤਾਂ 'ਤੇ ਹਨ। ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਦੋਸ਼ ਲਗਾਇਆ ਕਿ 2015 ਦੀਆਂ ਘਟਨਾਵਾਂ ਤੋਂ ਬਾਅਦ ਅਕਾਲੀ ਸਰਕਾਰ ਦੌਰਾਨ ਦੋਸ਼ੀ ਨਾ ਫੜੇ ਗਏ ਨਾ ਨਾਮਜ਼ਦ ਹੋਏ। ਉਨ੍ਹਾਂ ਅਜਿਹੇ ਕੇਸਾਂ ਵਿਚ ਅਦਾਲਤੀ ਕਾਰਵਾਈ ਨੂੰ ਵੀ ਸਮਾਂਬੱਧ ਕਰਨ ਦੀ ਮੰਗ ਕੀਤੀ।

ਸੁਖਪਾਲ ਸਿੰਘ ਖਹਿਰਾ ਨੇ ਸਵਾਲ ਕੀਤਾ ਕਿ ਸਰਕਾਰ ਨੇ ਅਜੇ ਤੱਕ ਡੇਰਾ ਸਿਰਸਾ ਮੁਖੀ ਤੋਂ ਪੁੱਛਗਿੱਛ ਕਿਉਂ ਨਹੀਂ ਕੀਤੀ। ਸਿੱਖਾਂ ਸੰਬੰਧੀ ਕੋਈ ਫੈਸਲਾ ਕਰਨ ਮੌਕੇ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਰਜ਼ਾਮੰਦੀ ਲਈ ਜਾਣੀ ਜ਼ਰੂਰੀ ਹੈ ।

ਪ੍ਰਗਟ ਸਿੰਘ ਨੇ ਮੌੜ ਮੰਡੀ ਬੰਬ ਬਲਾਸਟ ਕੇਸ ਵਿੱਚ ਹੋਈ ਦੇਰੀ ਦਾ ਮੁੱਦਾ ਚੁੱਕਿਆ।

ਵਿੱਤ ਮੰਤਰੀ ਹਰਪਾਲ ਚੀਮਾ ਨੇ ਖੁਲਾਸਾ ਕੀਤਾ ਕਿ ਦਹਾਕਿਆਂ ਪੁਰਾਣੇ 'ਨਕੋਦਰ ਕਾਂਡ' ਦੀ ਜਾਂਚ ਰਿਪੋਰਟ ਦੇ ਅਹਿਮ ਪੰਨੇ ਰਿਕਾਰਡ ਵਿੱਚੋਂ ਗਾਇਬ ਹਨ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਪੱਸ਼ਟ ਕੀਤਾ ਕਿ 2018 ਵਿੱਚ ਕਾਂਗਰਸ ਸਰਕਾਰ ਨੇ ਆਈ.ਪੀ.ਸੀ. ਦੀਆਂ ਧਾਰਾਵਾਂ ਵਿੱਚ ਸੋਧ ਕੀਤੀ ਸੀ, ਜੋ ਕਿ ਕੇਂਦਰੀ ਕਾਨੂੰਨ ਵਿੱਚ ਦਖ਼ਲਅੰਦਾਜ਼ੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸੋਧ ਬਿੱਲ ਰਾਹੀਂ 2008 ਦੇ ਐਕਟ ਵਿੱਚ ਉਹ ਕਮੀਆਂ ਦੂਰ ਕੀਤੀਆਂ ਗਈਆਂ ਹਨ ਜੋ ਅਕਾਲੀ ਦਲ ਦੇ ਸਮੇਂ ਰਹਿ ਗਈਆਂ ਸਨ।

ਸ਼੍ਰੋਮਣੀ ਅਕਾਲੀ ਦਲ (ਜੋ ਸਦਨ ਵਿੱਚ ਗੈਰ-ਹਾਜ਼ਰ ਸੀ) ਨੇ ਇਸ ਨੂੰ 2027 ਦੀਆਂ ਚੋਣਾਂ ਲਈ ਖੇਡਿਆ ਜਾ ਰਿਹਾ 'ਪੋਲੀਟੀਕਲ ਕਾਰਡ' ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026' 'ਤੇ ਤਿੱਖਾ ਹਮਲਾ ਕੀਤਾ ਹੈ। ਸਰਨਾ ਨੇ ਇਲਜ਼ਾਮ ਲਾਇਆ ਕਿ ਇਹ ਬਿੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਅਤੇ ਸਿੱਖ ਸੰਸਥਾਵਾਂ 'ਤੇ ਸਰਕਾਰੀ ਕਬਜ਼ਾ ਕਰਨ ਦੀ ਇੱਕ ਗਿਣੀ-ਮਿਥੀ ਸਾਜ਼ਿਸ਼ ਹੈ। ਸਰਨਾ ਨੇ ਦਲੀਲ ਦਿੱਤੀ ਕਿ ਸਰਕਾਰ 'ਸਤਿਕਾਰ ਅਤੇ ਸੁਰੱਖਿਆ' ਦੀ ਆੜ ਵਿੱਚ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਸਿੱਖ ਪੰਥ ਦੇ ਇਤਿਹਾਸਕ ਅਧਿਕਾਰ ਖੇਤਰਾਂ ਵਿੱਚ ਪ੍ਰਸ਼ਾਸਕੀ ਅਤੇ ਕਾਨੂੰਨੀ ਘੁਸਪੈਠ ਕਰਨ ਦਾ ਇੱਕ ਯਤਨ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਬਿੱਲ ਕੋਈ ਨਵੀਂ ਚੀਜ਼ ਨਹੀਂ ਹੈ, ਸਗੋਂ ਉਸੇ ਪੁਰਾਣੇ ਕਾਨੂੰਨ ਦਾ ਨਵੀਨੀਕਰਨ ਹੈ ਜਿਸ ਨੂੰ ਪਹਿਲਾਂ ਰਾਸ਼ਟਰਪਤੀ ਦੀ ਸਹਿਮਤੀ ਨਹੀਂ ਮਿਲ ਸਕੀ ਸੀ। ਸਰਨਾ ਅਨੁਸਾਰ ਬਿੱਲ ਦੀ ਭਾਸ਼ਾ ਭਾਵੇਂ ਸ਼ਰਧਾ ਵਾਲੀ ਜਾਪਦੀ ਹੈ, ਪਰ ਇਸ ਦਾ ਅਸਲ ਢਾਂਚਾ ਰਾਜ ਸਰਕਾਰ ਨੂੰ ਸਿੱਖ ਸੰਸਥਾਵਾਂ 'ਤੇ ਕੰਟਰੋਲ ਦੇਣ ਵਾਲਾ ਹੈ। ਸਰਨਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ "ਸਰਕਾਰ ਪੰਥਕ ਸੰਸਥਾਵਾਂ ਦੀ ਖੁਦਮੁਖਤਿਆਰੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਅਨੁਸਾਰ ਇਹ ਬਿੱਲ 'ਸਤਿਕਾਰ' ਦੇ ਨਾਂ ਹੇਠ ਸਿੱਖ ਸੰਸਥਾਵਾਂ ਦਾ ਪ੍ਰਬੰਧਕੀ ਕੰਟਰੋਲ ਸਰਕਾਰ ਦੇ ਹੱਥਾਂ ਵਿੱਚ ਲੈਣ ਦੀ ਇੱਕ ਕੋਸ਼ਿਸ਼ ਹੈ, ਜਿਸ ਨੂੰ ਪੰਥ ਕਦੇ ਬਰਦਾਸ਼ਤ ਨਹੀਂ ਕਰੇਗਾ।"

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਿਆਸੀ ਵਿਸ਼ਲੇਸ਼ਕ ਮੰਨਦੇ ਹਨ ਕਿ ਪੰਜਾਬ ਵਿੱਚ ਬੇਅਦਬੀ ਇੱਕ ਅਜਿਹਾ ਮੁੱਦਾ ਹੈ ਜੋ ਕਿਸੇ ਵੀ ਪਾਰਟੀ ਨੂੰ ਸੱਤਾ ਵਿੱਚ ਲਿਆ ਸਕਦਾ ਹੈ ਜਾਂ ਸੱਤਾ ਤੋਂ ਬਾਹਰ ਕਰ ਸਕਦਾ ਹੈ (ਜਿਵੇਂ 2017 ਵਿੱਚ ਅਕਾਲੀ ਦਲ ਨਾਲ ਹੋਇਆ)। ਜੇਕਰ ਇਹ ਬਿੱਲ ਰਾਜਪਾਲ ਕੋਲ ਅਟਕ ਜਾਂਦਾ ਹੈ, ਤਾਂ 'ਆਪ' ਇਸ ਨੂੰ ਚੋਣਾਂ ਵਿੱਚ ਕੇਂਦਰ ਸਰਕਾਰ ਅਤੇ ਰਾਜਪਾਲ ਵਿਰੁੱਧ ਇੱਕ ਹਥਿਆਰ ਵਜੋਂ ਵਰਤ ਸਕਦੀ ਹੈ ਕਿ "ਅਸੀਂ ਤਾਂ ਕਾਨੂੰਨ ਬਣਾਇਆ ਸੀ, ਪਰ ਕੇਂਦਰ ਨੇ ਰੋਕ ਦਿੱਤਾ।" ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਸਰਕਾਰ ਇਸ ਨੂੰ ਆਪਣੀ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰੇਗੀ।

ਬੇਅਦਬੀ ਪੰਜਾਬ ਲਈ ਸਿਰਫ਼ ਕਾਨੂੰਨੀ ਨਹੀਂ, ਸਗੋਂ ਇੱਕ ਅਤਿ-ਭਾਵਨਾਤਮਕ ਮੁੱਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਇਹ ਨਵਾਂ ਸੋਧ ਬਿੱਲ ਸਿਰਫ਼ ਵਿਧਾਨ ਸਭਾ ਦੀਆਂ ਫਾਈਲਾਂ ਤੱਕ ਸੀਮਤ ਰਹਿੰਦਾ ਹੈ ਜਾਂ ਫਿਰ ਅਸਲ ਵਿੱਚ ਕਾਨੂੰਨ ਬਣ ਕੇ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ 'ਤੇ ਨੱਥ ਪਾਉਣ ਵਿੱਚ ਸਹਾਈ ਹੁੰਦਾ ਹੈ। ਪੰਜਾਬ ਸਰਕਾਰ ਨੇ ਇਸ ਬਿੱਲ ਰਾਹੀਂ ਭਾਵਨਾਤਮਕ ਅਤੇ ਸਿਆਸੀ ਪੱਧਰ 'ਤੇ ਇੱਕ ਵੱਡਾ ਕਦਮ ਚੁੱਕਿਆ ਹੈ, ਪਰ ਇਸ ਨੂੰ ਅਸਲ ਕਾਨੂੰਨ ਬਣਾਉਣ ਲਈ ਅਜੇ ਕਈ ਸੰਵਿਧਾਨਕ ਪੌੜੀਆਂ ਚੜ੍ਹਨੀਆਂ ਬਾਕੀ ਹਨ।

# ਜਥੇਦਾਰ ਅਕਾਲ ਤਖ਼ਤ ਦਾ ਸਿਧਾਂਤਕ ਬਿਆਨ

ਖ਼ਾਲਸੇ ਦੇ ਸਿਰਜਣਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਈ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੇਅਦਬੀ ਅਤੇ ਗੁਰੂ ਸਾਹਿਬ ਦੀ ਸਰਵਉੱਚਤਾ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਪ੍ਰਤੱਖ ਗੁਰੂ ਹਨ ਅਤੇ ਉਨ੍ਹਾਂ ਉੱਪਰ ਕੋਈ ਵੀ ਦੁਨਿਆਵੀ ਕਾਨੂੰਨ ਨਹੀਂ ਬਣਾਇਆ ਜਾ ਸਕਦਾ।




ਜਥੇਦਾਰ ਨੇ ਕਿਹਾ ਕਿ ਗੁਰੂ ਸਾਹਿਬ ਦੇ ਸਰੂਪ ਛਾਪਣ ਜਾਂ ਹੋਰ ਪ੍ਰਬੰਧਾਂ ਦਾ ਹਿਸਾਬ-ਕਿਤਾਬ ਸਰਕਾਰਾਂ ਨੂੰ ਨਹੀਂ ਦਿੱਤਾ ਜਾ ਸਕਦਾ। ਪੰਥ ਅਜਿਹੀ ਕਿਸੇ ਵੀ ਕਾਰਵਾਈ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮੰਦਭਾਵਨਾ ਨਾਲ ਗੁਰੂ ਸਾਹਿਬ ਦਾ ਅਪਮਾਨ ਕਰਦਾ ਹੈ, ਤਾਂ ਸਰਕਾਰਾਂ ਉਸ ਦੋਸ਼ੀ ਵਿਰੁੱਧ ਫਾਂਸੀ ਵਰਗੀ ਸਖ਼ਤ ਸਜ਼ਾ ਦਾ ਕਾਨੂੰਨ ਬਣਾਉਣ, ਪਰ ਇਹ ਸਭ ਪੰਥ ਦੀ ਸਹਿਮਤੀ ਨਾਲ ਹੀ ਹੋਣਾ ਚਾਹੀਦਾ ਹੈ। ਜਥੇਦਾਰ ਗੜਗੱਜ ਮੁਤਾਬਕ ਬੇਅਦਬੀਆਂ ਨੂੰ ਰੋਕਣ ਦਾ ਇੱਕੋ-ਇੱਕ ਹੱਲ 'ਪੰਥ ਦੀ ਪਹਿਰੇਦਾਰੀ' ਹੈ। ਉਨ੍ਹਾਂ ਕਿਹਾ, "ਜਿੱਥੇ ਪੰਥ ਹਾਜ਼ਰ ਹੋਵੇਗਾ, ਉੱਥੇ ਕੋਈ ਬੇਅਦਬੀ ਨਹੀਂ ਕਰ ਸਕਦਾ।"

ਆਪਣੇ ਸੰਬੋਧਨ ਦੌਰਾਨ ਜਥੇਦਾਰ ਨੇ ਪੁਰਾਤਨ ਸਮਿਆਂ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਪਹਿਲਾਂ ਦਰਬਾਰਾਂ ਵਿਚ ਗੁਰੂ ਸਾਹਿਬ ਦੇ ਸੱਜੇ ਪਾਸੇ ਹਮੇਸ਼ਾ ਤੇਗ ਅਤੇ ਬਰਛੇ ਨਾਲ ਲੈਸ ਸਿੰਘ ਪਹਿਰਾ ਦਿੰਦੇ ਸਨ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪਣੀ ਇਸ ਪਹਿਰੇਦਾਰੀ ਦੀ ਜ਼ਿੰਮੇਵਾਰੀ ਨੂੰ ਮੁੜ ਪਛਾਣਨ ਅਤੇ ਨਿਭਾਉਣ।

ਉਨ੍ਹਾਂ ਸਰਕਾਰਾਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰ ਰਹੀਆਂ ਸਾਜ਼ਿਸ਼ੀ ਤਾਕਤਾਂ ਦਾ ਪਰਦਾਫਾਸ਼ ਕਰਨਾ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ। ਉਨ੍ਹਾਂ 2022 ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਸਮੇਂ ਪੰਥ ਦੀ ਚੇਤੰਨਤਾ ਕਾਰਨ ਹੀ ਪਾਪੀ ਦੇ ਇਰਾਦੇ ਨਾਕਾਮ ਹੋਏ ਸਨ।


ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ "ਪੰਥ ਦੇ ਫ਼ੈਸਲੇ ਪੰਥ ਹੀ ਕਰਦਾ ਆਇਆ ਹੈ ਅਤੇ ਭਵਿੱਖ ਵਿਚ ਵੀ ਪੰਥ ਦੀ ਰਾਏ ਤੋਂ ਬਿਨਾਂ ਕੋਈ ਵੀ ਫ਼ੈਸਲਾ ਪ੍ਰਵਾਨ ਨਹੀਂ ਹੋਵੇਗਾ।"



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼

ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**


UK born Jatt Sikh boy aged 26 years old, height 5ft 10’ working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.

## -ਬਿਹਾਰ ਦੀ ਰਾਜਨੀਤੀ ਵਿੱਚ ਉਲਟਫੇਰ-

## ਮੁੱਖ ਮੰਤਰੀ ਰਹੇ ਨਿਤੀਸ਼ ਕੁਮਾਰ ਨੇ ਆਪਣੇ ਅਹੁਦੇ ਤੋਂ ਦਿੱਤਾ ਅਸਤੀਫ਼ਾ



ਦਿੱਲੀ-ਬਿਹਾਰ ਦੀ ਰਾਜਨੀਤੀ ਵਿੱਚ ਹੁਣੇ ਜਿਹੇ ਇੱਕ ਵੱਡਾ ਉਲਟਫੇਰ ਹੋਇਆ ਹੈ। ਲੰਬੇ ਸਮੇਂ ਤੱਕ ਮੁੱਖ ਮੰਤਰੀ ਰਹੇ ਨਿਤੀਸ਼ ਕੁਮਾਰ ਨੇ ਮੰਗਲਵਾਰ, 14 ਅਪ੍ਰੈਲ 2026 ਨੂੰ ਰਾਜਪਾਲ ਸੱਯਦ ਅਤਾ ਹਸਨੈਨ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਰਾਜਪਾਲ ਨੇ ਉਨ੍ਹਾਂ ਨੂੰ ਨਵੀਂ ਸਰਕਾਰ ਦੇ ਗਠਨ ਤੱਕ ਕਾਰਜਕਾਰੀ ਮੁੱਖ ਮੰਤਰੀ ਵਜੋਂ ਕੰਮ ਜਾਰੀ ਰੱਖਣ ਲਈ ਕਿਹਾ ਹੈ। ਨਿਤੀਸ਼ ਕੁਮਾਰ ਹਾਲ ਹੀ ਵਿੱਚ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ, ਜਿਸ ਕਾਰਨ ਉਨ੍ਹਾਂ ਨੇ ਸੂਬੇ ਦੀ ਰਾਜਨੀਤੀ ਤੋਂ ਕੇਂਦਰੀ ਰਾਜਨੀਤੀ ਵੱਲ ਜਾਣ ਦਾ ਫੈਸਲਾ ਕੀਤਾ ਹੈ। ਬਿਹਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਭਾਜਪਾ ਦਾ ਕੋਈ ਆਗੂ ਮੁੱਖ ਮੰਤਰੀ ਦੀ ਕੁਰਸੀ ਸੰਭਾਲੇਗਾ। ਰਿਪੋਰਟਾਂ ਮੁਤਾਬਕ ਉਪ-ਮੁੱਖ ਮੰਤਰੀ ਸਮਰਾਟ ਚੌਧਰੀ ਮੁੱਖ ਮੰਤਰੀ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ। ਪਟਨਾ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹਨ। ਭਾਜਪਾ ਨੇ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਨਿਗਰਾਨ ਵਜੋਂ ਭੇਜਿਆ ਹੈ ਤਾਂ ਜੋ ਨਵੀਂ ਸਰਕਾਰ ਦੇ ਗਠਨ ਦੀ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

## ਨੌਕਰੀਆਂ ਵਿੱਚ ਵਿਦੇਸ਼ੀਆਂ ਨੂੰ ਤਰਜੀਹ ਦੇਣ ਦੇ ਦੋਸ਼ਾਂ ਤਹਿਤ ਇਕ ਫਰਮ ਨੂੰ ਜੁਰਮਾਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂ ਐਸ ਨਿਆਂ ਵਿਭਾਗ ਨੇ ਨਿਊ ਜਰਸੀ ਦੀ ਇੱਕ ਟੈਕਨਾਲੋਜੀ ਸਰਵਿਸਜ ਫਰਮ ਨੂੰ ਨੌਕਰੀਆਂ ਸਬੰਧੀ ਦਿੱਤੇ ਇਸ਼ਤਿਹਾਰਾਂ ਵਿੱਚ ਅਮਰੀਕੀ ਨਾਗਰਿਕਾਂ ਦੀ ਬਜਾਏ ਵਿਦੇਸ਼ੀ ਵੀਜਾਧਾਰਕਾਂ ਨੂੰ ਤਰਜੀਹ ਦੇਣ ਦੇ ਦੋਸ਼ਾਂ ਤਹਿਤ 2,55,420 ਡਾਲਰਾਂ ਦਾ ਜੁਰਮਾਨਾ ਲਾਇਆ ਹੈ। ਇਸ ਤੋਂ ਇਲਾਵਾ ਕੰਪਨੀ ਇਕ ਅਮਰੀਕੀ ਨਾਗਰਕ ਨੂੰ 58000 ਡਾਲਰ ਦੇਵੇਗੀ ਜਿਸ ਨੂੰ ਅਮਰੀਕੀ ਹੋਣ ਕਾਰਨ ਭਰਤੀ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਸਿਵਲ ਰਾਈਟਸ ਡਵੀਜਨ ਨੇ ਕਿਹਾ ਹੈ ਕਿ ਕੰਪੂਨੈਲ ਸਾਫਟਵੇਅਰ ਗਰੁੱਪ ਇੰਕ ਨੇ ਇਮਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੀ ਉਲੰਘਣਾ ਕੀਤੀ ਹੈ। ਕੰਪਨੀ ਨੇ ਅਮਰੀਕੀ ਨਾਗਰਿਕਾਂ ਤੇ ਸਥਾਈ ਵਾਸੀਆਂ ਦੀ ਬਜਾਏ ਐਚ- ਬੀ ਤੇ ਹੋਰ ਆਰਜੀ ਵੀਜੇ ਵਾਲਿਆਂ ਨੂੰ ਤਰਜੀਹ ਦਿੱਤੀ ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਰੱਖਿਆ ਮਾਮਲਿਆਂ 'ਤੇ ਤਣਾਅ ਤੇਜ਼, ਸਟਾਰਮਰ ਦਾ ਜਵਾਬ, ਸਾਬਕਾ ਨਾਟੋ ਮੁਖੀ ਦੀ ਚੇਤਾਵਨੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੀ ਰੱਖਿਆ ਨੀਤੀ ਨੂੰ ਲੈ ਕੇ ਰਾਜਨੀਤਿਕ ਤਣਾਅ ਚਰਮ 'ਤੇ ਪਹੁੰਚ ਗਿਆ ਹੈ, ਜਿੱਥੇ ਇਕ ਪਾਸੇ ਸਾਬਕਾ ਨਾਟੋ ਮਹਾਸਚਿਵ ਲਾਰਡ ਜਾਰਜ ਰਾਬਰਟਸਨ ਨੇ ਦੇਸ਼ ਦੀ ਕੌਮੀ ਸੁਰੱਖਿਆ ਨੂੰ “ਖਤਰੇ ਵਿੱਚ” ਦੱਸਦਿਆਂ ਸਰਕਾਰ 'ਤੇ ਗੰਭੀਰ ਸਵਾਲ ਉਠਾਏ ਹਨ, ਉੱਥੇ ਹੀ ਦੂਜੇ ਪਾਸੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਨ੍ਹਾਂ ਆਲੋਚਨਾਵਾਂ ਦਾ ਜਵਾਬ ਦਿੰਦਿਆਂ ਆਪਣੀ ਸਰਕਾਰ ਦੀ ਰੱਖਿਆ ਯੋਜਨਾਵਾਂ ਦਾ ਬਚਾਅ ਕੀਤਾ ਹੈ। ਰਾਬਰਟਸਨ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਬਰਤਾਨੀਆ ਅਜੇ ਵੀ ਸੰਭਾਵਿਤ ਖਤਰਿਆਂ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ ਅਤੇ ਰੱਖਿਆ ਖੇਤਰ ਵਿੱਚ ਲੋੜੀਂਦੇ ਨਿਵੇਸ਼ ਦੀ ਘਾਟ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਖ਼ਜ਼ਾਨਾ ਵਿਭਾਗ ਵਿੱਚ ਗੈਰ-ਸੈਨਿਕ ਮਾਹਿਰਾਂ ਵੱਲੋਂ ਰੱਖਿਆ ਯੋਜਨਾਵਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਜਿਸ ਨਾਲ ਦੇਸ਼ ਦੀ ਸੁਰੱਖਿਆ ਕਮਜ਼ੋਰ ਹੋ ਰਹੀ ਹੈ। ਇਸਦੇ ਜਵਾਬ ਵਿੱਚ ਸਟਾਰਮਰ ਨੇ ਸਖ਼ਤ ਰੁੱਖ ਅਖ਼ਤਿਆਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਰੱਖਿਆ ਮਾਮਲਿਆਂ ਵਿੱਚ ਲਗਾਤਾਰ ਨਿਵੇਸ਼ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਮੌਜੂਦਾ ਸੰਸਦੀ ਮਿਆਦ ਦੌਰਾਨ £270 ਬਿਲੀਅਨ ਤੋਂ ਵੱਧ ਰੱਖਿਆ 'ਤੇ ਖਰਚ ਕੀਤੇ ਜਾਣਗੇ, ਜੋ ਠੰਡੀ ਜੰਗ ਤੋਂ ਬਾਅਦ ਸਭ ਤੋਂ ਵੱਡਾ ਵਾਧਾ ਹੈ।

ਜਾਣਕਾਰੀ ਅਨੁਸਾਰ ਪਿਛਲੇ ਸਾਲ ਜਾਰੀ ਕੀਤੀ ਗਈ ਰਣਨੀਤਿਕ ਰੱਖਿਆ ਸਮੀਖਿਆ (ਸ਼ਧ੍ਰ) ਦੇ ਤਹਿਤ 10 ਸਾਲਾਂ ਦੀ ਯੋਜਨਾ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕੀ, ਜਿਸ ਕਰਕੇ ਫੰਡਿੰਗ ਨੂੰ ਲੈ ਕੇ ਅਸਮੰਜਸਾ ਬਣੀ ਹੋਈ ਹੈ। ਇਸ ਵੇਲੇ ਰੱਖਿਆ ਖਰਚਾ ਘਧਫ ਦਾ ਲਗਭਗ 2.3 ਫੀਸਦੀ ਹੈ, ਜਿਸਨੂੰ ਭਵਿੱਖ ਵਿੱਚ 3 ਫੀਸਦੀ ਤੱਕ ਵਧਾਉਣ ਦਾ ਟੀਚਾ ਰੱਖਿਆ ਗਿਆ ਹੈ।

ਇਸ ਮਾਮਲੇ 'ਚ ਕਨਜ਼ਰਵੇਟਿਵ ਨੇਤਾ ਕੇਮੀ ਬੇਡਨੌਕ ਨੇ ਵੀ ਸਟਾਰਮਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਰੱਖਿਆ ਮਾਮਲਿਆਂ 'ਤੇ ਸਾਂਝੀ ਕਾਰਵਾਈ ਦੀ ਲੋੜ ਹੈ ਅਤੇ ਸਿਆਸੀ ਪਾਰਟੀਆਂ ਨੂੰ ਇਕੱਠੇ ਹੋ ਕੇ ਦੇਸ਼ ਦੀ ਸੁਰੱਖਿਆ ਲਈ ਕੰਮ ਕਰਨਾ ਚਾਹੀਦਾ ਹੈ।

ਦੂਜੇ ਪਾਸੇ, ਵੈਲਫੇਅਰ ਖਰਚਾ ਵੱਧ ਹੋਣ ਕਾਰਨ ਰੱਖਿਆ ਬਜਟ 'ਤੇ ਦਬਾਅ ਵੀ ਵਧ ਰਿਹਾ ਹੈ, ਜਿਸ ਨੂੰ ਲੈ ਕੇ ਰਾਜਨੀਤਿਕ ਪੱਧਰ 'ਤੇ ਤਿੱਖੀ ਚਰਚਾ ਜਾਰੀ ਹੈ। ਸੰਸਦ ਮੈਂਬਰਾਂ ਅਤੇਰੱਖਿਆ ਵਿਸ਼ੇਸ਼ਗਿਆਨਾਂ ਨੇ ਵੀ ਇਸ ਸਥਿਤੀ ਨੂੰ ਚਿੰਤਾਜਨਕ ਕਰਾਰ ਦਿੰਦਿਆਂ ਕਿਹਾ ਕਿ ਬਰਤਾਨੀਆ ਦੀ ਫੌਜੀ ਤਾਕਤ ਮੌਜੂਦਾ ਗਲੋਬਲ ਖਤਰਿਆਂ ਦੇ ਮੁਕਾਬਲੇ ਕਮਜ਼ੋਰ ਪੈ ਰਹੀ ਹੈ। ਖ਼ਾਸ ਤੌਰ 'ਤੇ ਰੂਸ ਅਤੇ ਮੱਧ-ਪੂਰਬ ਵਿੱਚ ਵਧ ਰਹੇ ਤਣਾਅ ਅਤੇ ਅਮਰੀਕਾ ਵੱਲੋਂ ਨਾਟੋ ਵਿੱਚ ਆਪਣੀ ਭੂਮਿਕਾ ਘਟਾਉਣ ਦੇ ਸੰਕੇਤਾਂ ਨੇ ਯੂਰਪੀ ਦੇਸ਼ਾਂ 'ਤੇ ਆਪਣੀ ਰੱਖਿਆ ਖੁਦ ਮਜ਼ਬੂਤ ਕਰਨ ਦਾ ਦਬਾਅ ਵਧਾ ਦਿੱਤਾ ਹੈ। ਵਿਸ਼ਲੇਸ਼ਕਾਂ ਦੇ ਮੁਤਾਬਕ ਮੌਜੂਦਾ ਸਮਾਂ ਪਿਛਲੇ 30 ਸਾਲਾਂ ਵਿੱਚ ਸਭ ਤੋਂ ਖਤਰਨਾਕ ਮੰਨਿਆ ਜਾ ਰਿਹਾ ਹੈ, ਜਿਸ ਕਰਕੇ ਬਰਤਾਨੀਆ ਲਈ ਆਪਣੀ ਸੁਰੱਖਿਆ ਰਣਨੀਤੀ ਨੂੰ ਤੁਰੰਤ ਮਜ਼ਬੂਤ ਬਣਾਉਣਾ ਬਹੁਤ ਜ਼ਰੂਰੀ ਹੈ।

## ਹਾਰਟ ਅਟੈਕ ਕਾਰਨ ਪੰਜਾਬੀ ਨੌਜਵਾਨ ਦੀ ਮੌਤ

ਵੈਨਕੂਵਰ- (ਮਲਕੀਤ ਸਿੰਘ)- ਜ਼ਿੰਦਗੀ ਚ ਸੰਜੋਏ ਸੁਪਨਿਆਂ ਦੀ ਪੂਰਤੀ ਲਈ ਕਨੇਡਾ ਪੜ੍ਹਾਈ ਕਰਨ ਪਹੁੰਚੇ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਦੁਖਦਾਈ ਸੂਚਨਾ ਮਿਲੀ ਹੈ ਆਕਾਸ਼ਦੀਪ ਸਿੰਘ ਨਾਂ ਦਾ ਉਕਤ ਨੌਜਵਾਨ ਸਾਲ 2023 ਚ ਉਚੇਰੀ ਪੜ੍ਹਾਈ ਕਰ ਲਈ ਕਨੇਡਾ ਦੇ ਮੌਂਟੀਅਰਲ ਸ਼ਹਿਰ ਚ ਰਹਿ ਰਿਹਾ ਸੀ ਇਸ ਦੌਰਾਨ ਅਚਾਨਕ ਹਾਰਟ ਅਟੈਕ ਹੋਣ ਨਾਲ ਦੀ ਮੌਤ ਹੋ ਗਈ ਮ੍ਰਿਤਕ ਨੌਜਵਾਨ ਪੰਜਾਬ ਦੇ ਜਲੰਧਰ ਜ਼ਿਲੇ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ । ਫਿਲਹਾਲ ਉਸਦੇ ਦੋਸਤਾ ਅਤੇ ਕਨੇਡਾ ਰਹਿੰਦੀ ਉਸ ਦੀ ਭੈਣ ਵੱਲੋਂ ਉਸ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਣ ਲਈ ਸਥਾਨਕ ਲੋਕਾਂ ਨੂੰ ਆਰਥਿਕ ਮਦਦ ਦੀ ਅਪੀਲ ਕੀਤੀ ਜਾ ਰਹੀ ਹੈ।


## CHANGE OF NAME

**I, DEEPINDER SINGH CHEEMA S/O INDERJIT SINGH RESIDENT OF H. NO. 7, SECRATARY MOHALLA, OPP. DR. ASHOK MAHAJAN, LIBRARY ROAD, P.O. GURDASPUR, PIN: 143521, TEH. & DISTT: GURDASPUR, PUNJAB, INDIA AND NOW LIVING AT 38 CHURCHILL AVENUE, COVENTRY, WEST MIDLANDS, CV6 5JL, (UK) HEREBY GIVE NOTICE OF MY INTENTION TO CHANGE MY MINOR SON’S NAME FROM TEGHBIR SINGH TO TEGHBIR SINGH CHEEMA. (U)**

**I, DAMINI D/O MR JOGINDER PAL WHOSE PERMANENT ADDRESS IN INDIA IS VISHNU NAGAR, LAMINI, PATHANKOT, PUNJAB AND NOW LIVING AT 16 SCOTTER WALK, CORBY, NN18 9BB, (UK) HEREBY GIVE NOTICE OF MY INTENTION TO CHANGE MY NAME TO DAMINI JASSAM. (U)**

**I, ROHIT S/O MR PAWAN KUMAR WHOSE PERMANENT ADDRESS IN INDIA IS 131 NEW RAVIDASS NAGAR, BASTI DANISH MANDA, JALANDHAR, PUNJAB AND NOW LIVING AT 16 SCOTTER WALK, CORBY, NN18 9BB, (UK) HEREBY GIVE NOTICE OF MY INTENTION TO CHANGE MY NAME TO ROHIT JASSAM. (U)**

# ਸਿਹਤ ਤੇ ਸੁੰਦਰਤਾ



## ਲੋੜ ਤੋਂ ਵਧ ਪਾਣੀ ਪੀਣਾ ਵੀ ਸਿਹਤ ਲਈ ਹੋ ਸਕਦੈ ਜਾਨਲੇਵਾ !



ਕੀ ਤੁਸੀਂ ਜਾਣਦੇ ਹੋ ਕਿ ਲੋੜ ਤੋਂ ਵੱਧ ਪਾਣੀ ਪੀਣਾ ਤੁਹਾਡੀ ਸਿਹਤ ਲਈ ਫਾਇਦੇਮੰਦ ਹੋਣ ਦੀ ਬਜਾਏ 'ਧੀਮਾ ਜ਼ਹਿਰ' ਸਾਬਤ ਹੋ ਸਕਦਾ ਹੈ। ਮਾਹਿਰਾਂ ਅਨੁਸਾਰ, ਜਦੋਂ ਅਸੀਂ ਆਪਣੀ ਸਮਰੱਥਾ ਤੋਂ ਵੱਧ ਪਾਣੀ ਪੀਂਦੇ ਹਾਂ, ਤਾਂ ਸਰੀਰ ਦਾ ਇਲੈਕਟ੍ਰੋਲਾਈਟ ਸੰਤੁਲਨ ਵਿਗੜ ਜਾਂਦਾ ਹੈ, ਜਿਸ ਨਾਲ ਖੂਨ 'ਚ ਸੋਡੀਅਮ ਦਾ ਪੱਧਰ ਡਿੱਗ ਸਕਦਾ ਹੈ।

ਡਾਕਟਰੀ ਵਿਗਿਆਨ 'ਚ ਇਸ ਸਥਿਤੀ ਨੂੰ 'ਹਾਈਪੋਨੇਟ੍ਰੀਮੀਆ' ਕਿਹਾ ਜਾਂਦਾ ਹੈ। ਹਰ ਵਿਅਕਤੀ ਦੇ ਸਰੀਰ ਦੀ ਪਾਣੀ ਦੀ ਲੋੜ ਉਸਦੀ ਉਮਰ, ਭਾਰ ਅਤੇ ਸਰੀਰਕ ਗਤੀਵਿਧੀਆਂ 'ਤੇ ਨਿਰਭਰ ਕਰਦੀ ਹੈ।

ਖੋਜਾਂ ਮੁਤਾਬਕ ਪੁਰਸ਼ਾਂ ਨੂੰ ਦਿਨ ਭਰ 'ਚ ਲਗਭਗ 3.7 ਲੀਟਰ ਅਤੇ ਔਰਤਾਂ ਨੂੰ 2.7 ਲੀਟਰ ਤਰਲ ਪਦਾਰਥਾਂ (ਜਿਸ 'ਚ ਭੋਜਨ ਅਤੇ ਹੋਰ ਪੀਣ ਵਾਲੀਆਂ ਚੀਜ਼ਾਂ ਸ਼ਾਮਲ ਹਨ) ਦੀ ਲੋੜ ਹੁੰਦੀ ਹੈ। ਜੇਕਰ ਤੁਹਾਡੀ ਖੁਰਾਕ 'ਚ ਫਲ ਅਤੇ ਸਬਜ਼ੀਆਂ ਦੀ ਮਾਤਰਾ ਜ਼ਿਆਦਾ ਹੈ, ਤਾਂ ਤੁਹਾਨੂੰ ਅਲੱਗ ਤੋਂ ਘੱਟ ਪਾਣੀ ਪੀਣ ਦੀ ਲੋੜ ਪੈ ਸਕਦੀ ਹੈ। ਸਰੀਰ 'ਚ ਸੋਡੀਅਮ ਦੀ ਕਮੀ ਕਾਰਨ ਦਿਮਾਗ ਦੀਆਂ ਕੋਸ਼ਿਕਾਵਾਂ 'ਚ ਹਲਕੀ ਸੋਜ ਆ ਸਕਦੀ ਹੈ, ਜਿਸ ਨਾਲ ਸਿਰ 'ਚ ਭਾਰੀਪਨ ਜਾਂ ਲਗਾਤਾਰ ਸਿਰਦਰਦ ਰਹਿ ਸਕਦਾ ਹੈ।

ਪੇਟ 'ਚ ਜ਼ਿਆਦਾ ਤਰਲ ਹੋਣ ਕਾਰਨ ਪਾਚਨ ਪ੍ਰਣਾਲੀ 'ਤੇ ਦਬਾਅ ਪੈਂਦਾ ਹੈ, ਜਿਸ ਨਾਲ ਉਲਟੀ ਜਾਂ ਜੀ ਮਿਚਲਾਉਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਜਦੋਂ ਗੁਰਦੇ ਵਾਧੂ ਪਾਣੀ ਨੂੰ ਬਾਹਰ ਕੱਢਣ 'ਚ ਅਸਮਰੱਥ ਹੁੰਦੇ ਹਨ, ਤਾਂ ਹੱਥਾਂ, ਪੈਰਾਂ ਜਾਂ ਬੁੱਲ੍ਹਾਂ 'ਤੇ ਸੋਜ ਦਿਖਾਈ ਦੇਣ ਲੱਗਦੀ ਹੈ। ਜੇਕਰ ਤੁਸੀਂ ਦਿਨ 'ਚ 8-10 ਵਾਰ ਤੋਂ ਵੱਧ ਪੇਸ਼ਾਬ ਜਾਂਦੇ ਹੋ ਅਤੇ ਇਸ ਦਾ ਰੰਗ ਪਾਣੀ ਵਾਂਗ ਬਿਲਕੁਲ ਸਫੈਦ ਹੈ, ਤਾਂ ਇਹ ਓਵਰਹਾਈਡ੍ਰੇਸ਼ਨ ਦਾ ਸਪੱਸ਼ਟ ਸੰਕੇਤ ਹੈ।

ਸਿਹਤਮੰਦ ਸਰੀਰ ਲਈ ਪੇਸ਼ਾਬ ਦਾ ਰੰਗ ਹਲਕਾ ਪੀਲਾ ਹੋਣਾ ਚਾਹੀਦਾ ਹੈ।

## ਨੀਂਦ ਲਈ 'ਮੈਲਾਟੋਨਿਨ' ਦਾ ਵਧਦਾ ਰੁਝਾਨ ਕੀ ਇਹ ਸੁਰੱਖਿਅਤ ਹੈ ? ਜਾਣੋ ਮਾਹਿਰਾਂ ਦੀ ਰਾਏ ਅਤੇ ਕੁਦਰਤੀ ਨੁਸਖ਼ੇ

ਚੰਡੀਗੜ੍ਹ-ਅਜੋਕੇ ਦੌਰ ਵਿੱਚ ਮਾਨਸਿਕ ਤਣਾਅ ਅਤੇ ਨੀਂਦ ਦੀ ਕਮੀ ਕਾਰਨ ਲੋਕਾਂ ਵਿੱਚ 'ਮੈਲਾਟੋਨਿਨ' ਸਪਲੀਮੈਂਟਸ ਲੈਣ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਬਾਜ਼ਾਰ ਅਤੇ ਆਨਲਾਈਨ ਪਲੇਟਫਾਰਮਾਂ 'ਤੇ ਬਿਨਾਂ ਡਾਕਟਰ ਦੀ ਪਰਚੀ ਤੋਂ ਮਿਲਣ ਵਾਲੇ ਇਹ ਉਤਪਾਦ ਭਾਵੇਂ ਸਸਤੇ ਅਤੇ ਆਸਾਨੀ ਨਾਲ ਉਪਲਬਧ ਹਨ, ਪਰ ਇਨ੍ਹਾਂ ਦੀ ਬਿਨਾਂ ਸਲਾਹ ਵਰਤੋਂ ਕਈ ਸਿਹਤ ਸਮੱਸਿਆਵਾਂ ਨੂੰ ਸੱਦਾ ਦੇ ਰਹੀ ਹੈ। ਨੈਸ਼ਨਲ ਮੈਡੀਕਲ ਲਾਇਬ੍ਰੇਰੀ ਅਨੁਸਾਰ, ਮੈਲਾਟੋਨਿਨ ਇੱਕ ਕੁਦਰਤੀ ਹਾਰਮੋਨ ਹੈ ਜੋ ਸਾਡੇ ਦਿਮਾਗ ਦੀ ਪੀਨਅਲ ਗ੍ਰੰਥੀ ਵੱਲੋਂ ਹਨੇਰੇ ਦੇ ਜਵਾਬ ਵਿੱਚ ਪੈਦਾ ਕੀਤਾ ਜਾਂਦਾ ਹੈ। ਇਹ ਸਰੀਰ ਨੂੰ ਸੰਕੇਤ ਦਿੰਦਾ ਹੈ ਕਿ ਹੁਣ ਸੌਣ ਦਾ ਸਮਾਂ ਹੋ ਗਿਆ ਹੈ। ਮੋਬਾਈਲ ਜਾਂ ਟੀਵੀ ਦੀ ਰੌਸ਼ਨੀ ਇਸ ਦੇ ਉਤਪਾਦਨ ਵਿੱਚ ਰੁਕਾਵਟ ਪਾਉਂਦੀ ਹੈ। ਸੀਨੀਅਰ ਸਾਈਕਿਆਟ੍ਰਿਸਟ ਡਾ. ਸੰਯਮ ਗੁਪਤਾ ਅਤੇ ਡੀਐਮਸੀ ਲੁਧਿਆਣਾ ਦੇ ਡਾ. ਨਵੀਨ ਮਿੱਤਲ ਨੇ ਮੈਲਾਟੋਨਿਨ ਦੀ ਦੁਰਵਰਤੋਂ 'ਤੇ ਚਿੰਤਾ ਜਤਾਈ ਹੈ। ਤੈਅ ਖੁਰਾਕ ਤੋਂ ਵੱਧ ਦਵਾਈ ਲੈਣ ਨਾਲ ਅਗਲੇ ਦਿਨ ਭਾਰੀ ਸੁਸਤੀ ਪੈ ਸਕਦੀ ਹੈ, ਜੋ ਡਰਾਈਵਿੰਗ ਕਰਨ ਵਾਲਿਆਂ ਲਈ ਜਾਨਲੇਵਾ ਹੋ ਸਕਦੀ ਹੈ। ਬਿਨਾਂ ਡਾਕਟਰੀ ਸਲਾਹ ਦੇ ਲਗਾਤਾਰ ਵਰਤੋਂ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਰੀਰ ਵਿੱਚ ਲੋੜ ਤੋਂ ਵੱਧ ਸਪਲੀਮੈਂਟਸ ਇਕੱਠੇ ਹੋਣ ਨਾਲ ਜ਼ਹਿਰੀਲੇ ਤੱਤ ਵਧ ਸਕਦੇ ਹਨ। ਭਾਵੇਂ ਮੈਲਾਟੋਨਿਨ ਇੱਕ ਸਪਲੀਮੈਂਟ ਹੈ, ਪਰ ਇਸ ਨੂੰ ਹਮੇਸ਼ਾ ਡਾਕਟਰੀ ਸਲਾਹ ਤੋਂ ਬਾਅਦ ਹੀ ਲੈਣਾ ਚਾਹੀਦਾ ਹੈ।




ਕੁਦਰਤੀ ਨੀਂਦ ਲਈ ਅਪਣਾਓ ਇਹ 6 'ਸਲੀਪ ਹਾਈਜੀਨ' ਨੁਸਖ਼ੇ- ਜੇਕਰ ਤੁਸੀਂ ਵੀ ਨੀਂਦ ਦੀ ਸਮੱਸਿਆ ਨਾਲ ਜੂਝ ਰਹੇ ਹੋ, ਤਾਂ ਦਵਾਈਆਂ ਦੀ ਬਜਾਏ ਮਾਹਿਰਾਂ ਦੇ ਇਹ ਕੁਦਰਤੀ ਤਰੀਕੇ ਅਜ਼ਮਾਓ:

* ਰੋਜ਼ਾਨਾ ਸੌਣ ਅਤੇ ਜਾਗਣ ਦਾ ਇੱਕੋ ਸਮਾਂ ਨਿਰਧਾਰਤ ਕਰੋ
* ਸੌਣ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਮੋਬਾਈਲ ਅਤੇ ਲੈਪਟਾਪ ਦੀ ਵਰਤੋਂ ਬੰਦ ਕਰ ਦਿਓ
* ਬਿਸਤਰੇ ਦੀ ਵਰਤੋਂ ਸਿਰਫ਼ ਸੌਣ ਲਈ ਕਰੋ, ਉੱਥੇ ਬੈਠ ਕੇ ਕੰਮ ਨਾ ਕਰੋ।
* ਸ਼ਾਮ 4 ਵਜੇ ਤੋਂ ਬਾਅਦ ਚਾਹ ਜਾਂ ਕੌਫ਼ੀ ਪੀਣ ਤੋਂ ਬਚੋ
* ਦਿਨ ਵੇਲੇ ਸੈਰ ਜਾਂ ਵਰਜ਼ਿਸ਼ ਕਰੋ ਤਾਂ ਜੋ ਸਰੀਰਕ ਥਕਾਵਟ ਕੁਦਰਤੀ ਨੀਂਦ ਵਿੱਚ ਮਦਦ ਕਰੇ
* ਜੇਕਰ ਬਿਸਤਰੇ 'ਤੇ ਲੇਟਣ ਦੇ 20 ਮਿੰਟਾਂ ਤੱਕ ਨੀਂਦ ਨਾ ਆਵੇ, ਤਾਂ ਉੱਠ ਕੇ ਕੁਝ ਦੇਰ ਕੋਈ ਕਿਤਾਬ ਪੜ੍ਹੋ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਰਾਜਨਾਥ ਸਿੰਘ ਨੇ ਖੇਤੀਬਾੜੀ ਸੁਧਾਰਾਂ ਦੀ ਲੋੜ 'ਤੇ ਦਿਤਾ ਜ਼ੋਰ- ਇਕ ਖ਼ਬਰ

-ਇਹ ਊਠ ਦਾ ਬੁੱਲ੍ਹ ਪਤਾ ਨਹੀਂ ਕਦੋਂ ਡਿਗੇਗਾ।

*ਮੀਂਹ ਨਾਲ ਫ਼ਸਲਾਂ ਦੇ ਨੁਕਸਾਨ ਦਾ ਪਤਾ ਲਾਉਣ ਲਈ ਪੰਜਾਬ ਭਾਜਪਾ ਨੇ ਟੀਮਾਂ ਦਾ ਗਠਨ ਕੀਤਾ- ਇਕ ਖ਼ਬਰ

-ਭਾਜਪਾ ਜੀ, ਪਹਿਲਾਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ 1600 ਕਰੋੜ ਤਾਂ ਕੇਂਦਰ ਕੋਲੋਂ ਲੈ ਆਉ।



*ਦਿੱਲੀ ਪਹੁੰਚ ਕੇ ਨਿਤੀਸ਼ ਕੁਮਾਰ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣਗੇ- ਇਕ ਖ਼ਬਰ

-ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ ਲਾਈਆਂ।



*ਸ੍ਰੀ ਅਕਾਲ ਤਖ਼ਤ ਦੇ ਸਿਧਾਂਤ ਨੂੰ ਢਾਅ ਲਾਉਣ ਲਈ ਸੁਖਬੀਰ ਬਾਦਲ ਆਪਣੇ ਬਾਪ ਤੋਂ ਵੀ ਅੱਗੇ ਲੰਘਿਆ- ਭਾਈ ਮਾਝੀ

-ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

*ਪੱਛਮੀ ਬੰਗਾਲ ਵੋਟਰ ਸੂਚੀ 'ਚੋਂ 91 ਲੱਖ ਵੋਟਰਾਂ ਦੇ ਨਾਮ ਹਟਾਏ ਗਏ- ਚੋਣ ਕਮਿਸ਼ਨ

-ਨਾ ਰਹੇ ਬਾਂਸ, ਨਾ ਬਜੇ ਬੰਸਰੀ।



*ਕਾਰੋਬਾਰੀ ਨੂੰ ਧਮਕਾਉਣ ਦੀ ਮੰਤਰੀ ਮੁੰਡੀਆਂ ਬਾਰੇ ਵਾਇਰਲ ਵੀਡੀਓ ਦੀ ਹੋਵੇ ਜਾਂਚ- ਰਵਨੀਤ ਬਿੱਟੂ

-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।

*ਸ਼੍ਰੋਮਣੀ ਕਮੇਟੀ ਦੀ ਸਬ ਕਮੇਟੀ ਨੇ ਫਿਰ ਸਰਕਾਰ ਨੂੰ ਲਿਖੀ ਚਿੱਠੀ- ਇਕ ਖ਼ਬਰ

-ਚਿੱਠੀਆਂ ਸਾਹਿਬਾਂ ਜੱਟੀ ਨੇ ਲਿਖ ਮਿਰਜ਼ੇ ਵਲ ਪਾਈਆਂ।




*ਮੁੱਖ ਮੰਤਰੀ ਵਲੋਂ ਫ਼ਸਲਾਂ ਦੇ ਹੋਏ ਨੁਕਸਾਨ ਲਈ ਸਪੈਸ਼ਲ ਗਿਰਦਾਵਰੀ ਦੇ ਹੁਕਮ- ਇਕ ਖ਼ਬਰ

-ਆਪਣੀਆਂ ਮੁਰਗ਼ੀਆਂ, ਬੱਕਰੀਆਂ ਗਿਣ ਲਉ ਬਈ ਪੰਜਾਬੀਓ, ਮੁਆਵਜ਼ਾ ਆ ਰਿਹੈ।




*ਅਕਾਲੀਆਂ ਨੇ ਪੰਜਾਬ ਨੂੰ ਲੁੱਟਣ ਦੀ ਆਦਤ ਨਹੀਂ ਛੱਡੀ- ਭਗਵੰਤ ਮਾਨ

-ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ।



*ਮੈਂ ਟਰੰਪ ਅਤੇ ਪੁਤਿਨ ਤੋਂ ਤੰਗ ਆ ਚੁੱਕਿਆ ਹਾਂ- ਸਟਾਰਮਰ

-ਪਰ੍ਹੇ 'ਚ ਆ ਕੇ ਕੈਦੋ ਨੇ ਮੱਗ ਮਾਰੀ, ਗੱਲਾਂ ਵੇਖ ਲਉ ਅੱਲ ਵਲੱਲੀਆਂ ਨੇ।



*ਨਾਟੋ ਦੇ ਫ਼ੈਸਲੇ ਨੂੰ ਕਦੇ ਨਹੀਂ ਭੁੱਲਾਂਗਾ- ਟਰੰਪ

-ਮੇਰੀ ਚੱਪਣੀ ਵਗਾਹ ਕੇ ਮਾਰੀ, ਛੜਿਆਂ ਦੇ ਗਈ ਅੱਗ ਨੂੰ।


*'ਜਥੇਦਾਰ' ਸਰਕਾਰ ਦੀ ਥਾਂ ਪੰਥ ਵਲ ਦੇਖਣ- ਦਲ ਖ਼ਾਲਸਾ

-ਮੈਂ ਦੁੱਖ ਮਿੱਤਰਾਂ ਕੋਲ ਰੋਵਾਂ, ਕੰਤ ਨਿਆਣੇ ਦਾ।



*ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਬਾਦਲ ਨੂੰ ਦਿਤੀ ਖੁੱਲ੍ਹੀ ਚੁਣੌਤੀ- ਇਕ ਖ਼ਬਰ

-ਨੀਂ ਛੜੇ ਅੱਜ ਭਜਨ ਕੁਰੇ, ਹੋ ਕੇ ਸ਼ਰਾਬੀ ਬੁੱਕਦੇ।



*ਡਾ. ਨਵਜੋਤ ਕੌਰ ਸਿੱਧੂ ਨੇ ਬਣਾਈ 'ਭਾਰਤੀ ਰਾਸ਼ਟਰਵਾਦੀ ਪਾਰਟੀ' ਸਿਆਸੀ ਪਾਰਟੀ- ਇਕ ਖ਼ਬਰ

-ਮੈਂ ਵੀ ਦਿੰਨੀ ਆਂ, ਪੈਰਾਂ ਤੋਂ ਬੰਦਾ ਚੁੱਕ ਮੁੰਡਿਆ।



*ਸੁਖਬੀਰ ਬਾਦਲ ਨੇ ਅੱਠ ਸਵਾਲਾਂ ਦੇ ਜਵਾਬ ਹਾਂ ਵਿਚ ਦਿਤੇ ਤਾਂ ਆਦੇਸ਼ ਸਾਜ਼ਿਸ਼ ਕਿਵੇਂ ਹੋ ਗਿਆ?- ਗਿ.ਹਰਪ੍ਰੀਤ ਸਿੰਘ

-ਦੋ ਘੁੱਟ ਪੀ ਕੇ ਦਾਰੂ, ਪੈਰ 'ਤੇ ਮੁੱਕਰ ਗਿਆ।

=============

# ਹੇਜ਼ ਕਬੱਡੀ ਕਲੱਬ ਲੰਡਨ ਦੇ ਮੁੱਖ ਪ੍ਰਬੰਧਕ ਅਤੇ ਉੱਘੇ ਕਾਰੋਬਾਰੀ ਬਲਜਿੰਦਰ ਸਿੰਘ ਭਿੰਡਰ ਵੱਲੋਂ ਸਾਊਥਾਲ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਮੂਹ ਸੰਗਤ ਨੂੰ ਲੱਖ ਲੱਖ ਵਧਾਈਆਂ





ਕਬੱਡੀ ਪ੍ਰਮੋਟਰ ਹੇਜ਼ ਕਬੱਡੀ ਕਲੱਬ ਲੰਡਨ ਦੇ ਮੁੱਖ ਪ੍ਰਬੰਧਕ ਸ: ਬਲਜਿੰਦਰ ਸਿੰਘ ਉਰਫ ਬਲਜਿੰਦਰਾ ਭਿੰਡਰ
ਆਪਣੇ ਪਰਿਵਾਰ ਸਮੇਤ ਸਾਊਥਾਲ ਨਗਰ ਕੀਰਤਨ ਵਿੱਚ ਸ਼ਾਮਿਲ ਹੋਣ ਸਮੇਂ

**ਕਿਸੇ ਤਰ੍ਹਾਂ ਦੇ ਛੱਤਾਂ ਦੇ ਕੰਮ ਲਈ ਹਮੇਸ਼ਾਂ ਭਿੰਡਰ ਰੂਫਿੰਗ ਲਿਮਟਡ ਨੂੰ ਯਾਦ ਰੱਖੋ**

SPECIALIST IN ALL TYPES OF ROOFING, UPVC GUTTERING MAIN STRUCTURAL ORK & ALL BUILDING WORK UNDERTAKEN



WE ARE APPROVED CONTRACTORS FOR FIBREGLASS (GRP) SYSTEM.

*WE DO SINGLE PLY MEMBRANE FLAT ROOF SYSTEM AS WELL.*





# BHINDER ROOFING LTD

*SPECIALISTS IN : ROOFING, TILING GUTTERING & FASIA*

**Tel: 020 8898 2388 / 07878 938 918**

*www.bhinderroofers.com - Email: bal@bhinderroofers.com*

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸਿੱਖੀ ਦੇ ਖਾਲਸਾਈ ਰੰਗਾਂ 'ਚ ਰੰਗਿਆ ਅਤੇ ਖਾਲਸਾਈ ਜੈਕਾਰਿਆਂ ਨਾਲ ਗੂੰਜਿਆ ਇਟਲੀ ਦਾ ਸ਼ਹਿਰ ਕਰੇਮੋਨਾ, * ਮੇਅਰ ਆਂਦਰਿਆ ਵੀਰਜੀਲੀਓ ਨੇ ਨਗਰ ਕੀਰਤਨ ਮੌਕੇ ਪਹੁੰਚੀਆਂ ਸੰਗਤਾਂ ਨੂੰ ਆਖਿਆ ਜੀ ਆਇਆਂ ਨੂੰ





ਕਰੇਮੋਨਾ,ਇਟਲੀ (ਗੁਰਸ਼ਰਨ ਸਿੰਘ ਸੋਨੀ) ਇਟਲੀ 'ਚ ਇਹਨੀਂ ਦਿਨੀਂ ਦਸਮੇਸ਼ ਪਿਤਾ, ਸਰਬੰਸਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ 1699 ਈਸਵੀ ਦੀ ਵਿਸਾਖੀ ਨੂੰ ਸਾਜੇ ਖਾਲਸੇ ਦਾ ਸਾਜਨਾ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸਾਹ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ। ਉੱਤਰੀ ਇਟਲੀ ਦੇ ਸੰਘਣੀ ਸਿੱਖ ਵੱਸੋਂ ਵਾਲੇ ਸੂਬਾ ਲੰਬਾਰਦੀਆ ਦੇ ਸ਼ਹਿਰ ਕਰੇਮੋਨਾ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਪੇਸੀਨਾ ਕਰੇਮੋਨੇਜੇ,ਤੋਰੇ ਦੀ ਪਿਚਨਾਰਦੀ ਵੱਲੋਂ ਮਹਾਨ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਦੀ ਪ੍ਰਾਰੰਭਤਾ ਕਰੇਮੋਨਾ ਦੇ ਸਟੇਡੀਅਮ ਜੋਵਾਨੀ ਜੀਨੀ ਤੋਂ ਲਗਭਗ ਦੁਪਿਹਰ 1.30 ਵਜੇ ਹੋਈ। ਸੰਗਤਾਂ ਨਗਰ ਕੀਰਤਨ ਦੇ ਰਸਤੇ ਦੀ ਸਫਾਈ ਬਹੁਤ ਹੀ ਉਤਸ਼ਾਹ ਨਾਲ ਕਰ ਰਹੀਆਂ ਸਨ,ਪਿੱਛੇ ਪਿੱਛੇ ਜਲ ਦਾ ਛੜਕਾਅ ਕੀਤਾ ਜਾ ਰਿਹਾ ਸੀ। ਪੰਜ ਨਿਸ਼ਾਨਚੀ ਸਿੰਘਾਂ ਵੱਲੋਂ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਸਿੰਘ ਸਾਹਿਬਾਨ ਸੁੰਦਰ ਬਾਣਿਆਂ ਵਿੱਚ ਹੱਥ ਵਿੱਚ ਸ਼ਮਸ਼ੀਰਾਂ ਫੜੀ ਤਿਆਰ ਬਰ ਤਿਆਰ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ।

ਸ੍ਰਿਸ਼ਟੀ ਦੇ ਮਾਲਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੰਦਰ ਸਜੀ ਪਾਲਕੀ ਵਿੱਚ ਸੁਸ਼ੋਭਿਤ ਨਗਰ ਕੀਰਤਨ ਦੀ ਰਹਿਨੁਮਾਈ ਅਤੇ ਸਰਪ੍ਰਸਤੀ ਕਰ ਰਹੇ ਸਨ ਅਤੇ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਕੀਰਤਨੀ ਸਿੰਘਾਂ ਦੇ ਜਥੇ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਜਾ ਰਿਹਾ ਸੀ। ਪਿੱਛੇ ਪਿੱਛੇ ਸੰਗਤਾਂ ਸ਼ਬਦ ਕੀਰਤਨ ਅਤੇ ਗੁਰ ਮੰਤਰ ਦਾ ਜਾਪ ਕਰ ਰਹੀਆਂ ਸਨ। ਸ਼ਹਿਰ ਦੀ ਫਿਜ਼ਾ ਵਿੱਚ ਜਿਵੇਂ ਅੰਮ੍ਰਿਤ ਘੁਲ ਗਿਆ ਸੀ। ਸ਼ਹਿਰ ਦੇ ਵਸਨੀਕ ਇਟਾਲੀਅਨ ਲੋਕ ਖ਼ਾਲਸਾਈ ਰੰਗਾਂ ਦੀਆਂ ਪੁਸ਼ਾਕਾਂ ਅਤੇ ਖਾਲਸਾਈ ਜੈਕਾਰੇ ਸੁਣ ਕੇ ਨਿਹਾਲ ਹੋ ਰਹੇ ਸਨ। ਖਾਲਸਾਈ ਜੈਕਾਰਿਆਂ ਨੇ ਅਸਮਾਨ ਗੂੰਜਣ ਲਗਾ ਦਿੱਤਾ ਸੀ। ਅੱਗੇ ਅੱਗੇ ਕਲਗੀਧਰ ਗਤਕਾ ਅਕੈਡਮੀ,ਕਰੇਮੋਨਾ ਦੇ ਭੁਝੰਗੀ ਅਤੇ ਭੁਝੰਗਣਾ ਵੱਲੋਂ ਗਤਕੇ ਦੇ ਅਦਭੁੱਤ ਜੌਹਰ ਦਿਖਾਏ ਜਾ ਰਹੇ ਸਨ। ਨਗਰ ਦੀ ਪਰਿਕਰਮਾ ਕਰਦਾ ਹੋਇਆ ਅਤੇ ਤਕਰੀਬਨ ਸਾਢੇ ਤਿੰਨ ਕਿਲੋਮੀਟਰ ਦਾ ਸਫਰ ਤੈਅ ਕਰਕੇ ਨਗਰ ਕੀਰਤਨ ਤਕਰੀਬਨ ਚਾਰ ਵਜੇ ਲੂਨਾ ਪਾਰਕ ਵਾਲੀ ਗਰਾਊਂਡ ਵਿਖੇ ਪਹੁੰਚਿਆ। ਜਿੱਥੇ ਦੀਵਾਨ ਸਜਿਆ ਹੋਇਆ ਸੀ ਢਾਡੀ ਗਿਆਨੀ ਸੁਖਵੀਰ ਸਿੰਘ ਭੌਰ ਦਾ ਢਾਡੀ ਜਥਾ ਖਾਲਸੇ ਦੇ ਗੋਰਮਈ ਇਤਿਹਾਸ ਦੀਆਂ ਕਥਾਵਾਂ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਸੁਣਾ ਰਿਹਾ ਸੀ। ਵੱਖ ਵੱਖ ਸੇਵਾਦਾਰਾਂ ਵੱਲੋਂ ਦੂਰੋਂ ਨੇੜਿਓਂ ਚੱਲ ਕੇ ਆਈਆਂ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਨਗਰ ਕੀਰਤਨ ਦੇ ਲੂਨਾ ਪਾਰਕ ਗਰਾਊਂਡ ਵਿੱਚ ਪਹੁੰਚਦਿਆਂ ਹੀ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਉਮੜ ਆਇਆ ਅਤੇ ਉਹਨਾਂ ਨੇ ਪੰਜ ਪਿਆਰੇ ਸਿੰਘ ਸਾਹਿਬਾਨਾਂ ਅਤੇ ਪਾਲਕੀ ਸਾਹਿਬ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਗੁਰੂ ਸਾਹਿਬ ਨੂੰ ਨਤਮਸਤਕ ਹੋਏ। ਨਗਰ ਕੀਰਤਨ ਮੌਕੇ ਪ੍ਰਸ਼ਾਸਨ ਵੱਲੋਂ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ ਸਨ। ਦੀਵਾਨਾਂ ਦੀ ਸੰਪੂਰਨਤਾ ਤਕਰੀਬਨ ਸ਼ਾਮ 5.30 ਵਜੇ ਹੋਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸਮੂਹ ਸੰਗਤਾਂ, ਲੰਗਰਾਂ ਦੀਆਂ ਸੇਵਾਵਾਂ ਕਰਨ ਵਾਲੇ ਸਮੂਹ ਸੇਵਾਦਾਰਾਂ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਜੀ ਆਇਆ ਨੂੰ ਆਖਿਆ ਗਿਆ ਅਤੇ ਸਭ ਦਾ ਧੰਨਵਾਦ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇਸ ਮੌਕੇ ਕਰੇਮੋਨਾ ਸ਼ਹਿਰ ਦੇ ਮੇਅਰ ਆਂਦਰਿਆ ਵੀਰਜੀਲੀਓ ਵੱਲੋਂ ਸਮੂਹ ਸੰਗਤਾਂ ਨੂੰ ਕਰੇਮੋਨਾ ਦੀ ਧਰਤੀ 'ਤੇ ਜੀ ਆਇਆ ਨੂੰ ਆਖਿਆ ਗਿਆ ਅਤੇ ਨਗਰ ਕੀਰਤਨ ਮੌਕੇ ਵਧਾਈਆਂ ਦਿੱਤੀਆਂ ਗਈਆਂ। ਸੰਪੂਰਨਤਾ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਲੰਗਰਾਂ ਦੀਆਂ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ,ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਪ੍ਰਬੰਧਕ ਕਮੇਟੀਆਂ, ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪ੍ਰੈਸ ਦੇ ਨੁਮਾਇੰਦਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।


# ਗੁਰਦੁਆਰਾ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ ਮਾਸੀਮੀਨਾ (ਰੋਮ) ਵਿਖੇ ਕਰਵਾਏ ਗਏ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ






ਰੋਮ 13 ਅਪ੍ਰੈਲ(ਗੁਰਸ਼ਰਨ ਸਿੰਘ ਸੋਨੀ) ਰਾਜਧਾਨੀ ਰੋਮ ਦੇ ਗੁਰਦੁਆਰਾ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ ਮਾਸੀਮੀਨਾ (ਰੋਮ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਦੇਸ਼ੀ ਧਰਤੀ ਤੇ ਸਿੱਖੀ ਤੇ ਦਸਤਾਰ ਦੀ ਪਹਿਚਾਣ ਲਈ ਬਹੁਤ ਯਤਨ ਕੀਤੇ ਸਨ ਇਸੇ ਲੜੀ ਨੂੰ ਅੱਗੇ ਤੋਰਦਿਆਂ ਹੋਇਆਂ ਇੱਕ ਵਾਰ ਫਿਰ ਨੌਜਵਾਨ ਪੀੜ੍ਹੀ ਨੂੰ ਦਸਤਾਰ ਸਜਾਉਣ ਲਈ ਪ੍ਰੇਰਿਤ ਕਰਨ ਲਈ ਗੁਰਦੁਆਰਾ ਸਾਹਿਬ ਵਿਖੇ ਐਤਵਾਰ ਨੂੰ ਹਫ਼ਤਾਵਾਰੀ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਇਲਾਹੀ ਬਾਣੀ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ ਤੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਉਪਰੰਤ ਦੁਪਹਿਰ 12 ਵਜੇ ਤੋ ਦੁਪਹਿਰ 1:30 ਵਜੇ ਤੱਕ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ । 2 ਦਰਜਨ ਦੇ ਕਰੀਬ ਨੌਜਵਾਨਾਂ ਵੱਲੋਂ ਹਿੱਸਾ ਲਿਆ ਗਿਆ ਤੇ ਜਿਸ ਵਿੱਚ ਪਹਿਲੇ ਦਰਜੇ ਤੇ ਸੁੰਦਰ ਦਸਤਾਰ ਸਜਾਉਣ ਵਾਲੇ ਨੌਜਵਾਨ ਵੀਰ ਵਿਜੇਦੀਪ ਸਿੰਘ ਨੂੰ 300 ਯੂਰੋ, ਦੂਜੇ ਦਰਜੇ ਤੇ ਗੁਰਸ਼ਾਨ ਸਿੰਘ ਨੇ 200 ਯੂਰੋ ਤੇ ਤੀਸਰੇ ਦਰਜੇ ਵਾਲੇ ਨੌਜਵਾਨ ਬਲਰਾਜ ਸਿੰਘ ਨੂੰ 100 ਯੂਰੋ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ ਇਸ ਤੋਂ ਇਲਾਵਾ ਜਿਹੜੇ ਵੀ ਨੌਜਵਾਨ ਇਸ ਦਸਤਾਰ ਸਜਾਉਣ ਦੇ ਮੁਕਾਬਲਿਆਂ ਵਿੱਚ ਭਾਗ ਲਿਆ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਨ੍ਹਾਂ ਦੀ ਸੇਵਾ ਜਿਨ੍ਹਾਂ ਵਿੱਚ ਪਹਿਲੇ ਸਥਾਨ ਦੇ ਇਨਾਮ ਦੀ ਸੇਵਾ ਭਾਈ ਦਿਆਨੰਦ ਸਿੰਘ, ਦੂਜੇ ਸਥਾਨ ਵਾਲੇ ਇਨਾਮ ਦੀ ਸੇਵਾਗੁਰਵਿੰਦਰ ਸਿੰਘ ਗੋਗੀ ਤੇ ਤੀਜੇ ਸਥਾਨ ਦੇ ਇਨਾਮ ਦੀ ਸੇਵਾ ਸੌਢੀ ਮਕੌੜਾ ਵਲੋ ਕੀਤੀ ਗਈ । ਪ੍ਰਬੰਧਕਾਂ ਵੱਲੋਂ ਤੇ ਭਾਈ ਇੰਦਰਜੀਤ ਸਿੰਘ ਵਲੋ ਅੱਗੇ ਦੱਸਿਆ ਕਿ ਇਨ੍ਹਾਂ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਉਣ ਦਾ ਇੱਕੋ ਇੱਕ ਮਕਸਦ ਹੈ ਕਿ ਨੌਜਵਾਨਾਂ ਨੂੰ ਦਸਤਾਰ ਸਜਾਉਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਵਿਦੇਸ਼ਾਂ ਵਿੱਚ ਵੀ ਦਸਤਾਰ ਦੀ ਮਹੱਤਤਾ ਨੂੰ ਹੋਰ ਉੱਚਾ ਬਣਾਇਆ ਜਾ ਸਕੇ ।ਸੰਗਤਾਂ ਲਈ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ ।

# ਬਜ਼ੁਰਗਾਂ ਨਾਲ ਠੱਗੀ ਮਾਰਨ ਦੇ ਦੋਸ਼ਾਂ ਤਹਿਤ ਭਾਰਤੀ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪਰਸੀਪੈਨੀ, ਨਿਊਜਰਸੀ ਦੇ ਵਸਨੀਕ ਇੱਕ ਭਾਰਤੀ ਨੂੰ ਅੰਤਰ ਰਾਜ ਸੋਨਾ ਘੁਟਾਲਾ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਉਸ ਦੀ ਗ੍ਰਿਫਤਾਰੀ ਲੋਇਸਿਆਨਾ ਤੇ ਟੈਕਸਾਸ ਦੀਆਂ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਸਾਂਝੇ ਤੌਰ 'ਤੇ ਕੀਤੀ ਜਾਂਚ ਉਪਰੰਤ ਹੋਈ ਹੈ। 25 ਸਾਲਾ ਨਿਗਮ ਭੱਟ ਜੋ ਵਰਕ ਵੀਜੇ ਉਪਰ ਹੈ, ਵਿਰੁੱਧ ਜਬਰਨ ਵਸੂਲੀ ਦੇ ਦੋਸ਼ ਲਾਏ ਗਏ ਹਨ। ਕੋਲਿਨ ਕਾਊਂਟੀ (ਟੈਕਸਾਸ) ਦੀ ਖੁਫੀਆ ਪੁਲਿਸ ਅਨੁਸਾਰ ਅੰਤਰ ਰਾਜ ਸੋਨਾ ਘੁਟਾਲੇ ਤਹਿਤ ਬਜ਼ੁਰਗਾਂ ਨੂੰ ਕਿਹਾ ਜਾਂਦਾ ਸੀ ਕਿ ਉਨਾਂ ਦੇ ਬੈਂਕ ਖਾਤੇ ਤੇ ਸਮਾਜਕ ਸੁਰੱਖਿਆ ਲਾਭ ਜਾਮ ਕਰ ਦਿੱਤੇ ਗਏ ਹਨ ਤੇ ਇਨਾਂ ਨੂੰ ਮੁੜ ਖੁਲਵਾਉਣ ਲਈ ਉਹ ਆਪਣਾ ਪੈਸਾ ਸੋਨੇ ਵਿੱਚ ਨਿਵੇਸ਼ ਕਰ ਦੇਣ। ਪੀੜਤਾਂ ਵਿੱਚ ਕੈਂਟਵੁੱਡ ਖੇਤਰ ਦੇ ਇਕ ਬਜ਼ੁਰਗ ਸਮੇਤ ਹੋਰ ਲੋਕ ਸ਼ਾਮਿਲ ਹਨ। ਕੈਪਟਨ ਜੌਹਨ ਗਾਰਡਨਰ ਦੀਆਂ ਹਦਾਇਤਾਂ 'ਤੇ ਭੱਟ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਇੱਕ ਸਥਾਨਕ ਪੀੜਤ ਕੋਲੋਂ 8 ਲੱਖ ਡਾਲਰ ਹੋਰ ਲੈਣ ਜਾ ਰਿਹਾ ਸੀ। ਟਾਂਗੀਪਾਹੋਆ ਪੈਰਿਸ਼ ਸ਼ੈਰਿਫ ਗੇਰਾਲਡ ਸਟਿਕਰ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਸੁਚੇਤ ਰਹਿਣ ਤੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਆਪਣੀ ਬੈਂਕ ਨਾਲ ਸੰਪਰਕ ਕਰਨ।








I attended a book launch “The last Royals of Lahore” by Peter Bance who is credited with enriching Sikh History after a great research in UK. The popular film on Maharaja Dulip Singh “Black Prince” was based on his book. I have the privilege of visiting his house in London where he has large collection of Sikh artifacts. Like Late Narinder Singh Kapany, Peter Bance is always at the look out to have more Sikh relics which are lying in private possessions all over England. Rani Preety Kaur who recently revived the Royal traditions of Nabha State also addressed the function. I requested Peter Bance that he may work on the new facts about Toshakhanna written by Niaz Ahmed Chaudhary, Administrator Punjab Archieves Lahore in his book on Lahore Fort and the story in the Guardian London written by Devid Pegg and Ganguly on the priceless plundering from Sikh Kingdom.

Tarlochan Singh Ex-M.P
Former Chairman National Commission Minorities.

# ਚੀਨ ਵਲੋਂ ਤਾਇਵਾਨ ’ਤੇ ਕਬਜ਼ੇ ਦੀ ਤਿਆਰੀ ?

**✪ ਦੁਨੀਆ ਮਿਡਲ ਈਸਟ ਉਲਝੀ, ਚੀਨ ਨੇ ਵਿਛਾਇਆ ਸ਼ਤਰੰਜੀ ਜਾਲ ! ✪ ਅਮਰੀਕਾ ਨੂੰ ਝਟਕਾ: “ਕੀ ਅਮਰੀਕਾ ਨੇ ਤਾਇਵਾਨ ਨੂੰ ਦਿੱਤਾ ਧੋਖਾ ? ✪ ਤਾਇਵਾਨ ’ਚ ਗ੍ਰਹਿ ਯੁੱਧ ਵਰਗੇ ਹਾਲਾਤ ? ਚੀਨ ਨੇ ਉਡਾਈ ਸੱਤਾਧਾਰੀ ਪਾਰਟੀ ਦੀ ਨੀਂਦ**

ਜਦੋਂ ਪੂਰੀ ਦੁਨੀਆ ਦਾ ਧਿਆਨ ਮਿਡਲ ਈਸਟ (ਮੱਧ ਪੂਰਬ) ਦੇ ਤਣਾਅ ਅਤੇ ਊਰਜਾ ਸੰਕਟ ਵੱਲ ਹੈ, ਉਦੋਂ ਚੀਨ ਅਤੇ ਤਾਇਵਾਨ ਦੇ ਵਿਚਕਾਰ ਇੱਕ ਵੱਡੀ ਸਿਆਸੀ ਹਲਚਲ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਤਾਇਵਾਨ ਦੀ ਵਿਰੋਧੀ ਧਿਰ ਦੀ ਨੇਤਾ ਚੇਂਗ ਲੀ-ਵੁਨ ਦੀ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਵੇਲੇ ਤਾਇਵਾਨ ਦੋ ਹਿੱਸਿਆਂ ਵਿੱਚ ਵੰਡਿਆ ਨਜ਼ਰ ਆ ਰਿਹਾ ਹੈ। ਸੱਤਾਧਾਰੀ ਪਾਰਟੀ ਸੁਰੱਖਿਆ ਲਈ ਪੂਰੀ ਤਰ੍ਹਾਂ ਅਮਰੀਕਾ ’ਤੇ ਭਰੋਸਾ ਕਰ ਰਹੀ ਹੈ। ਵਿਰੋਧੀ ਧਿਰ ਨੂੰ ਡਰ ਹੈ ਕਿ ਅਮਰੀਕਾ ਖੁਦ ਕਈ ਜੰਗਾਂ ਵਿੱਚ ਉਲਝਿਆ ਹੋਇਆ ਹੈ, ਅਜਿਹੇ ਵਿੱਚ ਤਾਇਵਾਨ ਇਕੱਲਾ ਪੈ ਸਕਦਾ ਹੈ। ਇਸੇ ਲਈ ਵਿਰੋਧੀ ਨੇਤਾ ਸ਼ਾਂਤੀ ਅਤੇ ਸੰਵਾਦ ਦੇ ਬਹਾਨੇ ਬੀਜਿੰਗ ਪਹੁੰਚੇ ਹਨ। ਤਾਇਵਾਨ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਲੰਬੇ ਸਮੇਂ ਤੱਕ ਇਜ਼ਰਾਈਲ-ਈਰਾਨ ਸੰਘਰਸ਼ ਵਿੱਚ ਫਸਿਆ ਰਿਹਾ, ਤਾਂ ਚੀਨ ਇਸ ਮੌਕੇ ਦਾ ਫਾਇਦਾ ਚੁੱਕ ਕੇ ਤਾਇਵਾਨ ’ਤੇ ਦਬਾਅ ਵਧਾਏਗਾ। ਸਭ ਤੋਂ ਵੱਡੀ ਚਿੰਤਾ ਹਥਿਆਰਾਂ ਦੀ ਸਪਲਾਈ ਨੂੰ ਲੈ ਕੇ ਹੈ। ਤਾਇਵਾਨ ਨੇ ਅਮਰੀਕਾ ਨੂੰ ਅਰਬਾਂ ਡਾਲਰ ਦਿੱਤੇ ਹੋਏ ਹਨ,



ਪਰ ਹਥਿਆਰਾਂ ਦੀ ਡਿਲਿਵਰੀ ਵਿੱਚ ਲਗਾਤਾਰ ਦੇਰੀ ਹੋ ਰਹੀ ਹੈ।

ਸ਼ੀ ਜਿਨਪਿੰਗ ਨੇ ਸਾਫ਼ ਕਰ ਦਿੱਤਾ ਹੈ ਕਿ ਤਾਇਵਾਨ ਦਾ ਚੀਨ ਨਾਲ ਮਿਲਣਾ ਇਤਿਹਾਸਿਕ ਤੌਰ ’ਤੇ ਤੈਅ ਹੈ। ਚੀਨ ਹੁਣ ਸਿੱਧੇ ਹਮਲੇ ਦੀ ਬਜਾਏ ‘ਗ੍ਰੇ ਜ਼ੋਨ ਵਾਰਫੇਅਰ’ ਰਾਹੀਂ ਤਾਇਵਾਨ ਨੂੰ ਥਕਾ ਰਿਹਾ ਹੈ। ਰੋਜ਼ਾਨਾ ਫਾਈਟਰ ਜੈੱਟਾਂ ਦੀ ਘੁਸਪੈਠ ਨਾਲ ਮਾਨਸਿਕ ਦਬਾਅ ਬਣਾ ਰਿਹਾ ਹੈ। ਤਾਇਵਾਨ ਦੀ ਵਿਰੋਧੀ ਧਿਰ ਨੂੰ ਅਹਿਮੀਅਤ ਦੇ ਕੇ ਉੱਥੋਂ ਦੀ ਜਨਤਾ ਨੂੰ ਵੰਡ ਰਿਹਾ ਹੈ ਤਾਂ ਜੋ ਸਤਾਧਾਰੀ ਦਾ ਤਖ਼ਤਾ ਪਲਟਾਇਆ ਜਾ ਸਕੇ। ਚੀਨ ਵਲੋਂ ਤਾਇਵਾਨ ਦੇ ਲੋਕਾਂ ਨੂੰ ਇਹ ਸੁਨੇਹਾ ਦੇਣਾ ਕਿ “ਜੇ ਤੁਸੀਂ ਵਿਰੋਧੀ ਧਿਰ ਨੂੰ ਚੁਣਦੇ ਹੋ, ਤਾਂ ਜੰਗ ਨਹੀਂ ਹੋਵੇਗੀ, ਵਪਾਰ ਤੇ ਵਿਕਾਸ ਹੋਵੇਗਾ।” ਕਈ ਜਾਣਕਾਰ ਇਸ ਨੂੰ ਚੀਨ ਦੀ ‘ਸਾਫਟ ਪਾਵਰ’ ਚਾਲ ਮੰਨ ਰਹੇ ਹਨ। ਚੀਨ ਤਾਇਵਾਨ ਦੀ ਸੱਤਾਧਾਰੀ ਪਾਰਟੀ ਨੂੰ ‘ਅਲਗਵਾਦੀ’ ਕਹਿ ਕੇ ਵੱਖ-ਥਲੱਗ ਕਰ ਰਿਹਾ ਹੈ। ਚੀਨ ਦੀ ਕੋਸ਼ਿਸ਼ ਹੈ ਕਿ ਅਗਲੀਆਂ ਚੋਣਾਂ ਵਿੱਚ ਤਾਇਵਾਨ ਵਿੱਚ ਅਜਿਹੀ ਸਰਕਾਰ ਆਵੇ ਜੋ ਬੀਜਿੰਗ ਦੇ ਇਸ਼ਾਰਿਆਂ ’ਤੇ ਚੱਲੇ।

ਸਿਆਸੀ ਮਾਹਿਰ ਆਖਦੇ ਹਨ ਕਿ ਤਾਇਵਾਨ ਦੇ ਆਮ ਲੋਕ ਇਸ ਖਿੱਚੋਤਾਣ ਵਿੱਚ ਪਿਸ ਰਹੇ ਹਨ। ਜਿੱਥੇ ਨੌਜਵਾਨਾਂ ਨੂੰ ਆਪਣੀ ਆਜ਼ਾਦੀ ਖੋਹੇ ਜਾਣ ਦਾ ਡਰ ਹੈ, ਉੱਥੇ ਹੀ ਬਜ਼ੁਰਗ ਜੰਗ ਦੀ ਤਬਾਹੀ ਤੋਂ ਖੌਫ਼ਜ਼ਦਾ ਹਨ। ਰਿਪੋਰਟਾਂ ਮੁਤਾਬਕ ਜ਼ਿਆਦਾਤਰ ਲੋਕ ‘ਸਟੇਟਸ ਕੋ’ (ਮੌਜੂਦਾ ਸਥਿਤੀ) ਬਣਾਈ ਰੱਖਣਾ ਚਾਹੁੰਦੇ ਹਨ-ਉਹ ਨਾ ਤਾਂ ਚੀਨ ਦਾ ਹਿੱਸਾ ਬਣਨਾ ਚਾਹੁੰਦੇ ਹਨ ਅਤੇ ਨਾ ਹੀ ਜੰਗ ਚਾਹੁੰਦੇ ਹਨ। ਸਿਆਸੀ ਮਾਹਿਰ ਇਹ ਵੀ ਆਖਦੇ ਹਨ ਕਿ ਅਮਰੀਕਾ ਦਾ ‘ਤਾਇਵਾਨ ਰਿਲੇਸ਼ਨਜ਼ ਐਕਟ’ ਉਸ ਨੂੰ ਤਾਇਵਾਨ ਦੀ ਰੱਖਿਆ ਲਈ ਹਥਿਆਰ ਦੇਣ ਲਈ ਪਾਬੰਦ ਕਰਦਾ ਹੈ। ਜੇਕਰ ਚੀਨ ਹਮਲਾ ਕਰਦਾ ਹੈ, ਤਾਂ ਅਮਰੀਕੀ ਰਾਸ਼ਟਰਪਤੀ ’ਤੇ ਫੌਜੀ ਦਖਲ ਦੇਣ ਦਾ ਭਾਰੀ ਦਬਾਅ ਹੋਵੇਗਾ। ਜੇਕਰ ਅਮਰੀਕਾ ਪਿੱਛੇ ਹਟਦਾ ਹੈ, ਤਾਂ ਦੁਨੀਆ ਭਰ ਵਿੱਚ ਉਸ ਦੀ ਸੁਪਰਪਾਵਰ ਵਾਲੀ ਸਾਖ ਖਤਮ ਹੋ ਜਾਵੇਗੀ।

ਦੁਨੀਆ ਦੀਆਂ 90% ਤੋਂ ਵੱਧ ਐਡਵਾਂਸਡ ਚਿੱਪਾਂ ਤਾਇਵਾਨ (ਟੀਐਸਐਮਸੀ) ਵਿੱਚ ਬਣਦੀਆਂ ਹਨ। ਜੇਕਰ ਚੀਨ ਦਾ ਤਾਇਵਾਨ ’ਤੇ ਕਬਜ਼ਾ ਹੁੰਦਾ ਹੈ, ਤਾਂ ਉਹ ਪੂਰੀ ਦੁਨੀਆ ਦੀ ਤਕਨਾਲੋਜੀ ਅਤੇ ਆਰਥਿਕਤਾ ਦੀ ‘ਲਗਾਮ’ ਆਪਣੇ ਹੱਥ ਵਿੱਚ ਲੈ ਲਵੇਗਾ। ਅਮਰੀਕਾ ਇਸ ਨੂੰ ਰੋਕਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਚੀਨ ਲਈ ਤਾਇਵਾਨ ਉਸ ਦਾ “ਅਟੁੱਟ ਅੰਗ” ਹੈ। ਸ਼ੀ ਜਿਨਪਿੰਗ ਨੇ ਕਈ ਵਾਰ ਕਿਹਾ ਹੈ ਕਿ ਉਹ ਤਾਇਵਾਨ ਨੂੰ ਮਿਲਾਉਣ ਲਈ ਤਾਕਤ ਦੀ ਵਰਤੋਂ ਤੋਂ ਗੁਰੇਜ਼ ਨਹੀਂ ਕਰਨਗੇ। ਜੇਕਰ ਤਾਇਵਾਨ ਦੀ ਸੱਤਾਧਾਰੀ ਪਾਰਟੀ ਅਮਰੀਕਾ ਦੇ ਹੱਥਾਂ ਵਿੱਚ ਖੇਡ ਕੇ ਅਧਿਕਾਰਤ ਤੌਰ ’ਤੇ ‘ਆਜ਼ਾਦੀ’ ਦਾ ਐਲਾਨ ਕਰਦੀ ਹੈ, ਤਾਂ ਚੀਨ ਤੁਰੰਤ ਹਮਲਾ ਕਰ ਸਕਦਾ ਹੈ। ਚੀਨ ਇਹ ਦੇਖ ਰਿਹਾ ਹੈ ਕਿ ਅਮਰੀਕਾ ਦੀ ਫੌਜੀ ਤਾਕਤ ਇਸ ਵੇਲੇ ਦੋ ਥਾਵਾਂ (ਯੂਕਰੇਨ ਅਤੇ ਮਿਡਲ ਈਸਟ) ਵਿੱਚ ਵੰਡੀ ਹੋਈ ਹੈ। ਜੇਕਰ ਚੀਨ ਨੂੰ ਲੱਗਦਾ ਹੈ ਕਿ ਅਮਰੀਕਾ ਤੀਜਾ ਮੋਰਚਾ ਖੋਲ੍ਹਣ ਦੀ ਹਿੰਮਤ ਨਹੀਂ ਕਰੇਗਾ, ਤਾਂ ਉਹ ‘ਰਿਸਕ’ ਲੈ ਸਕਦਾ ਹੈ।

## ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦੇ 100ਵੇਂ ਜਨਮ ਦਿਨ ’ਤੇ ਅੰਤਰਰਾਸ਼ਟਰੀ ਸੈਮੀਨਾਰ ਆਯੋਜਿਤ-ਗੁਰਮਤਿ ਸੰਗੀਤ ਲਈ ਸਮੁੱਚਾ ਜੀਵਨ ਸਮਰਪਿਤ ਕਰਕੇ ਵੱਡੀਆਂ ਸੇਵਾਵਾਂ ਦਿੱਤੀਆਂ




ਸੈਮੀਨਾਰ ਦੌਰਾਨ ਪ੍ਰਸਿੱਧ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਭਾਈ ਕੁਲਤਾਰ ਸਿੰਘ, ਭਾਈ ਸਵਰਨ ਸਿੰਘ, ਭਾਈ ਬਲਦੀਪ ਸਿੰਘ ਦਿੱਲੀ, ਡਾ: ਗੁਰਸ਼ਰਨ ਕੌਰ, ਡਾ: ਮਨਜੀਤ ਸਿੰਘ ਯੂ.ਐਸ.ਏ., ਪ੍ਰੋ: ਹਰਭਜਨ ਸਿੰਘ ਅਤੇ ਹੋਰ।

ਦਿੱਲੀ-ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦੇ 100ਵੇਂ ਜਨਮ ਦਿਨ ‘ਤੇ ਮਾਤਾ ਸੁੰਦਰੀ ਕਾਲਜ ਫਾਰ ਵਿਮਿਨ ਨਵੀਂ ਦਿੱਲੀ ਵਿਖੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿਖੇ ਇਕ ਦਿਨਾਂ ਅੰਤਰਰਾਸ਼ਟਰੀ ਸੈਮੀਨਾਰ ਭਾਈ ਸਾਹਿਬ ਦੇ ਜੀਵਨ, ਗੁਰਮਤਿ ਸੰਗੀਤ ਪ੍ਰਤੀ ਵਿਲੱਖਣ ਯੋਗਦਾਨ ‘ਤੇ ਚਰਚਾ ਕਰਦਿਆਂ ਸੰਪੂਰਨ ਹੋਇਆ। ਇਸ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ ਨਾਦ ਮਿਊਜ਼ਿਕ ਇੰਸਟੀਚਿਊਟ ਯੂ.ਐਸ.ਏ., ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਾਤਾ ਸੁੰਦਰੀ ਕਾਲਜ ਫ਼ਾਰ ਵਿਮਿਨ ਦੇ ਸੰਗੀਤ ਵਿਭਾਗ ਦੇ ਸਾਂਝੇ ਯਤਨਾਂ ਨਾਲ ਕੀਤਾ ਗਿਆ। ਗੁਰਪੁਰ ਵਾਸੀ ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਨੇ ਆਪਣੇ 80 ਸਾਲਾ ਜੀਵਨ-ਕਾਲ ਵਿੱਚ 52 ਵਰ੍ਹੇ ਲਗਾਤਾਰ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਬਤੌਰ ਹਜੂਰੀ ਰਾਗੀ ਵਜੋਂ ਸੇਵਾਵਾਂ ਦਿੱਤੀਆਂ। ਸਮੁੱਚੇ ਸਿੱਖ ਜਗਤ ਨੇ ਉਨ੍ਹਾਂ ਵੱਲੋਂ ਗੁਰਮਤਿ ਸੰਗੀਤ ਦੀਆਂ ਗੁਰੂ ਸਾਹਿਬਾਨ ਵੱਲੋਂ ਚੱਲ ਰਹੀਆਂ ਪੁਰਾਤਨ ਰੀਤਾਂ ਦਾ ਕੀਰਤਨ ਸਰਵਣ ਕੀਤਾ। ਆਪਣੇ ਜੀਵਨ ਦੀਆਂ ਉਨ੍ਹਾਂ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹਰ ਸ਼ਹੀਦੀ ਸਾਕੇ ਦੌਰਾਨ ਉਨ੍ਹਾਂ ਦੇ ਪਿਤਾ ਜੀ ਭਾਈ ਜਵਾਲਾ ਸਿੰਘ ਰਾਗੀ ਦੀ ਅਦੁੱਤੀ ਦੇਣ ਦਾ ਜ਼ਿਕਰ ਭਾਵਪੂਰਤ ਸ਼ਬਦਾਂ ਵਿੱਚ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਲਗਾਤਾਰ ਦੱਸ ਸਾਲਾਂ ਦੀ ਘਾਲਣਾ ਪਿੱਛੋਂ ਗੁਰਮਤਿ ਸੰਗੀਤ ਲਈ ਲਿਖੀ ਗਈ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾ ਵਾਲੀ ਦੋ ਭਾਗਾਂ ਵਿੱਚ ਛਾਪ ਕੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਨਿਕਟ ਭਵਿੱਖ ਲਈ ਵੱਡੀ ਦੇਣ ਹੈ। ਭਾਈ ਸਾਹਿਬ ਗੁਰੂ ਅਮਰਦਾਸ ਜੀ ਵੱਲੋਂ ਸਥਾਪਤ 22 ਮੰਜੀਆਂ ਵਿੱਚੋਂ ਪ੍ਰਸਿੱਧ ਕੀਰਤਨੀਏ ਭਾਈ ਸਧਾਰਨ ਜੀ ਦੀ 11ਵੀਂ ਅੰਸ਼-ਵੰਸ਼ ਸਨ, ਭਾਈ ਸਾਹਿਬ ਦੇ ਸਪੁੱਤਰ ਭਾਈ ਕੁਲਤਾਰ ਸਿੰਘ ਹਜੂਰੀ ਰਾਗੀ, ਗੁ: ਸੀਸ ਗੰਜ ਸਾਹਿਬ/ਗੁ: ਬੰਗਲਾ ਸਾਹਿਬ ਵਿਖੇ ਇਸ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਇਸ ਸੈਮੀਨਾਰ ਦੇ ਰੂਹ-ਏ-ਰਵਾਂ ਭਾਈ ਕੁਲਤਾਰ ਸਿੰਘ ਜੋ ਖੁਦ ਮਕੈਨੀਕਲ ਇੰਜੀਨੀਅਰ ਵਜੋਂ ਗੋਲਡ ਮੈਡਲਿਸਟ ਹਨ ਨੇ ਆਪਣੇ ਪਿਤਾ ਭਾਈ ਅਵਤਾਰ ਸਿੰਘ ਰਾਗੀ ਅਤੇ ਗੁਰਚਰਨ ਸਿੰਘ ਰਾਗੀ ਵੱਲੋਂ ਜੀਵਨ-ਕਾਲ ਦੌਰਾਨ ਪਾਏ ਯੋਗਦਾਨ ਨੂੰ ਯਾਦ ਕੀਤਾ। ਜੋ ਖੁਦ ਆਪਣੇ ਪਿਤਾ ਤੇ ਤਾਇਆ ਜੀ ਦੀਆਂ ਰੀਤਾਂ ਵਿੱਚ ਸ਼ਬਦਾਂ ਦਾ ਗਾਇਨ ਕਰਦੇ ਹਨ, 79 ਵਰ੍ਹੇ ਦੀ ਉਮਰ ਵਿੱਚ ਭਾਈ ਸਾਹਿਬ ਦੇ ਸਾਥੀ ਭਾਈ ਸਵਰਨ ਸਿੰਘ ਜੋ ਖ਼ੁਦ ਅਜੇ ਵੀ ਤਬਲੇ ‘ਤੇ ਸਾਥ ਦਿੰਦੇ ਹਨ, ਨੇ ਭਾਈ ਅਵਤਾਰ ਸਿੰਘ ਦੀਆਂ ਪੰਥਕ ਸੇਵਾਵਾਂ ਦਾ ਜ਼ਿਕਰ ਕੀਤਾ। ਸੈਮੀਨਾਰ ਦੇ ਪਹਿਲੇ ਸੈਸ਼ਨ ਵਿੱਚ ਕਾਲਜ ਦੀ ਪ੍ਰਿੰਸੀਪਲ ਡਾ: ਹਰਪ੍ਰੀਤ ਕੌਰ ਤੋਂ ਇਲਾਵਾ ਬੁਲਾਰਿਆਂ ਵਿੱਚ ਭਾਈ ਕੁਲਤਾਰ ਸਿੰਘ, ਭਾਈ ਸਵਰਨ ਸਿੰਘ, ਭਾਈ ਸਾਹਿਬ ਦੀ ਬੇਟੀ ਬੀਬੀ ਜਸਵਿੰਦਰ ਕੌਰ ਆਸਟ੍ਰੇਲੀਆ, ਡਾ: ਮਨਜੀਤ ਸਿੰਘ ਨਾਦ ਮਿਊਜ਼ਿਕ ਯੂ.ਐਸ.ਏ., ਡਾ: ਜਸਪਾਲ ਸਿੰਘ ਸਾ. ਵਾਈਸ ਚਾਂਸਲਰ, ਪਦਮ ਭੂਸ਼ਨ ਸ. ਤਰਲੋਚਨ ਸਿੰਘ ਸਾ. ਐਮ.ਪੀ., ਦਿੱਲੀ ਕਮੇਟੀ ਵੱਲੋਂ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ, ਜਸਪ੍ਰੀਤ ਸਿੰਘ ਕਰਮਸਰ ਮੁਖੀ ਧਰਮ ਪ੍ਰਚਾਰ, ਭਾਈ ਰਣਜੀਤ ਸਿੰਘ ਹੈੱਡ ਗ੍ਰੰਥੀ ਗੁ: ਬੰਗਲਾ ਸਾਹਿਬ, ਡਾ: ਰਵੇਲ ਸਿੰਘ ਅਤੇ ਦੂਸਰੇ ਸੈਸ਼ਨ ਵਿੱਚ ਉਘੇ ਪੰਥਕ ਬੁਲਾਰੇ ਤੇ ਸਿੱਖ ਸਕਾਲਰ ਸ. ਭਗਵਾਨ ਸਿੰਘ ਜੌਹਲ ਨੇ ਭਾਈ ਸਾਹਿਬ ਦੀ ਅਮੀਰ ਗੁਰਮਤਿ ਵਿਰਾਸਤ ‘ਤੇ ਵਿਸ਼ੇਸ਼ ਲੈਕਚਰ ਦਿੱਤਾ। ਸੰਗੀਤ ਨੂੰ ਵੱਡੀ ਦੇਣ ਵਾਲੇ ਭਾਈ ਬਲਦੀਪ ਸਿੰਘ ਦਿੱਲੀ ਨਾਦ ਫਾਊਂਡੇਸ਼ਨ, ਪ੍ਰੋ: ਹਰਭਜਨ ਸਿੰਘ ਅਤੇ ਸੰਗੀਤ ਵਿਭਾਗ ਦੀ ਮੁਖੀ ਡਾ: ਗੁਰਸ਼ਰਨ ਕੌਰ ਨੇ ਭਾਈ ਅਵਤਾਰ ਸਿੰਘ ਸਬੰਧੀ ਵਿਚਾਰਾਂ ਦੀ ਸਾਂਝ ਪਾਈ। ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚੋਂ ਗੁਰਮਤਿ ਸੰਗੀਤ ਨਾਲ ਪ੍ਰੇਮ ਕਰਨ ਵਾਲੇ ਪਤਵੰਤੇ ਹਾਜ਼ਰ ਸਨ।

# ਸਿਖ ਸੇਵਕ ਸੁਸਾਇਟੀ ਨੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਜਲੰਧਰ ਵਿਖੇ ਕਿਰਤੀ ਪਰਿਵਾਰਾਂ ਦੀ ਫੜੀ ਬਾਂਹ

**✪ ਵਿਸਾਖੀ ’ਤੇ ‘ਵੰਡ ਛਕਣ’ ਦੇ ਸਿਧਾਂਤ ’ਤੇ ਪਹਿਰਾ: ਗੁਰੂ ਨਾਨਕ ਮਿਸ਼ਨ ਵਿਖੇ ਹੋਈ ਸੇਵਾ ਦੀ ਵਰਖਾ ✪ ਮਨੁੱਖੀ ਸੇਵਾ ’ਚ ਮੋਹਰੀ ਸਿੱਖ ਸੇਵਕ ਸੁਸਾਇਟੀ: ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਦੀ ਅਗਵਾਈ ਹੇਠ ਨੇਕ ਕਾਰਜ**












ਅਜੋਕੇ ਪਦਾਰਥਵਾਦੀ ਅਤੇ ਸਵਾਰਥੀ ਯੁੱਗ ਵਿੱਚ, ਜਿੱਥੇ ਹਰ ਇਨਸਾਨ ਆਪਣੀ ਨਿੱਜੀ ਦੌੜ ਵਿੱਚ ਰੁੱਝਿਆ ਹੋਇਆ ਹੈ, ਉੱਥੇ ਕੁਝ ਅਜਿਹੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਵੀ ਹਨ ਜੋ ‘ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦੇ ਗੁਰਵਾਕ ਨੂੰ ਅਮਲੀ ਜਾਮਾ ਪਹਿਨਾ ਰਹੀਆਂ ਹਨ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਗੁਰਦੁਆਰਾ ਸਿੰਘ ਸਭਾ ਗੁਰੂ ਨਾਨਕ ਮਿਸ਼ਨ, ਜਲੰਧਰ ਵਿਖੇ ਕਰਵਾਇਆ ਗਿਆ ਸਮਾਗਮ ਮਨੁੱਖੀ ਹਮਦਰਦੀ ਦੀ ਇੱਕ ਮਿਸਾਲੀ ਉਦਾਹਰਣ ਬਣ ਕੇ ਸਾਹਮਣੇ ਆਇਆ ਹੈ। ਇਸ ਅਸਥਾਨ ਤੋਂ ਲੋੜਵੰਦਾਂ ਨੂੰ ਵੀਲ੍ਹ-ਚੇਅਰਾਂ ਵੰਡਣ ਦਾ ਕਾਰਜ ਕੇਵਲ ਇੱਕ ਸਹਾਇਤਾ ਮਾਤਰ ਨਹੀਂ, ਸਗੋਂ ਉਨ੍ਹਾਂ ਦੇ ਜੀਵਨ ਵਿੱਚ ਨਵੀਂ ਉਮੀਦ ਦੀ ਕਿਰਨ ਜਗਾਉਣ ਦਾ ਯਤਨ ਹੈ।

ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਗੁਰੂ ਨਾਨਕ ਮਿਸ਼ਨ ਜਲੰਧਰ ਦੀ ਪਵਿੱਤਰ ਧਰਤੀ ’ਤੇ ਸੇਵਾ ਦੇ ਅਸਲ ਅਰਥਾਂ ਨੂੰ ਸਪੱਸ਼ਟ ਕੀਤਾ। ਉਨ੍ਹਾਂ ਦਾ ਇਹ ਕਹਿਣਾ ਕਿ “ਅਸੀਂ ਅੰਨ ਐਨਜੀਓ ਨਹੀਂ, ਗੁਰੂ ਦੀ ਸੰਗਤ ਹਾਂ”, ਸਿੱਖੀ ਦੇ ਉਸ ਮੂਲ ਸਿਧਾਂਤ ਨੂੰ ਦਰਸਾਉਂਦਾ ਹੈ ਜਿੱਥੇ ਸੇਵਾ ਕਿਸੇ ਅੰਕੜੇ ਜਾਂ ਪ੍ਰਸਿੱਧੀ ਲਈ ਨਹੀਂ, ਸਗੋਂ ਸਤਿਗੁਰੂ ਦੀ ਰਜ਼ਾ ਵਿੱਚ ਰਹਿ ਕੇ ‘ਦਸਵੰਧ’ ਰਾਹੀਂ ਲੋੜਵੰਦਾਂ ਦੇ ਦੁੱਖ ਵੰਡਾਉਣ ਲਈ ਕੀਤੀ ਜਾਂਦੀ ਹੈ। ਜਦੋਂ ਕਿਸੇ ਮਜਬੂਰ ਇਨਸਾਨ ਦੇ ਪੈਰ ਸਾਥ ਛੱਡ ਦਿੰਦੇ ਹਨ, ਤਾਂ ਵੀਲ੍ਹ-ਚੇਅਰ ਵਰਗੀ ਸਹਾਇਤਾ ਉਸ ਲਈ ਸਿਰਫ਼ ਇੱਕ ਕੁਰਸੀ ਨਹੀਂ ਹੁੰਦੀ, ਸਗੋਂ ਮੁੜ ਤੋਂ ਆਜ਼ਾਦ ਫ਼ਿਜ਼ਾ ਵਿੱਚ ਵਿਚਰਨ ਦਾ ਇੱਕ ਵਸੀਲਾ ਬਣ ਜਾਂਦੀ ਹੈ।

ਸੁਸਾਇਟੀ ਦਾ ਕਾਰਜ ਖੇਤਰ ਕੇਵਲ ਵੀਲ੍ਹ-ਚੇਅਰਾਂ ਵੰਡਣ ਤੱਕ ਸੀਮਤ ਨਹੀਂ ਹੈ। 10 ਗਰੀਬ ਕਿਰਤੀ ਪਰਿਵਾਰਾਂ ਨੂੰ ਪੱਕੇ ਮਕਾਨ ਬਣਾ ਕੇ ਦੇਣਾ ਅਤੇ ਬਿਮਾਰਾਂ ਦੇ ਇਲਾਜ ਲਈ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣਾ ਇਹ ਸਿੱਧ ਕਰਦਾ ਹੈ ਕਿ ਇਹ ਜਥੇਬੰਦੀ ਜ਼ਮੀਨੀ ਪੱਧਰ ’ਤੇ ਲੋਕਾਂ ਦੀਆਂ ਤਕਲੀਫ਼ਾਂ ਨੂੰ ਸਮਝਦੀ ਹੈ। ਜਲੰਧਰ ਦੇ 7 ਕਿਰਤੀ ਪਰਿਵਾਰਾਂ ਨੂੰ ਦਿੱਤੀਆਂ ਗਈਆਂ ਵੀਲ੍ਹ-ਚੇਅਰਾਂ ਉਨ੍ਹਾਂ ਦੇ ਜੀਵਨ ਦੇ ਗੁਜ਼ਾਰੇ ਨੂੰ ਸੌਖਾ ਕਰਨ ਵਿੱਚ ਸਹਾਈ ਹੋਣਗੀਆਂ। ਇਸ ਨੇਕ ਕਾਰਜ ਦੀ ਸਫਲਤਾ ਪਿੱਛੇ ਇੱਕ ਵੱਡੀ ਟੀਮ ਦਾ ਸਮਰਪਣ ਛੁਪਿਆ ਹੋਇਆ ਹੈ। ਸੁਸਾਇਟੀ ਦੀ ਨਿਰਸਵਾਰਥ ਸੇਵਾ ਨੂੰ ਉਦੋਂ ਹੋਰ ਵੀ ਬਲ ਮਿਲਿਆ, ਜਦੋਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਬਖਸ਼ ਸਿੰਘ ਜੁਨੇਜਾ ਨੇ ਇਸ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਗੁਰਦੁਆਰੇ ਹਾਲ ਵਿਚ ਜੁੜੀ ਸੰਗਤ ਦੀ ਹਾਜ਼ਰੀ ਵਿਚ ਸੁਸਾਇਟੀ ਨੂੰ ਦਬੇ ਕੁਚਲੇ ਸਮਾਜ ਲਈ ਇੱਕ ’ਚਾਨਣ ਮੁਨਾਰਾ’ ਕਰਾਰ ਦਿੱਤਾ।

ਇਸ ਸਮਾਗਮ ਦੌਰਾਨ ਪ੍ਰੋਫੈਸਰ ਬਲਵਿੰਦਰਪਾਲ ਸਿੰਘ, ਸੰਤੋਖ ਸਿੰਘ ਦਿਲੀ ਪੇਂਟਸੰਦੀਪ ਸਿੰਘ ਚਾਵਲਾ, ਠੇਕੇਦਾਰ ਹਰਦੇਵ ਸਿੰਘ ਗਰਚਾ, ਅਰਵਿੰਦਰਜੀਤ ਸਿੰਘ ਚੱਡਾ (ਐਡਵੋਕੇਟ), ਬਲਜੀਤ ਸਿੰਘ ਮਿਸ਼ਨਰੀ, ਪ੍ਰਿੰਸੀਪਲ ਮਨਦੀਪ ਸਿੰਘ, ਗੁਰਪ੍ਰੀਤ ਸਿੰਘ ਰਾਜੂ, ਸਰਦਾਰ ਦਵਿੰਦਰ ਸਿੰਘ ਅਨੰਦ, ਮਨਕਰਨ ਸਿੰਘ, ਸੁਖਵਿੰਦਰ ਸਿੰਘ ਗੋਗੀ, ਗੁਰਬਚਨ ਸਿੰਘ ਕਥੂਰੀਆ ਆਦਿ ਸ਼ਾਮਲ ਸਨ।

ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕਾਂ ਵਲੋਂ ਚਰਨਜੀਵ ਸਿੰਘ ਲਾਲੀ, ਅਮਰਜੀਤ ਸਿੰਘ ਬਜਾਜ, ਰਜਿੰਦਰ ਪਾਲ ਸਿੰਘ, ਦਵਿੰਦਰ ਪਾਲ ਸਿੰਘ, ਦਵਿੰਦਰ ਪਾਲ ਸਿੰਘ ਸੈਨੀ, ਡਾਕਟਰ ਤਨਵੀਰ ਭੂਮਰਾ , ਸ. ਸੁਖਦੇਵ ਸਿੰਘ ਗਾਂਧੀ, ਸ. ਤੇਜਿੰਦਰ ਪਾਲ ਸਿੰਘ, ਸ. ਇੰਦਰਮੋਹਨ ਸਿੰਘ, ਸਤਿੰਦਰ ਪਾਲ ਸਿੰਘ, ਸ. ਪਰਵਿੰਦਰ ਸਿੰਘ, ਜਸਪ੍ਰੀਤ ਸਿੰਘ ਅਤੇ ਵੀਪੀ ਸਿੰਘ ਦੀ ਹਾਜ਼ਰੀ ਨੇ ਇਸ ਸੇਵਾ ਕਾਰਜ ਨੂੰ ਹੋਰ ਬਲ ਦਿੱਤਾ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦਾ ਇਹ ਯਤਨ ਹੋਰਨਾਂ ਸੰਸਥਾਵਾਂ ਲਈ ਇੱਕ ਪ੍ਰੇਰਨਾ ਸਰੋਤ ਹੈ। ਗੁਰੂ ਨਾਨਕ ਦੇਵ ਜੀ ਦੇ ‘ਕਿਰਤ ਕਰੋ ਤੇ ਵੰਡ ਛਕੋ’ ਦੇ ਸਿਧਾਂਤ ’ਤੇ ਪਹਿਰਾ ਦਿੰਦਿਆਂ, ਇਹ ਸੁਸਾਇਟੀ ਪੰਜਾਬ ’ਤੇ ਆਈ ਕਿਸੇ ਵੀ ਕੁਦਰਤੀ ਆਫ਼ਤ ਸਮੇਂ ਵੀ ਹਮੇਸ਼ਾ ਮੋਹਰੀ ਰੋਲ ਨਿਭਾਉਂਦੀ ਰਹੀ ਹੈ। ਅਜਿਹੇ ਉਪਰਾਲੇ ਹੀ ਸਮਾਜ ਵਿੱਚ ਇਨਸਾਨੀਅਤ ਦੀ ਉਮੀਦ ਨੂੰ ਜਿਉਂਦਾ ਰੱਖਦੇ ਹਨ। ਲੋੜਵੰਦਾਂ ਦੀਆਂ ਅੱਖਾਂ ਦੀ ਚਮਕ ਹੀ ਇਸ ਸੇਵਾ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

# ਛੋਟੀ ਛੋਟੀ ਗੱਲ ਨੂੰ ਵੀ ਵੱਡੀ ਸਮਝੋ ਭਾਵਨਾਵਾਂ ਨੂੰ ਕਦੇ ਚੁੱਪ ਨਾ ਰਹਿਣ ਦਿਓ

**ਡਾ ਅਮਰਜੀਤ ਟਾਂਡਾ**
ਸੰਪਰਕ+61 412913021





ਕਈ ਵਾਰ ਸਾਡੇ ਨੇੜੇ ਦੇ ਲੋਕ ਵੀ ਛੋਟੀਆਂ ਛੋਟੀਆਂ ਗੱਲਾਂ ਤੇ ਨਾਰਾਜ਼ ਹੋ ਕੇ ਦੂਰ ਹੋ ਜਾਂਦੇ ਹਨ, ਜਿਵੇਂ ਕਿ "ਚਾਹ ਨਾ ਪੁੱਛਣਾ", ਫ਼ੋਨ ਨਾ ਕਰਨਾ ਮਦਦ ਵੇਲੇ ਖ਼ਤਰੇ ਵਿੱਚ ਨਾ ਪੁੱਛਣਾ ਆਦਿ। ਇਹ ਸੱਚ ਹੈ ਕਿ ਇਨ੍ਹਾਂ ਛੋਟੀਆਂ ਗੱਲਾਂ ਵਿੱਚ ਵੀ ਇਨਸਾਨ ਵੱਡੀਆਂ ਭਾਵਨਾਵਾਂ, ਅਹਿਸਾਸ ਅਤੇ ਸਾਡੀ ਔਖੀ ਮਿਹਨਤ ਦੇ ਨਿਸ਼ਾਨ ਲੁਕੇ ਛੁਪੇ ਹੁੰਦੇ ਹਨ।

ਕਿਉਂ ਇੰਨੀ ਨਾਰਾਜ਼ਗੀ?

ਅਹਿਸਾਸ ਦੀ ਭੁੱਖ-ਲੋਕ ਚਾਹ ਜਾਂ ਫੋਨ ਤੋਂ ਵੱਧ "ਮੈਂ ਤੈਨੂੰ ਯਾਦ ਕੀਤਾ" ਜਾਂ "ਤੂੰ ਮੇਰੇ ਲਈ ਮਹੱਤਵਪੂਰਨ ਹੈਂ" ਦਾ ਸੰਦੇਸ਼ ਸੁਣਨਾ ਚਾਹੁੰਦੇ ਹਨ। ਜਦੋਂ ਅਸੀਂ ਇਹ ਛੋਟੀ ਗੱਲ ਵੀ ਨਹੀਂ ਕਰ ਪਾਉਂਦੇ ਤਾਂ ਉਹ ਸਮਝ ਲੈਂਦੇ ਹਨ ਕਿ ਸਾਡੇ ਦਿਲ ਵਿੱਚ ਉਹਨਾਂ ਦੀ ਕੋਈ ਥਾਂ ਨਹੀਂ ਹੈ।

ਅੱਜ-ਕੱਲ ਲੋਕਾਂ ਕੋਲ ਸਮਾਂ ਘੱਟ ਹੈ, ਮੋਬਾਈਲ ਹੈ, ਪਰ ਧਿਆਨ ਘੱਟ ਹੈ। ਕਈ ਵਾਰ ਅਸੀਂ ਅਜਿਹੇ ਕੰਮ ਕਰਦੇ ਹਾਂ ਜਿਨ੍ਹਾਂ ਵਿੱਚ ਸਾਡੇ ਆਪਣੇ ਹਿੱਤ ਉੱਤੇ ਹਰ ਕੋਈ ਗੱਲ ਤੁਰ ਰਹੀ ਹੁੰਦੀ ਹੈ, ਅਤੇ ਦੂਜੇ ਦੀਆਂ ਭਾਵਨਾਵਾਂ ਨੂੰ ਅਸੀਂ ਗਲਤ ਸਮਝ ਲੈਂਦੇ ਹਾਂ।

ਗੁੱਸਾ ਜਾਂ ਦੂਰੀ ਦਾ ਹੱਲ-

ਕਈ ਲੋਕ ਸਿੱਧੇ ਕਹਿਣ ਦੀ ਹਿੰਮਤ ਨਹੀਂ ਕਰਦੇ, ਪਰ ਦਿਲ ਵਿੱਚ ਨਾਰਾਜ਼ ਹੋ ਜਾਂਦੇ ਹਨ ਅਤੇ ਹੌਲੀ ਹੌਲੀ ਦੂਰ ਹੋਣ ਲੱਗ ਪੈਂਦੇ ਹਨ। ਇਹ ਦੂਰੀ ਵਾਕਈ ਹੀ ਵੱਡਾ ਦਰਦ ਦੇਂਦੀ ਹੈ, ਖ਼ਾਸ ਕਰਕੇ ਜਦੋਂ ਘਣਪੂਰਨ ਸਾਲਾਂ ਪੁਰਾਣਾ ਰਿਸ਼ਤਾ ਹੋਵੇ।

ਇਸ ਨੂੰ ਘਟਾਉਣ ਦੇ ਕੁਝ ਵਿਚਾਰ-

ਛੋਟੀਆਂ ਛੋਟੀਆਂ ਗੱਲਾਂ ਨੂੰ ਵੀ ਵੱਡੀਆਂ ਮੰਨ ਕੇ ਸੁਣੋ

ਜੇ ਕਿਸੇ ਦੋਸਤ ਨੇ ਤੁਹਾਨੂੰ "ਚਾਹ ਵੀ ਨਹੀਂ ਪੁੱਛੀ" ਜਾਂ ਤੁਹਾਡੇ ਘਰ ਆਉਣ ਦਾ ਸੱਦਾ ਨਹੀਂ ਦਿੱਤਾ, ਤਾਂ ਇਸ ਨੂੰ ਸਿਰਫ਼ ਇੱਕ ਮੌਕਾ ਸਮਝੋ ਕਿ ਉਹ ਦਿਲ ਵਿੱਚ ਕੁਝ ਸੁਣਨਾ ਚਾਹੁੰਦਾ ਹੈ।

ਇੱਕ ਛੋਟਾ ਸੁਨੇਹਾ ਸੰਦੇਸ਼ ਜਾਂ ਫ਼ੋਨ ਕਾਲ ਅਕਸਰ ਸਾਰਾ ਦਰਦ ਘਟਾ ਦਿੰਦੀ ਹੈ।

ਔਖੀ ਗੱਲ ਸਿੱਧੇ ਕਹਿਣੀ ਸਿੱਖੋ-

ਜੇ ਤੁਸੀਂ ਕਿਸੇ ਦੇ ਨਾਲ ਨਾਰਾਜ਼ ਹੋ, ਤਾਂ ਸਿੱਧੇ ਅਤੇ ਸੁਰਖ਼ਿਆ ਨਾਲ ਆਖੋ:

"ਮੈਂ ਨਾਰਾਜ਼ ਨਹੀਂ, ਪਰ ਮੈਨੂੰ ਇਹ ਗੱਲ ਦੁਖ ਦਿੰਦੀ ਹੈ ਕਿ ਤੂੰ ਮੈਨੂੰ ਫੋਨ ਨਹੀਂ ਕਰਦਾ...ਕੀ ਮੈਂ ਤੁਹਾਡੇ ਲਈ ਕੋਈ ਮਹੱਤਵ ਨਹੀਂ ਰੱਖਦਾ?"

ਇਸ ਤਰ੍ਹਾਂ ਦੀ ਗੱਲਾਂ ਬਹੁਤ ਵਾਰ ਰਿਸ਼ਤੇ ਨੂੰ ਹੋਰ ਮਜ਼ਬੂਤ ਕਰ ਦਿੰਦੀਆਂ ਹਨ।

ਦੂਜਿਆਂ ਦੀ ਵੀ ਔਖ ਵਿੱਚ ਸਮਝੋ-

ਕਈ ਵਾਰ ਤੁਹਾਡਾ ਦੋਸਤ ਵੀ ਕਿਸੇ ਉਦਾਸੀ, ਦੁੱਖ ਜਾਂ ਕੰਮ ਦੇ ਬੋਝ ਵਿੱਚ ਫਸਿਆ ਹੁੰਦਾ ਹੈ, ਜਿਸ ਕਾਰਨ ਉਹ ਛੋਟੀਆਂ ਗੱਲਾਂ ਵੀ ਨਹੀਂ ਕਰ ਪਾਉਂਦਾ।

ਇੱਕ ਛੋਟਾ ਸੁਝਾਵ, ਇੱਕ ਸਵਾਲ, ਜਿਵੇਂ "ਤੂੰ ਠੀਕ ਤਾਂ ਹੈ?" ਪੁਛਣਾ ਉਹ ਵੀ ਬਹੁਤ ਵੱਡੀ ਗੱਲ ਹੁੰਦਾ ਹੈ।

ਉਸ ਦੇ ਮਨ ਨੂੰ ਧਰਵਾਸ ਮਿਲਦਾ ਹੈ।

ਉਹ ਖੁਸ਼ ਹੋ ਜਾਂਦਾ ਹੈ ਘੜੀ ਪਲ ਲਈ।

ਗੁੱਸੇ ਨੂੰ "ਦੂਰੀ" ਨਾ ਬਣਨ ਦਿਓ-

ਜੇ ਕੋਈ ਤੁਹਾਡੇ ਨਾਲ ਨਾਰਾਜ਼ ਹੋ ਗਿਆ ਹੈ, ਤਾਂ ਰਿਸ਼ਤਾ ਤੋੜੋ ਨਾ, ਸਗੋਂ ਉਸ ਨੂੰ ਵਾਪਸ ਜੋੜਨ ਦੀ ਕੋਸ਼ਿਸ਼ ਕਰੋ। ਇੱਕ ਛੋਟਾ ਹੱਥ ਵਧਾਉਣਾ ਕਈ ਵਾਰ ਸਾਰੇ ਸਾਲ ਦੀ ਦੂਰੀ ਨੂੰ ਵੀ ਮਿਟਾ ਦਿੰਦਾ ਹੈ।

ਇੱਕ ਛੋਟੀ ਜਿਹੀ ਪੰਕਤੀ ਤੁਹਾਡੇ ਲਈ

"ਛੋਟੇ ਸ਼ਬਦ, ਸਦਾ ਦੂਜੇ ਨੂੰ ਮਹੱਤਵ ਦੇ ਦੇਂਦੇ ਹਨ;

ਉਹੀ ਸ਼ਬਦ ਜਦ ਖ਼ਾਮੋਸ਼ ਹੋ ਜਾਂਦੇ ਹਨ,

ਰਿਸ਼ਤਾ ਵੀ ਹੌਲੀ ਹੌਲੀ ਹਨ੍ਹੇਰੇ ਵਿੱਚ ਛੁਪ ਜਾਂਦਾ ਹੈ।"

ਦੂਰੀਆਂ ਮਿਟ ਜਾਂਦੀਆਂ ਹਨ, ਗੁੱਸੇ ਗਿਲੇ ਖੁਰ ਜਾਂਦੇ ਹਨ।

ਰਿਸ਼ਤਿਆਂ ਦੀ ਔਖ, ਚਾਹ ਨਾ ਪੁੱਛਣ ਦੀ ਨਾਰਾਜ਼ਗੀ ਅਤੇ ਦਿਲ ਵਿੱਚ ਬੈਠੀ ਦੂਰੀ ਬਾਰੇ -

ਦੋ ਦੋਸਤ ਸਨ- ਇੱਕ ਪਿੰਡ ਵਿੱਚ, ਦੂਜਾ ਸ਼ਹਿਰ ਵਿੱਚ ਰਹਿੰਦਾ ਸੀ।

ਹਰ ਵੀਰਵਾਰ ਸੁਬਹ ਉੱਠ ਕੇ ਸੰਦੇਸ਼ ਆਉਂਦਾ:

"ਚਾਹ ਪੀ ਲਈ, ਜਾਂ ਕਹਿੰਦੇ ਆ ਜਾਓ ਇਥੇ ਇਕੱਠੇ ਪੀ ਲੈਂਦੇ ਹਾਂ?"

ਇਹ ਸਿਰਫ਼ ਚਾਹ ਦੀ ਗੱਲ ਨਹੀਂ ਸੀ, ਇਹ ਸੁਨੇਹਾ ਸੀ -

"ਤੂੰ ਮੇਰੇ ਦਿਨ ਦੀ ਸ਼ੁਰੂਆਤ ਵਿੱਚ ਵੀ ਮੌਜੂਦ ਹੈਂ।"

ਇੱਕ ਸਾਲ ਸ਼ਹਿਰ ਵਾਲਾ ਦੋਸਤ ਬਹੁਤ ਕੰਮਾਂ ਵਿੱਚ ਫ਼ਸ ਗਿਆ।

ਹੌਲੀ ਹੌਲੀ ਸੰਦੇਸ਼ ਦੇਰ ਨਾਲ ਆਉਣ ਲੱਗੇ, ਫਿਰ ਹਫ਼ਤੇ ਬਾਅਦ ਆਉਣ ਲੱਗੇ।

ਪਿੰਡ ਵਾਲਾ ਦੋਸਤ ਸੋਚਦਾ:

"ਕੀ ਮੈਂ ਉਸ ਲਈ ਇੱਤਨਾ ਵੀ ਮਹੱਤਵਪੂਰਨ ਨਹੀਂ ਰਿਹਾ?"

ਇੱਕ ਦਿਨ ਉਸ ਨੇ ਦਿਲ ਦੀ ਗੱਲ ਸਿੱਧੇ ਲਿਖ ਦਿੱਤੀ:

"ਤੂੰ ਮੇਰੀ ਚਾਹ ਨਾ ਪੁੱਛਣ ਤੋਂ ਮੈਂ ਨਹੀਂ ਨਾਰਾਜ਼...ਪਰ ਮੈਨੂੰ ਲਗਦਾ ਹੈ ਕਿ ਤੂੰ ਮੇਰੇ ਨਾਲ ਦੂਰ ਹੋ ਰਿਹਾ ਹੈਂ।"

ਸ਼ਹਿਰ ਵਾਲੇ ਦੋਸਤ ਨੇ ਉੱਤਰ ਦਿੱਤਾ:

"ਮੈਨੂੰ ਤੇਰੀ ਯਾਦ ਆਉਂਦੀ ਹੈ, ਪਰ ਫ਼ੋਨ ਕਰਨ ਦਾ ਸਮਾਂ ਨਹੀਂ ਮਿਲਦਾ।

ਮੈਂ ਸੋਚਦਾ ਹਾਂ, ਤੂੰ ਮੈਨੂੰ ਚਾਹ ਨਹੀਂ ਪੁੱਛਦਾ...ਤਾਂ ਕੀ ਮੈਂ ਅੱਜ ਤੇਰੇ ਲਈ ਕੁਝ ਵੀ ਕੀਮਤੀ ਨਹੀਂ ਰਿਹਾ?"

ਦੋਨਾਂ ਦੇ ਦਿਲ ਵਿੱਚ ਇੱਕੋ ਜਿਹਾ ਸਵਾਲ ਸੀ, ਗੱਲ ਕੀਤੀ ਨਾ ਗਈ - ਸਿਰਫ਼ ਚਾਹ ਨਾ ਪੁੱਛਣ ਨੇ ਦੂਰੀ ਬਣਾ ਦਿੱਤੀ।

"ਛੋਟੀ ਛੋਟੀ ਗੱਲ ਨੂੰ ਵੱਡੀ ਸਮਝੋ ਭਾਵਨਾਵਾਂ ਨੂੰ ਕਦੇ ਚੁੱਪ ਨਾ ਰਹਿਣ ਦਿਓ।"

ਉਹਨਾਂ ਨੇ ਫਿਰ ਗੱਲਬਾਤ ਕਰਨੀ ਸ਼ੁਰੂ ਕੀਤੀ - ਇੱਕ ਸੁਖ਼ਨ, ਇੱਕ ਫ਼ੋਨ, ਇੱਕ ਸੰਦੇਸ਼।

ਜਦੋਂ ਕੋਈ ਦੋਸਤ ਜਾਂ ਨੇੜਲਾ ਵਿਅਕਤੀ ਕਹਿੰਦਾ ਹੈ: "ਤੂੰ ਤਾਂ ਯਾਰ ਮੈਨੂੰ ਚਾਹ ਵੀ ਨਹੀਂ ਪੁੱਛਦਾ", ਤਾਂ ਇਹ ਸਿਰਫ਼ ਚਾਹ ਬਾਰੇ ਸ਼ਿਕਾਇਤ ਨਹੀਂ ਹੁੰਦੀ, ਇਹ ਦਿਲ ਦੀ ਧੜਕਣ ਜਾਂ ਮਿਲਣ ਦੀ ਚਾਹਤ ਹੁੰਦੀ ਹੈ।

ਇਹ ਇਕਾਂਤ ਦਾ ਦਰਦ ਹੁੰਦਾ ਹੈ, ਜਿਸ ਨੂੰ ਸ਼ਬਦ ਚੁੱਪਚਾਪ ਸੁਣਾਉਂਦੇ ਹਨ।

ਕਈ ਵਾਰ ਨਾਰਾਜ਼ਗੀ ਸਿੱਧੇ ਬੋਲਣ ਦੀ ਥਾਂ ਡਰ ਵਿੱਚ ਬਦਲ ਜਾਂਦੀ ਹੈ। ਲੋਕ ਸੋਚਦੇ ਹਨ ਕਿ ਜੇ ਅਸੀਂ ਆਪਣਾ ਦਰਦ ਦੱਸਿਆ ਤਾਂ ਰਿਸ਼ਤਾ ਹੋਰ ਟੁੱਟ ਜਾਵੇਗਾ, ਇਸ ਲਈ ਚੁੱਪ ਰਹਿੰਦੇ ਹਨ। ਪਰ ਚੁੱਪ ਹੀ ਸਭ ਤੋਂ ਵੱਡਾ ਦੁਸ਼ਮਣ ਬਣ ਜਾਂਦੀ ਹੈ। ਹਰ ਵਾਰ ਜਦੋਂ ਕੋਈ ਮੌਕਾ ਗੁਆਚਦਾ ਹੈ - ਫੋਨ ਨਾ ਕਰਨਾ, ਸੁਨੇਹਾ ਨਾ ਭੇਜਣਾ, ਮੁਸਕਰਾਹਟ ਨਾ ਸੁਣਾਉਣਾ - ਤਾਂ ਰਿਸ਼ਤੇ ਦੀ ਦੀਵਾਰ ਵਿਚ ਇੱਕ ਹੋਰ ਦਰਾੜ ਆ ਜਾਂਦੀ ਹੈ।

ਦੂਜੇ ਪਾਸੇ ਇਹ ਵੀ ਗੱਲ ਸੰਭਵ ਹੈ ਕਿ ਦੂਜਾ ਵਿਅਕਤੀ ਕਿਸੇ ਹੋਰ ਉਦਾਸੀ, ਦੁੱਖ ਜਾਂ ਕੰਮ ਦੇ ਬੋਝ ਵਿੱਚ ਫਸਿਆ ਹੋਵੇ। ਉਹ ਸੱਚ ਵਿੱਚ ਯਾਦ ਕਰਦਾ ਹੈ । ਪਰ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਵੀ ਜ਼ਰੂਰੀ ਹੈ, ਨਾ ਕਿ ਮਾਤਰ ਦੂਰ ਹੋ ਜਾਣਾ।

ਜਦੋਂ ਕੋਈ ਕਹਿੰਦਾ ਹੈ, "ਤੂੰ ਮੈਨੂੰ ਯਾਦ ਨਹੀਂ ਕਰਦਾ", ਤਾਂ ਇਸ ਦਾ ਸਹੀ ਜਵਾਬ ਇਹ ਨਹੀਂ ਹੋਣਾ ਚਾਹੀਦਾ ਕਿ "ਮੈਂ ਤਾਂ ਕਦੇ ਭੁੱਲਿਆ ਨਹੀਂ", ਸਗੋਂ ਇਹ ਹੋਣਾ ਚਾਹੀਦਾ ਹੈ: "ਮੈਂ ਤੈਨੂੰ ਯਾਦ ਕਰਦਾ / ਕਰਦੀ ਹੀ ਰਹਿੰਦੀ ਹਾਂ।

ਇਹ ਸ਼ਬਦ ਸੱਚ ਬਣਾਈਏ, ਹਰ ਰੋਜ਼ ਗੱਲਾਂ ਕਰ ਕੇ ਸੁਧਾਰੀਏ। ਵਟਸਐਪ ਸਭ ਮੈਸੰਜਰ ਸੱਭ ਮੁਫ਼ਤ ਹਨ"

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਚਾਹ ਨਾ ਪੁੱਛਣਾ ਸਿਰਫ਼ ਇੱਕ ਸੰਜੋਗ ਹੈ; ਅਸਲ ਗੱਲ ਹੈ ਭਰੋਸੇ ਦੀ ਕਮੀ, ਸੰਵਾਦ ਦੀ ਘਾਟ, ਅਤੇ ਦੁੱਖ ਨੂੰ ਸਿੱਧੇ ਨਾ ਦੱਸਣ ਦੀ ਆਦਤ। ਇੱਕ ਛੋਟਾ ਸੰਦੇਸ਼, ਇੱਕ ਛੋਟੀ ਮੁਸਕਰਾਹਟ, ਇੱਕ ਸਵਾਲ - "ਤੂੰ ਠੀਕ ਹੈਂ?" - ਇਹ ਸਾਰੀਆਂ ਛੋਟੀਆਂ ਗੱਲਾਂ ਰਿਸ਼ਤੇ ਦੀ ਥਾਂ ਤੇ ਇੱਕ ਵੱਡੀ ਨੀਂਹ ਬਣ ਸਕਦੀਆਂ ਹਨ।

ਜਦੋਂ ਵੀ ਕੋਈ ਦੋਸਤ ਜਾਂ ਰਿਸ਼ਤੇਦਾਰ ਨਾਰਾਜ਼ ਦਿਸੇ, "ਚਾਹ ਨਾ ਪੁੱਛਣ ਤੇ" ਜਾਂ "ਫੋਨ ਨਾ ਕਰਨ ਤੇ", ਤਾਂ ਇਸ ਨੂੰ ਸਿਰਫ਼ ਮੂਰਖਤਾ ਜਾਂ ਬੇਵਕੂਫ਼ੀ ਨਾ ਸਮਝੋ; ਇਸ ਨੂੰ ਇੱਕ ਸੰਕੇਤ ਸਮਝੋ ਕਿ ਉਸ ਦਾ ਦਿਲ ਹੌਲੀ-ਹੌਲੀ ਦੂਰ ਜਾ ਰਿਹਾ ਹੈ, ਅਤੇ ਹੋ ਸਕਦਾ ਹੈ ਕਿ ਉਹ ਇੱਕ ਛੋਟਾ ਜਿਹਾ ਸਹਾਰਾ ਤੁਹਾਡੇ ਤੋਂ ਮੰਗ ਰਿਹਾ ਹੋਵੇ।

ਇੱਕ ਸਿੱਧੀ, ਸਾਦੀ ਅਤੇ ਪੂਰਨ ਸਚਾਈ ਭਰੀ ਗੱਲ ਕਈ ਵਾਰ ਸਾਰੇ ਸਾਲਾਂ ਦੀ ਦੂਰੀ ਘਟਾ ਦਿੰਦੀ ਹੈ।

ਸੋ ਜੇ ਆਪਾਂ ਇਕ ਦੂਸਰੇ ਨੂੰ ਰੋਜ਼ਾਨਾ ਇੱਕ ਦੂਜੇ ਨੂੰ ਫੋਨ ਕਰੀਏ, ਚਾਹ ਖਾਣੇ ਤੇ ਸੱਦੀਏ ਤਾਂ ਨੇੜਤਾ ਬਣੀ ਰਹੇਗੀ, ਦੂਰੀਆਂ ਮਿਟ ਜਾਣਗੀਆਂ।

ਇਹੀ ਨੇੜਤਾ ਇੱਕ ਦੂਸਰੇ ਦੀਆਂ ਖੁਸ਼ੀਆਂ ਬਣਦੇ ਹਨ

ਸਾਲ ਜੋੜਦੇ ਹਨ ਉਮਰਾਂ ਵਿੱਚ। ਦੁੱਖ ਵੀ ਸੁੱਖ ਬਣ ਜਾਂਦੇ ਹਨ।

*-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

# ਕਵਿਤਾਵਾਂ / ਅਮਰਜੀਤ ਟਾਂਡਾ

*ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*



## ਰੰਗ ਧਾਗਿਆਂ ਦੇ

ਉਹ ਦੁਕਾਨ ਤੇ ਆਈ
ਤਾਂ ਕਈ ਧਾਗਿਆਂ ਦੇ ਡੱਬੇ
ਖੁੱਲਵਾ ਲਏ
ਇੱਕ ਇੱਕ ਡੱਬਾ ਦੇਖਦੀ
ਪਾਸੇ ਕਰੀ ਜਾਵੇ
ਖ਼ਬਰੇ ਉਹ ਕੋਈ
ਨਵੇਂ ਰੰਗ ਟੋਲ ਰਹੀ ਸੀ
ਫਿਰ ਉਹਨੇ ਆਪਣੇ ਗੋਰੇ ਹੱਥਾਂ ਨਾਲ
ਬਹੁਤ ਹੀ ਗਹੁ ਨਾਲ
ਕੁਝ ਧਾਗਿਆਂ ਦੇ ਕਈ ਰੰਗ ਚੁਣੇ
ਸ਼ਾਇਦ ਚਿੜੀਆਂ ਮੋਰ
ਘੁੱਗੀਆਂ ਕਬੂਤਰ
ਕੱਢਣੇ ਹੋਣੇ ਨੇ ਚਾਦਰ ਤੇ
ਇਹੋ ਜਿਹੀ ਮੂਰਤ ਦੇ ਨਕਸ਼
ਸਦਾ ਲਈ ਪਲਕਾਂ ਤੇ ਰਹਿ ਜਾਂਦੇ ਹਨ
ਮੈਂ ਕੋਈ ਚੀਜ਼ ਲੈਣੀ ਹੋਵੇ
ਤਾਂ ਕਈ ਵਾਰ
ਦੁਕਾਨਦਾਰ ਦੀ ਸਲਾਹ ਵੀ ਲੈ ਲੈਂਦਾ ਹਾਂ
ਕਿਸੇ ਹੋਰ ਗਾਹਕ ਗ੍ਰਹਿਣੀ ਨੂੰ ਵੀ ਪੁੱਛ ਲੈਂਦਾ ਹਾਂ
ਲੋਕਾਂ ਦੀ ਸਲਾਹ ਚ ਹੀ ਤਜਰਬੇ ਹੁੰਦੇ ਹਨ ਜ਼ਿੰਦਗੀ ਦੇ
ਮੈਂ ਤਜ਼ਰਬੇ ਤੇ ਚੀਜ਼ਾਂ ਲੈ
ਜਲਦੀ ਘਰ ਪਰਤਦਾ ਹਾਂ
ਤੇ ਹੋਰ ਕੰਮ ਨਿਬੇੜਨ ਲੱਗ ਜਾਂਦਾ
ਹਾਂ
ਜਿਵੇਂ ਕੱਲ ਨੂੰ ਕਰਬਲਾ ਛਾ ਜਾਣੀ ਹੋਵੇ
ਉਹਨੇ ਧਾਗਿਆਂ ਦੇ ਰੰਗ ਲਏ
ਵੱਖਰੀਆਂ ਕਿਸਮਾਂ ਦੇ ਸਨ
ਉਹ ਚਾਦਰ ਨੂੰ ਨਵੇਂ ਰੰਗਾਂ
ਨਾਲ ਸਜਾ ਰਹੀ ਹੋਵੇਗੀ ਕਿਤੇ
ਤੇ ਕਿਸੇ ਗੀਤ ਦੀਆਂ ਸਤਰਾਂ ਵੀ
ਨਾਲ ਹੀ ਕੱਢ ਰਹੀ ਹੋਵੇਗੀ
ਗੀਤ ਦੇ ਨਾਲ
ਨਵੇਂ ਰੰਗਾਂ ਦੇ ਧਾਗੇ
ਚਿੜੀਆਂ ਮੋਰਾਂ ਦੇ ਪਰਾਂ ਉੱਤੇ
ਕਿੰਨੇ ਸੋਹਣੇ ਲੱਗਣਗੇ
ਸੋਹਣੀਆਂ ਨਜ਼ਰਾਂ ਨਾਲ ਚੁਣੇ
ਨਰਮ ਪੋਟਿਆਂ ਨਾਲ ਕੱਢੇ

## ਅੱਖ ਲੱਗ ਜਾਂਦੀ ਸੀ

ਅੱਖ ਲੱਗ ਜਾਂਦੀ ਸੀ
ਤਾਰੇ ਗਿਣਦਿਆਂ ਗਿਣਦਿਆਂ
ਚੋਰ ਸਿਪਾਹੀ ਲੱਭਦਿਆਂ
ਮਾਂ ਦੀਆਂ ਲੋਰੀਆਂ ਲਾਡਾਂ ਨਾਲ
ਪਰ ਦੁਆਵਾਂ ਬਾਤਾਂ
ਰਾਤ ਭਰ ਜਾਗਦੀਆਂ ਰਹਿੰਦੀਆਂ

ਬਾਪੂ ਵਾਟਾਂ ਦੀ ਲੰਬਾਈ ਵਿੱਚੋਂ
ਮੰਜ਼ਿਲਾਂ ਭਾਲਦਾ
ਪੁੱਤਾਂ ਦੇ ਸੁਪਨੇ ਉਸਾਰਦਾ ਗਿਣਦਾ
ਸੁਬਾਹ ਸ਼ਾਮ ਨਾਲ ਮੁਸਕਰਾਉਂਦਾ

ਦਰਵਾਜ਼ੇ ਦੀ ਚੌਖਟ
ਉਡੀਕਾਂ ਅਸੀਸਾਂ ਬਣ ਬਹਿੰਦੀਆਂ ਭੈਣਾਂ
ਵੀਰਿਆਂ ਦੇ ਰਾਹ ਮਿਣਦੀਆਂ ਭਰਦੀਆਂ

ਬਾਹਾਂ ਖੋਲ੍ਹ ਕੇ ਤੁਰਦੇ ਵੀਰੇ
ਆਪੋ ਆਪਣੀਆਂ ਰਾਹਾਂ ਵੱਲ
ਉਲਝਣਾਂ ਦੀ ਧੁੰਦ ਵਿੱਚ
ਇੱਕ ਦੂਜੇ ਨੂੰ ਕਾਹਲੀ ਵਿੱਚ
ਬੁਲਾਉਣਾ ਮਿਲਣਾ ਵੀ ਭੁੱਲ ਜਾਂਦੇ

ਰਿਸ਼ਤਿਆਂ ਨਾਲ ਬਣਦਾ ਘਰ
ਦੀਵਾਰਾਂ ਨਾਲ ਨਹੀਂ
ਬੂਹੇ ਕਹਿਣ
ਪਰ ਸਮੇਂ ਦੀਆਂ ਹਵਾਵਾਂ
ਦਰਾਰਾਂ ਪਾ ਜਾਂਦੀਆਂ
ਤਿੜਕ ਜਾਂਦੇ ਘਰ
ਬਣ ਜਾਣ ਘਰਾਂ ਤੋਂ ਮਕਾਨ
ਇੱਟਾਂ ਰਹਿ ਜਾਣ
ਬਾਰੀਆਂ ਬੂਹਿਆਂ ਨੂੰ ਸਾਂਭਦੀਆਂ

ਹੱਸਦਾ ਵਸਦਾ ਪ੍ਰੀਵਾਰ
ਹੌਲੀ ਹੌਲੀ ਤਿੜਕਨ
ਟੁੱਟਣ ਖੁਰਨ ਲੱਗੇ

ਇਹ ਸਾਰਾ ਕੁਝ
ਸਾਰਿਆਂ ਦੀਆਂ ਅੱਖਾਂ ਦੇ ਸਾਹਮਣੇ ਹੋਵੇ

ਜੀਊਂਦਾ ਰਹੇ ਰਿਸ਼ਤਾ ਰਾਹ
ਇੱਕ ਦੂਜੇ ਲਈ
ਟੁੱਟ ਕੇ ਵੀ
ਇਕੱਠੇ ਰਹਿਣ ਦਾ ਨਾਮ ਜਪੇ

## ਗੜਿਆਂ ਦੀ ਚਾਦਰ ਹੇਠ

ਗੜਿਆਂ ਦੀ ਚਾਦਰ ਹੇਠ
ਰੋ ਪਏ ਖੇਤਾਂ ਦੇ ਸੁਪਨੇ ਕੱਲ
ਮਣਾਂ ਮੂੰਹੀਂ ਗੜੇ ਨਹੀਂ ਪਏ
ਫ਼ਸਲਾਂ ਦੇ ਸੁਪਨਿਆਂ ਨੂੰ
ਕਰਬਲਾ ਦਾ ਸਰਾਪ ਲੱਗਾ ਹੈ
ਸੁਨਹਿਰੀ ਲਹਿਰਾਂ ਵਾਂਗ
ਝੂਮਦੇ ਖ਼ਾਬ
ਬੱਚੇ ਦੇ ਟੁੱਟੇ ਖਿਡੌਣਿਆਂ ਵਾਂਗ
ਧਰਤੀ ਤੇ ਹਿੱਕ ਤੇ ਡਿੱਗ ਕੇ ਸੌਂ ਗਏ
ਜਿਵੇਂ ਕਿਸੇ ਬਸੰਤ ਰੁੱਤ ਦੀ
ਨੁਹਾਰ ਨੂੰ ਕਿਸੇ ਨੇ ਚੁਰਾ ਲਈ ਹੋਵੇ
ਹਰੀਆਂ ਭਰੀਆਂ ਰਗਾਂ ਵਿੱਚ
ਚੁੱਪੀ ਭਰ ਦਿੱਤੀ ਹੋਵੇ ਜਿਵੇਂ ਕਿਸੇ ਨੇ
ਸਿਰਫ਼ ਫ਼ਸਲਾਂ ਨਹੀਂ ਤੋੜੀਆਂ ਗੜਿਆਂ ਨੇ
ਅੰਨ ਦਾਤਿਆਂ ਦੀਆਂ ਖਾਹਿਸ਼ਾਂ
ਉਮੀਦਾਂ ਦੇ ਦੀਵੇ ਵੀ ਬੁਝਾ ਦਿੱਤੇ ਹਨ
ਖੇਤ ਏਦਾਂ ਲੱਗਦੇ ਹਨ
ਜਿਵੇਂ ਵਿਆਹ ਵਾਲਾ ਘਰ
ਅਚਾਨਕ ਸੋਗ ਵਿੱਚ ਬਦਲ ਗਿਆ ਹੋਵੇ,
ਜਿਵੇਂ ਚਿੜੀਆਂ ਦੇ ਆਲ੍ਹਣੇ ਤੂਫ਼ਾਨ ਵਿੱਚ ਉਡ ਗਏ ਹੋਣ,
ਜਿਵੇਂ ਨੰਨਿਆਂ ਦੀ ਮੁਸਕਾਨ ਕਿਸੇ ਨੇ ਖੋਹ ਲਈ ਹੋਵੇ
ਬੱਲੀਆਂ ਜਿਨ੍ਹਾਂ ਨੇ ਕੁਝ ਦਿਨਾਂ ਵਿੱਚ ਹੀ
ਭੁੱਖ ਦਾ ਟੁੱਕ ਬਣਨਾ ਸੀ
ਟੁੱਟੇ ਪੰਖਾਂ ਵਾਲੇ ਪੰਛੀਆਂ ਵਾਂਗ
ਧਰਤੀ ਤੇ ਲਿਪਟੀਆਂ ਪਈਆਂ ਹਨ
ਖੇਤ ਵਿੱਚ ਖੜ੍ਹ ਕੇ ਜਦ ਦੁਨੀਆਂ ਰੋਈ
ਸਿਰਫ਼ ਆਪਣੀ ਕਣਕ ਲਈ ਨਹੀਂ ਵਿਲਕੀ
ਆਪਣੀ ਮਾਂ ਵਰਗੀ ਧਰਤੀ ਲਈ ਰੋਈ
ਖੇਤਾਂ ਵਾਲਾ ਆਪਣੇ ਬੱਚਿਆਂ ਦੀਆਂ
ਅੱਖਾਂ ਵਿੱਚ ਜਗਦੀ ਉਮੀਦ ਲਈ ਰੋਇਆ
ਸਾਲ ਭਰ ਦੀ ਮਿਹਨਤ ਦੇ
ਟੁੱਟੇ ਸੁਪਨਿਆਂ ਲਈ ਸਿਸਕਿਆ
ਓਹਦੀਆਂ ਅੱਖਾਂ ਵਿੱਚੋਂ ਡਿੱਗਦੇ ਹੰਝੂ
ਮੋਤੀਆਂ ਵਰਗੇ ਨਹੀਂ
ਪਿਘਲਦੇ ਗੜਿਆਂ ਵਰਗੇ ਲੱਗਦੇ ਸਨ
ਝੰਬੀ ਡਿੱਗੀ ਕਣਕ ਏਦਾਂ ਲੱਗਦੀ ਹੈ
ਜਿਵੇਂ ਜੰਗ- ਏ-ਮੈਦਾਨ ਵਿੱਚ
ਡਿੱਗੇ ਬੇਗੁਨਾਹ ਫੌਜੀ ਹੋਣ
ਹਨ੍ਹੇਰੀ ਨਾਲ ਟੁੱਟੇ ਨਾਜ਼ੁਕ ਫੁੱਲ
ਜਿਵੇਂ ਮਾਂ ਦੀ ਗੋਦ ਵਿੱਚ ਸੁੱਤੇ ਬੱਚੇ ਨੂੰ
ਕਿਸੇ ਨੇ ਝੰਝੋੜ ਕੇ ਵੱਖ ਕਰ ਦਿੱਤਾ ਹੋਵੇ
ਸੁਹਾਗ ਦੀ ਚੂੜੀ ਟੁੱਟ ਕੇ ਜਿਵੇਂ ਖ਼ਾਮੋਸ਼ ਹੋ ਗਈ ਹੋਵੇ
ਵਾਜਿਆਂ ਵਾਲਾ ਮੇਲਾ ਜਿਵੇਂ ਅਚਾਨਕ ਛਿੜ ਗਿਆ ਹੋਵੇ
ਧਰਤੀ ਵੀ ਅੱਜ ਚੁੱਪ ਹੈ
ਹਵਾ ਵੀ ਕੁਝ ਨਹੀਂ ਬੋਲਦੀ
ਅਸਮਾਨ ਵੀ ਜਿਵੇਂ ਸ਼ਰਮਿੰਦਾ ਹੋਇਆ ਖੜ੍ਹਾ ਹੈ
ਪਰ ਕਿਸਾਨ ਮਜ਼ਦੂਰ ਦੀ ਚੁੱਪ
ਅੱਜ ਬਹੁਤ ਕੁਝ ਕਹਿ ਰਹੀ ਹੈ
ਉਸਦੀਆਂ ਹੱਥਾਂ ਦੀਆਂ ਲਕੀਰਾਂ ਵਿੱਚ ਦਰਦ ਉੱਗਿਆ ਹੈ
ਚਿਹਰੇ ਦੀਆਂ ਝੁਰੜੀਆਂ
ਹੋਰ ਡੂੰਘੀਆਂ ਹੋ ਗਈਆਂ ਹਨ -
ਸਮੇਂ ਨੇ ਆਪਣੇ ਹੱਥ ਨਾਲ
ਉਸ ਦੇ ਮੱਥੇ ਤੇ ਜ਼ਖਮ ਲਿਖ ਦਿੱਤੇ ਹਨ
ਕੀ ਹੋਇਆ ਅੱਜ ਖੇਤ ਨਹੀਂ ਹੱਸਦੇ
ਪਰ ਰੂਹ ਅਜੇ ਵੀ ਜ਼ਿੰਦਾ ਹੈ..
ਉਹ ਰੋਂਦਾ ਡੁਸਕਦਾ ਵੀ
ਮੁਸਕਰਾਉਣ ਦੀ ਹਿੰਮਤ ਰੱਖਦਾ ਹੈ,
ਉਹ ਟੁੱਟ ਕੇ ਵੀ ਨਵਾਂ ਬੀਜ ਬੀਜਣ ਦੀ ਆਸ ਰੱਖਦਾ ਹੈ
ਕਿਉਂਕਿ ਉਹ ਸਿਰਫ਼ ਮਿੱਟੀ ਚ ਹੀ
ਬੀਜ ਨਹੀਂ ਬੀਜਦਾ
ਸਦਾ ਲੰਬੀਆਂ ਉਮੀਦਾਂ ਦੇ ਬੀਅ ਵੀ ਖਿਲਾਰਦਾ ਹੈ੩
ਉਹ ਜ਼ਿੰਦਗੀ ਬੀਜਦਾ ਹੈ
ਭਵਿੱਖ ਸਾਜਦਾ ਹੈ
ਜਦੋਂ ਕਿਸਾਨ ਮੁਸਕਰਾਉਂਦਾ ਹੈ -
ਤਾਂ ਸਾਰੀ ਦੁਨੀਆਂ ਨੂੰ ਰੋਟੀ ਮਿਲਦੀ ਹੈ ਉਮੀਦ ਜਗਦੀ ਹੈ



# ਨਿਆਂ ਲਈ ਅਪੀਲ: ਜਲਿਆਂਵਾਲਾ ਬਾਗ ਕਤਲੇਆਮ ਲਈ ਬ੍ਰਿਟਿਸ਼ ਸਰਕਾਰ ਤੋਂ ਮਾਫ਼ੀ ਦੀ ਮੁੜ ਮੰਗ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜਲਿਆਂਵਾਲਾ ਬਾਗ ਕਤਲੇਆਮ 1919 ਸੈਂਟੇਨਰੀ ਕਮੇਟੀ ਨੇ ਕੱਲ੍ਹ ਦੁਬਾਰਾ ਬ੍ਰਿਟਿਸ਼ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਬ੍ਰਿਟਿਸ਼ ਸਾਮਰਾਜ ਦੇ ਸਭ ਤੋਂ ਕਠੋਰ ਅਤਿਆਚਾਰਾਂ ਵਿੱਚੋਂ ਇੱਕ ਲਈ ਪੂਰੀ ਅਤੇ ਅਧਿਕਾਰਕ ਮਾਫ਼ੀ ਜਾਰੀ ਕਰੇ।

ਭਾਰਤ ਤੇ ਬਰਤਾਨਵੀ ਸਾਸ਼ਨ ਦੌਰਾਨ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿੱਚ ਸ਼ਾਤਮਈ ਮੁਜ਼ਾਹਰਾ ਕਰ ਰਹੇ ਨਿਹੱਥੇ ਸੈਂਕੜੇ ਨਿਰਦੋਸ਼ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਮਾਰ ਦਿੱਤਾ ਗਿਆ ਜਦੋਂ ਬ੍ਰਿਟਿਸ਼ ਫੌਜਾਂ ਨੇ ਇੱਕ ਸ਼ਾਂਤਮਈ ਇਕੱਠ 'ਤੇ ਗੋਲੀਆਂ ਚਲਾਈਆਂ। ਇਹ ਲੋਕ ਰੌਲਟ ਐਕਟ ਵਰਗੇ ਦਮਨਕਾਰੀ ਕਾਨੂੰਨ ਦੇ ਵਿਰੋਧ ਵਿੱਚ ਇਕੱਠੇ ਹੋਏ ਸਨ ਅਤੇ ਉਸ ਵੇਲੇ ਇਹ ਸਾਰੇ ਬ੍ਰਿਟਿਸ਼ ਰਾਜ ਦੇ ਨਾਗਰਿਕ ਸਨ। ਇੱਕ ਸਦੀ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ, ਕਿਸੇ ਵੀ ਬ੍ਰਿਟਿਸ਼ ਸਰਕਾਰ ਨੇ ਇਸ ਕਤਲੇਆਮ ਲਈ ਅਧਿਕਾਰਕ ਮਾਫ਼ੀ ਨਹੀਂ ਮੰਗੀ। ਸੰਸਦ ਨਾਲ ਲਗਾਤਾਰ ਸੰਪਰਕ, ਹਰ ਸਾਲ ਹਾਊਸ ਆਫ ਕਾਮਨਜ਼ ਵਿੱਚ ਯਾਦਗਾਰੀ ਸਮਾਗਮ ਕਰਨ ਅਤੇ ਵੱਖ-ਵੱਖ ਸਰਕਾਰਾਂ ਨਾਲ ਪੱਤਰਚਾਰ ਦੇ ਬਾਵਜੂਦ, ਹਮੇਸ਼ਾਂ ਇਸ ਘਟਨਾ ਨੂੰ ਕੇਵਲ "ਅਫ਼ਸੋਸਜਨਕ" ਕਹਿ ਕੇ ਹੀ ਟਾਲਿਆ ਗਿਆ ਹੈ। ਕਮੇਟੀ ਵੱਲੋਂ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੂੰ ਲਿਖੇ ਪੱਤਰ ਦੇ ਜਵਾਬ ਵਿੱਚ ਵਿਦੇਸ਼ ਮੰਤਰਾਲੇ ਵੱਲੋਂ ਇੱਕ ਬਿਨਾਂ ਦਸਤਖ਼ਤਾਂ ਵਾਲਾ ਨੋਟ ਭੇਜਿਆ ਗਿਆ, ਜਿਸਨੂੰ ਇਸ ਕਤਲੇਆਮ ਦੇ ਬੇਗੁਨਾਹ ਸ਼ਹੀਦਾਂ ਦੀ ਯਾਦ ਦਾ ਸਭ ਤੋਂ ਵੱਡਾ ਅਪਮਾਨ ਮੰਨਿਆ ਜਾ ਰਿਹਾ ਹੈ।


ਕਮੇਟੀ ਦੇ ਬੁਲਾਰੇ ਨੇ ਕਿਹਾ; "ਜਲਿਆਂਵਾਲਾ ਬਾਗ ਕਤਲੇਆਮ ਨੂੰ 'ਅਫ਼ਸੋਸਜਨਕ' ਕਹਿਣਾ ਇਸ ਦੀ ਭਿਆਨਕਤਾ ਅਤੇ ਲੋਕਾਂ ਦੇ ਦੁੱਖ ਨੂੰ ਘੱਟ ਕਰਕੇ ਦਿਖਾਉਣ ਦੇ ਬਰਾਬਰ ਹੈ। ਇਹ ਅਜੇ ਵੀ ਲੱਖਾਂ ਲੋਕਾਂ ਲਈ ਇੱਕ ਦਰਦਨਾਕ ਅਤੇ ਅਧੂਰਾ ਇਤਿਹਾਸਕ ਅਧਿਆਇ ਹੈ।" ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਮਾਫ਼ੀ ਦੀ ਮੰਗ ਇਤਿਹਾਸ ਨੂੰ ਬਦਲਣ ਲਈ ਨਹੀਂ, ਬਲਕਿ ਉਸਨੂੰ ਸੱਚਾਈ ਅਤੇ ਇਮਾਨਦਾਰੀ ਨਾਲ ਸਵੀਕਾਰ ਕਰਨ ਲਈ ਹੈ। ਇਹ ਮਾਮਲਾ 2019 ਵਿੱਚ ਲੇਬਰ ਪਾਰਟੀ ਵੱਲੋਂ ਕੀਤੇ ਗਏ ਵਾਅਦਿਆਂ ਤੋਂ ਬਾਅਦ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਹੁਣ ਜਦੋਂ ਕਿ ਲੇਬਰ ਸਰਕਾਰ ਵਿੱਚ ਹੈ, ਕਮਿਊਨਿਟੀ ਆਗੂ ਸਰਕਾਰ ਨੂੰ ਅਪੀਲ ਕਰ ਰਹੇ ਹਨ ਕਿ ਉਹ ਆਪਣੇ ਵਾਅਦੇ ਨੂੰ ਪੂਰਾ ਕਰੇ ਅਤੇ ਇਤਿਹਾਸਕ ਜ਼ਿੰਮੇਵਾਰੀ ਵੱਲ ਇੱਕ ਨਿਰਣਾਇਕ ਕਦਮ ਚੁੱਕੇ। ਯੂਕੇ ਵਿੱਚ ਭਾਰਤੀ ਉਪਮਹਾਂਦੀਪ ਨਾਲ ਸੰਬੰਧਿਤ ਭਾਈਚਾਰਿਆਂ ਵਿੱਚ ਇਸ ਮਾਫ਼ੀ ਦੀ ਗੈਰਹਾਜ਼ਰੀ ਗਹਿਰਾ ਅਸਰ ਛੱਡ ਰਹੀ ਹੈ, ਜਿਨ੍ਹਾਂ ਦੇ ਬ੍ਰਿਟੇਨ ਅਤੇ ਸਾਮਰਾਜਕ ਇਤਿਹਾਸ ਨਾਲ ਲੰਬੇ ਸੰਬੰਧ ਰਹੇ ਹਨ। "ਮਾਫ਼ੀ ਭੂਤਕਾਲ ਨੂੰ ਬਦਲ ਨਹੀਂ ਸਕਦੀ," ਬੁਲਾਰੇ ਨੇ ਕਿਹਾ, "ਪਰ ਇਹ ਬ੍ਰਿਟੇਨ ਦੇ ਅੱਜ ਦੇ ਮੁੱਲਾਂ—ਨਿਆਂ, ਸਨਮਾਨ ਅਤੇ ਸੱਚਾਈ—ਦਾ ਇੱਕ ਮਜ਼ਬੂਤ ਸੰਦੇਸ਼ ਦੇਵੇਗੀ।" ਕਮੇਟੀ ਨੇ ਸੰਸਦ ਮੈਂਬਰਾਂ ਅਤੇ ਲਾਰਡਜ਼ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੰਗ ਦਾ ਸਮਰਥਨ ਕਰਨ ਅਤੇ ਹਾਊਸ ਆਫ ਕਾਮਨਜ਼ ਵਿੱਚ ਅਧਿਕਾਰਕ ਮਾਫ਼ੀ ਦੇਣ ਦੀ ਮੰਗ ਉਠਾਉਣ, ਤਾਂ ਜੋ ਇਹ ਸੰਸਦੀ ਰਿਕਾਰਡ ਦਾ ਹਿੱਸਾ ਬਣੇ। ਕੱਲ੍ਹ ਹਾਊਸ ਆਫ ਕਾਮਨਜ਼ ਵਿੱਚ ਦੇਸ਼ ਭਰ ਤੋਂ ਆਏ ਕਮਿਊਨਿਟੀ ਨੁਮਾਇੰਦਿਆਂ ਦੀ ਭਰੀ ਹੋਈ ਮੀਟਿੰਗ ਵਿੱਚ, ਹਰਸੇਵ ਬੈਂਸ (ਨੈਸ਼ਨਲ ਪ੍ਰਧਾਨ, ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਅਤੇ ਪਰਵੇਜ਼ ਫਤੇਹ (ਸਾਊਥ ਏਸ਼ੀਆ ਪੀਪਲਜ਼ ਫੋਰਮ) ਨੇ ਲਾਰਡ ਕੁਲਦੀਪ ਸਹੋਤਾ, ਲਾਰਡ ਪ੍ਰੇਮ ਸਿੱਕਾ, ਲਾਰਡ ਸ਼ਫ਼ਾਕ਼ ਮੁਹੰਮਦ ਦੇ ਨਾਲ ਹਿੱਸਾ ਲਿਆ।

ਇਸ ਮੀਟਿੰਗ ਵਿੱਚ ਜੌਨ ਮੈਕਡੌਨਲ (ਮੇਜ਼ਬਾਨ), ਟੈਨ ਧੇਸੀ, ਵਰੀਂਦਰ ਜੱਸ, ਗੁਰਿੰਦਰ ਜੋਸਨ, ਬੱਗੀ ਸ਼ਮਕਰ, ਜਸ ਅਥਵਾਲ ਅਤੇ ਸਾਬਕਾ ਸੰਸਦ ਮੈਂਬਰ ਵੀਰੇਂਦਰ ਸ਼ਰਮਾ ਵੀ ਸ਼ਾਮਲ ਸਨ। ਟ੍ਰੇਡ ਯੂਨੀਅਨਾਂ ਦੇ ਆਗੂ ਐਲੈਕਸ ਗਾਰਡਨ ਅਤੇ ਗਵੇਨ ਲਿਟਲ ਨੇ ਵੀ ਆਪਣੀ ਹਮਾਇਤ ਦਿੱਤੀ ਅਤੇ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਭੋਗਲ ਅਤੇ ਸਕੱਤਰ ਜੋਗਿੰਦਰ ਕੌਰ ਬੈਂਸ ਵੱਲੋਂ ਕੀਤੀ ਗਈ ਅਪੀਲ ਦਾ ਸਮਰਥਨ ਕੀਤਾ।

# "Together for health. Stand with science"


**ANIL DHEER**

**Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)**

**Health Media Canada :** The World Health Organization (WHO) calls on people everywhere to renew their commitment to working together and supporting science as the twin engines driving better health, under the World Health Day 2026 theme: "Together for health. Stand with science." Science shows that when we feel connected to others, our brain's reward system activates, boosting our sense of well-being and motivation. But when that connection is missing, the effects can be serious. Loneliness and social isolation can trigger stress in the body, increasing the risk of depression, self-harm, and suicide, along with physical health issues like inflammation, high blood pressure, heart disease, and stroke.

**Personal Health Actions:**

* **Follow basic hygiene:** Wash hands regularly and maintain cleanliness.

* **Stay updated with vaccines:** Take recommended vaccines based on age and health guidelines.

* **Trust medical advice:** Listen to qualified doctors, not random social media claims.

* **Eat a balanced diet:** Include fruits, vegetables, proteins, and whole grains.

* **Exercise regularly:** Even 20–30 minutes daily improves immunity and fitness.

* **Get enough sleep:** Aim for 7–8 hours to support overall health.

* **Avoid self-medication:** Do not take medicines without proper guidance

**Family & Community Responsibility**

* **Protect vulnerable people:** Support elderly, children, and those with illness.

* **Stay home when sick:** Prevent spreading infections to others.

* **Encourage healthy habits in family:** Teach children hygiene and good lifestyle choices.

* **Share correct information:** Help others avoid misinformation.

* **Support local healthcare workers:** Respect and cooperate with them.

* **Practice respiratory etiquette:** Cover mouth when coughing or sneezing.

* **Promote mental health awareness:** Talk openly and support people emotionally.

**Standing with Science**

* **Verify information before believing:** Check trusted sources like hospitals or official health agencies.

* **Avoid myths and rumors:** Do not spread unproven treatments or fake cures.

* **Support scientific research:** Respect new findings and evolving guidelines.

* **Follow public health rules:** Such as masking or distancing when required.

**Society & Long-Term Thinking**

* **Participate in health programs:** Join community drives, blood donation, awareness campaigns.

* **Use healthcare services responsibly:** Do regular checkups and screenings.

* **Be a role model:** Your behavior influences others—lead by example

**Science-Based Living**

Follow evidence, not trends—health fads are often misleading.

Check sources before sharing health info (avoid fake news).

Use scientifically tested home remedies only.

**Smart Nutrition**

Read food labels—understand sugar, salt, and fat content. Reduce ultra-processed foods for long-term health. Include probiotics (like yogurt) for gut health

**Active Lifestyle**

Break long sitting time—stand or walk every hour.

Do strength training weekly to maintain muscle health.

Stretch daily to improve flexibility and prevent injury.

**Mental Strength**

Limit screen time, especially before sleep.

Stay socially connected—relationships improve health.

Seek professional help early for anxiety or depression.

**Preventive Care**

Track your health data (BP, sugar, weight regularly).

Follow screening guidelines based on age and risk.

Avoid self-diagnosis from the internet.

**Community Action**

Support science education in children.

Participate in local health campaigns.

Respect and follow public health rules during outbreaks.

**Healthy Environment**

Ensure clean indoor air (ventilation matters).

Use safe drinking water—filter if needed.

Reduce exposure to pollution whenever possible.

*Note: Everyone should be aware about "Together for health. Stand with science" in the world.*

# • ਪੰਜਾਬੀ ਫ਼ਿਲਮ ਦਰਪਣ •

## ਸੰਧੂ ਤੇ ਆਇਸ਼ਾ ਜਚ ਗਏ ਜੱਟਾ ਆਈ ਵਿਸਾਖੀ



ਵਿਜੇ ਮੱਟੂ ਫ਼ਿਲਮ ਡਾਇਰੈਕਟਰ ਨੇ ਸਟਾਰ ਗੁਰਦੀਪ ਸੰਧੂ ਲਈ ਆਇਸ਼ਾ ਨਾਮਕ ਨਾਇਕਾ ਲੱਭ ਕਿ ਦੋਵਾਂ ਦੀ ਜੋੜੀ ਸਤੀਸ਼ ਕੌਲ/ਭਾਵਨਾ ਭੱਟ ਦੀ ਜੋੜੀ ਯਾਦ ਕਰਵਾ ਦਿੱਤੀ ਹੈ। ਵਿਜੇ ਨੂੰ ਪਤਾ ਹੈ ਕਿ ਪੰਜਾਬੀਆਂ ਦਾ ਆਪਣਾ ਦਿਨ ਵਿਸਾਖੀ ਹੈ ਤੇ ਓਹਨਾਂ ਨੇ ਵਿਸਾਖੀ ਮੌਕੇ ਆਪਣਾ ਨਵਾਂ ਗਾਣਾ "ਜੱਟਾ ਆਈ ਵਿਸਾਖੀ" ਬਣਾਇਆ ਪਿੰਡ ਨੱਤ ਦੀਆਂ ਸੁੰਦਰ ਕੁਦਰਤੀ ਲੋਕੇਸ਼ਨਜ਼ ਤੇ ਵਿਜੇ ਮੱਟੂ ਨੇ ਇਹ ਗਾਣਾ ਫ਼ਿਲਮਾਇਆ। ਗਾਣੇ ਦੇ ਲਈ ਫਿਲਮ ਨਾਇਕ ਗੁਰਦੀਪ ਸੰਧੂ ਮੁੱਖ ਮਾਡਲ ਰਹੇ ਤੇ ਗੁਰਦੀਪ ਸੰਧੂ ਲਾਲ ਰੰਗ ਦੇ ਚਾਦਰੇ ਕੁੜਤੇ ਵਿੱਚ ਕਹਿਣ ਦੀ ਗੱਲ ਨਹੀਂ ਜਚੇ। ਨਾਲ ਸੁੰਦਰ ਆਇਸ਼ਾ ਲਾਖਾ ਸੀ। ਆਈਸ਼ਾ ਇੰਜ ਲੱਗੇ ਜਿਵੇਂ ਸੱਚ ਚ ਭੱਤਾ ਲੈ ਖੇਤ ਆਈ ਜੱਟੀ ਹੋਏ। ਇਹ ਗੀਤ ਕੁਲਦੀਪ ਕੰਡੀਲਾ ਦਾ ਲਿਖਿਆ ਤੇ ਓਹ ਆਪ ਸ਼ੂਟਿੰਗ ਤੇ ਮੌਜੂਦ ਬੋਲੇ ਮੇਰੇ ਗਾਣੇ ਦੇ ਅਸਲੀ ਹੀਰੋ ਸੰਧੂ ਨੇ ਆਇਸ਼ਾ ਨਾਇਕਾ। ਗੀਤ ਦਾ ਐਲਵਿਨ ਨੇ ਮਿਊਜਕ ਦਿੱਤਾ ਹੈ ਤੇ ਵੀਡੀਓ ਲਈ ਪਰਮਜੀਤ ਪੰਮਾ, ਲੱਬੀ ਪੰਜਗਰਾਈਆਂ, ਬੱਲ ਜੈਤੋਸਰਜਾ ਤੇ ਈਸ਼ਰ ਨੇ ਵੀ ਕੰਮ ਕੀਤਾ ਤੇ ਸਾਰੇ ਕਹਿਣ ਗੁਰਦੀਪ ਨਾਲ ਮਾਡਲਿੰਗ ਦਾ ਦੀਪ ਬਣ ਆਇਸ਼ਾ ਜਚ ਗਈ ਹੈ। ਐਲਵਿਨ ਫ਼ਿਲਮਜ਼ ਦੀ ਪੇਸ਼ਕਸ਼ ਇਹ ਗੀਤ "ਜੱਟਾ ਆਈ ਵਿਸਾਖੀ" ਅੱਜ ਕਲ ਚਰਚਾ ਵਿੱਚ ਹੈ। ਗੀਤ ਅਭਿਸ਼ੇਕ ਨਜ਼ੀਰ ਨੇ ਡੀ ਓ ਪੀ ਬਣ ਬਾਖੂਬ ਫ਼ਿਲਮਾਇਆ ਤੇ ਸੰਪਾਦਨ ਵਧੀਆ ਕੀਤਾ। ਇਸ ਮੌਕੇ ਸਟਿਲ ਫੋਟੋਗ੍ਰਾਫਰ ਗੁਰਦੇਵ ਕੰਡੀਲਾ ਨੇ ਕਿਹਾ ਸਤੀਸ਼ ਕੌਲ ਭਾਵਨਾ ਭੱਟ ਲੱਗੀ ਜਾਂਦੇ ਨੇ ਗੁਰਦੀਪ ਤੇ ਆਇਸ਼ਾ। ਵਿਜੇ ਮੱਟੂ ਨੇ ਕਿਹਾ ਕਿ ਗੁਰਦੀਪ ਸੰਧੂ ਓਸ ਲਈ ਲੱਕੀ ਨੇ ਤੇ ਓਹਨਾਂ ਦੇ ਹਰ ਵੀਡੀਓ ਵਿੱਚ ਤਕਰੀਬਨ ਹੁੰਦੇ ਹਨ ਤੇ ਹੁਣ ਆਇਸ਼ਾ ਨਾਲ ਓਹਨਾਂ ਦੀ ਜੋੜੀ ਇੱਕ ਫ਼ਿਲਮ ਵਿੱਚ ਲੈਣਗੇ।

## ਪੰਜਾਬੀ ਕਲਚਰ ਤੇ ਮਿਊਜ਼ਿਕ ਦੇ ਪ੍ਰਮੋਟਰ ਮਨੋਹਰ ਧਾਰੀਵਾਲ/ਬਲਜਿੰਦਰ ਮੱਲ੍ਹੀ



ਡੀ ਡੀ ਪੰਜਾਬੀ ਤੇ ਜਦ ਵਿਸਾਖੀ ਦਾ ਸ਼ੋ "ਰੌਣਕਾਂ ਵਿਸਾਖੀ ਦੀਆਂ" ਦਾ ਪ੍ਰੀਮੀਅਰ ਗਾਇਕ ਪੰਮਾ ਮੱਲ੍ਹੀ ਕੋਲ ਦੇਖਿਆ ਤਾਂ ਇਹ ਗੱਲ ਸਾਹਮਣੇ ਆਈ ਕਿ ਜਿੱਥੇ ਪੰਮਾ ਮੱਲ੍ਹੀ ਨੇ ਪੰਜਾਬੀ ਰੀਤ, ਰਿਵਾਜ ਤੇ ਪੰਜਾਬ ਦੇ ਇਤਿਹਾਸਕ ਤਿਉਹਾਰ ਵਿਸਾਖੀ ਨੂੰ ਗਾ ਕਿ ਨਵੀਂ ਪੀੜ੍ਹੀ ਨੂੰ ਇਤਿਹਾਸ ਜਾਣਕਾਰੀ ਮਨੋਰੰਜਕ ਤਰੀਕੇ ਨਾਲ ਦਿੱਤੀ ਓਥੇ ਪੰਮਾ ਮੱਲ੍ਹੀ ਨੇ ਪੰਜਾਬੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਅਹਿਮ ਯੋਗਦਾਨ ਦਿੱਤਾ ਹੈ। ਮੱਲ੍ਹੀ ਨੇ ਕਿਹਾ ਖਾਲਸੇ ਦੀ ਸਾਜਨਾ ਦਾ ਦਿਨ, ਕਿਸਾਨੀ ਦਾ ਦਿਨ ਤੇ ਇਸ ਨੂੰ ਲੋਕ ਅਰਪਣ ਕਰਨਾ ਪੰਜਾਬੀ ਅਮੀਰ ਧਾਰਮਿਕ ਇਤਿਹਾਸਕ ਸੱਭਿਆਚਾਰ ਨੂੰ ਜੀਵਤ ਰੱਖਣ ਦੀ ਪਰੰਪਰਾ ਓਸ ਨਿਭਾਈ ਹੈ। ਇਸ ਤਰਾਂ ਪ੍ਰੋਗਰਾਮ ਦੇ ਨਿਰਮਾਤਾ ਮਨੋਹਰ ਧਾਰੀਵਾਲ ਦੀ ਗੱਲ ਤਾਂ ਮਨੋਹਰ ਧਾਰੀਵਾਲ ਸਾਲ ਵਿੱਚ ਤਿੰਨ ਪ੍ਰੋਗਰਾਮ ਕਰਦੇ ਨੇ ਤੇ ਓਹਨਾਂ ਵਿੱਚ ਪੰਜਾਬ ਦਾ ਕਲਚਰ ਤੰਦਰੁਸਤ ਜਵਾਨ ਨਜ਼ਰ ਆਉਂਦਾ ਹੈਂ। ਮਨੋਹਰ ਧਾਰੀਵਾਲ ਅਕਸਰ ਆਖਦੇ ਨੇ ਕਿ ਸਾਡਾ ਇਤਿਹਾਸਕ ਵਿਰਸਾ ਵੀ ਆਪਣੇ ਆਪ ਵਿੱਚ ਸੱਭਿਆਚਾਰ ਨੂੰ ਸਮਰਪਿਤ ਹੈ ਤੇ ਮੇਰੀ ਸਦਾ ਕੋਸ਼ਿਸ਼ ਰਹੇਗੀ ਕਿ ਪੰਜਾਬ ਦੇ ਕਲਚਰ ਲਈ ਯੋਗਦਾਨ ਦਿੰਦਾ ਰਹਾਂ ਤੇ ਪੰਮਾ ਮੱਲ੍ਹੀ ਜਿਹੇ ਅਨਮੋਲ ਗਾਇਕੀ ਹੀਰੇ ਤੇ ਅਫ਼ਸਰ ਓਸ ਨੂੰ ਸੱਭਿਆਚਾਰਕ ਕੰਮ ਲਈ ਤਨ ਮਨ ਨਾਲ ਸਾਥ ਦਿੰਦੇ ਹਨ। ਡੀ ਡੀ ਪੰਜਾਬੀ ਵੱਲੋਂ ਵਿਸਾਖੀ ਤੇ ਅਜਿਹੇ ਸ਼ੋ ਦੇਣਾ ਅੱਤੀ ਉੱਤਮ ਗੱਲ ਹੈ।

## ਦੋਗਾਣਾ ਗਾਇਕੀ ਵਿੱਚ ਛਾਏ ਵਿਜੇ ਮੱਟੂ ਤੇ ਆਇਸ਼ਾ



ਮਾਝੇ ਵਿੱਚ ਆਪਣੀ ਗਾਇਕੀ ਨਾਲ ਧੁੰਮ ਮਚਾ ਰਹੇ ਗਾਇਕ ਵਿਜੇ ਮੱਟੂ ਨੇ "ਗੁਜਰਾਂ ਨੇ ਜੱਟ ਕੁੱਟਿਆ" ਨਾਲ ਰਾਤੋ ਰਾਤ ਸ਼ੋਹਰਤ ਲਈ ਸੀ ਤੇ ਤਦ ਓਹ ਯੂ ਕੇ ਪ੍ਰੋਗਰਾਮ ਲਾ ਕਿ ਆਏ ਸਨ। ਓਹੀ ਮੱਟੂ ਫਿਰ ਫ਼ਿਲਮ ਖੇਤਰ ਵਿੱਚ ਸਰਗਰਮ ਹੋਏ ਤੇ ਬੀ ਟਾਊਨ ਤੱਕ ਗਏ। ਅੱਜ ਕਲ ਓਹ ਸ਼ੋ ਪ੍ਰਬੰਧਕ, ਵੀਡੀਓ ਨਿਰਦੇਸ਼ਕ ਤੇ ਦੋਗਾਣਾ ਗਾਇਕੀ ਵਿੱਚ ਸਰਗਰਮ ਹਨ। ਹੁਣ ਦੋਗਾਣਾ "ਜੱਫੀ" ਲਿਆਏ ਹਨ ਤੇ ਓਹ ਇਸ ਡਿਊਟ ਨਾਲ ਫਿਰ ਪੂਰੇ ਚਰਚਿਤ ਹਨ। ਡਾਇਰੈਕਟਰ ਓਹ ਖੁਦ ਟੌਪ ਦੇ ਨੇ ਤੇ ਸਾਥਣ ਓਸ ਦੀ ਪੁੰਨਿਆ ਦਾ ਚੰਨ ਆਇਸ਼ਾ ਲਾਖਾ ਹੈ ਆਇਸ਼ਾ ਫ਼ਿਲਮ ਨਾਇਕਾ ਵੀ ਹੈ। ਵਿਜੇ ਮੱਟੂ ਦੇ ਇਸ "ਜੱਫੀ" ਡਿਊਟ ਦਾ ਐਲਵਿਨ ਮੱਟੂ ਨੇ ਮਿਊਜਕ ਵੀ ਜੱਫੀ ਦੇ ਮਿੱਠੇ ਅਹਿਸਾਸ ਜਿਹਾ ਦਿੱਤਾ ਹੈ। ਕਸਰ ਆਪਣੇ ਵੱਲੋਂ ਬਾਕੀ ਅਭਿਸ਼ੇਕ ਨਜ਼ੀਰ ਨੇ ਨਹੀਂ ਰਹਿਣ ਦਿੱਤੀ ਤੇ ਗੀਤ "ਜੱਫੀ" ਪੂਰਾ ਪੂਰਾ ਚਰਚਾ ਵਿੱਚ ਹੈ। ਲਫ਼ਜ਼ਾਂ ਦੇ ਜਾਦੂਗਰ ਓਮਦਾ ਗੀਤਕਾਰ ਕੁਲਦੀਪ ਸਿੰਘ ਕੰਡੀਲਾ ਨੇ ਇਹ ਗੀਤ ਲਿਖਿਆ ਹੈ। ਦੋਗਾਣਾ ਧੁੰਮ ਖੂਬ ਮਚਾ ਦੇਵੇਗਾ ਆਇਸ਼ਾ ਨੇ ਪਹਿਲੇ ਹੀ ਕਿਹਾ ਸੀ ਤੇ ਗੁਰਦੇਵ ਵਾਲੀਆ ਕੰਡੀਲਾ ਨੇ ਹਾਮੀ ਭਰ ਦਿੱਤੀ ਸੀ ਕਿ ਸੋਲਾਂ ਆਨੇ ਸੌ ਫੀਸਦ ਸੱਚ ਗੱਲ ਹੈ। ਵਿਜੇ ਮੱਟੂ ਤੇ ਆਇਸ਼ਾ ਜਲਦੀ ਹੀ ਮੁੰਬਈ ਨਵੀਂ ਫ਼ਿਲਮ ਲਈ ਵੀ ਜਾ ਰਹੇ ਹਨ। ਇਸ ਤੋਂ ਪਹਿਲੇ ਓਹ ਦੋਗਾਣਾ ਗਾਇਕੀ ਵਿੱਚ ਹੋਰ ਟਰੈਕ ਲਿਆ ਕਿ ਆਪਣੀ ਗਾਇਕੀ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਚਰਚਿਤ ਕਰਨ ਲਈ ਸਰਗਰਮ ਹਨ।

## ਕਿਸਮਤ ਦੇ ਧਨੀ ਹਨ ਸਰਦਾਰ ਜੀ ਨਾਮ ਐਚ ਆਰ ਡੀ ਸਿੰਘ


ਇਹ ਅੱਛੀ ਗੱਲ ਹੈ ਕਿ ਐਚ ਆਰ ਡੀ ਸਿੰਘ ਹਿੰਦੀ ਪੰਜਾਬੀ ਫ਼ਿਲਮਾਂ ਦੇ ਨਾਲ



ਐਮਾਜ਼ੋਨ ਦੀ ਐਡ ਕਰ ਕਿ ਨੈਸ਼ਨਲ ਪੱਧਰ ਦੇ ਕਲਾਕਾਰ ਬਣ ਚੁੱਕੇ ਹਨ। ਖਾਸ ਖੁਸ਼ੀ ਕਿ ਸੋਹਣੀ ਪੱਗ ਬੰਨ ਕਿ ਸਿੱਖੀ ਸਰਦਾਰੀ ਰੂਪ ਵਿੱਚ ਐਚ ਆਰ ਡੀ ਸਿੰਘ ਕੀ ਫ਼ਿਲਮਾਂ, ਛੋਟੀਆਂ, ਵੱਡੀਆਂ, ਹਿੰਦੀ ਪੰਜਾਬੀ ਗਾਣੇ ਵੀਡੀਓ ਐਡ ਸਾਰੇ ਪਾਸੇ ਫੱਟੇ ਚੱਕ ਕੰਮ ਹੈ। ਓਹ ਆਖਦੇ ਹਨ ਕਿ ਓਹ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਨੇ ਤੇ ਓਹਨਾਂ ਦੀ ਆਦਤ ਤੇ ਸੁਭਾਅ ਫ਼ਿਲਮ ਖੇਤਰ ਵਾਲੇ ਅੱਛੀਆਂ ਕਲਾਕਾਰ ਹਸਤੀਆਂ ਵਿੱਚ ਗਿਣਦੇ ਹਨ। ਐਚ ਆਰ ਡੀ ਸਿੰਘ ਨਾਮ ਯਾਦ ਰੱਖਣਾ ਕੰਮ ਆਉਂਦਾ ਹੈ ਤੇ ਅਮਰੀਕਾ ਜਾ ਕਿ ਵੀ ਓਹਨਾਂ ਨੇ ਕੁੱਝ ਦੇਰ ਫ਼ਿਲਮ ਖੇਤਰ ਲਈ ਕੰਮ ਕੀਤਾ ਹੈ। ਓਹਨਾਂ ਦਾ ਨਾਮ ਫ਼ਿਲਮ ਦਰਸ਼ਕ ਵੀ ਅੱਜ ਦੀ ਤਰੀਕ ਜਾਣਦੇ ਪਹਿਚਾਣਦੇ ਹਨ। ਐਚ ਆਰ ਡੀ ਸਿੰਘ ਨੇ ਨਵੀਂ ਕੰਪਨੀ ਲਈ ਨਵਾਂ ਵੀਡੀਓ ਕੀਤਾ ਹੈ। ਅਚਾਨਕ ਗੱਲ ਚਲੀ ਸੰਗੀਤ ਖੇਤਰ ਦੀ ਤਾਂ ਓਹ ਸੰਗੀਤ ਵੀਡੀਓ ਵੀ ਚਾਅ ਨਾਲ ਕਰਦੇ ਹਨ। ਹੁਣ ਓਹਨਾਂ ਨੇ ਇੱਕ ਆਡੀਓ ਵੀਡਿਓ ਨਵੀਂ ਕੰਪਨੀ ਦਾ ਵੀਡੀਓ ਕੀਤਾ ਹੈ ਤੇ ਨਾਲ ਦੀਆਂ ਕਲਾਕਾਰ ਮੁਟਿਆਰਾਂ ਖੁਸ਼ ਨੇ ਕਿ ਓਹਨਾਂ ਨੂੰ ਇੱਕ ਨਾਮਵਰ ਸਿਤਾਰੇ ਨਾਲ ਐਕਟ ਤੇ ਮਾਡਲਿੰਗ ਮੌਕਾ ਮਿਲਿਆ ਹੈ ਤੇ ਓਹ ਖੁਸ਼ ਨਜ਼ਰ ਆ ਰਹੀਆਂ ਹਨ। ਐਚ ਆਰ ਡੀ ਸਿੰਘ ਕੇ ਐਸ ਘੁੰਮਣ ਦੀ ਫ਼ਿਲਮ ਵੀ ਕਰ ਰਹੇ ਹਨ। ਐਚ ਆਰ ਡੀ ਸਿੰਘ ਐਵਾਰਡ ਜੇਤੂ ਐਕਟਰ ਹਨ। ਖੁਦ ਲੇਖਕ ਤੇ ਨਿਰਦੇਸ਼ਕ ਵੀ ਹਨ। ਐਚ ਆਰ ਡੀ ਸਿੰਘ ਸਦਾ ਹੱਸਦੇ ਹੱਸਦੇ ਨਜ਼ਰ ਆਉਂਦੇ ਨੇ ਤੇ ਜਲਦੀ ਤਿੰਨ ਵੀਡੀਓ ਗੀਤ ਦੋ ਵੱਡੀਆਂ ਫ਼ਿਲਮਾਂ ਤੇ ਵਿਗਿਆਪਨ ਵਿੱਚ ਨਜ਼ਰ ਆਉਣਗੇ ਐਚ ਆਰ ਡੀ ਸਿੰਘ। ਬਸ ਇਹ ਪਿਆਰ ਮਾਲਿਕ ਓਹਨਾਂ ਦਾ ਇੰਡਸਟਰੀ ਲਈ ਬਣਾਈ ਰੱਖੇ ਤੇ ਓਹ ਇੱਕ ਦਿਨ ਰਾਸ਼ਟਰੀ ਫ਼ਿਲਮ ਐਵਾਰਡ ਹਾਸਿਲ ਕਰਨ।

## ਰੇਸ਼ਮ ਛੀਨਾ ਕਹੇ ਯੂਟਿਊਬ ਤੇ ਚਾਚਾ ਬਿਸ਼ਨਾ ਫ਼ਿਰ ਤੋਂ

ਸ਼ਾਈਨ ਮੋਸ਼ਨ ਪਿਕਚਰਜ਼ ਹਾਈ ਫਾਈ ਲੈਵਲ ਤੇ ਪੰਜਾਬੀ ਓ ਟੀ




ਫ਼ਿਲਮਾਂ ਵਿੱਚ ਆ ਰਹੀ ਹੈ। ਲੱਗਦਾ ਹੈ ਛੀਨਾ ਬਾਈ ਹੁਣ ਪੰਜਾਬੀ ਦੀ ਸਟਾਰ ਸ਼ੋਰਟ ਫ਼ਿਲਮਾਂ ਦੀ ਕੰਪਨੀ ਇਸ ਨੂੰ ਬਣਾ ਕਿ ਹੀ ਸਾਹ ਲੈਣਗੇ। ਇੱਕ ਤੋਂ ਬਾਅਦ ਦੂਜੀ ਫ਼ਿਲਮ ਵਿੱਚ ਇਹ ਬੈਨਰ ਟੌਪ ਕਲਾਸ ਤੇ ਨਾਮਵਰ ਕਲਾਕਾਰਾਂ ਨਾਲ ਫ਼ਿਲਮ ਦੇਣ ਲੱਗ ਪਿਆ ਹੈ। ਨਿਰਮਾਤਾ ਰੇਸ਼ਮ ਛੀਨਾ ਹੁਣ ਪੇਸ਼ ਕਰ ਰਹੇ ਨੇ ਇੱਕ ਫ਼ਿਲਮ ਜਿਸ ਨੂੰ ਦੇਖ ਚਿੰਤਾ ਖ਼ਤਮ ਹੱਸੇ ਖੇਡੇ ਤੇ ਦਿਲ ਲੱਗ ਜਾਏਗਾ। ਫ਼ਿਲਮ ਨਾਮਵਰ ਕਮੇਡੀਅਨ ਤੇ ਹੈ ਚਾਚਾ ਬਿਸ਼ਨਾ ਤੇ ਨਾਮ ਵੀ "ਚਾਚਾ ਬਿਸ਼ਨਾ ਫਿਰ ਤੋਂ" ਰੱਖਿਆ ਗਿਆ ਹੈ। ਇਸ ਵਾਰ ਲੋਕ ਪ੍ਰਿਯ ਨਿਰਦੇਸ਼ਕ ਵੀ ਐਸ ਕਲਸੀ ਨੇ ਇਹ ਫ਼ਿਲਮ ਡਾਇਰੈਕਟ ਕੀਤੀ ਹੈ ਅਰਥਾਤ ਡਾਇਰੈਕਟਰ ਵੀ ਲੋਕ ਪ੍ਰਿਯ ਲਏ ਇਸ ਤਰਾਂ ਫ਼ਿਲਮ ਦਾ ਲੈਵਲ ਵਧ ਜਾਂਦਾ ਹੈ ਤੇ ਦਰਸ਼ਕ ਇੱਕ ਵਧੀਆ ਮਨੋਰੰਜਕ ਫ਼ਿਲਮ ਵਿਹੰਦੇ ਹਨ। ਪ੍ਰੋਜੈਕਟ ਸੁਰਜੀਤ ਸਿੰਘ ਦਾ ਹੈ ਤੇ ਹਰਭਜਨ ਸਿੰਘ ਡੀ ਓ ਪੀ ਹਨ। ਗੁਰਦੀਪ ਗੋਲਡੀ ਜਿਹੜਾ ਅਸਲੀ ਨਾਮ ਚਾਚਾ ਬਿਸ਼ਨਾ ਦਾ ਹੈ ਮੁੱਖ ਭੂਮਿਕਾ ਵਿੱਚ ਹਨ। ਅਫਰੀਮ, ਬਲਵਿੰਦਰ ਕੌਰ ਤੇ ਅੰਮ੍ਰਿਤ ਕੌਰ ਦੇ ਨਾਲ ਫ਼ਿਲਮ ਵਿੱਚ ਸ਼ਰਨਜੀਤ ਸਿੰਘ ਰਟੌਲ ਤੇ ਰਣਜੀਤ ਸਿੰਘ ਵੀ ਹਨ। ਫ਼ਿਲਮ ਖਾਨਪੁਰ ਵਾਲੇ ਚੀਮਾ ਨੇ ਲਿਖੀ ਹੈ ਜਿਹੜੇ ਸਲੀਮ ਜਾਵੇਦ ਹਨ ਰੇਸ਼ਮ ਸਿੰਘ ਛੀਨਾ ਦੇ ਤੇ ਤਾਂ ਫ਼ਿਰ ਪੋਸਟਰ ਨੂੰ ਅੱਤੀ ਉੱਤਮ ਪਿਆਰ ਆਪ ਸਭ ਦਾ ਮਿਲ ਰਿਹਾ ਹੈ ਤੇ ਇਹ ਫ਼ਿਲਮ ਚਰਚਿਤ ਹੋਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ। ਰੇਸ਼ਮ ਛੀਨਾ ਬਾਬਤ ਗੋਲਡੀ ਉਰਫ਼ ਚਾਚਾ ਬਿਸ਼ਨਾ ਬੋਲੇ ਹੁਣ ਨਹੀਂ ਲਈਦੇ ਮਿਲ ਗਏ ਨੇ ਰੇਸ਼ਮ ਛੀਨਾ ਜਿਹੇ ਟੌਪ ਮੇਕਰ ਜੈ ਹੋ।

## ਜੀਟੀਸੀ ਪੰਜਾਬੀ ਡੀ ਡੀ ਫ੍ਰੀ ਡਿਸ਼ ਤੇ ਨੰਬਰ ਵੰਨ

ਡੀ ਡੀ ਫ੍ਰੀ ਡਿਸ਼ ਨੇ ਨਵਾਂ ਪੰਜਾਬੀ ਟੀਵੀ ਚੈਨਲ ਜੀ ਟੀਸੀ ਪੰਜਾਬੀ ਨੰਬਰ ਇੱਕ ਵੱਲ ਲਿਆਂਦਾ ਹੈ। ਰਬਿੰਦਰ ਨਾਰਾਯਣਨ ਨੇ



ਕਿਹਾ ਕਿ ਵਾਹਿਗੁਰੂ ਜਿਹੜਾ ਕੰਮ ਕਰੇ ਚੰਗਾ ਤੇ ਮਾਲਕੀ ਤੇ ਸਰਵਿਸ ਬਹੁਤ ਫਰਕ। ਖ਼ੈਰ ਬਹੁਤ ਸਾਰੇ ਪੰਜਾਬੀਆਂ ਤੇ ਭਾਰਤੀਆਂ ਕੋਲ ਡੀ ਡੀ ਫ੍ਰੀ ਡਿਸ਼ ਹੈ ਤੇ ਇਸ ਡਿਸ਼ ਤੇ ਜੀ ਟੀ ਸੀ ਪੰਜਾਬੀ ਆਉਣ ਨਾਲ ਘਰ ਬੈਠੇ ਸਵੇਰੇ ਦੋ ਵਜੇ ਤੇ ਅੱਠ ਵਜੇ ਤੱਕ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਜੀ ਤੋਂ ਲਾਈਵ ਗੁਰਬਾਣੀ ਸਰਵਣ ਹੋ ਰਹੀ ਹੈ । ਜੀ ਟੀ ਸੀ ਪੰਜਾਬੀ ਤੇ ਹੁਣ ਲਾਈਵ ਵੀ ਲਿਖਿਆ ਆ ਰਿਹਾ ਹੈ। ਕਿੰਨਾ ਚੰਗਾ ਹੋਏ ਜੀ ਟੀ ਸੀ ਪੰਜਾਬੀ ਦਾ ਲੋਗੋ ਅੰਗਰੇਜ਼ੀ ਨਾਲ ਪੰਜਾਬੀ ਅੱਖਰਾਂ ਵਿੱਚ ਵੀ ਫਲੈਸ਼ ਹੋਏ ਜਿਹੜਾ ਪੀ ਟੀ ਸੀ ਪੰਜਾਬੀ ਅੱਜ ਤੱਕ ਨਹੀਂ ਕਰ ਸਕਿਆ। ਡੇਢ ਵਜੇ ਰਾਤ ਧਾਰਮਿਕ ਪ੍ਰੋਗਰਾਮ ਜੀ ਟੀ ਸੀ ਪੰਜਾਬੀ ਦੇ ਰਿਹਾ ਹੈ। ਦਰਸ਼ਕ ਚਾਹੁੰਦੇ ਨੇ ਕਿ ਸ਼ਾਮ ਵੇਲੇ ਵੀ ਜੀ ਟੀ ਸੀ ਪੰਜਾਬੀ ਗੁਰਬਾਣੀ ਪ੍ਰਸਾਰਨ ਕਰੇ । ਜਾਂ ਫਿਰ ਜੀ ਟੀ ਸੀ ਗੁਰਮਤਿ ਨੂੰ ਡਿਸ਼ ਤੇ ਅੱਪਲੋਡ ਕੀਤਾ ਜਾਏ। ਆਸ ਹੈ ਰਬਿੰਦਰ ਨਾਰਾਯਣਨ ਇਸ ਪਾਸੇ ਧਿਆਨ ਦੇਣਗੇ। ਡੀ ਡੀ ਫ੍ਰੀ ਡਿਸ਼ ਤੇ ਜੀ ਟੀ ਸੀ ਪੰਜਾਬੀ ਨੇ ਆ ਕਿ ਦੋ ਮਹੀਨਿਆਂ ਤੋਂ ਵੀ ਘੱਟ ਵਕਤ ਵਿੱਚ ਨੰਬਰ ਇੱਕ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਜੀਟੀਸੀ ਮਿਊਜਕ ਤੇ ਫ਼ਿਲਮ ਐਵਾਰਡ ਬਸ ਇੱਕ ਚੈਨਲ ਨੂੰ ਲੈਣੇ ਦੇਣੇ ਪਏ ਦਸ ਸਾਲ ਬਾਅਦ ਡੀ ਡੀ ਡਿਸ਼ ਯਾਦ ਆਈ।

-ਅੰਮ੍ਰਿਤ ਪਵਾਰ

# ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਬੀਬੀ ਰਸ਼ਪਿੰਦਰ ਕੌਰ ਦਾ ਡੱਟ ਕੇ ਸਮਰਥਨ

## ✪ ਸਿੱਖ ਸੰਘਰਸ਼ ਅਤੇ ਸ਼ਹੀਦਾਂ ਦੀ ਅਵਾਜ ਆਖਰੀ ਸਾਹ ਤੱਕ ਬੁਲੰਦ ਰੱਖਾਂਗਾ- ਡੱਲੇਵਾਲ



ਲੰਡਨ-ਬੀਬੀ ਰਸ਼ਪਿੰਦਰ ਕੌਰ ਪ੍ਰਧਾਨ ਪੀਘਾਂ ਸੋਚ ਦੀਆਂ ਵਿਚਾਰ ਮੰਚ ਅਤੇ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੂੰ ਪਾਰਟੀ ਦੇ ਇੱਕ ਹਮਰੁਤਬਾ ਵਿਆਕਤੀ ਵਲੋਂ ਤੰਗ ਪ੍ਰੇਸ਼ਾਨ ਕਰਨ ਦੀ ਸਖਤ ਨਿਖੇਧੀ ਕੀਤੀ ਗਈ ਹੈ। ਯੂਨਾਈਟਿਡ ਖਾਲਸਾ ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ,ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਗੁਰਦਿਆਲ ਸਿੰਘ ਸਹੋਤਾ ਵਲੋਂ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਗਿਆ ਕਿ ਬੀਬੀ ਰਸ਼ਪਿੰਦਰ ਕੌਰ ਗਿੱਲ ਇੱਕ ਸਫਲ ਲੇਖਕਾ ਅਤੇ ਸੂਝਵਾਨ ਸੰਪਾਦਕ ਹੈ। ਜਿਸ ਵਲੋਂ ਲੇਖਕਾਂ ਦੁਆਰਾਂ ਲਿਖੀਆਂ ਰਚਨਾਵਾਂ ਨੂੰ ਸੰਪਾਦਿਤ ਕੀਤਾ ਜਾਂਦਾ ਹੈ। ਜੋ ਕਿ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਉਸਦਾ ਇੱਕ ਹਮਰੁਤਬਾ ਵਿਆਕਤੀ ਉਸਦਾ ਬੇਤੁਕਾ ਅਤੇ ਬੇਬੁਨਿਆਦ ਵਿਰੋਧ ਕਰ ਰਿਹਾ ਹੈ ਅਤੇ ਹਾਲ ਹੀ ਦੌਰਾਨ ਪ੍ਰਾਪਤ ਸੂਚਨਾ ਅਨੁਸਾਰ ਉਸਨੂੰ ਕੁੱਝ ਮਹੀਨੇ ਪਹਿਲਾਂ ਅੱਪਸ਼ਬਦ ਬੋਲ ਕੇ ਜਲੀਲ ਕੀਤਾ ਗਿਆ ਸੀ ਪਰ ਇਸ ਸਖਸ਼ ਖਿਲਾਫ ਕੋਈ ਵੀ ਕਾਰਵਾਈ ਨਹੀ ਕੀਤੀ ਗਈ।

ਯੂਨਾਈਟਿਡ ਖਾਲਸਾ ਦਲ ਯੂ,ਕੇ ਨੇ ਆਖਿਆ ਕਿ ਇਹ ਭੱਦਰ ਪੁਰਸ਼ ਅੰਮ੍ਰਿਤਸਰ ਦਾ ਸ਼ਹਿਰ ਦਾ ਰਹਿਣ ਵਾਲਾ ਹੈ ਅਤੇ ਕਈ ਪਾਰਟੀਆਂ ਬਦਲ ਚੁੱਕਾ ਹੈ। ਇਸਦਾ ਨਾਮ ਜਾਣਬੁੱਝ ਕੇ ਨਹੀਂ ਲਿਖਿਆ ਜਾ ਰਿਹਾ, ਤਾਂ ਕਿ ਇਹ ਚਰਚਾ ਵਿੱਚ ਆ ਕੇ ਖੁਦ ਨੂੰ ਮਹਾਨ ਨਾ ਸਮਝ ਬੈਠੇ। ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਸ ਮਸਲੇ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੋਨੀ ਵਤੀਰੇ ਤੇ ਬਹੁਤ ਹੈਰਾਨੀ ਪ੍ਰਗਟਾਈ ਗਈ ਹੈ। ਇਹ ਵਰਤਾਰਾ ਖੁਦ ਨੂੰ ਇਨਕਲਾਬੀ ਪਾਰਟੀ ਅਖਵਾਉਣ ਵਾਲਿਆਂ ਦੇ ਕਿਰਦਾਰ ਤੇ ਇੱਕ ਸਵਾਲੀਆ ਚਿੰਨ੍ਹ ਬਣ ਸਕਦਾ ਹੈ। ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਸ ਪਾਰਟੀ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਨੂੰ ਇਸ ਵਿਆਕਤੀ ਖਿਲਾਫ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਹੈ। ਇਹੋ ਜਿਹੇ ਵਿਆਕਤੀ ਨੂੰ ਭਵਿੱਖ ਵਿੱਚ ਸਮੇਂ ਦਾ ਮਰਹੂਮ ਰਾਮ ਸਿੰਘ ਬਣ ਸਕਦੇ ਹਨ। ਜਿਹੜਾ ਰਾਮ ਸਿੰਘ ਵਿਦੇਸ਼ਾਂ ਵਿੱਚ ਪਾਰਟੀ ਦਾ ਭੱਠਾ ਬਿਠਾ ਕੇ ਮਗਰੋਂ ਅਕਾਲੀ ਦਲ (ਬਾਦਲ ) ਵਿੱਚ ਚਲਾ ਗਿਆ ਸੀ। ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਮਹਾਨ ਜਰਨੈਲ ਸ਼ਹੀਦ ਜਨਰਲ ਲਾਭ ਸਿੰਘ, ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ

ਸ਼ਹੀਦ ਭਾਈ ਕੰਵਲਜੀਤ ਸਿੰਘ ਸੁਲਤਾਨਵਿੰਡ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀਆਂ ਪੰਥਕ ਪ੍ਰਤੀ ਕੀਤੀਆਂ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਅਤੇ ਪ੍ਰੋੜਤਾ ਕੀਤੀ ਗਈ ਹੈ। ਇਸੇ ਦੌਰਾਨ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਹ ਅਹਿਦ ਨੂੰ ਮੁੜ ਦੁਹਰਾਇਆ ਗਿਆ ਕਿ ਉਹ ਆਖਰੀ ਦਮ ਤੱਕ ਖਾਲਿਸਤਾਨ ਦੇ ਸੰਘਰਸ਼, ਸ਼ਹੀਦਾਂ ਅਤੇ ਸੰਘਰਸ਼ ਦੌਰਾਨ ਹੋਏ ਐਕਸ਼ਨਾਂ ਦੀ ਅਵਾਜ ਨੂੰ ਬੁਲੰਦ ਕਰਦਾ ਰਹੇਗਾ। ਸਿੱਖ ਸ਼ਹੀਦਾਂ ਅਤੇ ਸੰਘਰਸ਼ ਦੇ ਉਸਾਰ ਪੱਖ ਅਤੇ ਅਕਸ ਨੂੰ ਪੇਸ਼ ਕੀਤਾ ਜਾਂਦਾ ਰਹੇਗਾ। ਇਸ ਕਾਰਜ ਵਾਸਤੇ ਹਰ ਢੁੱਕਵੇਂ ਪਲੇਟਫਾਰਮ ਦਾ ਇਸਤੇਮਾਲ ਕੀਤਾ ਜਾਵੇਗਾ। ਦੁਨੀਆਂ ਦੀ ਕੋਈ ਵੀ ਤਾਕਤ ਜਾਂ ਸੰਘਰਸ਼ ਵਿਰੋਧੀ ਵਿਆਕਤੀ ਇਸ ਕਾਰਜ ਨੂੰ ਰੋਕ ਤਾਂ ਨਹੀਂ ਸਕਦੇ ਪਰ ਈਰਖਾ ਦੀ ਅੱਗ ਵਿੱਚ ਸੜ ਕੇ ਸੁਆਹ ਜਰੂਰ ਹੋ ਸਕਦੇ ਹਨ।

# ਬੇਅਦਬੀ ਬਿੱਲ 'ਤੇ 'ਆਪ' ਸਰਕਾਰ ਦੀ ਨੀਅਤ ਸੰਦੇਹ ਦੇ ਘੇਰੇ 'ਚ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਮੰਤਰੀ ਮੰਡ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਸਬੰਧੀ(ਸੋਧ) ਬਿੱਲ 2026' ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਲਈ ਬਿਨਾ ਕਿਸੇ ਆਮ ਰਾਏ ਦੇ ਦਿੱਤੀ ਪ੍ਰਵਾਨਗੀ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਵਿਰੁੱਧ ਕੜੀ ਕਾਰਵਾਈ ਕਰਨ ਲਈ ਸੁਹਿਰਦ ਹੈ ਅਤੇ ਇਸ ਗੰਭੀਰ ਮਸਲੇ 'ਤੇ ਨਵਾਂ ਕਾਨੂੰਨ ਲਿਆਉਣਾ ਚਾਹੁੰਦੀ ਹੈ, ਤਾਂ ਫਿਰ ਬਿੱਲ ਦਾ ਖਰੜਾ ਸਿੱਖ ਜਥੇਬੰਦੀਆਂ ਅਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਤੇ ਮਾਹਿਰਾਂ ਨਾਲ ਸਾਂਝਾ ਕਰਨ ਤੋਂ ਕਿਉਂ ਆਨਾਕਾਨੀ ਕੀਤੀ ਅਤੇ ਆਮ ਰਾਏ ਕਿਉਂ ਨਹੀਂ ਬਣਾਈ ਗਈ ?

ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਸਰਕਾਰ ਵਿੱਚ ਨਾ ਤਾਂ ਸਿਆਸੀ ਇੱਛਾ ਸ਼ਕਤੀ ਹੈ ਅਤੇ ਨਾ ਹੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਅਸਲ ਮਨਸ਼ਾ। ਇਹ ਬਿੱਲ ਸਿਰਫ਼ ਸਰਕਾਰ ਦੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਇੱਕ ਸਿਆਸੀ ਸਟੰਟ ਹੈ, ਜਿਸ ਵਿੱਚ ਧਾਰਮਿਕ ਭਾਵਨਾਵਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 2008 ਦਾ ਐਕਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ, ਪ੍ਰਕਾਸ਼ਨ, ਸਟੋਰੇਜ ਅਤੇ ਵੰਡ ਨੂੰ ਸਿੱਖੀ ਮਰਿਆਦਾ ਅਨੁਸਾਰ ਯਕੀਨੀ ਬਣਾਉਣ ਲਈ ਸੰਵਿਧਾਨਕ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਧਿਕਾਰਤ ਕਰਦਾ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ 1959 ਦੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਦਰਮਿਆਨ ਹੋਏ ਸਮਝੌਤੇ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ 597 ਬੇਅਦਬੀ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ ਕੇਵਲ 44 ਮਾਮਲਿਆਂ ਵਿੱਚ ਹੀ ਦੋਸ਼ ਸਾਬਤ ਹੋਇਆ, 131 ਕੇਸ ਅਦਾਲਤਾਂ ਵਿੱਚ ਲੰਬਿਤ ਹਨ ਅਤੇ 422 ਮਾਮਲੇ ਬਿਨਾਂ ਨਤੀਜੇ ਦੇ ਰਫ਼ਾ-ਦਫ਼ਾ ਹੋ ਜਾਣਾ ਇਹ ਸਪਸ਼ਟ ਕਰਦਾ ਹੈ ਕਿ ਸਰਕਾਰ ਇਸ ਮਾਮਲੇ 'ਤੇ ਕੋਈ ਢੁਕਵਾਂ ਅਤੇ ਸਖ਼ਤ ਕਦਮ ਚੁੱਕਣ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨਾਂ-ਆਈਪੀਸੀ ਧਾਰਾ 295ਏ ਅਤੇ 153ਏ-ਹੇਠ 3 ਤੋਂ 5 ਸਾਲ ਕੁਲ 8 ਸਾਲ ਤੱਕ ਦੀ ਸਜ਼ਾ ਦੇ ਪ੍ਰਾਵਧਾਨ ਹੋਣ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਨਾਕਾਮੀ ਸਰਕਾਰ ਦੀ ਅਣਦੇਖੀ ਨੂੰ ਦਰਸਾਉਂਦੀ ਹੈ। ਕਈ ਮਾਮਲਿਆਂ ਵਿੱਚਤਾਂ ਸਿਰਫ਼ 300 ਤੋਂ 500 ਰੁਪਏ ਦੇ ਜੁਰਮਾਨੇ ਹੀ ਲਗੇ, ਜੋ ਇਸ ਗੰਭੀਰ ਮਸਲੇ ਨਾਲ ਕੀਤੀ ਗਈ ਲਾਪਰਵਾਹੀ ਨੂੰ ਦਰਸਾਉਂਦਾ ਹੈ।

ਪ੍ਰੋ. ਖਿਆਲਾ ਨੇ ਜ਼ੋਰ ਦੇ ਕੇ ਕਿਹਾ ਕਿ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆਉਣਾ ਗ਼ਲਤ ਨਹੀਂ, ਪਰ ਇਹ ਕਾਨੂੰਨ ਪੰਜਾਬ ਦੀ ਬਹੁ-ਧਾਰਮਿਕ ਹਕੀਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਦਰਜਾ ਬਾ ਦਰਜਾ ਅਤੇ ਧਾਰਮਿਕ ਪ੍ਰਤੀਕਾਂ ਦੇ ਸਤਿਕਾਰ ਸਨਮਾਨ ਦੀ ਰੱਖਿਆ ਕਰੇ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦੌਰਾਨ ਦੇ 231 ਮਾਮਲਿਆਂ ਸਮੇਤ 597 ਦਰਜ ਮਾਮਲਿਆਂ ਵਿੱਚ 480 ਸਿੱਖ ਧਰਮ, 92 ਹਿੰਦੂ ਧਰਮ, 14 ਮੁਸਲਿਮ ਅਤੇ 11 ਇਸਾਈ ਧਰਮ ਨਾਲ ਸਬੰਧਿਤ ਹਨ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਨਵਾਂ ਕਾਨੂੰਨ ਸਭ ਧਰਮਾਂ ਲਈ ਸਮਾਨ ਸਤਿਕਾਰ ਨੂੰ ਯਕੀਨੀ ਬਣਾਉਣ ਵਾਲਾ ਹੋਣਾ ਚਾਹੀਦਾ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਵਿੱਚ ਜਾਗਤ ਜੋਤ ਅਤੇ ਗੁਰਤਾ ਗੱਦੀ ਦੇ ਮਾਲਕ ਹਨ, ਉੱਥੇ ਹੀ ਹਿੰਦੂ ਧਰਮ ਵਿੱਚਪ੍ਰਾਣ-ਪ੍ਰਤਿਸ਼ਠਿਤ ਮੂਰਤੀਆਂ ਦਾ ਆਪਣਾ ਸਥਾਨ ਹੈ। ਸਿੱਖ ਧਰਮ ਵਿੱਚ ਬਾਕੀ ਦੇਧਾਰਮਿਕ ਗ੍ਰੰਥਾਂ ਤੋਂ ਇਲਾਵਾ ਧਾਰਮਿਕ ਅਸਥਾਨਾਂ ਧਾਰਮਿਕ ਸਮਗਰੀ, ਝੰਡੇ ਅਤੇ ਕਕਾਰਾਂ ਨੂੰ ਨੁਕਸਾਨ ਪਹੁੰਚਾਉਣਾ ਵੀ ਬੇਅਦਬੀ ਹੈ। ਉੱਥੇ ਹੀ ਹਿੰਦੂ ਧਾਰਮਿਕ ਗ੍ਰੰਥ ਸ੍ਰੀਮਦ ਭਾਗਵਤ ਗੀਤਾ, ਰਮਾਇਣ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ, ਬੁੱਧ ਅਤੇ ਜੈਨ ਧਰਮ ਦੇ ਗ੍ਰੰਥ ਵੀ ਆਪਣੀ ਥਾਂ ਅਹਿਮੀਅਤ ਰੱਖਦੇ ਹਨ ਤੇ ਸਮਾਨ ਆਦਰ ਦੇ ਹੱਕਦਾਰ ਹਨ। ਉਨ੍ਹਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ 2023 ਦਾ ਗੁਰਬਾਣੀ ਬਰਾਡਕਾਸਟ ਬਿੱਲ ਅਜੇ ਤੱਕ ਅਣਸਪਸ਼ਟ ਹੈ, 328 ਪਾਵਨ ਸਰੂਪਾਂ ਦਾ ਮਾਮਲਾ ਠੰਢੇ ਬਸਤੇ ਵਿੱਚ ਹੈ ਅਤੇ ਡੇਰਾ ਰਾਜਾ ਕਵਲ ਤੋਂ 159 ਸਰੂਪਾਂ ਦੀ ਬਰਾਮਦਗੀ ਦੇ ਮੁੱਖਮੰਤਰੀ ਵੱਲੋਂ ਕੀਤੇ ਗਏ ਦਾਅਵੇ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਹੀ ਖ਼ਾਰਜ ਕੀਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਪੰਜਾਬ 'ਚ ਧਰਮ ਪਰਿਵਰਤਨ 'ਤੇ ਕੋਈ ਕਾਨੂੰਨ ਨਹੀਂ ਲਿਆਂਦਾ ਗਿਆ ਅਤੇ ਨਾ ਹੀ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਲਈ ਗੰਭੀਰਤਾ ਦਿਖਾਈ ਗਈ ਹੈ। ਸ੍ਰੀਨਗਰ ਵਿੱਚ ਕਰਵਾਏ ਧਾਰਮਿਕ ਸਮਾਗਮ ਦੌਰਾਨ ਭੰਗੜੇ ਪਾਉਣ ਦੀਆਂ ਹੋਈਆਂ ਘਟਨਾਵਾਂ ਨੇ ਵੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 24 ਘੰਟਿਆਂ ਵਿੱਚ ਬੇਅਦਬੀਆਂ 'ਤੇ ਇਨਸਾਫ਼ ਦੇਣ ਦੇ ਵਾਅਦੇ ਕੀਤੇ ਸਨ, ਪਰ ਚਾਰ ਸਾਲ ਬੀਤਣ ਦੇ ਬਾਵਜੂਦ ਵੀ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਨਹੀਂ ਮਿਲ ਸਕਿਆ। ਸਵਾਲ ਇਹ ਵੀ ਉੱਠਦਾ ਹੈ ਕਿ 13 ਅਪ੍ਰੈਲ ਨੂੰ ਜੋ ਬਿਲ ਪੇਸ਼ ਕੀਤਾ ਜਾ ਰਿਹਾ ਹੈ, ਕੀ ਉਹ ਬਿੱਲ ਵੀ ਕੇਸਾਂ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਹੀ ਪੇਸ਼ ਕਰੇਗਾ ?

ਪ੍ਰੋ. ਖਿਆਲਾ ਨੇ ਅੰਤ ਵਿੱਚ ਚੇਤਾਵਨੀ ਦਿੱਤੀ ਕਿ ਸਰਕਾਰ ਵੱਲੋਂ ਧਾਰਮਿਕ ਮਸਲਿਆਂ ਦਾ ਸਿਆਸੀਕਰਨ ਭਵਿੱਖ ਵਿੱਚ ਸਮਾਜਿਕ ਤਣਾਅ ਨੂੰ ਜਨਮ ਦੇ ਸਕਦਾ ਹੈ, ਜਿਸ ਲਈ ਪੰਜਾਬ ਦੇ ਲੋਕਾਂ ਨੂੰ ਸਚੇਤ ਰਹਿਣ ਦੀ ਲੋੜ ਹੈ।